ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇਕ ਸ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੋੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ | ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'    ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'    (ਕੁੱਲ ਸਫ਼ੇ 12 Pages 12)

(Tuesday, 15 July, 2025) ਪਟਿਆਲਾ ਮੰਗਲਵਾਰ, 15 ਜੁਲਾਈ, 2025, 31 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57    ਅੰਕ ਨੰਬਰ (Volume No.) 194    ਮੁੱਲ : 2.00 ਰੁਪਏ    ਫ਼ੋਨ: +91- 92168-07500 Posted at RMS Patiala    www.charhdikala.com    E-mail: news@charhdikala.com

### ਨਵੇਂ ਸਿਖਰ 'ਤੇ ਪੁੱਜੀਆਂ ਚਾਂਦੀ ਦੀਆਂ ਕੀਮਤਾਂ

ਨਵੀਂ ਦਿੱਲੀ , 14ਜੁਲਾਈ (ਚੜ੍ਹਦੀਕਲਾ ਬਿਊਰੋ) : ਅਮਰੀਕੀ ਟੈਰਿਫ ਧਮਕੀਆਂ ਨੂੰ ਲੈ ਕੇ ਅਨਿਸ਼ਚਿਤਤਾਵਾਂ ਦੇ ਵਿਚਕਾਰ ਡਾਲਰ ਦੀ ਕਮਜ਼ੋਰੀ ਤੋਂ ਬਾਅਦ ਨਿਵੇਸ਼ਕਾਂ ਦੇ ਸੁਰੱਖਿਅਤ ਨਿਵੇਸ਼ ਵਿਕਲਪਾਂ ਵੱਲ ਮੁੜਨ ਕਾਰਨ ਰਾਸ਼ਟਰੀ ਰਾਜਧਾਨੀ ਦੇ ਸਰਾਫਾ ਬਾਜ਼ਾਰ ਵਿੱਚ ਸੋਮਵਾਰ ਨੂੰ ਚਾਂਦੀ ਦੀਆਂ ਕੀਮਤਾਂ 5,000 ਰੁਪਏ ਵਧ ਕੇ 1,15,000 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਨਵੇਂ ਸਿਖਰ 'ਤੇ ਪਹੁੰਚ ਗਈਆਂ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਨੇ ਇਹ ਜਾਣਕਾਰੀ ਦਿੱਤੀ।

# ਸੁਪਰੀਮ ਕੋਰਟ ਵੱਲੋਂ ਪੰਜਾਬ 'ਚ 1158 ਪ੍ਰੋਫ਼ੈਸਰਾਂ ਦੀ ਭਰਤੀ ਰੱਦ

## ਯੂ.ਜੀ.ਸੀ. ਦੇ ਨਿਯਮਾਂ ਮੁਤਾਬਕ 6 ਮਹੀਨਿਆਂ 'ਚ ਮੁੜ ਭਰਤੀ ਦੇ ਹੁਕਮ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 14 ਜੁਲਾਈ : ਸੁਪਰੀਮ ਕੋਰਟ ਨੇ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ ਹੈ ਤੇ ਨਾਲ ਹੀ 6 ਮਹੀਨਿਆਂ ਵਿਚ ਮੁੜ ਭਰਤੀ ਕਰਨ ਦੇ ਹੁਕਮ ਦਿੱਤੇ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਸਾਲ 2022 ਵਿਚ ਪੰਜਾਬ ਹਰਿਆਣਾ ਹਾਈਕੋਰਟ ਦੇ ਸਿੰਗਲ ਬੈਂਚ ਨੇ ਇਸ ਭਰਤੀ ਨੂੰ ਰੱਦ ਕਰ ਦਿੱਤਾ ਸੀ ਪਰ ਪਿਛਲੇ ਸਾਲ 2024 ਵਿਚ ਹਾਈ ਕੋਰਟ ਦੇ ਡਬਲ ਬੈਂਚ ਨੇ ਸਿੰਗਲ ਬੈਂਚ ਦੇ ਇਸ ਫੈਸਲੇ ਨੂੰ ਰੱਦ ਕਰਦੇ ਹੋਏ ਭਰਤੀ ਪ੍ਰਕਿਰਿਆ ਨੂੰ ਹਰੀ ਝੰਡੀ ਦੇ ਦਿੱਤੀ ਸੀ। ਹਾਈਕੋਰਟ ਦੇ ਇਸ ਫੈਸਲੇ ਖਿਲਾਫ ਕਈ ਬਿਨੈਕਾਰਾਂ ਨੇ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਹਾਈਕੋਰਟ ਦੇ ਡਬਲ ਬੈਂਚ ਵੱਲੋਂ ਦਿੱਤੇ ਆਦੇਸ਼ਾਂ ਨੂੰ ਗਲਤ ਦੱਸਿਆ। ਸੁਪਰੀਮ ਕੋਰਟ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ 6 ਮਹੀਨਿਆਂ ਵਿਚ ਯੂ.ਜੀ.ਸੀ. ਦੇ ਨਿਯਮਾਂ ਮੁਤਾਬਕ ਦੁਬਾਰਾ ਭਰਤੀ ਕੀਤੀ ਜਾਵੇ। ਦੱਸ ਦੇਈਏ ਕਿ ਇਸ ਭਰਤੀ ਖਿਲਾਫ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਜਿਸ ਵਿਚ ਇਸ ਨਿਯਮ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ, ਜਿਸ ਤਹਿਤ ਸਰਕਾਰੀ ਕਾਲਜਾਂ ਵਿਚ ਪਾਰਟ ਟਾਈਮ ਗੈਸਟ ਫੈਕਲਟੀ ਅਤੇ (ਬਾਕੀ ਸਫਾ 2 'ਤੇ)

### ਪ੍ਰਗਟਾਵੇ ਦੀ ਆਜ਼ਾਦੀ ਦੀ ਅਹਿਮੀਅਤ ਸਮਝਣ ਨਾਗਰਿਕ: ਸੁਪਰੀਮ ਕੋਰਟ

ਨਵੀਂ ਦਿੱਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪ੍ਰਗਟਾਵੇ ਦੀ ਆਜ਼ਾਦੀ ਨੂੰ ਲੈ ਕੇ ਅਹਿਮ ਟਿੱਪਣੀ ਕਰਦੇ ਹੋਏ ਕਿਹਾ ਕਿ ਨਾਗਰਿਕਾਂ ਨੂੰ ਆਪਣੀ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਕੀਮਤ ਸਮਝਣੀ ਚਾਹੀਦੀ ਹੈ ਅਤੇ ਇਸ ਦੇ ਨਾਲ-ਨਾਲ ਸਵੈ-ਕੰਟਰੋਲ ਅਤੇ ਸੰਜਮ ਦੀ ਪਾਲਣਾ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵੱਧਦੀ ਵੰਡਕਾਰੀ ਰੁਝਾਨਾਂ 'ਤੇ ਰੋਕ ਲਗਾਈ ਜਾਣੀ ਚਾਹੀਦੀ ਹੈ।

ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹ ਸੈਂਸਰਸ਼ਿਪ ਦੀ ਗੱਲ ਨਹੀਂ ਕਰ ਰਹੇ ਸਗੋਂ ਚਾਹੁੰਦੇ ਹਨ ਕਿ ਲੋਕ ਖੁਦ ਜ਼ਿੰਮੇਵਾਰੀ ਨਿਭਾਉਣ ਅਤੇ ਆਪਣੀਆਂ ਗੱਲਾਂ ਵਿਚ ਸੰਜਮ ਵਰਤਣ। (ਬਾਕੀ ਸਫਾ 2 'ਤੇ)

### ਪੰਜਾਬ ਵਿਧਾਨ ਸਭਾ ਦੇ ਇਜਲਾਸ ਦਾ ਤੀਜਾ ਦਿਨ

# ਬੇਅਦਬੀ ਬਾਰੇ ਬਿੱਲ ਪੇਸ਼, ਚਰਚਾ ਅੱਜ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 14 ਜੁਲਾਈ : ਪੰਜਾਬ ਕੈਬਨਿਟ ਵਿੱਚ ਮਨਜ਼ੂਰੀ ਮਿਲਣ ਮਗਰੋਂ ਬੇਅਦਬੀ ਬਿੱਲ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੇਅਦਬੀ ਸਬੰਧੀ ਬਿੱਲ ਪੇਸ਼ ਕੀਤਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਬੇਅਦਬੀ ਬਿੱਲ 'ਤੇ ਚਰਚਾ ਲਈ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਸਾਨੂੰ ਮੌਕੇ 'ਤੇ ਬਿੱਲ ਮਿਲਿਆ ਹੈ, ਇਸ ਲਈ ਇਸ ਬਿੱਲ 'ਤੇ ਭਲਕੇ ਚਰਚਾ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ ਸਦਨ ਨੂੰ 15 ਮਿੰਟ ਲਈ ਦੁਬਾਰਾ ਮੁਲਤਵੀ ਕਰ ਦਿੱਤਾ ਗਿਆ। ਸਪੀਕਰ ਨੇ ਬਾਜਵਾ ਦੇ ਬੇਅਦਬੀ ਬਿੱਲ 'ਤੇ ਚਰਚਾ ਨੂੰ ਕੱਲ੍ਹ ਲਈ ਮਨਜ਼ੂਰੀ ਦੇ ਦਿੱਤੀ ਹੈ। ਦੱਸ ਦੇਈਏ ਕਿ ਪੰਜਾਬ ਵਿੱਚ ਬੇਅਦਬੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਕੋਈ ਸਖ਼ਤ ਕਾਨੂੰਨ ਨਹੀਂ ਹੈ। ਇਸ ਕਾਨੂੰਨ ਨਾਲ ਧਾਰਮਿਕ ਗ੍ਰੰਥਾਂ ਅਤੇ ਸਥਾਨਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਉਮਰ ਕੈਦ ਹੋਵੇਗੀ। ਪੰਜਾਬ ਵਿੱਚ ਬੇਅਦਬੀ ਕਾਨੂੰਨ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਬੇਅਦਬੀ ਮਾਮਲਿਆਂ ਵਿੱਚ ਵਿਸ਼ੇਸ਼ ਅਦਾਲਤਾਂ ਸਥਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਬੇਅਦਬੀ ਦੇ ਦੋਸ਼ੀਆਂ ਨੂੰ ਪੈਰੋਲ ਨਹੀਂ ਮਿਲੇਗੀ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੇ ਤੀਜੇ ਦਿਨ ਪੰਜਾਬ ਰਾਜ ਵਿਕਾਸ ਟੈਕਸ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ ਹੈ। ਇਸ ਮਗਰੋਂ ਸਦਨ ਦੀ ਕਾਰਵਾਈ ਇੱਕ ਘੰਟੇ ਲਈ ਮੁਲਤਵੀ ਕਰ ਦਿੱਤੀ ਗਈ। ਧਿਆਨ ਦਿਵਾਊ ਪ੍ਰਸਤਾਵ 'ਤੇ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਤੋਂ ਪਾਣੀ ਦੀ ਮੰਗ ਕੀਤੀ ਜਾਂਦੀ ਹੈ, ਪਰ ਜਦੋਂ ਹੜ੍ਹ ਵਰਗੇ ਹਾਲਾਤ ਹੁੰਦੇ ਹਨ, ਤਾਂ ਰਾਜਸਥਾਨ ਅਤੇ ਹਰਿਆਣਾ ਪਾਣੀ ਲੈਣ ਲਈ ਤਿਆਰ ਨਹੀਂ ਹੁੰਦੇ। ਉਨ੍ਹਾਂ ਕਿਹਾ ਕਿ ਹੁਣ ਜਦੋਂ ਹਿਮਾਚਲ ਵਿੱਚ ਜ਼ਿਆਦਾ ਮੀਂਹ ਪੈ ਰਿਹਾ ਹੈ ਅਤੇ ਸਾਰੇ ਡੈਮਾਂ ਵਿੱਚ ਜ਼ਿਆਦਾ ਪਾਣੀ ਆ ਰਿਹਾ ਹੈ, ਤਾਂ ਹਰਿਆਣਾ ਨੇ 6100 ਕਿਊਸਿਕ ਤੋਂ ਵੱਧ ਪਾਣੀ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਸਬੰਧੀ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਗਿਆ ਹੈ। ਰਾਜਸਥਾਨ ਸਰਕਾਰ ਵੱਲੋਂ ਵੀ ਇਸੇ ਤਰ੍ਹਾਂ (ਬਾਕੀ ਸਫਾ 2 'ਤੇ)

## ਕੈਬਨਿਟ ਵੱਲੋਂ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਮਨਜ਼ੂਰ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 14 ਜੁਲਾਈ :ਬੇਅਦਬੀ ਦੇ ਘਿਨਾਉਣੇ ਜੁਰਮ ਦੇ ਦੋਸ਼ੀਆਂ ਲਈ ਸਖਤ ਸਜ਼ਾ ਨੂੰ ਯਕੀਨੀ ਬਣਾਉਣ ਲਈ ਇਤਿਹਾਸਕ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਬਾਰੇ ਫੈਸਲਾ ਅੱਜ ਸਵੇਰੇ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਉਨ੍ਹਾਂ ਦੀ ਅਗਵਾਈ ਵਿੱਚ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।

ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਬੀਤੇ ਸਮੇਂ ਵਿੱਚ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਨੇ ਲੋਕਾਂ ਦੇ ਹਿਰਦਿਆਂ ਨੂੰ ਧੁਰ ਅੰਦਰ ਤੱਕ ਵਲੂੰਧਰਿਆ ਅਤੇ ਸਮਾਜ ਵਿੱਚ ਬੈਚੇਨੀ ਦੀ ਸਥਿਤੀ ਵੀ ਉਤਪੰਨ ਹੋਈ। ਭਾਰਤੀ ਨਿਆਏ ਸੰਹਿਤਾ ਦੀਆਂ ਧਾਰਾਵਾਂ 298, 299 ਅਤੇ 300 ਅਜਿਹੇ ਮਾਮਲਿਆਂ ਨੂੰ ਨਜਿੱਠਣ ਸਮੇਂ ਇਨ੍ਹਾਂ ਘਟਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਰੋਕਣ ਲਈ ਸਖ਼ਤ ਸਜ਼ਾਵਾਂ ਨੂੰ ਤਜਵੀਜ਼ਤ ਨਹੀਂ ਕਰਦੀਆਂ। ਅਜਿਹੇ ਜੁਰਮਾਂ ਦੀ ਗੰਭੀਰਤਾ ਨੂੰ ਵਿਚਾਰਦਿਆਂ ਅਤੇ ਫਿਰਕੂ (ਬਾਕੀ ਸਫਾ 2 'ਤੇ)

## ਪੰਜਾਬ ਦੇ 8 ਆਈ.ਪੀ.ਐਸ. ਅਫ਼ਸਰਾਂ ਨੂੰ ਮਿਲੀ ਡੀ.ਜੀ.ਪੀ. ਵਜੋਂ ਤਰੱਕੀ, 2 ਮਹਿਲਾ ਅਧਿਕਾਰੀ ਵੀ ਸ਼ਾਮਲ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 14 ਜੁਲਾਈ :ਪੰਜਾਬ ਸਰਕਾਰ ਨੇ ਵੱਡਾ ਫੈਸਲਾ ਲੈਂਦੇ ਹੋਏ 8 ਆਈ.ਪੀ.ਐਸ. ਅਧਿਕਾਰੀਆਂ ਨੂੰ ਡੀ.ਜੀ.ਪੀ. ਰੈਂਕ 'ਤੇ ਤਰੱਕੀ ਦਿੱਤੀ ਹੈ। ਇਹ ਸਾਰੇ ਅਧਿਕਾਰੀ 1994 ਬੈਚ ਦੇ ਹਨ, ਜਿਸ ਵਿੱਚ ਦੋ ਮਹਿਲਾ ਅਧਿਕਾਰੀ ਵੀ ਸ਼ਾਮਲ ਹਨ। ਜਿਨ੍ਹਾਂ ਅਧਿਕਾਰੀਆਂ ਨੂੰ ਤਰੱਕੀ ਦਿੱਤੀ ਗਈ ਹੈ ਉਨ੍ਹਾਂ ਵਿਚ ਨਰੇਸ਼ ਕੁਮਾਰ, ਰਾਮ ਸਿੰਘ, ਸੁਧਾਂਸ਼ੂ ਸ਼੍ਰੀਵਾਸਤਵ, ਵੀ. ਚੰਦਰਸ਼ੇਖਰ, ਅਮਰਦੀਪ ਸਿੰਘ ਰਾਏ, ਨੀਰਜਾ ਵੀ. ਅਤੇ ਅਨੀਤਾ ਪੁੰਜ ਦੇ ਨਾਂ ਸ਼ਾਮਲ ਹਨ। ਇਸ ਦੇ ਨਾਲ ਹੀ, ਹੁਣ ਸੂਬੇ ਵਿੱਚ ਡੀ.ਜੀ.ਪੀ. ਦੇ ਅਹੁਦੇ 'ਤੇ ਤਰੱਕੀ ਪ੍ਰਾਪਤ ਅਧਿਕਾਰੀਆਂ ਦੀ ਕੁੱਲ ਗਿਣਤੀ 22 ਹੋ ਗਈ ਹੈ।

ਇਹ ਸਾਰੇ ਆਈ.ਪੀ.ਐਸ. ਅਧਿਕਾਰੀ ਇਸ ਵੇਲੇ ਏ.ਡੀ.ਜੀ.ਪੀ. ਰੈਂਕ 'ਤੇ ਤਾਇਨਾਤ ਹਨ। ਨਿਯਮਾਂ ਮੁਤਾਬਕ, ਇੱਕ ਵਿਅਕਤੀ (ਬਾਕੀ ਸਫਾ 2 'ਤੇ)

### ਮਜੀਠੀਆ ਵੱਲੋਂ ਬੈਰਕ ਬਦਲਣ ਦੀ ਮੰਗ 'ਤੇ ਹਾਈਕੋਰਟ 'ਚ ਹੋਈ ਸੁਣਵਾਈ

ਮੋਹਾਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਜੇਲ੍ਹ ਵਿਚਲੀ ਬੈਰਕ ਬਦਲਣ ਦੇ ਮਾਮਲੇ ਦੀ ਸੁਣਵਾਈ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ 'ਚ ਹੋਈ। ਅਦਾਲਤ ਵਿੱਚ ਸਰਕਾਰੀ ਧਿਰ ਵੱਲੋਂ ਬਿਕਰਮ ਸਿੰਘ ਮਜੀਠੀਆ ਵੱਲੋਂ ਜੇਲ੍ਹ ਵਿਚਲੀ ਬੈਰਕ ਬਦਲਣ ਸਬੰਧੀ ਲਗਾਈ ਗਈ ਅਰਜ਼ੀ 'ਤੇ ਜਵਾਬ ਦਾਖ਼ਲ ਨਾ ਕਰਨ ਕਾਰਨ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 17 ਜੁਲਾਈ ਤੈਅ ਕੀਤੀ ਹੈ। ਦੱਸਣਯੋਗ ਹੈ ਕਿ ਮਜੀਠੀਆ (ਬਾਕੀ ਸਫਾ 2 'ਤੇ)



## ਪੰਜਾਬ 'ਚ ਬੇਅਦਬੀ ਕਰਨ 'ਤੇ ਹੁਣ ਹੋਵੇਗੀ ਉਮਰ ਕੈਦ !

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 14 ਜੁਲਾਈ : ਪੰਜਾਬ ਵਿਧਾਨ ਸਭਾ ਦੇ ਸਦਨ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੰਜਾਬ ਪਵਿੱਤਰ ਗ੍ਰੰਥ ਬਿੱਲ-2025 ਪੇਸ਼ ਕੀਤਾ ਅਤੇ ਪ੍ਰਸਤਾਵ ਕੀਤਾ ਗਿਆ ਕਿ ਸਦਨ 'ਚ ਇਸ ਬਿੱਲ 'ਤੇ ਤੁਰੰਤ ਵਿਚਾਰ ਕੀਤਾ ਜਾਵੇ। ਇਸ ਬਿੱਲ ਅਨੁਸਾਰ ਜੇਕਰ ਕੋਈ ਕਿਸੇ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਦਾ ਹੈ, ਤਾਂ ਉਸਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਇਹ ਬਿੱਲ ਸਿਰਫ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਪੰਜਾਬੀ ਸਮਾਜ ਦੀ ਧਾਰਮਿਕ ਭਾਵਨਾ ਅਤੇ ਆਸਥਾ ਦੀ ਰੱਖਿਆ ਵੱਲ ਇਕ ਮਜ਼ਬੂਤ ਕਦਮ ਮੰਨਿਆ ਜਾ ਰਿਹਾ ਹੈ। ਇਸ ਬਿੱਲ ਰਾਹੀਂ ਸਿੱਖ, ਹਿੰਦੂ, ਮੁਸਲਿਮ ਤੇ ਈਸਾਈ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਇਸ ਨੂੰ ਪੰਜਾਬ ਪਵਿੱਤਰ ਗ੍ਰੰਥ ਬਿੱਲ-2025 ਦਾ ਨਾਮ ਦਿੱਤਾ ਹੈ। ਇਸ ਬਿੱਲ 'ਤੇ ਹੁਣ ਕੱਲ੍ਹ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਚੌਥੇ ਅਤੇ ਆਖਰੀ ਦਿਨ ਦੇ ਸੈਸ਼ਨ ਵਿੱਚ ਚਰਚਾ ਕੀਤੀ ਜਾਵੇਗੀ ਕਿਉਂਕਿ ਆਮ ਆਦਮੀ ਪਾਰਟੀ ਦੇ ਪੰਜਾਬ 'ਚ 117 ਵਿੱਚੋਂ 93 ਵਿਧਾਇਕ ਹਨ, ਇਸ ਲਈ ਬਿੱਲ ਦਾ ਪਾਸ ਹੋਣਾ ਯਕੀਨੀ ਹੈ। ਹਾਲਾਂਕਿ, ਇਸ ਬਿੱਲ ਨੂੰ ਉਦੋਂ ਹੀ ਕਾਨੂੰਨੀ ਰੂਪ ਮਿਲੇਗਾ ਜਦੋਂ ਇਸਨੂੰ ਰਾਜਪਾਲ ਦੇ ਦਸਤਖਤ ਤੋਂ ਬਾਅਦ ਰਾਸ਼ਟਰਪਤੀ ਪੱਧਰ 'ਤੇ ਮਨਜ਼ੂਰੀ ਮਿਲ ਸਕੇਗੀ। ਇਸ ਕਾਨੂੰਨ ਵਿੱਚ ਸਿੱਖਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ, ਹਿੰਦੂਆਂ ਦੀ ਸ਼੍ਰੀਮਦ ਭਾਗਵਤ ਗੀਤਾ, ਮੁਸਲਮਾਨਾਂ ਦੀ ਕੁਰਾਨ ਸ਼ਰੀਫ ਅਤੇ ਈਸਾਈ ਧਰਮ ਦੀ ਬਾਈਬਲ ਨੂੰ ਵੀ ਧਾਰਮਿਕ ਗ੍ਰੰਥਾਂ 'ਚ ਸ਼ਾਮਲ ਕੀਤਾ ਗਿਆ ਹੈ।

**ਪੰਜਾਬ ਸਰਕਾਰ ਦੇ ਪਵਿੱਤਰ ਧਾਰਮਿਕ ਗ੍ਰੰਥ ਬਿੱਲ ਦੀਆਂ ਅਹਿਮ ਗੱਲਾਂ**

➢ ਇਸ ਬਿੱਲ ਦੇ ਅਧੀਨ ਆਉਣ ਵਾਲੇ ਸਾਰੇ ਅਪਰਾਧ ਗੰਭੀਰ ਸ਼੍ਰੇਣੀ ਦੇ ਹੋਣਗੇ। ਇਨ੍ਹਾਂ 'ਚ ਨਾ ਤਾਂ ਜ਼ਮਾਨਤ ਅਤੇ ਨਾ ਹੀ ਸਮਝੌਤਾ ਕੀਤਾ ਜਾਵੇਗਾ। ਇਸ ਦੀ ਸੁਣਵਾਈ ਸੈਸ਼ਨ ਕੋਰਟ 'ਚ ਹੋਵੇਗੀ।

➢ ਇਸ ਬਿੱਲ ਅਧੀਨ ਦਰਜ ਮਾਮਲਿਆਂ ਦੀ ਜਾਂਚ ਸਿਰਫ਼ ਡੀ.ਐਸ.ਪੀ. ਜਾਂ ਇਸ ਤੋਂ ਉੱਪਰ ਦੇ ਪੱਧਰ ਦੇ ਅਧਿਕਾਰੀ ਕਰ ਸਕਣਗੇ।

➢ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ (ਬਾਕੀ ਸਫਾ 2 'ਤੇ)

### ਜੈਸ਼ੰਕਰ ਵੱਲੋਂ ਚੀਨ ਦੇ ਉਪ ਰਾਸ਼ਟਰਪਤੀ ਨਾਲ ਮੁਲਾਕਾਤ

## ਦੋਵਾਂ ਧਿਰਾਂ 'ਚ ਵਿਚਾਰਾਂ ਦਾ ਖੁੱਲ੍ਹਾ ਅਦਾਨ-ਪ੍ਰਦਾਨ ਜ਼ਰੂਰੀ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ

================



ਬੀਜਿੰਗ, 14 ਜੁਲਾਈ : ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਇੱਕ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਚੀਨ ਪੁੱਜੇ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸੋਮਵਾਰ ਨੂੰ ਉੱਥੋਂ ਦੇ ਉਪ ਰਾਸ਼ਟਰਪਤੀ ਹਾਨ ਜ਼ੇਂਗ ਨਾਲ ਮੁਲਾਕਾਤ ਕੀਤੀ। ਉਨ੍ਹਾਂ ਹਾਨ ਜ਼ੇਂਗ ਨੂੰ ਦੱਸਿਆ ਕਿ ਭਾਰਤ-ਚੀਨ ਸਬੰਧਾਂ ਦਾ ਲਗਾਤਾਰ ਸਾਧਾਰਨਕਰਨ ਆਪਸੀ ਲਾਭਕਾਰੀ ਨਤੀਜੇ ਦੇ ਸਕਦਾ ਹੈ ਅਤੇ ਆਲਮੀ ਪੱਧਰ 'ਤੇ ਦਿਖਾਈ ਦੇ ਰਹੀ ਜਟਿਲ ਤਸਵੀਰ ਦੇ ਮੱਦੇਨਜ਼ਰ ਦੋਵਾਂ ਧਿਰਾਂ ਵਿਚਾਲੇ ਵਿਚਾਰਾਂ ਦਾ ਖੁੱਲ੍ਹਾ ਆਦਾਨ-ਪ੍ਰਦਾਨ ਬਹੁਤ ਮਹੱਤਵਪੂਰਨ ਹੈ।ਵਿਦੇਸ਼ ਮੰਤਰੀ ਨੇ ਸਿੰਗਾਪੁਰ ਤੋਂ ਚੀਨੀ ਰਾਜਧਾਨੀ ਪਹੁੰਚਣ ਤੋਂ ਤੁਰੰਤ ਬਾਅਦ ਆਪਣੀ ਦੋ-ਦੇਸ਼ਾਂ ਦੀ ਯਾਤਰਾ ਦੇ ਦੂਜੇ ਅਤੇ ਆਖਰੀ ਪੜਾਅ ਵਿੱਚ ਜੇਂਗ ਨਾਲ ਗੱਲਬਾਤ ਕੀਤੀ। ਜੈਸ਼ੰਕਰ ਚੀਨੀ ਸ਼ਹਿਰ ਤਿਆਨਜਿਨ ਵਿੱਚ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਇੱਕ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਚੀਨ ਦਾ ਦੌਰਾ ਕਰ ਰਹੇ ਹਨ। (ਬਾਕੀ ਸਫਾ 2 'ਤੇ)

### ਅਸੀਮ ਕੁਮਾਰ ਘੋਸ਼ ਹੋਣਗੇ ਹਰਿਆਣਾ ਦੇ ਨਵੇਂ ਰਾਜਪਾਲ

**ਗੋਆ ਅਤੇ ਲੱਦਾਖ ਨੂੰ ਵੀ ਮਿਲੇ ਨਵੇਂ ਚਿਹਰੇ**

ਨਵੀਂ ਦਿੱਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੋਮਵਾਰ ਨੂੰ ਤਿੰਨ ਮਹੱਤਵਪੂਰਨ ਪ੍ਰਸ਼ਾਸਕੀ ਨਿਯੁਕਤੀਆਂ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਦੋ ਰਾਜਾਂ ਹਰਿਆਣਾ ਅਤੇ ਗੋਆ ਦੇ ਨਵੇਂ ਰਾਜਪਾਲ ਅਤੇ ਲੱਦਾਖ ਦੇ ਉਪ ਰਾਜਪਾਲ ਨਿਯੁਕਤ ਕੀਤੇ। ਅਸੀਮ ਕੁਮਾਰ ਘੋਸ਼ ਹੁਣ ਬੰਡਾਰੂ ਦੱਤਾਤ੍ਰੇਯ ਦੀ ਥਾਂ ਹਰਿਆਣਾ ਦੇ ਨਵੇਂ ਰਾਜਪਾਲ ਵਜੋਂ ਨਿਯੁਕਤ ਹੋਣਗੇ। ਘੋਸ਼ ਦਾ ਪ੍ਰਸ਼ਾਸਨਿਕ ਤਜਰਬਾ ਬਹੁਤ ਲੰਮਾ ਹੈ ਅਤੇ ਉਨ੍ਹਾਂ ਨੇ ਸਮਾਜਿਕ ਖੇਤਰ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਹੈ। ਸਾਬਕਾ ਕੇਂਦਰੀ ਮੰਤਰੀ ਅਸ਼ੋਕ ਗਜਪਤੀ ਰਾਜੂ ਨੂੰ ਗੋਆ ਦਾ ਨਵਾਂ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਰਾਜੂ ਕੋਲ ਸ਼ਾਸਨ ਅਤੇ ਪ੍ਰਸ਼ਾਸਨ ਦਾ ਲੰਮਾ (ਬਾਕੀ ਸਫਾ 2 'ਤੇ)

## ਸੁਖਬੀਰ ਸਿੰਘ ਬਾਦਲ, ਕੁਲਦੀਪ ਸਿੰਘ ਗੜਗੱਜ ਸਣੇ ਬਾਬਾ ਟੇਕ ਸਿੰਘ ਨੂੰ ਤਨਖ਼ਾਹੀਆ ਕਰਾਰ ਦੇਣ ਵਾਲੇ ਆਦੇਸ਼ ਪਟਨਾ ਸਾਹਿਬ ਕਮੇਟੀ ਨੇ ਲਏ ਵਾਪਸ

**ਬਾਦਲ ਦੀ ਅਹਿਮ ਭੂਮਿਕਾ ਮਗਰੋਂ ਦੋਹਾਂ ਤਖ਼ਤਾਂ ਦਾ ਟਕਰਾਅ ਹੋਇਆ ਸ਼ਾਂਤ**

ਬਬਲੂ ਮਹਾਜਨ

================



ਅੰਮ੍ਰਿਤਸਰ, 14 ਜੁਲਾਈ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਰਮਿਆਨ ਚੱਲ ਰਹੇ ਲੰਬੇ ਸਮੇਂ ਦੇ ਵਿਵਾਦ ਨੂੰ ਅੱਜ ਦੋਹਾਂ ਤਖ਼ਤ ਸਾਹਿਬਾਨ ਵਿਖੇ ਪੰਜ ਸਿੰਘ ਸਾਹਿਬਾਨ ਨੇ ਇਕੱਤਰਤਾ ਕਰਕੇ ਖ਼ਤਮ ਕਰ ਦਿੱਤਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਨੇ ਸ਼ਮੂਲੀਅਤ ਕੀਤੀ। ਦੋਹਾਂ ਤਖ਼ਤਾਂ ਤੇ ਪੰਜ ਸਿੰਘ ਸਾਹਿਬਾਨ ਨੇ ਆਪਸੀ ਸਮਝੌਤਾ ਕਰਦਿਆਂ ਪਿਛਲੇ ਦਿਨੀਂ ਹੋਏ ਸਾਰੇ ਹੀ ਹੁਕਮਨਾਮੇ ਰੱਦ ਕਰ ਦਿੱਤੇ ਅਤੇ ਦੋਹਾਂ ਤਖ਼ਤਾਂ ਦੀ ਮਾਣ ਮਰਿਆਦਾ ਨੂੰ ਅਤੇ ਸਰਵ ਉੱਚਤਾ ਨੂੰ ਬਹਾਲ ਰੱਖਿਆ ਹੈ। ਪਟਨਾ ਸਾਹਿਬ ਦੀ ਕਮੇਟੀ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਖਿਮਾ ਜਾਚਨਾ ਵੀ ਕੀਤੀ ਹੈ ਅਤੇ ਪ੍ਰੈਸ ਨਾਲ ਵਾਰਤਾਲਾਪ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਵੀ ਉਹਨਾਂ ਪਾਸੋਂ ਖਿਮਾ ਜਾਚਨਾ ਕੀਤੀ ਹੈ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਗਿਆਨੀ (ਬਾਕੀ ਸਫਾ 2 'ਤੇ)

### ਵਿਦੇਸ਼ੀ ਜੇਲ੍ਹਾਂ 'ਚ ਕੈਦ ਨੇ 10 ਹਜ਼ਾਰ ਤੋਂ ਵੱਧ ਭਾਰਤੀ !

ਨਵੀਂ ਦਿੱਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਬੀਤੇ ਕੁਝ ਦਿਨਾਂ ਤੋਂ ਕੇਰਲ ਦੇ ਪਲੱਕੜ ਜ਼ਿਲ੍ਹੇ ਦੀ ਨਰਸ ਨਿਮਿਸ਼ਾ ਪ੍ਰਿਆ ਚਰਚਾ ਦਾ ਵਿਸ਼ਾ ਬਣੀ ਹੋਈ ਹੈ, ਜਿਸ ਨੂੰ 16 ਜੁਲਾਈ ਨੂੰ ਯਮਨ 'ਚ ਫਾਂਸੀ ਦੀ ਸਜ਼ਾ ਦਿੱਤੀ ਜਾਣੀ ਹੈ। ਉਸ ਨੂੰ ਬਚਾਉਣ ਲਈ ਉਸ ਦਾ ਪਰਿਵਾਰ ਹਰ ਪਾਸੇ ਹੱਥ ਪੈਰ ਤਾਂ ਮਾਰ ਰਿਹਾ ਹੈ, ਪਰ ਇਹ ਸਭ ਕੋਸ਼ਿਸ਼ਾਂ ਨਾਕਾਮ ਹੁੰਦੀਆਂ ਹੀ ਨਜ਼ਰ ਆ ਰਹੀਆਂ ਹਨ। ਭਾਰਤ ਸਰਕਾਰ ਦੇ ਅਧਿਕਾਰੀਆਂ ਨੇ ਮਾਮਲੇ ਬਾਰੇ ਕਿਹਾ ਕਿ ਉਨ੍ਹਾਂ ਇਸ ਮਾਮਲੇ 'ਤੇ ਤਿੱਖੀ ਨਜ਼ਰ ਬਣਾਈ ਹੋਈ ਹੈ। ਇਸੇ ਦੌਰਾਨ ਸੰਸਦੀ ਕਮੇਟੀ ਦੀ ਇਕ ਰਿਪੋਰਟ ਮੁਤਾਬਕ ਨਿਮਿਸ਼ਾ ਇਕਲੌਤੀ ਭਾਰਤੀ ਨਹੀਂ ਹੈ, ਜੋ ਵਿਦੇਸ਼ੀ ਜੇਲ 'ਚ ਫਸੀ ਹੋਈ ਹੈ, ਸਗੋਂ 10 ਹਜ਼ਾਰ ਤੋਂ ਵੱਧ ਭਾਰਤੀ ਵਿਦੇਸ਼ਾਂ ਦੀਆਂ ਵੱਖ-ਵੱਖ ਜੇਲ੍ਹਾਂ 'ਚ (ਬਾਕੀ ਸਫਾ 2 'ਤੇ)

## ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਨੂੰ ਉਡਾਉਣ ਦੀ ਧਮਕੀ ਭਰੀ ਈਮੇਲ ਮਿਲੀ

ਬਬਲੂ ਮਹਾਜਨ

================

**ਸ੍ਰੀ ਹਰਿਮੰਦਰ ਸਾਹਿਬ ਅਤੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ**

ਅੰਮ੍ਰਿਤਸਰ, 14 ਜੁਲਾਈ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਮਵਾਰ ਦੁਪਹਿਰ ਕਰੀਬ ਢਾਈ-ਤਿੰਨ ਵਜੇ ਆਰਡੀਐਕਸ ਧਮਾਕਾ ਹੋਣ ਦੀ ਇਕ ਅਣਪਛਾਤੇ ਵਿਅਕਤੀ ਨੇ ਈਮੇਲ ਰਾਹੀਂ ਜਾਣਕਾਰੀ ਸ਼੍ਰੋਮਣੀ ਕਮੇਟੀ ਨੂੰ ਸਵੇਰੇ ਭੇਜੀ। ਈ-ਮੇਲ ਮਿਲਦੇ ਹੀ ਇੰਟਰਨੈੱਟ ਵਿਭਾਗ ਨੇ ਉੱਚ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ, ਸ਼੍ਰੋਮਣੀ ਕਮੇਟੀ ਨੇ ਤੁਰੰਤ ਪਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਐਸਜੀਪੀਸੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਈ-ਮੇਲ ਦੀ ਪੁਸ਼ਟੀ ਕਰਦਿਆ ਕਿਹਾ ਕਿ ਇਸ ਸਬੰਧ ਵਿਚ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਦੂਜੇ ਪਾਸੇ ਐਸਜੀਪੀਸੀ ਦੇ ਅਧਿਕਾਰੀਆਂ ਨੇ ਸੁਰੱਖਿਆ ਸਾਵਧਾਨੀ ਵਜੋਂ ਟਾਸਕ ਫੋਰਸ ਰਾਹੀਂ ਸੁਰੱਖਿਆ ਵਧਾ ਦਿੱਤੀ ਹੈ। ਸ੍ਰੀ ਹਰਿਮੰਦਰ ਸਾਹਿਬ, ਪਰਿਕਰਮਾ, ਲੰਗਰ ਹਾਲ, ਕੰਪਲੈਕਸ, ਦਫਤਰ ਅਤੇ ਸਰਾਵਾਂ ਵਿਚ ਚੈਕਿੰਗ ਕੀਤੀ ਜਾ ਰਹੀ ਹੈ। ਸ਼ੱਕੀ ਵਿਅਕਤੀਆਂ ਦੀ ਜਾਂਚ ਅਤੇ ਸਮਾਨ ਦੀ ਪੂਰੀ ਤਲਾਸ਼ੀ ਲਈ ਜਾ ਰਹੀ ਹੈ। ਹਾਲਾਂਕਿ ਮਾਮਲਾ ਵੱਡਾ ਅਤੇ ਗੰਭੀਰ ਹੋਣ ਕਾਰਨ ਉੱਚ ਅਧਿਕਾਰੀ ਇਸ ਬਾਰੇ ਸਪੱਸ਼ਟੀਕਰਨ ਨਹੀਂ ਦੇ ਰਹੇ ਹਨ। ਪਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ (ਬਾਕੀ ਸਫਾ 2 'ਤੇ)

### ਬਿਹਾਰ ਬਣਿਆ 'ਕ੍ਰਾਇਮ ਕੈਪੀਟਲ ਆਫ਼ ਇੰਡੀਆ': ਰਾਹੁਲ ਗਾਂਧੀ

ਨਵੀਂ ਦਿੱਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਬਿਹਾਰ ਵਿੱਚ ਅਪਰਾਧ ਦੀਆਂ ਕਈ ਹਾਲੀਆ ਘਟਨਾਵਾਂ ਨੂੰ ਸੋਮਵਾਰ ਨੂੰ ਕਿਹਾ ਕਿ ਇਹ ਪ੍ਰਦੇਸ਼ 'ਕ੍ਰਾਇਮ ਕੈਪੀਟਲ ਆਫ਼ ਇੰਡੀਆ'' ਬਣ ਗਿਆ ਹੈ ਅਤੇ ਮੁੱਖ ਮੰਤਰੀ ਨੀਤਿਸ਼ ਕੁਮਾਰ ਆਪਣੀ ਕੁਰਸੀ ਬਚਾ ਰਹੇ ਹਨ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਕੋਟੇ ਦੇ ਮੰਤਰੀ ਕਮਿਸ਼ਨ ਕਮਾ ਰਹੇ ਹਨ। ਲੋਕ ਸਭਾ ਦੇ ਨੇਤਾ ਪ੍ਰਤੀਪੱਖ ਨੇ ਕਿਹਾ ਕਿ ਇਸ ਵਾਰ ਸਿਰਫ਼ ਸਰਕਾਰ ਬਦਲਣ ਦਾ ਨਹੀਂ, ਬਿਹਾਰ ਬਚਾਅ ਦੀ ਚੋਣ ਹੈ। ਉਨ੍ਹਾਂ ਨੇ ਇੱਕ ਖਬਰ ਦਾ ਹਵਾਲਾ ਦਿੱਤਾ ਹੈ ਕਿ ਬਿਹਾਰ ਵਿੱਚ 11 ਦਿਨਾਂ ਵਿੱਚ 31 ਕਤਲ ਦੀਆਂ ਵਾਰਦਾਤਾਂ ਹੋਈਆਂ ਹਨ। ਕਾਂਗਰਸੀ ਆਗੂ ਨੇ ਐਕਸ 'ਤੇ ਪੋਸਟ ਕਰਦੇ ਹੋਏ ਕਿਹਾ, 'ਬਿਹਾਰ ਬਣਿਆ ਕ੍ਰਾਇਮ ਕੈਪੀਟਲ ਆਫ ਇੰਡੀਆ', ਹਰੇਕ ਗਲੀ (ਬਾਕੀ ਸਫਾ 2 'ਤੇ)

## ਆਂਧਰਾ 'ਚ ਸੜਕ ਹਾਦਸੇ ਦੌਰਾਨ 9 ਮਰੇ



ਚੜ੍ਹਦੀਕਲਾ ਬਿਊਰੋ

================

ਅਮਰਾਵਤੀ, 14 ਜੁਲਾਈ :ਆਂਧਰਾ ਪ੍ਰਦੇਸ਼ ਦੇ ਅੰਨਮੱਈਆ ਜ਼ਿਲ੍ਹੇ ਵਿੱਚ ਅੰਬਾਂ ਨਾਲ ਭਰੀ ਇੱਕ ਲਾਰੀ ਇੱਕ ਮਿੰਨੀ ਟਰੱਕ 'ਤੇ ਪਲਟ ਜਾਣ ਕਾਰਨ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖਮੀ ਹੋ ਗਏ। ਪੁਲਿਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਅਨੁਸਾਰ, ਅੰਬਾਂ ਨਾਲ ਭਰੀ ਲਾਰੀ ਰਾਜਮਪੇਟ ਮੰਡਲ ਦੇ ਥੱਲਾਪਕਾ ਪਿੰਡ ਤੋਂ ਕੋਡੂਰ ਜਾ ਰਹੀ ਸੀ ਅਤੇ ਮਜ਼ਦੂਰ ਉਸ ਵਿੱਚ ਲੱਦੇ ਅੰਬਾਂ ਦੇ ਡੱਬਿਆਂ 'ਤੇ ਬੈਠੇ ਸਨ। ਅੰਨਮੱਈਆ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਵੀ ਵਿਦਿਆਸਾਗਰ ਨਾਇਡੂ ਨੇ ਦੱਸਿਆ, 'ਟਰੱਕ ਖੱਬੇ ਪਾਸੇ ਪਲਟਣ ਤੋਂ ਬਾਅਦ ਉਸ 'ਤੇ ਬੈਠੇ ਮਜ਼ਦੂਰ ਡਿੱਗ ਪਏ।' ਉਨ੍ਹਾਂ ਕਿਹਾ ਕਿ ਹਾਦਸੇ ਵਿੱਚ ਜ਼ਖਮੀ ਹੋਏ 12 ਲੋਕਾਂ ਵਿੱਚੋਂ ਚਾਰ ਦੀ ਹਾਲਤ ਗੰਭੀਰ ਹੈ ਅਤੇ ਉਨ੍ਹਾਂ ਨੂੰ ਕਡਾਪਾ ਜ਼ਿਲ੍ਹੇ ਦੇ ਇੱਕ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ, ਜਦੋਂ ਕਿ ਬਾਕੀਆਂ ਦਾ ਸਥਾਨਕ ਹਸਪਤਾਲ ਵਿੱਚ (ਬਾਕੀ ਸਫਾ 2 'ਤੇ)

### ਇਨਫ਼ੈਕਸ਼ਨ ਕਾਰਨ ਸੀ.ਜੇ.ਆਈ. ਗਵਈ ਦਿੱਲੀ ਦੇ ਹਸਪਤਾਲ 'ਚ ਦਾਖ਼ਲ

ਨਵੀਂ ਦਿੱਲੀ, 14 ਜੁਲਾਈ (ਚੜ੍ਹਦੀਕਲਾ ਬਿਊਰੋ) : ਭਾਰਤ ਦੇ ਚੀਫ਼ ਜਸਟਿਸ ਬੀ. ਆਰ. ਗਵਈ ਨੂੰ ਹੈਦਰਾਬਾਦ ਦੇ ਆਪਣੇ ਹਾਲੀਆ ਸਰਕਾਰੀ ਦੌਰੇ ਦੌਰਾਨ ਗੰਭੀਰ ਇਨਫੈਕਸ਼ਨ ਦਾ ਪਤਾ ਲੱਗਿਆ ਸੀ। ਇਕ ਸਰਕਾਰੀ ਸੂਤਰ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਦਾ ਦਿੱਲੀ ਦੇ ਇੱਕ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ ਤੇ ਇਲਾਜ ਦਾ ਉਨ੍ਹਾਂ 'ਤੇ ਚੰਗਾ ਅਸਰ ਦਿਖਾਈ ਦੇ ਰਿਹਾ ਹੈ।ਇਸ ਜਾਣਕਾਰੀ ਵਿੱਚ ਕਿਹਾ ਗਿਆ ਹੈ, ਸੀ.ਜੇ.ਆਈ. ਚੰਗਾ ਹੁੰਗਾਰਾ ਦੇ ਰਹੇ ਹਨ ਤੇ ਉਨ੍ਹਾਂ ਨੂੰ (ਹਸਪਤਾਲ ਤੋਂ) ਛੁੱਟੀ ਹੋ ਜਾਣ ਅਤੇ ਇੱਕ ਜਾਂ ਦੋ ਦਿਨਾਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਮੁੜ ਸੰਭਾਲ ਲੈਣ ਦੀ (ਬਾਕੀ ਸਫਾ 2 'ਤੇ)



## ਮਜ਼ਾਰ-ਏ-ਸ਼ੁਹਾਦਾ ਵਿਖੇ ਉਮਰ ਅਬਦੁੱਲਾ ਨਾਲ ਧੱਕਾ-ਮੁੱਕੀ, ਮੰਜ਼ਿਲ 'ਤੇ ਪਹੁੰਚਣ ਲਈ ਟੱਪੀ ਕੰਧ

ਚੜ੍ਹਦੀਕਲਾ ਬਿਊਰੋ

================



ਸ੍ਰੀਨਗਰ, 14 ਜੁਲਾਈ : ਪਾਬੰਦੀਆਂ ਦੇ ਕਾਰਨ ਸ੍ਰੀਨਗਰ ਦੇ ਮਜ਼ਾਰ-ਏ-ਸ਼ੁਹਾਦਾ 'ਤੇ ਰਾਜਨੀਤਿਕ ਆਗੂਆਂ ਨੂੰ ਜਾਣ ਤੋਂ ਰੋਕਣ ਤੋਂ ਇੱਕ ਦਿਨ ਬਾਅਦ ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ (ਜੇ.ਕੇ.ਐਨ.ਸੀ.) ਦੇ ਪ੍ਰਧਾਨ ਡਾ. ਫਾਰੂਕ ਅਬਦੁੱਲਾ, ਮੁੱਖ ਮੰਤਰੀ ਉਮਰ ਅਬਦੁੱਲਾ, ਉਪ ਮੁੱਖ ਮੰਤਰੀ ਸਲਾਹਕਾਰ ਨਾਸਿਰ ਅਸਲਮ ਵਾਨੀ, ਬੁਲਾਰੇ ਤਨਵੀਰ ਸਾਦਿਕ, ਅੰਤਰਿਮ ਪ੍ਰਧਾਨ ਸ਼ੌਕਤ ਮੀਰ ਅਤੇ ਹੋਰ ਸੀਨੀਅਰ ਆਗੂ 13 ਜੁਲਾਈ, 1931 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਅਤੇ ਨਮਾਜ਼ ਅਦਾ ਕਰਨ ਲਈ ਮਜ਼ਾਰ-ਏ-ਸ਼ੁਹਾਦਾ ਸਥਾਨ 'ਤੇ ਗਏ। ਇਸ ਦੌਰਾਨ ਪੁਲਿਸ ਨੂੰ ਮੁੱਖ ਮੰਤਰੀ ਉਮਰ ਅਬਦੁੱਲਾ ਨਾਲ ਧੱਕਾ-ਮੁੱਕੀ ਕਰਦੇ ਦੇਖਿਆ ਗਿਆ, ਕਿਉਂਕਿ ਉਨ੍ਹਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਕੰਧ ਟੱਪਣੀ ਪਈ ਸੀ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਪ੍ਰਸ਼ਾਸਨ ਨੇ ਰਾਜਨੀਤਿਕ ਗਤੀਵਿਧੀਆਂ 'ਤੇ ਪਾਬੰਦੀ ਲਗਾਈ ਹੈ ਅਤੇ ਉਨ੍ਹਾਂ ਅਤੇ ਉਨ੍ਹਾਂ ਦੇ ਪਾਰਟੀ ਸਾਥੀਆਂ ਨੂੰ ਐਤਵਾਰ ਨੂੰ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀਂ ਸੀ। ਉਹਨਾਂ ਨੇ ਕਿਹਾ, 'ਉਨ੍ਹਾਂ ਦੇ ਸਪੱਸ਼ਟ ਨਿਰਦੇਸ਼ਾਂ ਅਨੁਸਾਰ ਸਾਨੂੰ ਇੱਥੇ ਆ ਕੇ ਫਾਤਿਹਾ (ਬਾਕੀ ਸਫਾ 2 'ਤੇ)

## ਦਿੱਲੀ ਦੇ ਲੋਕ ਕੱਢਦੇ ਨੇ ਸਭ ਤੋਂ ਵੱਧ ਗਾਲ੍ਹਾਂ, ਪੰਜਾਬ ਦੂਜੇ ਸਥਾਨ 'ਤੇ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 14 ਜੁਲਾਈ :-ਇੱਕ ਸਰਵੇਖਣ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਦਿੱਲੀ ਦੇ ਲੋਕ ਸਭ ਤੋਂ ਵੱਧ ਗਾਲ੍ਹਾਂ ਕੱਢਦੇ ਹਨ। ਮਾਂ, ਭੈਣ ਅਤੇ ਧੀ ਲਈ ਦਿੱਲੀ ਵਿੱਚ ਸਭ ਤੋਂ ਵੱਧ ਗਲਤ ਸ਼ਬਦ ਵਰਤੇ ਜਾਂਦੇ ਹਨ। ਗਾਲ੍ਹਾਂ ਕੱਢਣ ਵਾਲੇ ਰਾਜਾਂ ਵਿੱਚ ਦਿੱਲੀ ਹੀ ਨਹੀਂ ਸਗੋਂ ਪੰਜਾਬ, ਹਰਿਆਣਾ ਅਤੇ ਕਈ ਹੋਰ ਰਾਜ ਵੀ ਸ਼ਾਮਲ ਹਨ। ਸਰਵੇਖਣ ਤੋਂ ਪਤਾ ਲੱਗਾ ਹੈ ਕਿ ਗਾਲ੍ਹਾਂ ਕੱਢਣਾ ਦਿੱਲੀ ਦੇ ਲੋਕਾਂ ਦੀ ਆਦਤ ਬਣ ਗਈ ਹੈ, ਜੋ ਹਰ ਛੋਟੀ-ਛੋਟੀ ਗੱਲ 'ਤੇ ਗਾਲ੍ਹਾਂ ਕੱਢਦੇ ਹਨ।

ਸਿਰਫ਼ ਮਰਦ ਹੀ ਗਾਲ੍ਹਾਂ ਨਹੀਂ ਕੱਢਦੇ, ਸਗੋਂ ਔਰਤਾਂ ਅਤੇ ਕੁੜੀਆਂ ਵੀ ਖੁਦ ਮਾਂ, ਭੈਣ ਅਤੇ ਧੀ ਲਈ ਵੀ ਇਤਰਾਜ਼ਯੋਗ ਸ਼ਬਦਾਂ ਦਾ ਇਸਤੇਮਾਲ ਕਰਦੀਆਂ ਹਨ। ਸਰਵੇਖਣ ਦੇ ਅਨੁਸਾਰ, 30 ਪ੍ਰਤੀਸ਼ਤ ਔਰਤਾਂ ਅਤੇ ਕੁੜੀਆਂ ਗਾਲ੍ਹਾਂ ਕੱਢਦੀਆਂ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਕੁੜੀਆਂ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਗਾਲ੍ਹਾਂ ਕੱਢਣਾ ਆਮ ਗੱਲ ਹੈ।

**11 ਸਾਲਾਂ ਵਿੱਚ 70 ਹਜ਼ਾਰ ਲੋਕਾਂ 'ਤੇ ਸਰਵੇਖਣ**

ਸੈਲਫੀ ਵਿਦ ਡਾਟਰ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਮਹਾਂਰਿਸ਼ੀ ਦਯਾਨੰਦ ਯੂਨੀਵਰਸਿਟੀ ਦੇ ਪ੍ਰੋਫੈਸਰ ਆਫ਼ ਪ੍ਰੈਕਟਿਸ ਡਾ. ਸੁਨੀਲ ਜਗਲਾਨ ਨੇ ਗਾਲ੍ਹਾਂ ਬੰਦ ਕਰ ਮੁਹਿੰਮ ਚਲਾਈ ਅਤੇ ਇਸਦੇ ਤਹਿਤ ਇੱਕ ਸਰਵੇਖਣ ਕੀਤਾ। 11 ਸਾਲਾਂ ਵਿੱਚ ਇਸ ਸਰਵੇਖਣ ਵਿੱਚ ਲਗਭਗ 70 ਹਜ਼ਾਰ ਲੋਕਾਂ ਨੂੰ ਸ਼ਾਮਲ ਕੀਤਾ ਗਿਆ। ਇਨ੍ਹਾਂ ਲੋਕਾਂ ਵਿੱਚ ਨੌਜਵਾਨ, ਮਾਪੇ, ਅਧਿਆਪਕ, ਡਾਕਟਰ, ਆਟੋ ਡਰਾਈਵਰ, ਸਕੂਲ ਅਤੇ ਕਾਲਜ ਦੇ ਵਿਦਿਆਰਥੀ, ਪੁਲਿਸ ਕਰਮਚਾਰੀ, ਵਕੀਲ, ਕਾਰੋਬਾਰੀ, ਸਫਾਈ ਕਰਮਚਾਰੀ, ਪ੍ਰੋਫੈਸਰ, ਪੰਚਾਇਤ ਮੈਂਬਰ ਸ਼ਾਮਲ ਸਨ।

ਸਰਵੇਖਣ ਤੋਂ ਸਾਹਮਣੇ ਆਏ ਅੰਕੜਿਆਂ ਅਨੁਸਾਰ, ਦਿੱਲੀ ਦੇ 80 ਪ੍ਰਤੀਸ਼ਤ ਲੋਕ ਗਾਲ੍ਹਾਂ ਕੱਢਦੇ ਹਨ ਅਤੇ ਇਹ ਦੇਸ਼ ਦਾ ਇੱਕ ਅਜਿਹਾ ਰਾਜ ਹੈ ਜਿੱਥੇ ਲੋਕ (ਬਾਕੀ ਸਫਾ 2 'ਤੇ)

# ਲਾਰਡਜ਼ ਟੈਸਟ 'ਚ ਇੰਗਲੈਂਡ ਨੇ ਭਾਰਤ ਨੂੰ 22 ਦੌੜਾਂ ਨਾਲ ਹਰਾਇਆ



ਲੰਡਨ, 14 ਜੁਲਾਈ (ਚ.ਨ.ਸ.) : ਟੀਮ ਇੰਡੀਆ ਨੂੰ ਲਾਰਡਜ਼ ਟੈਸਟ ਵਿੱਚ ਇੱਕ ਰੋਮਾਂਚਕ ਮੈਚ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਨੂੰ 193 ਦੌੜਾਂ ਦਾ ਟੀਚਾ ਮਿਲਿਆ ਸੀ। ਪਰ ਸ਼ੁਭਮਨ ਗਿੱਲ ਦੀ ਫੌਜ ਸਿਰਫ਼ 170 ਦੇ ਸਕੋਰ 'ਤੇ ਢਹਿ ਗਈ। ਜਡੇਜਾ ਇੱਕ ਸਿਰੇ 'ਤੇ ਖੜ੍ਹੇ ਰਹੇ ਅਤੇ 61 ਦੌੜਾਂ ਦੀ ਅਜੇਤੂ ਪਾਰੀ ਖੇਡੀ ਪਰ ਭਾਰਤ 22 ਦੌੜਾਂ ਨਾਲ ਮੈਚ ਹਾਰ ਗਿਆ। ਇਸ ਜਿੱਤ ਨਾਲ ਇੰਗਲੈਂਡ ਦੀ ਟੀਮ ਹੁਣ 5 ਮੈਚਾਂ ਦੀ ਟੈਸਟ ਸੀਰੀਜ਼ ਵਿੱਚ 2-1 ਨਾਲ ਅੱਗੇ ਹੈ। ਪੰਜਵੇਂ ਅਤੇ ਆਖਰੀ ਦਿਨ ਭਾਰਤ ਨੂੰ 135 ਦੌੜਾਂ ਦੀ ਲੋੜ ਸੀ। ਜਦੋਂ ਕਿ 6 ਵਿਕਟਾਂ ਹੱਥ ਵਿੱਚ ਸਨ। ਪਰ ਪੰਤ, ਰਾਹੁਲ ਅਤੇ ਰੈੱਡੀ ਸਮੇਤ ਕੋਈ ਵੀ ਬੱਲੇਬਾਜ਼ ਅੰਗਰੇਜ਼ਾਂ ਦੇ ਸਾਹਮਣੇ ਟਿਕ ਨਹੀਂ ਸਕਿਆ ਅਤੇ ਭਾਰਤ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਦੋਵਾਂ ਟੀਮਾਂ ਵਿਚਕਾਰ ਲੜੀ ਦਾ ਚੌਥਾ ਮੈਚ 23 ਜੁਲਾਈ ਤੋਂ ਮੈਨਚੈਸਟਰ ਵਿੱਚ ਖੇਡਿਆ ਜਾਵੇਗਾ। ਟੀਚੇ ਦਾ ਪਿੱਛਾ ਕਰਦੇ ਹੋਏ ਭਾਰਤੀ ਟੀਮ ਦੀ ਦੂਜੀ ਪਾਰੀ ਵਿੱਚ ਸ਼ੁਰੂਆਤ ਬਹੁਤ ਮਾੜੀ ਰਹੀ। ਉਨ੍ਹਾਂ ਨੇ ਦੂਜੇ ਓਵਰ ਵਿੱਚ ਯਸ਼ਸਵੀ ਜੈਸਵਾਲ ਦੀ ਵਿਕਟ ਗੁਆ ਦਿੱਤੀ, ਜੋ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ। ਫਿਰ ਭਾਰਤੀ ਟੀਮ ਨੇ ਖੇਡ ਦੇ ਚੌਥੇ ਦਿਨ ਕਰੁਣ ਨਾਇਰ (14 ਦੌੜਾਂ), ਕਪਤਾਨ ਸ਼ੁਭਮਨ ਗਿੱਲ (6 ਦੌੜਾਂ) ਅਤੇ ਨਾਈਟਵਾਚਮੈਨ ਆਕਾਸ਼ ਦੀਪ (1 ਦੌੜ) ਦੀਆਂ ਵਿਕਟਾਂ ਵੀ ਗੁਆ ਦਿੱਤੀਆਂ। ਭਾਰਤ ਦਾ ਖਰਾਬ ਫਾਰਮ ਪੰਜਵੇਂ ਦਿਨ ਵੀ ਜਾਰੀ ਰਿਹਾ ਅਤੇ ਜਡੇਜਾ ਤੋਂ ਇਲਾਵਾ ਕੋਈ ਵੀ ਬੱਲੇਬਾਜ਼ ਜ਼ਿਆਦਾ ਦੇਰ ਤੱਕ ਟਿਕ ਨਹੀਂ ਸਕਿਆ।

# ਉੱਘੇ ਦੌੜਾਕ ਫੌਜਾ ਸਿੰਘ ਦਾ 114 ਸਾਲ ਦੀ ਉਮਰ 'ਚ ਹੋਇਆ ਦੇਹਾਂਤ

## ਬਜ਼ੁਰਗਾਂ ਦੀ ਮੈਰਾਥਨ 'ਚ ਬਣਾਏ ਸਨ ਵੱਡੇ ਰਿਕਾਰਡ

ਜਲੰਧਰ, 14 ਜੁਲਾਈ (ਚ.ਨ.ਸ.) :ਉੱਘੇ ਦੌੜਾਕ ਫੌਜਾ ਸਿੰਘ ਦਾ 114 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਦੱਸ ਦੇਈਏ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਨੇ ਬਜ਼ੁਰਗਾਂ ਦੀ ਮੈਰਾਥਨ ਵਿੱਚ ਕਈ ਵੱਡੇ ਰਿਕਾਰਡ ਬਣਾਏ ਸਨ। ਉਨ੍ਹਾਂ ਦਾ ਜਨਮ 1911 ਵਿੱਚ ਜਲੰਧਰ ਦੇ ਪਿੰਡ ਬਿਆਸ ਵਿੱਚ ਹੋਇਆ ਸੀ।



ਫੌਜਾ ਸਿੰਘ ਦੇ ਨਾਂ ਹਨ ਇਹ ਵਿਸ਼ਵ ਰਿਕਾਰਡ: ਫੌਜਾ ਸਿੰਘ ਨੇ 2000 ਵਿੱਚ 89 ਸਾਲ ਦੀ ਉਮਰ 'ਚ ਲੰਡਨ ਮੈਰਾਥਨ ਤੋਂ ਦੌੜਨ ਦੀ ਸ਼ੁਰੂਆਤ ਕੀਤੀ। 2003 'ਚ 92 ਸਾਲ ਦੀ ਉਮਰ 'ਚ ਉਨ੍ਹਾਂ ਨੇ 90 ਸਾਲਾਂ ਤੋਂ ਉੱਪਰ ਬਾਥਿਆਂ ਦੀ ਦੌੜ 'ਚ ਹਿੱਸਾ ਲਿਆ ਅਤੇ 5 ਘੰਟੇ 40 ਮਿੰਟਾਂ ਦਾ ਵਿਸ਼ਵ ਰਿਕਾਰਡ ਬਣਾਇਆ। ਇਸ ਤੋਂ ਬਾਅਦ 2003 'ਚ ਲੰਡਨ ਮੈਰਾਥਨ ਉਨ੍ਹਾਂ ਨੇ 6 ਘੰਟੇ 2 ਮਿੰਟ 'ਚ ਪੂਰੀ ਕੀਤੀ। ਇਸ ਤਰ੍ਹਾਂ ਉਨ੍ਹਾਂ ਨੇ ਮੈਰਾਥਨ 'ਚ ਹਿੱਸਾ ਲੈਣਾ ਜਾਰੀ ਰੱਖਿਆ ਅਤੇ 2012 ਤਕ ਉਨ੍ਹਾਂ ਨੇ 6 ਲੰਡਨ ਮੈਰਾਥਨਜ਼ ਹਿੱਸਾ ਲਿਆ। ਦੋ ਕੈਨੇਡੀਅਨ ਮੈਰਾਥਨ, ਨਿਊਯਾਰਕ ਮੈਰਾਥਨਜ਼ ਅਤੇ ਅਨੇਕਾਂ ਹਾਫ ਮੈਰਾਥਨਜ਼ 'ਚ ਹਿੱਸਾ ਲਿਆ। ਉਨ੍ਹਾਂ ਦੀਆਂ ਮੈਰਾਥਨ ਦੇ ਖੇਤਰ 'ਚ ਪ੍ਰਾਪਤੀਆਂ ਦੀ ਬਦੌਲਤ 13 ਨਵੰਬਰ 2003 ਨੂੰ ਅਮਰੀਕਾ ਦੇ ਗਰੁੱਪ ਨੈਸ਼ਨਲ ਐਥਨਿਕ ਕੋਲੀਸ਼ਨ ਨੇ 'ਏਲਿਸ ਆਈਲੈਂਡ ਮੈਡਲ ਆਫ ਆਨਰ'ਨਾਲ ਸਨਮਾਨਿਤ ਕੀਤਾ। ਇਸ ਗਰੁੱਪ ਦੇ ਚੇਅਰਮੈਨ ਵਿਲੀਅਮ ਡੁਗਾਜ਼ੀ ਨੇ ਕਿਹਾ ਕਿ ਇਹ ਨਸਲੀ ਸਹਿਣਸ਼ੀਲਤਾ ਦਾ ਪ੍ਰਤੀਕ ਹੈ ਅਤੇ ਉਸ ਦਾ ਦੌੜਨਾ 11 ਸਤੰਬਰ ਨੂੰ ਹੋਏ ਅੱਤਵਾਦੀ ਪਾੜੇ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ। ਉਹ ਸਭ ਤੋਂ ਵੱਡੀ ਪ੍ਰੇਰਨਾ ਹੈ। ਇਸ ਤੋਂ ਬਾਅਦ ਯੂ. ਕੇ. ਆਧਾਰਿਤ ਇਕ ਸੰਗਠਨ ਵਲੋਂ ਉਨ੍ਹਾਂ ਨੂੰ 'ਪ੍ਰਾਈਡ ਆਫ ਇੰਡੀਆ'ਦਾ ਖਿਤਾਬ ਵੀ ਦਿੱਤਾ ਗਿਆ। ਵਿਸ਼ਵ ਦੇ ਪਹਿਲੇ 100 ਸਾਲਾ ਦੌੜਾਕ: 16 ਅਕਤੂਬਰ, 2011 ਨੂੰ ਟੋਰਾਂਟੋ ਮੈਰਾਥਨ 8 ਘੰਟੇ 11 ਮਿੰਟ ਅਤੇ 6 ਸਕਿੰਟ 'ਚ ਪੂਰੀ ਕਰ ਕੇ ਉਹ ਵਿਸ਼ਵ ਦੇ ਪਹਿਲੇ 100 ਸਾਲਾ ਬਜ਼ੁਰਗ ਦੌੜਾਕ ਬਣੇ ਪਰ ਗਿਨੀਜ਼ ਵਰਲਡ ਰਿਕਾਰਡਜ਼ ਨੇ ਇਸ ਰਿਕਾਰਡ ਨੂੰ ਮਾਨਤਾ ਨਹੀਂ ਦਿੱਤੀ ਕਿਉਂਕਿ ਉਨ੍ਹਾਂ ਕੋਲ ਜਨਮ ਸਰਟੀਫਿਕੇਟ ਨਹੀਂ ਸੀ ਪਰ ਬਾਅਦ 'ਚ ਉਨ੍ਹਾਂ ਨੇ ਆਪਣਾ ਬ੍ਰਿਟਿਸ਼ ਪਾਸਪੋਰਟ ਅਤੇ ਮਹਾਰਾਣੀ ਐਲਿਜ਼ਾਬੈਥ ਵਲੋਂ 100ਵੇਂ ਜਨਮ ਦਿਨ 'ਤੇ ਭੇਜੀ ਚਿੱਠੀ ਦਿਖਾਈ, ਜਿਸ ਤੋਂ ਬਾਅਦ ਉਨ੍ਹਾਂ ਦਾ ਨਾਂ ਗਿਨੀਜ਼ ਵਰਲਡ ਰਿਕਾਰਡਜ਼ 'ਚ ਦਰਜ ਹੋਇਆ।

# ਜੇਲ੍ਹਾਂ ਵਿੱਚ ਵੱਧ ਰਿਹਾ ਕੱਟੜਪੰਥ ਬਣਿਆ ਚੁਣੌਤੀ, ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਹੁਕਮ ਜਾਰੀ

ਨਵੀਂ ਦਿੱਲੀ, 14 ਜੁਲਾਈ (ਚ.ਨ.ਸ.) : ਪੰਜਾਬ ਦੀਆਂ ਜੇਲ੍ਹਾਂ ਵਿੱਚ ਆਏ ਦਿਨ ਨਸ਼ਾ, ਮੋਬਾਈਲ ਫੋਨ ਸਣੇ ਕਈ ਹੋਰ ਚੀਜ਼ਾਂ ਬਰਾਮਦ ਹੁੰਦੀਆਂ ਹਨ। ਜਿਸ ਨੂੰ ਲੈ ਕੇ ਪੰਜਾਬ ਸਰਕਾਰ ਕਾਫੀ ਗੰਭੀਰ ਹੈ। ਅੱਜ ਜੇਲ੍ਹਾਂ ਵਿੱਚ ਵੱਧ ਰਹੇ ਕੱਟੜਪੰਥ ਨੂੰ ਇੱਕ ਗੰਭੀਰ ਚੁਣੌਤੀ ਮੰਨਦੇ ਹੋਏ, ਗ੍ਰਹਿ ਮੰਤਰਾਲੇ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ ਪੱਤਰ ਭੇਜਿਆ ਹੈ ਜਿਸ ਵਿੱਚ ਉਨ੍ਹਾਂ ਨੂੰ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ।

ਭੇਜੇ ਗਏ ਪੱਤਰ ਵਿੱਚ ਕੈਦੀਆਂ ਦੀ ਸਮੇਂ-ਸਮੇਂ 'ਤੇ ਨਿਗਰਾਨੀ, ਸ਼ੱਕੀ ਗਤੀਵਿਧੀਆਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਅਤੇ ਜੋਖਮ ਭਰਪੂਰ ਵਿਅਕਤੀਆਂ ਦੀ ਨਿਗਰਾਨੀ ਵਧਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਇਸ ਪੱਤਰ ਵਿੱਚ ਜੇਲ੍ਹ ਦੇ ਅੰਦਰ ਮੌਜੂਦ ਸਮਾਜਿਕ ਅਲੱਗ-ਥਲੱਗਤਾ, ਨਿਗਰਾਨੀ ਦੀ ਘਾਟ ਕਾਰਨ ਕੱਟੜਪੰਥ ਵਧਣ ਦੇ ਖ਼ਤਰੇ ਅਤੇ ਕੁਝ ਮਾਮਲਿਆਂ ਵਿੱਚ, ਕੈਦੀਆਂ ਦੁਆਰਾ ਜੇਲ੍ਹ ਸਟਾਫ ਜਾਂ ਹੋਰ ਕੈਦੀਆਂ 'ਤੇ ਹਮਲਾ ਕਰਨ ਦੀ ਯੋਜਨਾ ਬਣਾਉਣ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕੈਦੀਆਂ ਦੀ ਜਾਂਚ ਵਿੱਚ ਮਾਨਸਿਕ, ਸਮਾਜਿਕ ਅਤੇ ਸਿਹਤ ਮੁਲਾਂਕਣ ਵੀ ਸ਼ਾਮਲ ਕੀਤਾ ਜਾਵੇਗਾ। ਕੱਟੜਪੰਥੀਕਰਨ ਨੂੰ ਰੋਕਣ ਲਈ ਸਲਾਹ, ਸਿੱਖਿਆ ਅਤੇ ਪੁਨਰਵਾਸ ਪ੍ਰੋਗਰਾਮਾਂ 'ਤੇ ਕੇਂਦ੍ਰਿਤ ਕੀਤਾ ਜਾਵੇਗਾ। ਗ੍ਰਹਿ ਮੰਤਰਾਲੇ ਨੇ ਪੱਤਰ ਵਿੱਚ ਕਿਹੜੇ ਸੁਧਾਰਾਂ ਦਾ ਜ਼ਿਕਰ ਕੀਤਾ

1. ਕੱਟੜਤਾ ਨੂੰ ਰੋਕਣ ਲਈ ਤੁਰੰਤ ਕਦਮ ਚੁੱਕਣ 'ਤੇ ਜ਼ੋਰ ਦਿੱਤਾ ਗਿਆ।
2. ਕੈਦੀਆਂ ਦੀ ਜਾਂਚ ਅਤੇ ਜੋਖਮ ਮੁਲਾਂਕਣ ਲਾਜ਼ਮੀ ਕਰ ਦਿੱਤਾ ਗਿਆ ਹੈ।



3. ਉੱਚ-ਜੋਖਮ ਵਾਲੇ ਕੈਦੀਆਂ ਨੂੰ ਆਮ ਕੈਦੀਆਂ ਤੋਂ ਵੱਖ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।
4. ਇਸ ਨੇ ਚੇਤਾਵਨੀ ਦਿੱਤੀ ਕਿ ਜੇਲ੍ਹਾਂ ਵਿੱਚ ਇਕੱਲਤਾ ਅਤੇ ਨਿਗਰਾਨੀ ਦੀ ਘਾਟ ਕੱਟੜਪੰਥੀਕਰਨ ਨੂੰ ਵਧਾ ਸਕਦੀ ਹੈ, ਜਿਸ ਨਾਲ ਕੁਝ ਕੈਦੀ ਹਿੰਸਾ ਦੀ ਯੋਜਨਾ ਬਣਾ ਸਕਦੇ ਹਨ।
5. ਕੱਟੜਪੰਥੀ ਕੈਦੀ ਜੇਲ੍ਹ ਸਟਾਫ, ਕੈਦੀਆਂ ਜਾਂ ਬਾਹਰੀ ਲੋਕਾਂ 'ਤੇ ਹਮਲਾ ਕਰ ਸਕਦੇ ਹਨ, ਮੰਤਰਾਲੇ ਨੇ ਇਸ ਨੂੰ ਅੰਦਰੂਨੀ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਦੱਸਿਆ ਹੈ।
6. ਪੱਤਰ ਵਿੱਚ ਕੱਟੜਪੰਥੀ ਵਿਚਾਰਧਾਰਾ ਦੀ ਪਛਾਣ ਕਰਨ ਲਈ ਇੱਕ ਵਿਵਹਾਰ-ਅਧਾਰਤ ਪ੍ਰਣਾਲੀ ਬਣਾਉਣ ਦੀ ਮੰਗ ਕੀਤੀ ਗਈ ਹੈ। ਸਮੇਂ-ਸਮੇਂ 'ਤੇ ਹਰੇਕ ਕੈਦੀ ਦਾ ਮੁਲਾਂਕਣ ਕਰਨ ਦਾ ਸੁਝਾਅ ਦਿੱਤਾ ਗਿਆ ਹੈ।
7. ਵਿਸ਼ੇਸ਼ ਉੱਚ-ਸੁਰੱਖਿਆ ਵਾਲੇ ਜੇਲ੍ਹ ਕੰਪਲੈਕਸ ਬਣਾਉਣ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਸੀ। ਜੇਲ੍ਹਾਂ ਵਿੱਚ ਨਿਗਰਾਨੀ ਉਪਕਰਣਾਂ ਅਤੇ ਖੁਫੀਆ ਨੈੱਟਵਰਕਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਸੀ।
8. ਕਿਹਾ ਜਾਂਦਾ ਹੈ ਕਿ ਕੈਦੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਚਕਾਰ ਸੰਪਰਕ ਬਣਾਈ ਰੱਖਣਾ ਮਹੱਤਵਪੂਰਨ ਹੈ। ਇਹ ਕਦਮ ਪੁਨਰਵਾਸ ਪ੍ਰਕਿਰਿਆ ਨੂੰ ਵੀ ਬਿਹਤਰ ਬਣਾ ਸਕਦਾ ਹੈ।
9. ਕੱਟੜਪੰਥ ਨੂੰ ਰੋਕਣ ਨਾਲ ਹਿੰਸਕ ਕੱਟੜਵਾਦ ਦਾ ਖ਼ਤਰਾ ਘੱਟ ਜਾਵੇਗਾ, ਇਹ ਕਦਮ ਰਾਸ਼ਟਰੀ ਸੁਰੱਖਿਆ ਅਤੇ ਜਨਤਕ ਵਿਵਸਥਾ ਲਈ ਜ਼ਰੂਰੀ ਮੰਨਿਆ ਜਾਂਦਾ ਹੈ।
10. ਜੇਲ੍ਹਾਂ ਨੂੰ ਸਿਰਫ਼ ਸਜ਼ਾ ਦੇ ਸਥਾਨ ਹੀ ਨਹੀਂ ਸਗੋਂ ਸੁਧਾਰ ਦੇ ਸਥਾਨ ਬਣਾਉਣ 'ਤੇ ਜ਼ੋਰ ਦਿੱਤਾ ਗਿਆ। ਇਸ ਨਾਲ ਸਮਾਜ ਦੀ ਮੁੱਖ ਧਾਰਾ ਨਾਲ ਜੁੜਨ ਦੀ ਸੰਭਾਵਨਾ ਵਧੇਗੀ। ਸਾਰੇ ਰਾਜਾਂ ਨੂੰ ਕੱਟੜਤਾ ਨੂੰ ਰੋਕਣ ਲਈ ਇੱਕ ਠੋਸ ਯੋਜਨਾ ਲਾਗੂ ਕਰਨ ਦੀ ਅਪੀਲ ਕੀਤੀ ਗਈ ਹੈ।ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਵੀ, ਉਨ੍ਹਾਂ ਨੂੰ ਸਮਾਜ ਵਿੱਚ ਦੁਬਾਰਾ ਜੋੜਨ ਲਈ ਇੱਕ ਫਾਲੋ-ਅੱਪ ਨਿਗਰਾਨੀ ਪ੍ਰਣਾਲੀ 'ਤੇ ਕੰਮ ਕਰਨਾ ਪਵੇਗਾ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਹ ਸੁਧਾਰਾਤਮਕ ਉਪਾਅ ਅਤੇ ਵਿਹਾਰਕ ਪੁਨਰਵਾਸ ਕੱਟੜਪੰਥੀ ਮਾਨਸਿਕਤਾ ਨੂੰ ਬਦਲ ਸਕਦੇ ਹਨ।

# ਈਡੀ ਵੱਲੋਂ ਰਾਬਰਟ ਵਾਡਰਾ ਤੋਂ ਸੰਜੇ ਭੰਡਾਰੀ ਮਨੀ ਲਾਂਡਰਿੰਗ ਕੇਸ 'ਚ ਪੁੱਛ-ਗਿੱਛ

ਨਵੀਂ ਦਿੱਲੀ, 14 ਜੁਲਾਈ (ਚ.ਨ.ਸ.):ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਯੂਕੇ ਸਥਿਤ ਭਗੌੜੇ ਹਥਿਆਰ ਡੀਲਰ ਸੰਜੇ ਭੰਡਾਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਅੱਜ ਸੀਨੀਅਰ ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਦੇ ਪਤੀ ਤੇ ਕਾਰੋਬਾਰੀ ਰੌਬਰਟ ਵਾਡਰਾ (56) ਤੋਂ ਪੁੱਛ ਪੜਤਾਲ ਕੀਤੀ ਹੈ। ਈਡੀ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵਾਡਰਾ ਸਵੇਰੇ 11 ਵਜੇ ਦੇ ਕਰੀਬ ਏਜੰਸੀ ਦੇ ਦਫ਼ਤਰ ਪਹੁੰਚੇ ਅਤੇ ਇਸ ਵੇਲੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਈਡੀ ਨੇ ਦੋ ਵਾਰ 10 ਜੂਨ ਤੇ 17 ਜੂਨ ਲਈ ਵਾਡਰਾ ਨੂੰ ਸੰਮਨ ਕੀਤਾ ਸੀ, ਪਰ ਉਹ ਪੇਸ਼ ਨਹੀਂ ਹੋਏ। ਵਾਡਰਾ ਨੇ ਸੰਮਨਾਂ ਦੀ ਤਾਮੀਲ ਨਾ ਕਰਨ ਲਈ ਪਹਿਲਾਂ ਖ਼ਰਾਬ ਸਿਹਤ ਤੇ ਮਗਰੋਂ ਆਪਣੀ ਧੀ ਦੀ ਗ੍ਰੈਜੂਏਸ਼ਨ ਲਈ ਵਿਦੇਸ਼ ਯਾਤਰਾ ਦਾ ਹਵਾਲਾ ਦਿੱਤਾ ਸੀ।ਈਡੀ ਵੱਲੋਂ ਕੀਤੀ ਜਾ ਰਹੀ ਤਫ਼ਤੀਸ਼ ਭੰਡਾਰੀ ਵਿਰੁੱਧ ਵਿਆਪਕ ਜਾਂਚ ਦਾ ਹਿੱਸਾ ਹੈ, ਜੋ 2016 ਵਿੱਚ ਆਮਦਨ ਕਰ ਵਿਭਾਗ ਦੇ ਛਾਪਿਆਂ ਤੋਂ ਬਾਅਦ ਭਾਰਤ ਤੋਂ ਭੱਜ ਗਿਆ ਸੀ ਅਤੇ ਹੁਣ ਯੂਕੇ ਵਿੱਚ ਰਹਿ ਰਿਹਾ ਹੈ। ਈਡੀ ਨੇ ਕਾਲੇ ਧਨ ਵਿਰੋਧੀ ਕਾਨੂੰਨ ਤਹਿਤ ਆਈਟੀ ਚਾਰਜਸ਼ੀਟ ਤੋਂ ਬਾਅਦ ਫਰਵਰੀ 2017 ਵਿੱਚ ਮਨੀ ਲਾਂਡਰਿੰਗ ਰੋਕੂ ਐਕਟ (ਪੀਐਮਐਲਏ) ਤਹਿਤ ਭੰਡਾਰੀ ਖਿਲਾਫ਼ ਕੇਸ ਦਰਜ ਕੀਤਾ ਸੀ।ਏਜੰਸੀ ਨੇ ਭੰਡਾਰੀ ਵਿਰੁੱਧ ਆਪਣੀ ਪਹਿਲੀ ਚਾਰਜਸ਼ੀਟ 2020 ਵਿਚ ਦਾਇਰ ਕੀਤੀ ਸੀ, ਅਤੇ ਉਦੋਂ ਤੋਂ ਉਹ ਵਾਡਰਾ ਨਾਲ ਉਸ ਦੇ ਕਥਿਤ ਸਬੰਧਾਂ ਦੀ ਜਾਂਚ ਵੀ ਕਰ ਰਹੀ ਹੈ। ਈਡੀ ਨੇ 2023 ਵਿੱਚ ਦਾਇਰ ਇੱਕ ਪੂਰਕ ਚਾਰਜਸ਼ੀਟ ਵਿੱਚ ਦੋਸ਼ ਲਗਾਇਆ ਸੀ ਕਿ ਭੰਡਾਰੀ ਨੇ 2009 ਵਿੱਚ 12, ਬ੍ਰਾਇਨਸਟਨ ਸਕੁਏਅਰ, ਲੰਡਨ ਵਿਖੇ ਜਾਇਦਾਦ ਹਾਸਲ ਕੀਤੀ ਅਤੇ 'ਵਾਡਰਾ ਦੇ ਨਿਰਦੇਸ਼ਾਂ ਅਨੁਸਾਰ' ਇਸ ਦਾ ਨਵੀਨੀਕਰਨ ਕੀਤਾ।

## ਸੁਪਰੀਮ ਕੋਰਟ ਵੱਲੋਂ ਪੰਜਾਬ 'ਚ

ਕੰਟ੍ਰੈਕਟ 'ਤੇ ਕੰਮ ਕਰਨ ਵਾਲੇ ਬਿਨੈਕਾਰਾਂ ਨੂੰ ਹੀ ਪੰਜ ਅੰਕ ਵਾਧੂ ਦੇਣ ਦਾ ਫੈਸਲਾ ਕੀਤਾ ਗਿਆ ਸੀ ਪਰ ਸਰਕਾਰੀ ਗ੍ਰਾਂਟਾਂ ਨਾਲ ਚੱਲ ਰਹੇ ਕਾਲਜਾਂ ਵਿਚ ਪਾਰਟ ਟਾਈਮ ਗੈਸਟ ਫੈਕਲਟੀ ਅਤੇ ਕੰਟ੍ਰੈਕਟ 'ਤੇ ਕੰਮ ਕਰਨ ਵਾਲਿਆਂ ਨੂੰ ਨਹੀਂ। ਜਾਣਕਾਰੀ ਅਨੁਸਾਰ ਅਗਸਤ, 2022 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਰੱਦ ਕਰ ਦਿੱਤੀ ਸੀ। ਇਹ ਵੀ ਕਿਹਾ ਗਿਆ ਸੀ ਕਿ ਭਰਤੀ ਪ੍ਰਕਿਰਿਆ ਦੌਰਾਨ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ। ਇਸ ਭਰਤੀ ਪ੍ਰਕਿਰਿਆ ਨੂੰ ਕੁਝ ਲੋਕਾਂ ਨੇ ਚੁਣੌਤੀ ਦਿੱਤੀ ਸੀ, ਜਿਸ ਵਿੱਚ ਉਨ੍ਹਾਂ ਨੇ ਭਰਤੀ ਨਿਯਮਾਂ 'ਤੇ ਸਵਾਲ ਉਠਾਏ ਸਨ। ਇਸ ਭਰਤੀ ਪ੍ਰਕਿਰਿਆ ਦੇ 484 ਲੋਕ ਪਹਿਲਾਂ ਹੀ ਸ਼ਾਮਲ ਹੋ ਚੁੱਕੇ ਹਨ ਪਰ ਉਨ੍ਹਾਂ ਨੂੰ ਤਾਇਨਾਤ ਵੀ ਨਹੀਂ ਕੀਤਾ ਗਿਆ ਸੀ। ਉਨ੍ਹਾਂ ਨੂੰ ਤਨਖਾਹ ਵੀ ਨਹੀਂ ਮਿਲ ਰਹੀ ਸੀ। ਸਿੰਗਲ ਬੈਂਚ ਦੇ ਫੈਸਲੇ ਤੋਂ ਬਾਅਦ, ਸਰਕਾਰ ਡਬਲ ਬੈਂਚ ਕੋਲ ਚਲੀ ਗਈ। ਨਾਲ ਹੀ, ਸਰਕਾਰ ਨੇ ਅਦਾਲਤ ਵਿੱਚ ਕਈ ਦਲੀਲਾਂ ਪੇਸ਼ ਕੀਤੀਆਂ ਸਨ, ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਭਰਤੀ ਪ੍ਰਕਿਰਿਆ ਬਿਲਕੁਲ ਸਹੀ ਹੈ, ਜਿਸ ਮਗਰੋਂ ਫੈਸਲਾ ਸਰਕਾਰ ਦੇ ਪੱਖ ਵਿਚ ਆਇਆ ਸੀ।

## ਬੇਅਦਬੀ ਬਾਰੇ ਬਿੱਲ ਪੇਸ਼

ਦਾ ਖਰੜਾ ਲਿਖਿਆ ਗਿਆ ਹੈ।

ਗੋਇਲ ਨੇ ਕਿਹਾ ਕਿ ਸਾਰੇ ਧਰਮਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਨਦੀਆਂ ਨੂੰ ਸਾਫ ਕੀਤਾ ਗਿਆ ਹੈ। ਵਿਧਾਇਕ ਰਾਣਾ ਇੰਦਰ ਪ੍ਰਤਾਪ ਇਹ ਪ੍ਰਸਤਾਵ ਲੈ ਕੇ ਆਏ ਸਨ, ਜਿਸ 'ਤੇ ਸਰਕਾਰ ਨੂੰ ਜਵਾਬ ਦੇਣ ਲਈ ਕਿਹਾ ਗਿਆ ਸੀ ਕਿ ਹੜ੍ਹਾਂ ਨੂੰ ਰੋਕਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਗਏ ਹਨ।

## ਪ੍ਰਗਟਾਵੇ ਦੀ ਆਜ਼ਾਦੀ ਦੀ ਅਹਿਮੀਅਤ ਸਮਝਣ

ਸੁਪਰੀਮ ਕੋਰਟ ਨੇ ਕਿਹਾ ਕਿ ਕੋਈ ਵੀ ਨਹੀਂ ਚਾਹੁੰਦਾ ਕਿ ਸੂਬਾ ਸਰਕਾਰ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਦਖਲ ਦੇਣ। ਇਸ ਲਈ ਜ਼ਰੂਰੀ ਹੈ ਕਿ ਲੋਕ ਖੁਦ ਜ਼ਿੰਮੇਵਾਰੀ ਲੈਣ ਅਤੇ ਸੋਸ਼ਲ ਮੀਡੀਆ ਜਾਂ ਹੋਰਨਾਂ ਮੰਚਾਂ 'ਤੇ ਅਜਿਹਾ ਕੁਝ ਨਾ ਕਹਿਣ ਜਾਂ ਸਮਾਜ ਵਿਚ ਤਣਾਅ ਫੈਲਾਏ। ਚੋਟੀ ਦੀ ਅਦਾਲਤ ਨੇ ਨਾਗਰਿਕਾਂ ਦਰਮਿਆਨ ਭਾਈਚਾਰੇ ਦੀ ਭਾਵਨਾ ਬਣਾਈ ਰੱਖਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਅਤੇ ਕਿਹਾ ਕਿ ਅੱਜ ਦੇ ਸਮੇਂ ਵਿਚ ਜਦੋਂ ਵੰਡਵਾਦੀ ਵਿਚਾਰ ਤੇਜ਼ੀ ਨਾਲ ਫੈਲ ਰਹੇ ਹਨ ਤਾਂ ਨਾਗਰਿਕਾਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਸੁਪਰੀਮ ਕੋਰਟ ਇਹ ਟਿੱਪਣੀ ਨੇ ਇਕ ਅਜਿਹੇ ਮਾਮਲੇ ਦੀ ਸੁਣਵਾਈ ਦੌਰਾਨ ਦਿੱਤੀ, ਜਿਸ ਵਿਚ ਸੋਸ਼ਲ ਮੀਡੀਆ 'ਤੇ ਇਤਰਾਜ਼ਯੋਗ ਅਤੇ ਉਕਸਾਉਣ ਵਾਲੀ ਪੋਸਟ ਨੂੰ ਲੈ ਕੇ ਚਿੰਤਾ ਪ੍ਰਗਟਾਈ ਗਈ ਸੀ। ਅਦਾਲਤ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਕੀ ਕੋਈ ਅਜਿਹਾ ਦਿਸ਼ਾ-ਨਿਰਦੇਸ਼ ਬਣਾਇਆ ਜਾ ਸਕਦਾ ਹੈ, ਜਿਸ ਨਾਲ ਆਨਲਾਈਨ ਪ੍ਰਗਟਾਵੇ ਦੀ ਆਜ਼ਾਦੀ ਅਤੇ ਸਮਾਜ ਵਿਚ ਸਦਭਾਵਨਾ ਦਰਮਿਆਨ ਸੰਤੁਲਨ ਬਣਾ ਰਹੇ।

**ਪ੍ਰਧਾਨ ਮੰਤਰੀ ਤੇ ਆਰ.ਐੱਸ.ਐੱਸ. 'ਤੇ 'ਇਤਰਾਜ਼ਯੋਗ' ਕਾਰਟੂਨ ਮਾਮਲੇ ਦੀ ਸੁਣਵਾਈ ਅੱਜ :** ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਕਾਰਕੁਨਾਂ ਦੇ ਕਥਿਤ ਇਤਰਾਜ਼ਯੋਗ ਕਾਰਟੂਨ ਸੋਸ਼ਲ ਮੀਡੀਆ 'ਤੇ ਸਾਂਝੇ ਕਰਨ ਦੇ ਦੋਸ਼ੀ ਇਕ ਕਾਰਟੂਨਿਸਟ ਦੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਸੋਮਵਾਰ ਨੂੰ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ 'ਦੁਰਵਰਤੋਂ' ਤੇ ਉਲੰਘਣਾ ਹੋ ਰਹੀ ਹੈ। ਇਸ ਦੌਰਾਨ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਨੇ ਮੁਲਜ਼ਮ ਕਾਰਟੂਨਿਸਟ ਹੇਮੰਤ ਮਾਲਵੀਆ ਦੀ ਅਗਾਊਂ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਦੌਰਾਨ ਪਟੀਸ਼ਨਰ ਦੀ ਵਕੀਲ ਵਰਿੰਦਾ ਗਰੋਵਰ ਨੂੰ ਪੁੱਛਿਆ ਕਿ ਤੁਸੀਂ (ਪਟੀਸ਼ਨਰ) ਇਹ ਸਭ ਕਿਉਂ ਕਰਦੇ ਹੋ? ਇਸ ਦੇ ਨਾਲ ਹੀ ਗਰੋਵਰ ਨੇ ਕਿਹਾ ਕਿ ਇਹ ਮਾਮਲਾ ਕੋਵਿਡ-19 ਮਹਾਮਾਰੀ ਦੌਰਾਨ 2021 ਵਿਚ ਬਣੇ ਇਕ ਕਾਰਟੂਨ ਨਾਲ ਸਬੰਧਤ ਹੈ। ਉਨ੍ਹਾਂ ਕਿਹਾ ਕਿ ਇਹ (ਕਾਰਟੂਨ) ਘਿਨਾਉਣਾ ਹੋ ਸਕਦਾ ਹੈ। ਮੈਂ ਕਹਿਣਾ ਚਾਹਾਂਗੀ ਕਿ ਇਹ ਘਟੀਆ ਵੀ ਹੈ। ਪਰ ਕੀ ਇਹ ਅਪਰਾਧ ਹੈ? ਮਾਨਯੋਗ ਜੱਜ ਨੇ ਕਿਹਾ ਕਿ ਇਹ ਇਤਰਾਜ਼ਯੋਗ ਹੋ ਸਕਦਾ ਹੈ ਪਰ ਇਹ ਅਪਰਾਧ ਨਹੀਂ ਹੈ। ਉਨ੍ਹਾਂ ਕਿਹਾ ਕਿ ਮੁੱਦਾ ਨਿੱਜੀ ਆਜ਼ਾਦੀ ਦਾ ਹੈ ਅਤੇ ਕੀ ਇਸ ਲਈ ਗ੍ਰਿਫ਼ਤਾਰੀ ਅਤੇ ਹਿਰਾਸਤ ਦੀ ਲੋੜ ਪਵੇਗੀ। ਬੈਂਚ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 15 ਜੁਲਾਈ (ਮੰਗਲਵਾਰ) ਦੀ ਤਰੀਕ ਤੈਅ ਕੀਤੀ। ਗਰੋਵਰ ਨੇ ਬੈਂਚ ਨੂੰ ਪਟੀਸ਼ਨਰ ਨੂੰ ਅੰਤਰਿਮ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਹਾਲਾਂਕਿ, ਬੈਂਚ ਨੇ ਕਿਹਾ,-ਅਸੀਂ ਕੱਲ੍ਹ (ਮੰਗਲਵਾਰ) ਇਸ 'ਤੇ ਵਿਚਾਰ ਕਰਾਂਗੇ।- ਮਾਲਵੀਆ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ 3 ਜੁਲਾਈ ਦੇ ਅਗਾਊਂ ਜ਼ਮਾਨਤ ਤੋਂ ਇਨਕਾਰ ਕਰਨ ਦੇ ਹੁਕਮ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

## ਕੈਬਨਿਟ ਵੱਲੋਂ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ

ਸਦਭਾਵਨਾ ਅਤੇ ਧਾਰਮਿਕ ਪਵਿੱਤਰਤਾ ਕਾਇਮ ਦੀ ਅਹਿਮੀਅਤ ਨੂੰ ਸਮਝਦਿਆਂ ਮੰਤਰੀ ਮੰਡਲ ਨੇ ਸੂਬੇ ਦੀ ਵਿਰਾਸਤ ਹੋਰ ਸਖ਼ਤ ਬਣਾਉਣ ਲਈ ਰਾਜ ਅਧਾਰਤ ਕਾਨੂੰਨ ਲਿਆਉਣ ਦੀ ਲੋੜ ਮਹਿਸੂਸ ਕੀਤੀ ਜਿਸ ਵਿੱਚ ਕਿਸੇ ਵੀ ਪਾਵਨ ਗ੍ਰੰਥ ਦੀ ਬੇਅਦਬੀ ਦੇ ਦੋਸ਼ੀ ਠਹਿਰਾਏ ਜਾਣ ਵਾਲਿਆਂ ਲਈ ਉਮਰ ਕੈਦ ਤੱਕ ਦੀ ਸਜ਼ਾ ਵੀ ਸ਼ਾਮਲ ਹੈ।

ਇਸ ਸੰਦਰਭ ਵਿੱਚ ਮੰਤਰੀ ਮੰਡਲ ਨੇ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਾਰੇ ਬਿੱਲ-2025' ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਬਿੱਲ ਵਿੱਚ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਪਵਿੱਤਰ ਬਾਈਬਲ, ਕੁਰਾਨ ਸ਼ਰੀਫ਼ ਅਤੇ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ ਉਮਰ ਕੈਦ ਸਮੇਤ ਸਖ਼ਤ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਸੂਬੇ ਵਿੱਚ ਫਿਰਕੂ ਸਦਭਾਵਨਾ, ਅਮਨ-ਸ਼ਾਂਤੀ, ਏਕਤਾ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਹੋਰ ਤਾਕਤ ਮਿਲੇਗੀ। ਇਸ ਕਦਮ ਨਾਲ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਲਈ ਸਖ਼ਤ ਸਜ਼ਾ ਨੂੰ ਯਕੀਨੀ ਬਣਾ ਕੇ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਨੂੰ ਹੋਰ ਬਲ ਮਿਲੇਗਾ।

ਇਹ ਕਾਬਲੇਗੌਰ ਹੈ ਕਿ ਹੁਣ ਤੱਕ ਅਜਿਹਾ ਕੋਈ ਵਿਸ਼ੇਸ਼ ਕਾਨੂੰਨ ਮੌਜੂਦ ਨਹੀਂ ਜੋ ਪਵਿੱਤਰ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਨੂੰ ਸਿੱਧੇ ਤੌਰ 'ਤੇ ਸੰਬੋਧਨ ਹੁੰਦਾ ਹੋਵੇ ਜਿਸ ਦੇ ਨਤੀਜੇ ਵਜੋਂ ਅਪਰਾਧੀ ਗੰਭੀਰ ਕਾਰਵਾਈ ਤੋਂ ਅਕਸਰ ਬਚ ਨਿਕਲਦੇ ਸਨ। ਇਸ ਬਿੱਲ ਦਾ ਉਦੇਸ਼ ਸਾਰੇ ਧਰਮਾਂ ਅਤੇ ਫਿਰਕਿਆਂ ਨਾਲ ਜੁੜੇ ਬੇਅਦਬੀ ਦੇ ਮਾਮਲਿਆਂ ਵਿੱਚ ਸਜ਼ਾ ਦੀ ਵਿਵਸਥਾ ਕਰਕੇ ਇਸ ਕਾਨੂੰਨੀ ਖਲਾਅ ਨੂੰ ਭਰਨਾ ਹੈ। ਇਸ ਤਜਵੀਜ਼ਤ ਕਾਨੂੰਨ ਤਹਿਤ ਬੇਅਦਬੀ ਦਾ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਅਪਰਾਧ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਵੀ ਤਿੰਨ ਤੋਂ ਪੰਜ ਸਾਲ ਦੀ ਕੈਦ ਤੱਕ ਦੀ ਸਜ਼ਾ ਸਾਹਮਣਾ ਕਰਨਾ ਪੈ ਸਕਦਾ ਹੈ ਜਦਕਿ ਅਪਰਾਧ ਲਈ ਉਕਸਾਉਣ ਵਾਲਿਆਂ ਨੂੰ ਅਪਰਾਧ ਦੇ ਮੁਤਾਬਕ ਸਜ਼ਾ ਮਿਲੇਗੀ।

ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ, ਐਂਡ ਸਟਾਕਿਸਟਸ ਐਂਡ ਰਿਟੇਲਰ ਰੂਲਜ਼-2025 ਨੂੰ ਹਰੀ ਝੰਡੀ ਮੰਤਰੀ ਮੰਡਲ ਨੇ 'ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ, ਐਂਡ ਸਟਾਕਿਸਟਸ ਐਂਡ ਰਿਟੇਲਰ ਰੂਲਜ਼-2025' ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਰੱਸ਼ਰ ਯੂਨਿਟ, ਮਾਲ ਵਿਕਰੇਤਾ ਅਤੇ ਪ੍ਰਚੂਨ ਵਿਕਰੇਤਾ ਨਿਰਧਾਰਤ ਢਾਂਚੇ ਦੇ ਅੰਦਰ ਕੰਮ ਕਰਨ। ਇਸ ਨਿਯਮ ਪੰਜਾਬ ਰੈਗੂਲੇਸ਼ਨ ਆਫ ਕਰੱਸ਼ਰ ਯੂਨਿਟਸ, ਐਂਡ ਸਟਾਕਿਸਟਸ ਐਂਡ ਰਿਟੇਲਰ ਐਕਟ-2025 ਦੇ ਅਨੁਸਾਰ ਤਿਆਰ ਕੀਤੇ ਗਏ ਹਨ, ਜੋ ਕਿ ਕਰੱਸ਼ਰ ਯੂਨਿਟਾਂ ਦੁਆਰਾ ਗੈਰ-ਕਾਨੂੰਨੀ ਤੌਰ 'ਤੇ ਮਾਈਨਿੰਗ ਕੀਤੀ ਗਈ ਰੇਤ ਅਤੇ ਬੱਜਰੀ ਦੀ ਖਰੀਦ ਨੂੰ ਰੋਕਣ ਲਈ ਲਾਗੂ ਕੀਤਾ ਗਿਆ ਸੀ। ਨਵੇਂ ਨਿਯਮ ਐਕਟ ਦੇ ਪ੍ਰਭਾਵਸ਼ਾਲੀ, ਪਾਰਦਰਸ਼ੀ ਅਤੇ ਜਵਾਬਦੇਹ ਢੰਗ ਨਾਲ ਲਾਗੂ ਕਰਨ ਦੀ ਸਹੂਲਤ ਲਈ ਵਿਸਤਾਰਤ ਪ੍ਰਕਿਰਿਆਵਾਂ, ਨਿਰਧਾਰਤ ਫਾਰਮ, ਸਮਾਂ-ਸੀਮਾਵਾਂ, ਅਧਿਕਾਰੀਆਂ ਅਤੇ ਪਾਲਣਾ ਵਿਧੀਆਂ ਨੂੰ ਪਰਿਭਾਸ਼ਿਤ ਕਰਦੇ ਹਨ। ਇਨ੍ਹਾਂ ਦਾ ਉਦੇਸ਼ ਕਾਰਜਸ਼ੀਲ ਪ੍ਰਕਿਰਿਆਵਾਂ ਵਿੱਚ ਅਸਪਸ਼ਟਤਾ ਨੂੰ ਖ਼ਤਮ ਕਰਨਾ, ਰਾਇਲਟੀ ਚੋਰੀ ਅਤੇ ਗੈਰ-ਕਾਨੂੰਨੀ ਖਣਿਜ ਵਪਾਰ ਨੂੰ ਰੋਕਣਾ ਅਤੇ ਵਾਤਾਵਰਣ ਪੱਖੋਂ ਟਿਕਾਊ ਅਤੇ ਕਾਨੂੰਨੀ ਤੌਰ 'ਤੇ ਅਨੁਕੂਲ ਵਪਾਰਕ ਕਾਰਜਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਤੋਂ ਇਲਾਵਾ ਇਨ੍ਹਾਂ ਨਿਯਮਾਂ ਨਾਲ ਸੂਬਾ ਭਰ ਵਿੱਚ ਪਾਰਦਰਸ਼ਤਾ ਵਧਾਉਣ ਅਤੇ ਗੈਰ-ਕਾਨੂੰਨੀ ਮਾਈਨਿੰਗ ਦੀਆਂ ਕਾਰਵਾਈਆਂ ਰੁਕਣ ਦੀ ਉਮੀਦ ਹੈ।

# ਪਹਿਲੇ ਸਫ਼ੇ ਦੀ ਬਾਕੀ

ਮੁਲਾਕਾਤ ਤੋਂ ਬਾਅਦ ਲਗਾਤਾਰ ਸੁਧਾਰ ਰਹੇ ਹਨ। ਉਨ੍ਹਾਂ ਕਿਹਾ, "ਮੈਨੂੰ ਭਰੋਸਾ ਹੈ ਕਿ ਇਸ ਯਾਤਰਾ ਦੌਰਾਨ ਮੇਰੀਆਂ ਚਰਚਾਵਾਂ ਉਸ ਸਕਾਰਾਤਮਕ ਰਸਤੇ ਨੂੰ ਬਰਕਰਾਰ ਰੱਖਣਗੀਆਂ।"ਪਿਛਲੇ ਕੁਝ ਮਹੀਨਿਆਂ ਵਿੱਚ ਭਾਰਤ ਅਤੇ ਚੀਨ ਨੇ ਦੁਵੱਲੇ ਸਬੰਧਾਂ ਨੂੰ ਸੁਧਾਰਨ ਲਈ ਕਈ ਉਪਾਅ ਸ਼ੁਰੂ ਕੀਤੇ ਹਨ, ਜੋ ਜੂਨ 2020 ਵਿੱਚ ਦੋਵਾਂ ਫੌਜਾਂ ਵਿਚਾਲੇ ਘਾਤਕ ਝੜਪਾਂ ਤੋਂ ਬਾਅਦ ਬੁਰੀ ਤਰ੍ਹਾਂ ਵਿਗੜ ਗਏ ਸਨ।

ਵਿਦੇਸ਼ ਮੰਤਰੀ ਨੇ ਭਾਰਤ-ਚੀਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, "ਕੈਲਾਸ਼ ਮਾਨਸਰੋਵਰ ਯਾਤਰਾ ਦੀ ਬਹਾਲੀ ਨੂੰ ਵੀ ਭਾਰਤ ਵਿੱਚ ਬਹੁਤ ਸਰਾਹਿਆ ਗਿਆ ਹੈ।" ਉਨ੍ਹਾਂ ਕਿਹਾ, "ਅੰਤਰਰਾਸ਼ਟਰੀ ਸਥਿਤੀ, ਜਿਵੇਂ ਕਿ ਅਸੀਂ ਅੱਜ ਮਿਲ ਰਹੇ ਹਾਂ, ਬਹੁਤ ਜਟਿਲ ਹੈ। ਗੁਆਂਢੀ ਦੇਸ਼ਾਂ ਅਤੇ ਪ੍ਰਮੁੱਖ ਅਰਥਚਾਰਿਆਂ ਵਜੋਂ ਭਾਰਤ ਅਤੇ ਚੀਨ ਵਿਚਾਲੇ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦਾ ਖੁੱਲ੍ਹਾ ਆਦਾਨ-ਪ੍ਰਦਾਨ ਬਹੁਤ ਮਹੱਤਵਪੂਰਨ ਹੈ।"

## ਪੰਜਾਬ 'ਚ ਬੇਅਦਬੀ ਕਰਨ 'ਤੇ ਹੁਣ

ਘੱਟੋ-ਘੱਟ 10 ਸਾਲ ਕੈਦ ਅਤੇ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਸੁਣਾਈ ਜਾਵੇਗੀ। ਇਸ ਦੇ ਨਾਲ ਹੀ 5 ਤੋਂ 10 ਲੱਖ ਦਾ ਜੁਰਮਾਨਾ ਵੀ ਲਗਾਇਆ ਜਾਵੇਗਾ। ਬੇਅਦਬੀ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਘੱਟੋ-ਘੱਟ 3 ਸਾਲ ਅਤੇ ਵੱਧ ਤੋਂ ਵੱਧ 5 ਸਾਲ ਕੈਦ ਅਤੇ 3 ਲੱਖ ਦਾ ਜੁਰਮਾਨਾ ਵੀ ਲਗਾਇਆ ਜਾਵੇਗਾ।

-ਜੇਕਰ ਇਸ ਬਿੱਲ ਨੂੰ ਲਾਗੂ ਕਰਨ ਵਿੱਚ ਕੋਈ ਅਸਪਸ਼ਟਤਾ ਹੈ, ਤਾਂ ਰਾਜ ਸਰਕਾਰ ਇੱਕ ਆਦੇਸ਼ ਰਾਹੀਂ ਸਪੱਸ਼ਟੀਕਰਨ ਜਾਰੀ ਕਰ ਸਕਦੀ ਹੈ।
-ਅਜਿਹਾ ਆਦੇਸ਼ ਬਿੱਲ ਦੇ ਲਾਗੂ ਹੋਣ ਦੀ ਮਿਤੀ ਤੋਂ ਸਿਰਫ਼ ਦੋ ਸਾਲਾਂ ਦੇ ਅੰਦਰ ਦਿੱਤਾ ਜਾ ਸਕਦਾ ਹੈ।
-ਜੇਕਰ ਕੋਈ ਹੋਰ ਕਾਨੂੰਨ ਇਸ ਬਿੱਲ ਦੇ ਉਲਟ ਹੈ, ਤਾਂ ਇਸ ਬਿੱਲ ਦੇ ਉਪਬੰਧਾਂ ਨੂੰ ਪ੍ਰਭਾਵੀ ਮੰਨਿਆ ਜਾਵੇਗਾ।

ਵਰਤਮਾਨ 'ਚ ਸਿਰਫ 3 ਸਾਲ ਦੀ ਕੈਦ ਦੀ ਵਿਵਸਥਾ: ਪਹਿਲਾਂ, ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸੰਬੰਧੀ ਆਈ.ਪੀ.ਸੀ. 'ਚ ਧਾਰਾ 295 ਸੀ, ਜਿਸ ਨੂੰ 2014 ਵਿੱਚ ਸੋਧ ਕੇ 295ਏ ਕਰ ਦਿੱਤਾ ਗਿਆ ਸੀ। ਹੁਣ ਇਸ ਨੂੰ ਬੀ.ਐਨ.ਐਸ. 'ਚ 295ਏ ਦੇ ਅਧੀਨ ਰੱਖਿਆ ਗਿਆ ਹੈ। ਧਾਰਮਿਕ ਗ੍ਰੰਥਾਂ ਦੀ ਬੇਅਦਬੀ ਵਿੱਚ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ੀ ਮੰਨਿਆ ਜਾਂਦਾ ਹੈ। ਇਸ ਦੇ ਤਹਿਤ, 3 ਸਾਲ ਦੀ ਕੈਦ ਅਤੇ ਜੁਰਮਾਨਾ ਜਾਂ ਦੋਵਾਂ ਦੀ ਵਿਵਸਥਾ ਹੈ।

## ਮਜੀਠੀਆ ਵੱਲੋਂ ਬੈਰਕ ਬਦਲਣ

ਇਸ ਸਮੇਂ ਨਾਭਾ ਜੇਲ੍ਹ 'ਚ ਬੰਦ ਹਨ। ਉਨ੍ਹਾਂ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਹੈ ਕਿ ਉਹ ਸਾਬਕਾ ਕੈਬਨਿਟ ਮੰਤਰੀ ਰਹਿ ਚੁੱਕੇ ਹਨ, ਇਸ ਲਈ ਉਨ੍ਹਾਂ ਨੂੰ ਆਰੰਜ ਸ਼੍ਰੇਣੀ 'ਚ ਰੱਖਿਆ ਜਾਵੇ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਹਾਇਕਤਾ ਅਤੇ ਅੰਡਰ ਟ੍ਰਾਇਲ ਕੈਦੀਆਂ ਤੋਂ ਵੱਖ ਬੈਰਕ 'ਚ ਰੱਖਿਆ ਜਾਵੇ ਤਾਂ ਜੋ ਉਨ੍ਹਾਂ ਦੀ ਸੁਰੱਖਿਆ ਬਣੀ ਰਹੇ।

## ਪੰਜਾਬ ਦੇ 8 ਆਈ.ਪੀ.ਐਸ. ਅਫਸਰਾਂ ਨੂੰ

ਜੋ ਪੁਲਿਸ ਵਿਭਾਗ ਵਿੱਚ 18, 25 ਅਤੇ 30 ਸਾਲਾਂ ਲਈ ਆਈ.ਪੀ.ਐਸ. ਰੈਂਕ 'ਤੇ ਤਾਇਨਾਤ ਹੈ, ਨੂੰ ਆਈ.ਜੀ., ਏ.ਡੀ.ਜੀ.ਪੀ. ਅਤੇ ਡੀ.ਜੀ.ਪੀ. ਦੇ ਅਹੁਦਿਆਂ 'ਤੇ ਤਰੱਕੀ ਦਿੱਤੀ ਜਾ ਸਕਦੀ ਹੈ। ਭਾਰਤ ਸਰਕਾਰ ਦੇ ਪਰਸੋਨਲ ਵਿਭਾਗ ਦੇ ਉਪਬੰਧ ਅਤੇ ਨੋਟੀਫਿਕੇਸ਼ਨ ਮੁਤਾਬਕ ਪੰਜਾਬ ਵਿੱਚ ਡੀ.ਜੀ.ਪੀ. ਦੇ ਦੋ ਮਨਜ਼ੂਰਸ਼ੁਦਾ ਅਹੁਦੇ ਹਨ।

## ਬਿਹਾਰ ਬਣਿਆ 'ਕ੍ਰਾਈਮ ਕੈਪੀਟਲ ਆਫ਼ ਇੰਡੀਆ'

ਵਿਚ ਡਰ, ਹਰੇਕ ਘਰ ਵਿਚ ਬੇਚੈਨੀ। ਬੇਰੁਜ਼ਗਾਰ ਨੌਜਵਾਨਾਂ ਨੂੰ ਹਥਿਆਰ ਬਣਾ ਰਿਹਾ ਹੈ ਗੁੰਡਾਰਾਜ। ਰਾਹੁਲ ਗਾਂਧੀ ਨੇ ਦੋਸ਼ ਲਾਇਆ, 'ਮੁੱਖ ਮੰਤਰੀ ਆਪਣੀ ਕੁਰਸੀ ਬਚਾ ਰਹੇ ਹਨ, ਭਾਜਪਾ ਦੇ ਮੰਤਰੀ ਕਮਿਸ਼ਨ ਕਮਾ ਰਹੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, 'ਮੈਂ ਫਿਰ ਦੁਹਰਾ ਰਿਹਾ ਹਾਂ ਕਿ ਇਸ ਵਾਰ ਵੋਟ ਸਿਰਫ਼ ਸਰਕਾਰ ਬਦਲਣ ਲਈ ਨਹੀਂ, ਸਗੋਂ ਬਿਹਾਰ ਨੂੰ ਬਚਾਉਣ ਲਈ ਹੋਵੇਗੀ।'

## ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਨੂੰ

ਗਿਆ ਹੈ, ਪੁਲਿਸ ਮਾਮਲੇ ਸਬੰਧੀ ਜਾਂਚ ਕਰ ਰਹੀ ਹੈ। ਦਸਣਯੋਗ ਹੈ ਕਿ ਪਹਿਲਾਂ ਵੀ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ, ਰੇਲਵੇ ਸਟੇਸ਼ਨ, ਬੱਸ ਸਟੇਸ਼ਨ, ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅਤੇ ਸ੍ਰੀ ਦੁਰਗਿਆਣਾ ਮੰਦਰ ਨੂੰ ਆਰਡੀਐਕਸ ਨਾਲ ਉਡਾਉਣ ਦੀਆਂ ਕਈ ਵਾਰ ਧਮਕੀਆਂ ਮਿਲੀਆਂ ਹਨ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਵੱਲੋਂ ਸ਼ਿਕਾਇਤ ਕੀਤੀ ਸੀ ਕਿ ਇਕ ਧਮਕੀ ਭਰੀ ਈ-ਮੇਲ ਆਈ ਹੈ। ਜਿਸ ਦੇ ਚਲਦੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਕੰਤਰਵਾਲੀ ਥਾਣੇ ਵਿਚ ਅਣਪਛਾਤੇ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਦਾ ਸਾਈਬਰ ਸੈੱਲ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਹੋਰ ਸੁਰੱਖਿਆ ਏਜੰਸੀਆਂ ਦੀ ਮਦਦ ਵੀ ਲਈ ਜਾ ਰਹੀ ਹੈ। ਸੀਪੀ ਨੇ ਦਾਅਵਾ ਕੀਤਾ ਹੈ ਕਿ ਦੋਸ਼ੀ ਨੂੰ ਜਲਦੀ ਹੀ ਲੱਭ ਕੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਵਿਦੇਸ਼ੀ ਜੇਲ੍ਹਾਂ 'ਚ ਕੈਦ ਨੇ

ਕੈਦ ਹਨ। ਰਿਪੋਰਟ ਮੁਤਾਬਕ ਇਸ ਸਮੇਂ ਕੁੱਲ 10,152 ਭਾਰਤੀ ਅੰਡਰਟ੍ਰਾਇਲ ਮਾਮਲਿਆਂ 'ਚ ਵਿਦੇਸ਼ੀ ਜੇਲ੍ਹਾਂ 'ਚ ਬੰਦ ਹਨ। ਇਨ੍ਹਾਂ 'ਚੋਂ 2 ਦੇਸ਼ ਅਜਿਹੇ ਹਨ, ਜਿੱਥੇ ਭਾਰਤੀਆਂ ਦੀ ਗਿਣਤੀ 'ਚ 2,000 ਤੋਂ ਵੀ ਵੱਧ ਭਾਰਤੀ ਕੈਦ ਹਨ। ਇਨ੍ਹਾਂ 'ਚੋਂ ਯੂ.ਏ.ਈ. 'ਚ 25 ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਜਦਕਿ 8 ਹੋਰ ਦੇਸ਼ਾਂ ਨੇ 49 ਭਾਰਤੀ ਕੈਦੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਰਿਪੋਰਟ ਮੁਤਾਬਕ ਸਭ ਤੋਂ ਵੱਧ ਭਾਰਤੀ 1 ਭਾਰਤੀ ਸਾਊਦੀ ਅਰਬ ਦੀਆਂ ਜੇਲ੍ਹਾਂ 'ਚ ਬੰਦ ਹਨ, ਜਿੱਥੇ ਕੁੱਲ 2,647 ਭਾਰਤੀ ਕੈਦ ਹਨ। ਇਸ ਤੋਂ ਬਾਅਦ ਯੂ.ਏ.ਈ. (2.479), ਨੇਪਾਲ (1,187), ਕਤਰ (740) ਤੇ ਕੁਵੈਤ (384) ਦਾ ਨਾਂ ਆਉਂਦਾ ਹੈ। ਇਸ ਤੋਂ ਇਲਾਵਾ ਮਲੇਸ਼ੀਆ ਦੀਆਂ ਜੇਲ੍ਹਾਂ 'ਚ 371 ਯੂ.ਕੇ. 'ਚ 288, ਬਹਿਰੀਨ 'ਚ 272 'ਤੇ ਚੀਨ 'ਚ 185 ਭਾਰਤੀ ਕੈਦ ਹਨ। ਇਸ ਤੋਂ ਬਾਅਦ 164 ਭਾਰਤੀ ਇਟਲੀ 'ਚ, 143 ਭਾਰਤੀ ਇਟਲੀ 'ਚ ਤੇ 117 ਭਾਰਤੀ ਓਮਾਨ ਦੀਆਂ ਜੇਲ੍ਹਾਂ 'ਚ ਬੰਦ ਹਨ। ਕਾਨੂੰਨਾਂ ਦੀ ਉਲੰਘਣਾ ਕਰਨ ਕਾਰਨ ਸਜ਼ਾ ਪਾਉਣ ਵਾਲੇ ਕੈਦੀਆਂ ਨੂੰ ਭਾਰਤ ਲਿਆਉਣ ਲਈ ਭਾਰਤ ਨੇ 31 ਦੇਸ਼ਾਂ ਨਾਲ ਕਰਾਰ ਕੀਤਾ ਹੈ, ਪਰ ਇਸ ਕਰਾਰ ਦੇ ਬਾਵਜੂਦ ਹਰ ਤਰ੍ਹਾਂ 3 ਸਾਲਾਂ ਦੌਰਾਨ ਸਿਰਫ਼ 8 ਕੈਦੀਆਂ ਨੂੰ ਹੀ ਭਾਰਤ ਲਿਆਂਦਾ ਜਾ ਸਕਿਆ ਹੈ। ਅਜਿਹੇ ਕੈਦੀਆਂ ਦੇ ਲੈਣ-ਦੇਣ ਲਈ ਦੋਵਾਂ ਦੇਸ਼ਾਂ ਦੀ ਆਪਸੀ ਸਹਿਮਤੀ ਹੋਣੀ ਚਾਹੀਦੀ ਹੈ ਤੇ ਇਸ ਤੋਂ ਬਾਅਦ ਹੀ ਦੋਵੇਂ ਦੇਸ਼ ਇਕ ਦੂਜੇ ਨਾਲ ਕੈਦੀਆਂ ਦਾ ਵਟਾਂਦਰਾ ਕਰ ਸਕਦੇ ਹਨ।

## ਦੋਵਾਂ ਧਿਰਾਂ 'ਚ ਵਿਚਾਰਾਂ ਦਾ ਖੁੱਲ੍ਹਾ

2020 ਵਿੱਚ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ.ਏ.ਸੀ.) ਦੇ ਨਾਲ ਫੌਜੀ ਟਕਰਾਅ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਸਬੰਧਾਂ ਵਿੱਚ ਭਾਰੀ ਤਣਾਅ ਉਪਰੰਤ ਜੈਸ਼ੰਕਰ ਦੀ ਇਹ ਪਹਿਲੀ ਚੀਨ ਯਾਤਰਾ ਹੈ।

ਜੈਸ਼ੰਕਰ ਨੇ ਮੀਟਿੰਗ ਵਿੱਚ ਆਪਣੀਆਂ ਟੈਲੀਵਿਜ਼ਨ 'ਤੇ ਪ੍ਰਸਾਰਿਤ ਸ਼ੁਰੂਆਤੀ ਟਿੱਪਣੀਆਂ ਵਿੱਚ ਕਿਹਾ, ਸਾਡੇ ਦੁਵੱਲੇ ਸਬੰਧ, ਜਿਵੇਂ ਕਿ ਤੁਸੀਂ ਦੱਸਿਆ ਹੈ, ਪਿਛਲੇ ਅਕਤੂਬਰ ਵਿੱਚ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਕਾਜ਼ਾਨ ਵਿੱਚ ਹੋਈ

## ਅਸੀਮ ਕੁਮਾਰ ਘੋਸ਼ ਹੋਣਗੇ

ਤਜਰਬਾ ਹੈ ਅਤੇ ਉਹ ਕੇਂਦਰ ਵਿੱਚ ਸ਼ਹਿਰੀ ਹਵਾਬਾਜ਼ੀ ਮੰਤਰੀ ਰਹਿ ਚੁੱਕੇ ਹਨ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਉਪ ਮੁੱਖ ਮੰਤਰੀ ਕਵਿੰਦਰ ਗੁਪਤਾ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਦਾ ਉਪ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਬ੍ਰਿਗੇਡੀਅਰ (ਸੇਵਾਮੁਕਤ) ਬੀ.ਡੀ. ਮਿਸ਼ਰਾ ਦਾ ਅਸਤੀਫ਼ਾ ਤੋਂ ਬਾਅਦ ਕੀਤੀ ਗਈ ਹੈ, ਜਿਸਨੂੰ ਰਾਸ਼ਟਰਪਤੀ ਨੇ ਸਵੀਕਾਰ ਕਰ ਲਿਆ ਹੈ। ਰਾਸ਼ਟਰਪਤੀ ਭਵਨ ਦੁਆਰਾ ਜਾਰੀ ਅਧਿਕਾਰਤ ਰਿਲੀਜ਼ ਦੇ ਅਨੁਸਾਰ, ਇਹ ਨਿਯੁਕਤੀਆਂ ਸਬੰਧਤ ਅਧਿਕਾਰੀਆਂ ਦੁਆਰਾ ਅਹੁਦਾ ਸੰਭਾਲਣ ਦੀ ਮਿਤੀ ਤੋਂ ਪ੍ਰਭਾਵੀ ਹੋਣਗੀਆਂ।

## ਸੁਖਬੀਰ ਸਿੰਘ ਬਾਦਲ, ਕੁਲਦੀਪ ਸਿੰਘ ਗੜਗੱਜ ਸਣੇ

ਰਣਜੀਤ ਸਿੰਘ ਗੌਹਰ ਨੂੰ ਉਥੋਂ ਦੀ ਅਦਾਲਤ ਵਿੱਚ ਕੀਤੇ ਕੇਸ ਨੂੰ ਵਾਪਸ ਲੈਣ ਅਤੇ ਪਟਨਾ ਸਾਹਿਬ ਦੀ ਕਮੇਟੀ ਨੂੰ ਗਿਆਨੀ ਗੌਹਰ ਦੇ ਬਣਦੇ ਹੱਕ ਦੇਣ ਦਾ ਵੀ ਹੁਕਮਨਾਮਾ ਜਾਰੀ ਕੀਤਾ ਹੈ। ਦੋਹਾਂ ਤਖ਼ਤਾਂ ਦੇ ਪੰਜ ਸਿੰਘ ਸਾਹਿਬਾਨਾਂ ਨੇ ਇੱਕ ਦੂਜੇ ਦੇ ਨਾਲ ਸਹਿਮਤੀ ਪ੍ਰਗਟਾਈ ਹੈ ਅਤੇ ਇਹ ਵਿਵਾਦ ਅੱਗੇ ਨਾ ਵਧੇ, ਇਸ ਸਬੰਧੀ ਫੈਸਲਾ ਲਏ।

ਜ਼ਿਕਰਯੋਗ ਹੈ ਕਿ 22 ਮਈ 2025 ਨੂੰ ਜਥੇਦਾਰ ਗੜਗੱਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ 6 ਦਸੰਬਰ 2022 ਨੂੰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਹੋਏ ਫੈਸਲੇ ਤਹਿਤ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਗਿਆਨੀ ਬਲਦੇਵ ਸਿੰਘ ਪਾਸੋਂ ਪੰਜ ਬਾਣੀਆਂ ਦਾ ਪਾਠ ਪੰਜ ਦਿਨਾਂ ਦੇ ਅੰਦਰ-ਅੰਦਰ ਤਖ਼ਤ ਸਾਹਿਬ ਦੇ ਨਿਯਤ ਕੀਤੇ ਗਏ ਪੰਜ ਪਿਆਰਿਆਂ ਰਾਹੀਂ ਜ਼ਬਾਨੀ ਸੁਣ ਕੇ ਇਸਦੀ ਵੀਡੀਓਗ੍ਰਾਫੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਲਈ ਆਦੇਸ਼ ਕੀਤਾ ਸੀ, ਨਾਲ ਹੀ ਗਿਆਨੀ ਗੁਰਦਿਆਲ ਸਿੰਘ ਨੂੰ ਵੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਕੀਤੇ ਗਏ ਤਬਦੀਲ ਕਰਨ ਦਾ ਆਦੇਸ਼ ਕੀਤਾ ਸੀ, ਜਿਸ ਨੂੰ ਅੱਗੇ ਵਧਾਉਂਦਿਆਂ ਜਥੇਦਾਰ ਗੜਗੱਜ ਨੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਅਤੇ ਜਥੇਦਾਰ ਬਲਦੇਵ ਸਿੰਘ ਅਤੇ ਗਿਆਨੀ ਗੁਰਦਿਆਲ ਸਿੰਘ ਦੀਆਂ ਸੇਵਾਵਾਂ 'ਤੇ ਰੋਕ ਲਗਾ ਦਿੱਤੀ। ਜਿਸ ਦੇ ਜਵਾਬ ਵਿੱਚ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਨੇ ਜਥੇਦਾਰ ਗੜਗੱਜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਅਤੇ ਬਾਬਾ ਟੇਕ ਸਿੰਘ ਨੂੰ ਤਨਖਾਹੀਆ ਕਰਾਰ ਕਰ ਦਿੱਤਾ ਅਤੇ ਸੁਖਬੀਰ ਸਿੰਘ ਬਾਦਲ ਨੂੰ ਪਟਨਾ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ, ਦੋ ਵਾਰ ਪੱਤਰ ਜਾਰੀ ਕਰਨ ਤੋਂ ਬਾਅਦ ਵੀ ਨਾ ਪੇਸ਼ ਹੋਣ ਦੀ ਸੂਰਤ ਵਿੱਚ ਸੁਖਬੀਰ ਬਾਦਲ ਨੂੰ ਵੀ ਤਨਖਾਹੀਆ ਕਰਾਰ ਕਰ ਦਿੱਤਾ। ਸੁਖਬੀਰ ਬਾਦਲ ਦੇ ਤਨਖਾਹੀਆ ਕਰਾਰ ਹੁੰਦੇ ਸਾਰ ਹੀ, ਉਸੇ ਦਿਨ ਹੀ ਜਥੇਦਾਰ ਗੜਗੱਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਪਟਨਾ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਗੁਰਦਿਆਲ ਸਿੰਘ ਨੂੰ ਤਨਖਾਹੀਆ ਕਰਾਰ ਕਰ ਦਿੱਤਾ ਅਤੇ ਪਟਨਾ ਸਾਹਿਬ ਦੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 15 ਦਿਨਾਂ ਦੇ ਅੰਦਰ ਪੇਸ਼ ਹੋਣ ਲਈ ਕਿਹਾ। ਇਸ ਤਰ੍ਹਾਂ ਦੋਹਾਂ ਤਖ਼ਤਾਂ ਦੇ ਵਿਚਕਾਰ ਵਿਵਾਦ ਵਧਦਾ ਗਿਆ।

ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਹੋਣ ਕਰਕੇ ਹੀ ਦੋਹਾਂ ਤਖ਼ਤਾਂ ਦੇ ਵਿਚਕਾਰ ਹੁਣ ਸਲਾਹ ਹੋਈ ਹੈ। ਸੁਖਬੀਰ ਬਾਦਲ ਨੂੰ ਬਹਾਲ ਕਰਨ ਲਈ ਅੱਜ ਦੋਹਾਂ ਤਖ਼ਤਾਂ ਨੇ ਆਪਸੀ ਮਿਲ ਬੈਠ ਕੇ ਸਲਾਹ ਕੀਤੀ ਤੇ ਇੱਕ ਦੂਜੇ ਦੇ ਖਿਲਾਫ ਤਨਖਾਹੀਆ-ਤਨਖਾਹੀਆ ਐਲਾਨੇ ਗਏ ਕੀਤੇ ਹੁਕਮਨਾਮੇ ਰੱਦ ਕਰ ਦਿੱਤੇ ਅਤੇ ਸੁਲਾਹ ਕਰ ਲਈ।

ਇਸ ਦੇ ਨਾਲ ਹੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਤੋਂ ਤਨਖਾਹੀਆ ਐਲਾਨੇ ਗਏ ਗਿਆਨੀ ਕੁਲਦੀਪ ਸਿੰਘ ਗੜਗੱਜ, ਬਾਬਾ ਟੇਕ ਸਿੰਘ ਧਨੌਲਾ ਅਤੇ ਸੁਖਬੀਰ ਸਿੰਘ ਬਾਦਲ ਵੀ ਮੁਕਤ ਹੋਏ ਗਏ। ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਿਆਨੀ ਗੁਰਦਿਆਲ ਸਿੰਘ ਅਤੇ ਪਟਨਾ ਸਾਹਿਬ ਕਮੇਟੀ ਦੇ ਜੋ ਮੈਂਬਰ ਤਨਖਾਹੀਆ ਐਲਾਨੇ ਗਏ ਸਨ ਉਹਨਾਂ ਨੂੰ ਵੀ ਦੋਸ਼ ਮੁਕਤ ਕਰ ਦਿੱਤਾ।

ਸੁਖਬੀਰ ਸਿੰਘ ਬਾਦਲ ਅੱਜ ਦੋਸ਼ ਮੁਕਤ ਹੋਣ 'ਤੇ ਬਾਅਦ ਜਥੇਦਾਰ ਗੜਗੱਜ ਨੂੰ ਦਫਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਚੇਚੇ ਤੌਰ ਤੇ ਮਿਲਣ ਲਈ ਵੀ ਗਏ ਸਨ।

ਹੁਣ ਇਸ ਸੋਚਣ ਵਾਲੀ ਗੱਲ ਇਹ ਹੈ ਕਿ 6 ਦਸੰਬਰ 2022 ਨੂੰ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਪਾਸੋਂ ਨਿਤਨੇਮ ਦਾ ਪਾਠ ਸੁਣਿਆ ਜਾਵੇ ਅਤੇ ਗਿਆਨੀ ਗੁਰਦਿਆਲ ਸਿੰਘ ਨੂੰ ਤਖ਼ਤ ਸਾਹਿਬ ਤੋਂ ਬਾਹਰ ਕਿਤੇ ਹੋਰ ਤਬਦੀਲ ਕੀਤਾ ਜਾਵੇ, ਉਸ ਹੁਕਮਨਾਮੇ ਦਾ ਹੁਣ ਕੀ ਹੋਵੇਗਾ ਜਿਸ ਤੋਂ ਸਾਰਾ ਵਿਵਾਦ ਸ਼ੁਰੂ ਹੋਇਆ ਸੀ। ਇਹ ਹੁਕਮਨਾਮਾ ਉਥੇ ਦਾ ਉਥੇ ਹੀ ਰਹਿ ਗਿਆ, ਜੋ ਕਿ ਅਜੇ ਤੱਕ ਨਹੀਂ ਮੰਨਿਆ ਗਿਆ।

ਹੁਣ ਸੰਗਤਾਂ ਦੇ ਮਨਾਂ ਵਿੱਚ ਇਹ ਸਵਾਲ ਪੈਦਾ ਹੋ ਗਿਆ ਹੈ ਕਿ ਜਥੇਦਾਰ ਗੜਗੱਜ ਇਸ ਸਪਸ਼ਟ ਕਰ ਦੇਣ ਕਿ 6 ਦਸੰਬਰ 2022 ਵਾਲਾ ਹੁਕਮਨਾਮਾ ਵੀ ਰੱਦ ਕਰ ਸਮਝਿਆ ਜਾਵੇ ਅਤੇ ਸੰਗਤਾਂ ਨੂੰ ਇਸ ਦੁਬਿਧਾ ਵਿੱਚੋਂ ਵੀ ਕੱਢਿਆ ਜਾਵੇ ਕਿ ਅੱਜ ਜੋ ਦੋਵਾਂ ਤਖ਼ਤ ਸਾਹਿਬਾਨ ਨੇ ਆਪਸ @ਚ ਮਿਲ ਬੈਠ ਕੇ ਹੁਕਮਨਾਮੇ ਰੱਦ ਕੀਤੇ ਹਨ ਕੀ ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਟਨਾ ਸਾਹਿਬ ਦੀ ਪ੍ਰਭੂਸਤਾ ਉੱਚੀ ਹੋਈ ਹੈ ਕਿ ਇਹ ਸਾਰਾ ਕੁਝ ਸਿਆਸੀ ਦਖਲ ਅੰਦਾਜ਼ੀ ਕਰਕੇ ਹੀ ਵਾਪਰਿਆ ਹੈ?

## ਮਜ਼ਾਰ-ਏ-ਸ਼ੁਹਾਦਾ ਵਿਖੇ ਉਮਰ ਅਬਦੁੱਲਾ ਨਾਲ

ਪੜ੍ਹਨ ਦੀ ਇਜਾਜ਼ਤ ਨਹੀਂ ਸੀ। ਸਾਰਿਆਂ ਨੂੰ ਸਵੇਰੇ-ਸਵੇਰੇ ਆਪਣੇ ਘਰਾਂ ਵਿੱਚ ਰੱਖਿਆ ਗਿਆ ਸੀ।÷ ਉਮਰ ਅਬਦੁੱਲਾ ਨੇ ਕਿਹਾ ਕਿ ਜਦੋਂ ਹੋਲੀ-ਹੋਲੀ ਆਵਾਜਾਈ ਦੀ ਇਜਾਜ਼ਤ ਦਿੱਤੀ ਗਈ ਤਾਂ ਉਹਨਾਂ ਨੇ ਕੰਟਰੋਲ ਰੂਮ ਨਾਲ ਸੰਪਰਕ ਕੀਤਾ ਅਤੇ ਉਥੇ ਜਾਣ ਦੀ ਇੱਛਾ ਜ਼ਾਹਰ ਕੀਤੀ। ਉਹਨਾਂ ਕਿਹਾ ਕਿ ਕੁਝ ਹੀ ਮਿੰਟਾਂ ਦੇ ਅੰਦਰ ਮੇਰੇ ਗੇਟ ਦੇ ਬਾਹਰ ਇਕ ਬੰਕਰ ਰੱਖ ਦਿੱਤਾ ਗਿਆ ਸੀ ਅਤੇ ਇਸਨੂੰ ਅੱਧੀ ਰਾਤ ਤੱਕ ਨਹੀਂ ਹਟਾਇਆ ਗਿਆ। ਉਹਨਾਂ ਕਿਹਾ ਕਿ ਉਹਨਾਂ ਨੇ ਸੋਮਵਾਰ ਨੂੰ ਕਿਹਾ ਕਿ ਉਹਨਾਂ ਨੇ ਧਾਰਮਿਕ ਸਥਾਨ ਜਾਣ ਤੋਂ ਪਹਿਲਾਂ ਅਧਿਕਾਰੀਆਂ ਨੂੰ ਸੂਚਿਤ ਨਹੀਂ ਕੀਤਾ ਸੀ। ਉਹਨਾਂ ਕਿਹਾ ਕਿ ਮੈਂ ਉਹਨਾਂ ਨੂੰ ਬਿਨਾਂ ਕਾਰ ਵਿਚ ਬੈਠ ਗਿਆ। ਉਹਨਾਂ ਨੇ ਅੱਜ ਵੀ ਸਾਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਰਸਤਾ ਰੋਕਣ ਲਈ ਨਵਹੱਟਾ ਚੌਕ 'ਤੇ ਇਕ ਸੀ.ਆਰ.ਪੀ.ਐੱਫ. ਬੰਕਰ ਅਤੇ ਇਕ ਪੁਲਸ ਵਾਹਨ ਖੜ੍ਹਾ ਸੀ।

## ਇਨ.ਫੋਕਸ਼ਨ ਕਾਰਨ ਸੀ.ਜੇ.ਆਈ. ਗਵਈ ਦਿੱਲੀ

ਉਮੀਦ ਹੈ, ।ਗੌਰਤਲਬ ਹੈ ਕਿ ਚੀਫ਼ ਜਸਟਿਸ ਬੀਤੀ 12 ਜੁਲਾਈ ਨੂੰ ਨਲਸਾਰ ਯੂਨੀਵਰਸਿਟੀ ਆਫ ਲਾਅ ਵਿਖੇ ਕਨਵੋਕੇਸ਼ਨ ਭਾਸ਼ਣ ਦੇਣ ਲਈ ਹੈਦਰਾਬਾਦ ਗਏ ਸਨ।ਸੀ.ਜੇ.ਆਈ. ਗਵਈ ਨੇ ਉਸੇ ਦਿਨ ਹੈਦਰਾਬਾਦ ਵਿੱਚ

ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ - ਸੰਵਿਧਾਨ ਸਭਾ - ਭਾਰਤ ਦਾ ਸੰਵਿਧਾਨ ਸਿਰਲੇਖ ਵਾਲਾ ਇੱਕ ਵਿਸ਼ੇਸ਼ ਡਾਕ ਕਵਰ ਅਤੇ ਨਾਲ ਹੀ ਭਾਰਤ ਦੇ ਸੰਵਿਧਾਨ ਵਿੱਚ ਕਲਾ ਅਤੇ ਕੈਲੀਗ੍ਰਾਫੀ ਬਾਰੇ ਤਸਵੀਰਾਂ ਆਧਾਰਤ ਪੋਸਟਕਾਰਡਾਂ ਦਾ ਇੱਕ ਸੈੱਟ ਵੀ ਜਾਰੀ ਕੀਤਾ।

## ਦਿੱਲੀ ਦੇ ਲੋਕ ਕੱਢਦੇ ਨੇ ਸਭ ਤੋਂ ਵੱਧ

ਸਭ ਤੋਂ ਵੱਧ ਗਾਲ੍ਹਾਂ ਕੱਢਦੇ ਹਨ। ਪੰਜਾਬ ਦੂਜੇ ਨੰਬਰ 'ਤੇ ਆਉਂਦਾ ਹੈ, ਜਿੱਥੇ 78 ਪ੍ਰਤੀਸ਼ਤ ਲੋਕ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕਰਦੇ ਹਨ। ਗਾਲ੍ਹਾਂ ਕੱਢਣ ਦੇ ਅੰਕੜਿਆਂ ਵਿੱਚ ਬਿਹਾਰ ਅਤੇ ਉੱਤਰ ਪ੍ਰਦੇਸ਼ ਦੀ ਸਥਿਤੀ ਇੱਕੋ ਜਿਹੀ ਹੈ। ਯੂਪੀ ਅਤੇ ਬਿਹਾਰ ਦੇ 74 ਪ੍ਰਤੀਸ਼ਤ ਲੋਕ ਗਾਲ੍ਹਾਂ ਕੱਢਦੇ ਹਨ।

ਜੇ ਹਨ ਵੱਖ-ਵੱਖ ਰਾਜਾਂ ਦੇ ਅੰਕੜੇ ਰਾਜਸਥਾਨ ਦੇ 68 ਪ੍ਰਤੀਸ਼ਤ ਲੋਕ, ਹਰਿਆਣਾ ਦੇ 62 ਪ੍ਰਤੀਸ਼ਤ ਲੋਕ, ਮਹਾਰਾਸ਼ਟਰ ਦੇ 58 ਪ੍ਰਤੀਸ਼ਤ ਲੋਕ, ਗੁਜਰਾਤ ਦੇ 55 ਪ੍ਰਤੀਸ਼ਤ ਲੋਕ, ਮੱਧ ਪ੍ਰਦੇਸ਼ ਦੇ 48 ਪ੍ਰਤੀਸ਼ਤ ਲੋਕ, ਉੱਤਰਾਖੰਡ ਦੇ 45 ਪ੍ਰਤੀਸ਼ਤ ਲੋਕ, ਕਸ਼ਮੀਰ ਦੇ 15 ਪ੍ਰਤੀਸ਼ਤ ਲੋਕ ਗਾਲੀ-ਗਲੋਚ ਕਰਦੇ ਹਨ, ਯਾਨੀ ਕਿ ਗੰਦੀ ਭਾਸ਼ਾ ਦੀ ਵਰਤੋਂ ਕਰਦੇ ਹਨ। ਉੱਤਰ-ਪੂਰਬ ਅਤੇ ਹੋਰ ਰਾਜਾਂ ਦੇ 20-30 ਪ੍ਰਤੀਸ਼ਤ ਲੋਕ ਗਾਲ੍ਹਾਂ ਕੱਢਦੇ ਹਨ।

2014 ਵਿੱਚ ਸ਼ੁਰੂ ਕੀਤੀ ਗਈ ਸੀ ਗਾਲ੍ਹ ਬੰਦ ਕਰ ਮੁਹਿੰਮ

ਡਾ. ਸੁਨੀਲ ਜਗਲਾਨ ਕਹਿੰਦੇ ਹਨ ਕਿ ਗਾਲੀ-ਗਲੋਚ ਕਰਨਾ ਕੋਈ ਸੰਸਕਾਰ ਨਹੀਂ, ਸਗੋਂ ਇੱਕ ਬਿਮਾਰੀ ਹੈ। ਜਦੋਂ ਕੋਈ ਵਿਅਕਤੀ ਗੁੱਸੇ ਵਿੱਚ ਹੁੰਦਾ ਹੈ ਜਾਂ ਉਹ ਛੋਟਾ 'ਤੇ ਜਾਂ ਆਪਣੇ ਆਲੇ-ਦੁਆਲੇ ਗਾਲੀ-ਗਲੋਚ ਸੁਣਦਾ ਹੈ, ਤਾਂ ਇਹ ਉਸਦੇ ਦਿਮਾਗ ਵਿੱਚ ਬੈਠ ਜਾਂਦਾ ਹੈ। ਫਿਰ ਇਹ ਉਸਦੀ ਆਦਤ ਬਣ ਜਾਂਦੀ ਹੈ। ਉਨ੍ਹਾਂ ਨੇ ਸਾਲ 2014 ਵਿੱਚ ਗਾਲੀ ਬੰਦ ਘਰ ਮੁਹਿੰਮ ਸ਼ੁਰੂ ਕੀਤੀ ਸੀ। ਇਸ ਮੁਹਿੰਮ ਦੇ ਤਹਿਤ, ਦੇਸ਼ ਭਰ ਵਿੱਚ 60 ਹਜ਼ਾਰ ਤੋਂ ਵੱਧ ਥਾਵਾਂ 'ਤੇ ਗਾਲ੍ਹ ਬੰਦ ਘਰ ਚਾਰਟ ਲਗਾਏ ਗਏ ਹਨ। ਅੱਜ ਉਨ੍ਹਾਂ ਦੀ ਮੁਹਿੰਮ ਵਿਸ਼ਵ ਪੱਧਰ 'ਤੇ ਮਸ਼ਹੂਰ ਹੋ ਗਈ ਹੈ।

## ਆਂਧਰਾ 'ਚ ਸੜਕ ਹਾਦਸੇ

ਇਲਾਜ ਚੱਲ ਰਿਹਾ ਹੈ। ਸ਼ਿਕਾਇਤਕਰਤਾ ਐਨ.ਸ਼ਿਵ ਕੁਮਾਰ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿੱਚ ਕਿਹਾ, "ਲਾਪਰਵਾਹੀ ਨਾਲ ਗੱਡੀ ਚਲਾਉਣ ਕਾਰਨ ਡਰਾਈਵਰ ਨੇ ਆਪਣਾ ਕੰਟਰੋਲ ਗੁਆ ਦਿੱਤਾ। ਮੇਰੀ ਪਤਨੀ ਅਤੇ ਹੋਰ ਲੋਕ ਵਾਹਨ ਹੇਠਾਂ ਫਸ ਗਏ ਅਤੇ ਮੌਕੇ 'ਤੇ ਹੀ ਮਰ ਗਏ। ਪੁਲਿਸ ਨੇ ਭਾਰਤੀ ਨਿਆਂ ਕੋਡ (ਬੀਐਨਐਸ) ਅਤੇ ਮੋਟਰ ਵਾਹਨ (ਐਮਵੀ) ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਪੁਲਮਪੇਟ ਪੁਲਿਸ ਸਟੇਸ਼ਨ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਤੋਂ ਬਚੇ ਲੋਕਾਂ ਨੇ ਡਰਾਈਵਰ 'ਤੇ ਲਾਪਰਵਾਹੀ ਨਾਲ ਗੱਡੀ ਚਲਾਉਣ ਦਾ ਦੋਸ਼ ਲਗਾਇਆ ਹੈ। ਇਸ ਦੌਰਾਨ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐਨ ਚੰਦਰਬਾਬੂ ਨਾਇਡੂ ਨੇ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਅਧਿਕਾਰੀਆਂ ਨੂੰ ਜ਼ਖਮੀਆਂ ਲਈ ਮਿਆਰੀ ਡਾਕਟਰੀ ਦੇਖਭਾਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਇਹ ਦੁਖਦਾਈ ਹੈ ਕਿ ਗਰੀਬ ਮਜ਼ਦੂਰਾਂ ਨੇ ਕੰਮ ਤੋਂ ਘਰ ਪਰਤਦੇ ਸਮੇਂ ਆਪਣੀਆਂ ਜਾਨਾਂ ਗੁਆ ਦਿੱਤੀਆਂ। ਸਰਕਾਰ ਮਿਤ੍ਰਕਾਂ ਦੇ ਪਰਿਵਾਰਾਂ ਨੂੰ ਪੂਰੀ ਸਹਾਇਤਾ ਪ੍ਰਦਾਨ ਕਰੇਗੀ, ਮੁੱਖ ਮੰਤਰੀ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ। ਰਾਜਪਾਲ ਐਸ.ਅਬਦੁਲ ਨਜ਼ੀਰ ਨੇ ਵੀ ਹਾਦਸੇ 'ਤੇ ਸੋਗ ਪ੍ਰਗਟ ਕੀਤਾ। ਇੱਕ ਪ੍ਰੈਸ ਰਿਲੀਜ਼ ਵਿੱਚ, ਨਜ਼ੀਰ ਨੇ ਕਿਹਾ,"ਇਸ ਦੁਖਦਾਈ ਹਾਦਸੇ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਮੈਂ ਬਹੁਤ ਦੁਖੀ ਹਾਂ। ਮ੍ਰਿਤਕਾਂ ਦੇ ਪਰਿਵਾਰਾਂ ਨਾਲ ਮੇਰੀ ਡੂੰਘੀ ਸੰਵੇਦਨਾ ਹੈ ਅਤੇ ਮੈਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕਰਦਾ ਹਾਂ।"

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

## ਯੁੱਧ ਨਸ਼ਿਆਂ ਵਿਰੁੱਧ 135ਵੇਂ ਦਿਨ 109 ਨਸ਼ਾ ਤਸਕਰ ਕਾਬੂ; 2.7 ਕਿਲੋ ਹੈਰੋਇਨ ਤੇ 7.18 ਲੱਖ ਦੀ ਡਰੱਗ ਮਨੀ ਬਰਾਮਦ

### 'ਡੀ-ਅਡਿਕਸ਼ਨ' ਦੇ ਹਿੱਸੇ ਵਜੋਂ ਪੁਲਿਸ ਨੇ 58 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ

ਚੰਡੀਗੜ੍ਹ, 14 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆ ਦੇ ਮੁਕੰਮਲ ਖਾਤਮੇ ਲਈ ਜਾਰੀ ਜੰਗ ਯੁੱਧ ਨਸ਼ਿਆਂ ਵਿਰੁੱਧ ਦੇ135ਵੇਂ ਦਿਨ ਪੰਜਾਬ ਪੁਲਿਸ ਨੇ 109 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.7 ਕਿਲੋ ਹੈਰੋਇਨ, 1.5 ਕਿਲੋ ਅਫ਼ੀਮ, 42 ਕਿਲੋ ਭੁੱਕੀ ਅਤੇ 7.18 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 135 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 21,938 ਹੋ ਗਈ ਹੈ।

ਇਹ ਆਪਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਗਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 88 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 399 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 72 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 429 ਸ਼ੱਕੀ ਵਿਅਕਤੀਆਂ ਦੀ ਵੀ ਜਾਂਚ ਕੀਤੀ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ 'ਡੀ-ਅਡਿਕਸ਼ਨ' ਹਿੱਸੇ ਵਜੋਂ ਅੱਜ 58 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਪੰਜਾਬ 'ਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ, ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪੁਖ਼ਤਾ ਪ੍ਰਬੰਧ : ਗੋਇਲ

### ਧਿਆਨ ਦਿਵਾਊ ਮਤੇ ਦੇ ਜਵਾਬ ਵਿੱਚ ਜਲ ਸਰੋਤ ਮੰਤਰੀ ਨੇ ਵਿਧਾਨ ਸਭਾ ਵਿੱਚ ਦਿੱਤੀ ਜਾਣਕਾਰੀ

ਚੰਡੀਗੜ੍ਹ, 14 ਜੁਲਾਈ, (ਚ.ਨ.ਸ.) : ਪੰਜਾਬ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਵਿਧਾਨ ਸਭਾ ਵਿੱਚ ਜਾਣਕਾਰੀ ਦਿੱਤੀ ਕਿ ਪੰਜਾਬ ਵਿੱਚ ਜਲ ਭੰਡਾਰਾਂ ਦਾ ਪੱਧਰ ਸਥਿਰ ਹੈ ਅਤੇ ਸੂਬੇ ਵਿੱਚ ਮੌਜੂਦਾ ਸਮੇਂ ਹੜ੍ਹਾਂ ਜਿਹੀ ਕੋਈ ਸਥਿਤੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਵੱਲੋਂ ਜਲ ਭੰਡਾਰਾਂ (ਰੇਜ਼ਰਵਾਇਰਾਂ) ਵਿੱਚ ਪਾਣੀ ਦਾ ਪੱਧਰ ਵਧਣ ਕਾਰਨ ਨੀਵੇਂ ਇਲਾਕਿਆਂ ਵਿੱਚ ਹੜ੍ਹਾਂ ਦੇ ਖਤਰੇ ਨੂੰ ਰੋਕਣ ਸਬੰਧੀ ਪੇਸ਼ ਕੀਤੇ ਗਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ 10 ਜੁਲਾਈ, 2025 ਤੱਕ ਪ੍ਰਮੁੱਖ ਜਲ ਭੰਡਾਰਾਂ ਵਿੱਚ ਪਾਣੀ ਦਾ ਪੱਧਰ ਸੁਰੱਖਿਅਤ ਸੀਮਾਵਾਂ ਦੇ ਅੰਦਰ ਰਿਹਾ।

ਉਨ੍ਹਾਂ ਦੱਸਿਆ ਕਿ ਭਾਖੜਾ ਡੈਮ ਵਿੱਚ ਮੌਜੂਦਾ ਪੱਧਰ 1590.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1614.89 ਫੁੱਟ ਸੀ। ਇਸੇ ਤਰ੍ਹਾਂ ਪੌਂਗ ਡੈਮ ਵਿੱਚ ਮੌਜੂਦਾ ਪੱਧਰ 1325.48 ਫੁੱਟ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 1350.63 ਫੁੱਟ ਸੀ। ਉਨ੍ਹਾਂ ਦੱਸਿਆ ਕਿ ਰਣਜੀਤ ਸਾਗਰ ਡੈਮ ਵਿੱਚ ਮੌਜੂਦਾ ਪੱਧਰ 505.41 ਮੀਟਰ ਹੈ, ਜੋ 2023 ਦੇ ਹੜ੍ਹਾਂ ਦੌਰਾਨ 10 ਜੁਲਾਈ, 2023 ਨੂੰ 520.2 ਮੀਟਰ ਸੀ। ਜਲ ਸਰੋਤ ਮੰਤਰੀ ਨੇ ਦੱਸਿਆ ਕਿ ਤਿੰਨੋਂ ਜਲ ਭੰਡਾਰ ਸੁਰੱਖਿਅਤ ਢੰਗ ਨਾਲ ਕੰਮ ਕਰ ਰਹੇ ਹਨ ਅਤੇ ਖ਼ਤਰੇ ਦੇ ਪੱਧਰ ਤੋਂ ਕਾਫ਼ੀ ਘੱਟ ਹਨ।



ਉਨ੍ਹਾਂ ਦੱਸਿਆ ਕਿ ਹੜ੍ਹਾਂ ਦੀ ਤਿਆਰੀ ਲਈ ਜਲ ਸਰੋਤ ਵਿਭਾਗ ਨੇ ਕਿਸੇ ਵੀ ਸੰਭਾਵੀ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਵਿਆਪਕ ਉਪਾਅ ਸਰਗਰਮੀ ਨਾਲ ਲਾਗੂ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹੜ੍ਹਾਂ ਦੀ ਰੋਕਥਾਮ ਲਈ 204.5 ਕਰੋੜ ਰੁਪਏ ਦੇ ਫੰਡ ਅਲਾਟ ਕੀਤੇ ਹਨ। ਐਸ.ਡੀ.ਐਮ.ਐਫ, ਮਨਰੇਗਾ ਅਤੇ ਵਿਭਾਗੀ ਫੰਡਾਂ ਦੀ ਵਰਤੋਂ ਨਾਲ 599 ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਵਿਭਾਗੀ ਮਸ਼ੀਨਰੀ ਦੀ ਵਰਤੋਂ ਕਰਕੇ 4766 ਕਿਲੋਮੀਟਰ ਤੋਂ ਵੱਧ ਨਾਲਿਆਂ, ਨਦੀਆਂ ਅਤੇ ਚੋਆਂ ਦੀ ਗਾਰ ਸਾਫ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਟੇਟ ਡਿਜ਼ਾਸਟਰ ਮਿਟੀਗੇਸ਼ਨ ਫੰਡ (ਐਸ.ਡੀ.ਐਮ.ਐਫ) ਅਧੀਨ ਬੰਨ੍ਹਾਂ ਦੀ ਮਜ਼ਬੂਤੀ ਲਈ ਪ੍ਰਾਜੈਕਟ ਲਏ ਗਏ ਹਨ। ਜ਼ਿਲ੍ਹਿਆਂ ਵਿੱਚ 8.76 ਲੱਖ ਈ.ਸੀ. ਬੈਗ (ਬੋਰੀਆਂ) ਖਰੀਦੇ ਗਏ ਹਨ ਅਤੇ 2.42 ਲੱਖ ਬੋਰੀਆਂ ਭਰੇ ਕੇ ਰੱਖੀਆਂ ਗਈਆਂ ਹਨ। ਇਸ ਤੋਂ ਇਲਾਵਾ ਮਿੱਟੀ ਦੀ ਸਥਿਰਤਾ ਨੂੰ ਵਧਾਉਣ ਲਈ 53,400 ਬਾਂਸ ਦੇ ਬੂਟੇ ਲਗਾਉਣ ਦੇ ਨਾਲ-ਨਾਲ 1044 ਚੈੱਕ ਡੈਮ, 3957 ਸੋਕ ਪਿਟ ਅਤੇ 294 ਕਿਲੋਮੀਟਰ ਲੰਬੇ ਵੈਟੀਵਰ ਘਾਹ ਦੇ ਬੂਟੇ ਪੂਰੇ ਕੀਤੇ ਗਏ ਹਨ।

ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਕੰਟਰੋਲ ਰੂਮ ਸਰਗਰਮ ਹਨ, ਐਮਰਜੈਂਸੀ ਰਿਸਪਾਂਸ ਟੀਮਾਂ ਤਿਆਰ ਹਨ ਅਤੇ ਸੰਵੇਦਨਸ਼ੀਲ ਖੇਤਰਾਂ ਵਿੱਚ ਦਰਿਆਵਾਂ ਅਤੇ ਨਾਲਿਆਂ ਦੀ ਅਸਲ-ਸਮੇਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਜਲ ਭੰਡਾਰਾਂ ਦਾ ਪੱਧਰ ਸਥਿਰ ਹੈ ਅਤੇ ਮਹੱਤਵਪੂਰਨ ਸੀਮਾਵਾਂ ਤੋਂ ਬਹੁਤ ਹੇਠਾਂ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਹੜ੍ਹਾਂ ਦੇ ਕਿਸੇ ਵੀ ਖ਼ਤਰੇ ਦਾ ਤੇਜ਼ੀ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਜ਼ਮੀਨੀ ਪੱਧਰ 'ਤੇ ਮਜ਼ਬੂਤ ਪ੍ਰਣਾਲੀਆਂ ਸਥਾਪਤ ਕੀਤੀਆਂ ਹਨ।

## 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਬੈਠਕ

### ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਚੀਫ਼ ਜਸਟਿਸ ਸਮੇਤ ਦੇਸ਼ ਵਿਦੇਸ਼ ਦੀਆਂ ਸ਼ਖਸ਼ੀਅਤਾਂ ਨੂੰ ਦਿੱਤਾ ਜਾਵੇਗਾ ਸੱਦਾ : ਐਡਵੋਕੇਟ ਧਾਮੀ

ਅੰਮ੍ਰਿਤਸਰ, 14 ਜੁਲਾਈ, (ਗੁਰਦਿਆਲ ਸਿੰਘ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਅੱਜ ਹੋਈ ਇਕੱਤਰਤਾ ਵਿਚ ਜਿਥੇ ਗੁਰਮਤਿ ਸਮਾਗਮ, ਸੈਮੀਨਾਰ, ਨਗਰ ਕੀਰਤਨ ਆਦਿ ਸਜਾਉਣ ਲਈ ਰੂਪ ਰੇਖਾ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ, ਉਥੇ ਹੀ ਇਨ੍ਹਾਂ ਸਮਾਗਮਾਂ ਮੌਕੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਲੋਕ ਸਭਾ ਦੇ ਸਪੀਕਰ, ਚੀਫ ਜਸਟਿਸ ਆਫ਼ ਇੰਡੀਆ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਵਿਦੇਸ਼ਾਂ ਅੰਦਰ ਸਿੱਖ ਐਮਪੀ ਅਤੇ ਵਿਧਾਇਕਾਂ ਨੂੰ ਸ਼ਮੂਲੀਅਤ ਲਈ ਸੱਦਾ ਪੱਤਰ ਦੇਣ ਦੀ ਵੀ ਸਾਂਝੀ ਰਾਇ ਬਣੀ।



ਇਕੱਤਰਤਾ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਤਾਲਮੇਲ ਕਮੇਟੀ ਦੀ ਬੈਠਕ ਵਿਚ ਵੱਖ-ਵੱਖ ਆਗੂਆਂ, ਮਹਾਂਪੁਰਖਾਂ ਅਤੇ ਵਿਦਵਾਨਾਂ ਨੇ ਬਹੁਤ ਭਾਵਪੂਰਤ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਸ਼ਤਾਬਦੀ ਸਮਾਗਮਾਂ ਦੀ ਰੂਪ ਰੇਖਾ ਲਈ ਅਮਲ ਵਿਚ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅੱਜ ਦੀ ਇਕੱਤਰਤਾ ਵਿਚ ਸਾਂਝੀ ਰਾਇ ਇਹ ਬਣੀ ਹੈ ਕਿ ਵੱਖ-ਵੱਖ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਮਾਗਮਾਂ ਲਈ ਨਿੱਜੀ ਤੌਰ 'ਤੇ ਮਿਲ ਕੇ ਅਤੇ ਚਿੱਠੀ ਪੱਤਰ ਰਾਹੀਂ ਸੱਦਾ ਦਿੱਤਾ ਜਾਵੇ। ਇਸ ਅਨੁਸਾਰ ਸ਼੍ਰੋਮਣੀ ਕਮੇਟੀ ਵੱਖ-ਵੱਖ ਵਫ਼ਦਾਂ ਰਾਹੀਂ ਪ੍ਰਮੁੱਖ ਸ਼ਖ਼ਸੀਅਤਾਂ ਤੱਕ ਪਹੁੰਚ ਕਰੇਗੀ। ਉਨ੍ਹਾਂ ਦੱਸਿਆ ਕਿ ਇਕ ਅਹਿਮ ਫੈਸਲੇ ਤਹਿਤ ਕੇਂਦਰ ਸਰਕਾਰ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਕਿਹਾ ਜਾਵੇਗਾ। ਇਸ ਦੇ ਨਾਲ ਹੀ ਦੇਸ਼ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿਚ ਨੌਵੇਂ ਪਾਤਸ਼ਾਹ ਨਾਲ ਸਬੰਧਤ ਸੈਮੀਨਾਰ ਆਯੋਜਤ ਕੀਤੇ ਜਾਣਗੇ ਅਤੇ ਗੁਰੂ ਸਾਹਿਬ ਦਾ ਇਤਿਹਾਸ ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਛਾਪਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਾਲ ਸ਼੍ਰੋਮਣੀ ਕਮੇਟੀ ਵੱਲੋਂ ਲਈ ਜਾਂਦੀ ਧਾਰਮਿਕ ਪ੍ਰੀਖਿਆ ਨੌਵੇਂ ਪਾਤਸ਼ਾਹ ਜੀ ਨੂੰ ਸਮਰਪਿਤ ਕੀਤੀ ਜਾਵੇਗੀ ਅਤੇ ਸਕੂਲਾਂ/ਕਾਲਜਾਂ ਵਿਚ ਵਿਸ਼ੇਸ਼ ਸਮਾਗਮ ਰੱਖੇ ਜਾਣਗੇ।

ਐਡਵੋਕੇਟ ਧਾਮੀ ਨੇ ਹੋਰ ਜਾਣਕਾਰੀ ਦਿੰਦਿਆਂ ਕਿ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਇਕ 'ਕੌਫ਼ੀ ਟੇਬਲ ਬੁੱਕ' ਤਿਆਰ ਕੀਤੀ ਜਾਵੇਗੀ ਅਤੇ ਸੋਸ਼ਲ ਮੀਡੀਆ 'ਤੇ ਗੁਰੂ ਸਾਹਿਬ ਸੰਖੇਪ ਰੂਪ ਵਿਚ ਪ੍ਰੇਰਣਾਦਾਇਕ ਵੀਡੀਓ ਬਣਾ ਕੇ ਸੰਗਤਾਂ ਤੱਕ ਪਹੁੰਚਾਏ ਜਾਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਅਕਾਦਮਿਕ ਪੱਧਰ 'ਤੇ ਲਏ ਗਏ ਫੈਸਲੇ ਬਾਰੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਨਾਂ 'ਤੇ ਚੇਅਰ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਮੌਕੇ ਅੰਤਰ ਧਰਮ ਸੰਵਾਦ ਰਚਾਉਣ ਨੂੰ ਪਹਿਲ ਦਿੰਦਿਆਂ ਇਕ ਸਰਬ ਧਰਮ ਸੰਮੇਲਨ ਦਾ ਵੀ ਆਯੋਜਨ ਕੀਤਾ ਜਾਵੇਗਾ।

ਸ਼ਤਾਬਦੀ ਦੇ ਸਬੰਧ ਵਿਚ ਸਜਾਏ ਜਾਣ ਵਾਲੇ ਨਗਰ ਕੀਰਤਨਾਂ ਬਾਰੇ ਉਨ੍ਹਾਂ ਜਾਣਕਾਰੀ ਦਿੱਤੀ ਕਿ ਇਕ ਵਿਸ਼ਾਲ ਨਗਰ ਕੀਰਤਨ ਆਸਾਮ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਨੌਵੇਂ ਪਾਤਸ਼ਾਹ ਜੀ ਦੇ ਜੀਵਨ ਇਤਿਹਾਸ ਅਤੇ ਸ਼ਹਾਦਤ ਬਾਰੇ ਪ੍ਰੇਰਣਾ ਦਿੰਦਾ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜੇਗਾ। ਇਸੇ ਤਰ੍ਹਾਂ ਇਕ ਨਗਰ ਕੀਰਤਨ ਕਸ਼ਮੀਰ ਤੋਂ ਸ਼ੁਰੂ ਕੀਤਾ ਜਾਵੇਗਾ, ਜੋ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਪੰਨ ਹੋਵੇਗਾ ਅਤੇ ਇਕ ਨਗਰ ਕੀਰਤਨ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦੇ ਮੁੱਖ ਸਮਾਗਮਾਂ ਦੌਰਾਨ 51 ਹਜ਼ਾਰ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਅਤੇ ਇਕ ਪੂਰਾ ਦਿਨ ਬੱਚਿਆਂ ਨੂੰ ਸਮਰਪਿਤ ਸਮਾਗਮ ਕੀਤੇ ਜਾਣਗੇ। 25 ਨਵੰਬਰ ਨੂੰ ਮੁੱਖ ਸਮਾਗਮ ਵਿਚ ਦੇਸ਼ ਦੁਨੀਆਂ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ ਅਤੇ ਕੌਮ ਦੇ ਪ੍ਰਸਿੱਧ ਕਥਾਵਾਚਕ ਅਤੇ ਰਾਗੀ ਹਾਜ਼ਰੀ ਭਰਨਗੇ।

ਉਨ੍ਹਾਂ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਨਾਲ ਸ਼ਹੀਦ ਹੋਣ ਵਾਲੇ ਪ੍ਰਮੁੱਖ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਲ ਬਾਬਾ ਜੀਵਨ ਸਿੰਘ ਜੀ ਨੂੰ ਸਮਰਪਿਤ ਸਮਾਗਮ ਵੀ ਕੀਤੇ ਜਾਣਗੇ ਅਤੇ ਦਸਵੇਂ ਪਾਤਸ਼ਾਹ ਜੀ ਦੇ 350ਵੇਂ ਗੁਰਤਾਗੱਦੀ ਦਿਵਸ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇਗਾ। ਐਡਵੋਕੇਟ ਧਾਮੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਨੂੰ ਸਮਰਪਿਤ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਅਪੀਲ ਕੀਤੀ ਜਾਵੇਗੀ। ਇਸ ਸਬੰਧ ਵਿਚ ਪੂਰੇ ਦੇਸ਼ ਅੰਦਰ ਸਰਕਾਰਾਂ ਤੱਕ ਵੀ ਪਹੁੰਚ ਕਰਕੇ ਨਿਆਂ ਮੰਗਿਆ ਜਾਵੇਗਾ।

ਇਕੱਤਰਤਾ 'ਚ ਸ਼ ਐਡਵੋਕੇਟ ਧਾਮੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਬਾਬਾ ਹਰਨਾਮ ਸਿੰਘ ਖਾਲਸਾ ਵੱਲੋਂ ਗਿਆਨੀ ਸਾਹਬ ਸਿੰਘ, ਬਾਬਾ ਸੇਵਾ ਸਿੰਘ ਕਾਰਸੇਵਾ ਖਡੂਰ ਸਾਹਿਬ ਵੱਲੋਂ ਬਾਬਾ ਗੁਰਪ੍ਰੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਕਾਰਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ. ਗੁਲਜ਼ਾਰ ਸਿੰਘ ਰਣੀਕੇ, ਸ. ਵੀਰ ਸਿੰਘ ਲੋਪੋਕੇ, ਸ. ਪਰਮਜੀਤ ਸਿੰਘ ਸਰਨਾ, ਸ. ਮਨਜੀਤ ਸਿੰਘ ਜੀਕੇ, ਸ. ਪਰਮਜੀਤ ਸਿੰਘ ਰਾਣਾ, ਬਾਬਾ ਜਗਜੀਤ ਸਿੰਘ ਲੋਪੋਂ ਵਾਲਿਆਂ ਵੱਲੋਂ ਭਾਈ ਹਰਵਿੰਦਰ ਸਿੰਘ, ਸਵਾਮੀ ਜੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ, ਡਾ. ਹਰਭਜਨ ਸਿੰਘ ਦੇਹਰਾਦੂਨ, ਸ. ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਜੂਨੀਅਰ ਮੀਤ ਪ੍ਰਧਾਨ, ਸ. ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸ. ਰਵਿੰਦਰ ਸਿੰਘ ਖਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਗੁਰਮੀਤ ਸਿੰਘ ਬੂਹ, ਭਾਈ ਅਜੈਬ ਸਿੰਘ ਅਭਿਆਸੀ, ਬਾਬਾ ਬੂਟਾ ਸਿੰਘ, ਜਥੇਦਾਰ ਬਾਵਾ ਸਿੰਘ ਗੁਮਾਨਪੁਰਾ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਪ੍ਰਿੰਸੀਪਲ ਧਰਮਿੰਦਰ ਸਿੰਘ ਉੱਭਾ, ਸ. ਬਲਜੀਤ ਸਿੰਘ ਸਟੱਡੀ ਸਰਕਲ, ਸਹਿਜਪਾਠ ਸੰਸਥਾ ਵੱਲੋਂ ਸ. ਦਿਲਬਾਗ ਸਿੰਘ ਆਦਿ ਮੌਜੂਦ ਸਨ।

## ਗੁ: ਰਕਾਬਗੰਜ ਸਾਹਿਬ ਵਿਖੇ ਬਜ਼ੁਰਗਾਂ ਤੇ ਅੰਗਹੀਣਾਂ ਵਾਸਤੇ ਲਿਫ਼ਟ ਸਹੂਲਤ ਪ੍ਰਦਾਨ ਕਰਨ ਦੀ ਕਾਰ ਸੇਵਾ ਸ਼ੁਰੂ

### ਸਹੂਲਤ ਸ਼ੁਰੂ ਹੋਣ ਨਾਲ ਲੋੜਵੰਦ ਸੰਗਤਾਂ ਨੂੰ ਵੱਡਾ ਲਾਭ ਮਿਲੇਗਾ: ਕਾਲਕਾ, ਕਾਹਲੋਂ

ਨਵੀਂ ਦਿੱਲੀ, 14 ਜੁਲਾਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਬਜ਼ੁਰਗਾਂ ਤੇ ਅੰਗਹੀਣਾਂ ਵਾਸਤੇ ਲਿਫਟ ਦੀ ਸਹੂਲਤ ਪ੍ਰਦਾਨ ਕਰਨ ਦੀ ਕਾਰ ਸੇਵਾ ਸ਼ੁਰੂ ਕਰ ਦਿੱਤੀ ਗਈ।

ਇਸ ਮੌਕੇ ਅਰਦਾਸ ਕਰ ਕੇ ਸੇਵਾ ਸ਼ੁਰੂ ਕੀਤੀ ਗਈ। ਇਹ ਸੇਵਾ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵੱਲੋਂ ਵਰੋਸਾਏ ਬਾਬਾ ਬਚਨ ਸਿੰਘ ਜੀ, ਬਾਬਾ ਸੁਰਿੰਦਰ ਸਿੰਘ ਜੀ, ਬਾਬਾ ਸਤਨਾਮ ਸਿੰਘ ਜੀ ਤੇ ਸਾਥੀਆਂ ਦੀ ਦੇਖ ਰੇਖ ਹੇਠ ਮੁਕੰਮਲ ਹੋਵੇਗੀ।



ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਗੁਰਦੁਆਰਾ ਰਕਾਬਗੰਜ ਸਾਹਿਬ ਉਹ ਅਸਥਾਨ ਹੈ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਇਸ ਇਤਿਹਾਸਕ ਅਤੇ ਪਵਿੱਤਰ ਅਸਥਾਨ ਦੇ ਦਰਸ਼ਨਾਂ ਵਾਸਤੇ ਰੋਜ਼ਾਨਾ ਵੱਡੀ ਗਿਣਤੀ ਵਿਚ ਸੰਗਤ ਆਉਂਦੀ ਹੈ। ਉਹਨਾਂ ਕਿਹਾ ਕਿ ਬਜ਼ੁਰਗਾਂ ਤੇ ਅੰਗਹੀਣਾਂ ਤੇ ਹੋਰ ਲੋੜਵੰਦਾਂ ਨੂੰ ਗੁਰੂ ਮਹਾਰਾਜ ਦਾ ਅਸਥਾਨ ਉੱਚਾ ਹੋਣ ਕਾਰਨ ਪੌੜੀਆਂ ਚੜ੍ਹਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਇਹਨਾਂ ਮੁਸ਼ਕਿਲਾਂ ਨੂੰ ਵੇਖਦਿਆਂ ਅਸੀਂ ਫੈਸਲਾ ਕੀਤਾ ਹੈ ਕਿ ਸੰਗਤਾਂ ਦੀ ਸਹੂਲਤ ਵਾਸਤੇ ਇਥੇ ਲਿਫਟ ਲਗਾਈ ਜਾਵੇ। ਉਹਨਾਂ ਕਿਹਾ ਕਿ ਲਿਫਟ ਗਰਾਊਂਡ ਫਲੋਰ ਤੋਂ ਹੀ ਸ਼ੁਰੂ ਹੋਵੇਗੀ ਜਿਸ ਨਾਲ ਵ੍ਹੀਲ ਚੇਅਰ 'ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਸਹੂਲਤ ਮਿਲੇਗੀ।

ਉਹਨਾਂ ਕਿਹਾ ਕਿ ਬਾਬਾ ਬਚਨ ਸਿੰਘ ਜੀ ਦੀ ਅਗਵਾਈ ਹੇਠ ਸਹੂਲਤ ਜਲਦੀ ਤੋਂ ਜਲਦੀ ਸ਼ੁਰੂ ਕਰਨ ਦੀ ਸੇਵਾ ਆਰੰਭੀ ਗਈ ਹੈ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਵੱਡਮੁੱਲੀ ਸੇਵਾ ਵਾਸਤੇ ਉਹ ਬਾਬਾ ਜੀ ਨੂੰ ਵੱਧ ਚੜ੍ਹ ਕੇ ਸਹਿਯੋਗ ਦੇਣ ਤਾਂ ਜੋ ਇਸ ਕਾਰਜ ਨੂੰ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਿਆ ਜਾ ਸਕੇ।

## ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਨੇ ਕੀਤਾ ਆਪਸੀ ਵਿਵਾਦ ਦਾ ਮਸਲਾ ਹੱਲ

ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਬੀਤੇ ਕੁਝ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਵਿਚਕਾਰ ਚੱਲ ਰਹੇ ਵਿਵਾਦ ਦਾ ਮਾਮਲਾ ਅੱਜ ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਪੰਥਕ ਇਕਜੁੱਟਤਾ ਅਤੇ ਦੇਸ਼ ਵਿਦੇਸ਼ ਵਿੱਚ ਵੱਸਦੀ ਸਿੱਖ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪੂਰਨ ਰੂਪ ਵਿੱਚ ਹੱਲ ਕਰ ਲਿਆ ਗਿਆ ਹੈ। ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ, ਜਿਸ ਵਿੱਚ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਮਾਮਲੇ ਵਿਚਾਰੇ ਗਏ ਅਤੇ ਆਪਸੀ ਸਹਿਮਤੀ ਤੇ ਸਹਿਯੋਗ ਨਾਲ ਮਾਮਲਾ ਹੱਲ ਕਰ ਲਿਆ ਗਿਆ।



ਇਸ ਇਕੱਤਰਤਾ ਵਿੱਚ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਤਿੰਨ ਗ੍ਰੰਥੀ ਸਿੰਘ ਸਾਹਿਬਾਨ ਗਿਆਨੀ ਰਾਜਦੀਪ ਸਿੰਘ, ਗਿਆਨੀ ਸੁਲਤਾਨ ਸਿੰਘ, ਗਿਆਨੀ ਕੇਵਲ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਟੇਕ ਸਿੰਘ ਨੇ ਸ਼ਮੂਲੀਅਤ ਕੀਤੀ।

ਇਕੱਤਰਤਾ ਉਪਰੰਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੀਡੀਆ ਨਾਲ ਗੱਲ ਕਰਦਿਆਂ ਜਾਣਕਾਰੀ ਸਾਂਝੀ ਕੀਤੀ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਬੰਧ ਵਿੱਚ ਬੀਤੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਏ ਗਏ ਫ਼ੈਸਲਿਆਂ ਨੂੰ ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ ਅਤੇ ਪੰਥਕ ਇਕਜੁੱਟਤਾ ਦੀ ਭਾਵਨਾ ਦੇ ਮੱਦੇਨਜ਼ਰ ਮੁੜ ਵਿਚਾਰ ਕਰਨ ਲਈ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ 12 ਮਈ ਨੂੰ ਇੱਕ ਪੱਤਰ ਪ੍ਰਾਪਤ ਹੋਇਆ ਸੀ। ਇਸ ਪੱਤਰ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨੇ ਪੰਜਾਂ ਤਖ਼ਤ ਸਾਹਿਬਾਨ ਵਿੱਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਮਰਪਣ ਦਰਜ ਕਰਵਾਇਆ ਅਤੇ ਅਗਾਂਹ ਵੀ ਹਮੇਸ਼ਾ ਸਮਰਪਿਤ ਰਹਿਣ ਦਾ ਪ੍ਰਣ ਕੀਤਾ।

ਜਥੇਦਾਰ ਗੜਗੱਜ ਨੇ ਕਿਹਾ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਤੋਂ ਪ੍ਰਾਪਤ ਹੋਏ ਪੱਤਰ ਉੱਤੇ ਵਿਚਾਰ ਕਰਨ ਲਈ ਅੱਜ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕੀਤੀ ਗਈ, ਜਿਸ ਵਿੱਚ 21 ਮਈ 2025 ਅਤੇ 5 ਜੁਲਾਈ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾਵਾਂ ਵਿੱਚ ਪਾਸ ਕੀਤੇ ਗਏ ਮਤਿਆਂ ਉੱਪਰ ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਪੰਥਕ ਇਕਜੁੱਟਤਾ ਅਤੇ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਮੁੜ ਵਿਚਾਰ ਕਰਕੇ ਕੁਝ ਸੋਧਾਂ ਕੀਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਦੂਜੇ ਪਾਸੇ ਅੱਜ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਿੰਘ ਸਾਹਿਬਾਨ ਨੇ ਵੀ ਉੱਥੇ ਇਕੱਤਰਤਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਵੱਲੋਂ ਬੀਤੇ ਸਮੇਂ 21 ਮਈ 2025 ਅਤੇ 5 ਜੁਲਾਈ 2025 ਨੂੰ ਪਾਸ ਕੀਤੇ ਗਏ ਮਤੇ ਵੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ, ਜਿਸ ਸਬੰਧੀ ਮਤਾ ਸਕੱਤਰੇਤ ਵਿਖੇ ਅੱਜ ਪੁੱਜ ਚੁੱਕੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਮੌਜੂਦਾ ਸਮੇਂ ਸਿੱਖ ਸ਼ਕਤੀ ਨੂੰ ਇਕਜੁੱਟ ਕਰਨ ਦਾ ਹੈ ਅਤੇ ਇਹ ਖੁਸ਼ੀ ਦੀ ਗੱਲ ਹੈ ਕਿ ਦੋਵੇਂ ਤਖ਼ਤ ਸਾਹਿਬਾਨ ਵਿਚਕਾਰ ਜੋ ਬੀਤੇ ਸਮੇਂ ਵਿਵਾਦ ਬਣ ਰਿਹਾ ਸੀ ਉਹ ਅੱਜ ਪੰਥਕ ਇਕਜੁੱਟਤਾ ਦੀ ਭਾਵਨਾ ਨਾਲ ਪੂਰਨ ਰੂਪ ਵਿੱਚ ਆਪਸੀ ਸਹਿਯੋਗ ਤੇ ਸਹਿਮਤੀ ਨਾਲ ਸਮਾਪਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਤਖ਼ਤ ਸ੍ਰੀ ਪਟਨਾ ਸਾਹਿਬ ਜਾ ਕੇ ਦਸਮ ਪਾਤਸ਼ਾਹ ਜੀ ਦੇ ਜਨਮ ਅਸਥਾਨ ਵਿਖੇ ਨਤਮਸਤਕ ਹੋਣਗੇ।

ਅੱਜ ਹੋਈ ਇਕੱਤਰਤਾ ਵਿੱਚ ਪੰਜ ਸਿੰਘ ਸਾਹਿਬਾਨ ਨੇ ਮਤਾ ਪਾਸ ਕੀਤਾ ਕਿ ਸਿੱਖਾਂ ਦੇ ਪੰਜੇ ਤਖ਼ਤ ਸਾਹਿਬਾਨ ਵਿੱਚੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਤਖ਼ਤ ਹੈ ਅਤੇ ਖ਼ਾਲਸਾ ਪੰਥ ਦੇ ਵਾਲੀ ਸਰਬੰਸਦਾਨੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਵੀ ਅਤਿ ਸਤਿਕਾਰਤ ਤਖ਼ਤ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਅਤੇ ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਵੱਲੋਂ ਪੁੱਜੇ ਪੱਤਰ ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੁੰਦਿਆਂ ਬੀਤੇ ਸਮੇਂ ਇੱਥੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨਾਲ ਸਬੰਧਤ ਕੀਤੇ ਗਏ ਫ਼ੈਸਲਿਆਂ ਉੱਤੇ ਮੁੜ ਵਿਚਾਰ ਲਈ ਬੇਨਤੀ ਕੀਤੀ ਹੈ।

ਮਤੇ ਵਿੱਚ ਅੱਗੇ ਫੈਸਲਾ ਕੀਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਿਤੀ ੦੫ ਜੁਲਾਈ ੨੦੨੫ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਮਤਾ ਨੰ: ੦੧ ਅਨੁਸਾਰ ਜੋ ਮਤਾ ਪਾਸ ਕੀਤਾ ਗਿਆ ਸੀ ਉਸ ਸਬੰਧੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਪ੍ਰਵਾਨ ਕਰਦਿਆਂ ਪੁੱਜੇ ਬੇਨਤੀ ਪੱਤਰ ਅਤੇ ਕੀਤੀ ਗਈ ਖਿਮਾ ਜਾਚਨਾ ਨੂੰ ਪ੍ਰਵਾਨ ਕਰਦਿਆਂ ਤਖ਼ਤ ਸਾਹਿਬਾਨ ਦੀ ਏਕਤਾ, ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ, ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਇਸ ਮਤੇ ਨੂੰ ਵਾਪਸ ਲਿਆ ਜਾਂਦਾ ਹੈ।

## ਗਨੀਵ ਕੌਰ ਨੇ ਅਪਣੇ ਪਤੀ ਮਜੀਠੀਆ ਨਾਲ ਕੀਤੀ ਨਾਭਾ ਜੇਲ 'ਚ ਮੁਲਾਕਾਤ



ਨਾਭਾ, 14 ਜੁਲਾਈ, (ਗੁਰਚਰਨ ਸਿੰਘ ਚੋਧਰੀ ਮਾਜਰਾ) : ਗਨੀਵ ਕੋਰ ਮਜੀਠੀਆ ਨਾਭਾ ਜੇਲ੍ਹ ਵਿੱਚ ਬੰਦ ਅਪਣੇ ਪਤੀ ਬਿਕਰਮ ਮਜੀਠੀਆ ਨੂੰ ਮਿਲਣ ਪਹੁੰਚੇ। ਜੇਲ ਅੰਦਰ ਇੱਕ ਘੰਟਾ 20 ਮਿੰਟ ਮੁਲਾਕਾਤ ਚੱਲੀ ਮੁਲਾਕਾਤ ਤੋਂ ਬਾਅਦ ਬਾਹਰ ਆਉਂਦਿਆਂ ਗੱਲਬਾਤ ਕਰਦਿਆਂ ਕਿਹਾ ਕਿ ਬਿਕਰਮ ਮਜੀਠੀਆ ਸਾਹਿਬ ਚੜ੍ਹਦੀ ਕਲਾ ਵਿੱਚ ਹਨ ਸਰਕਾਰ ਧੱਕਾ ਕਰ ਰਹੀ ਹੈ ਪਹਿਲਾਂ ਡਰੱਗ ਮਾਮਲੇ ਵਿੱਚ ਜੇਲ ਵਿੱਚ ਰੱਖਿਆ ਤੇ ਹੁਣ ਆਮਦਨ ਤੋਂ ਬਾਅਦ ਜਾਇਦਾਦ ਮਾਮਲੇ ਅਧੀਨ ਮਾਮਲਾ ਦਰਜ ਕੀਤਾ ਹੈ, ਉਹਨਾਂ ਕਿਹਾ ਕਿ ਮਜੀਠੀਆ ਸਾਹਿਬ ਨੇ ਬੱਚਿਆਂ ਦਾ ਹਾਲ ਚਾਲ ਪੁੱਛਿਆ ਅਤੇ ਮਾਤਾ ਪਿਤਾ ਦਾ ਹਾਲਚਾਲ ਵੀ ਪੁੱਛਿਆ ਮਜੀਠੀਆ ਸਾਹਿਬ ਦੀ ਸਿਹਤ ਬਿਲਕੁਲ ਠੀਕ ਹੈ। ਮਜੀਠੀਏ ਦੇ ਵਕੀਲ ਨੇ ਗੱਲਬਾਤ ਕਰਦੇ ਹੋਏ ਕਿਹਾ ਮਜੀਠੀਆ ਜੇਲ ਅੰਦਰ ਰੱਬ ਦਾ ਨਾਮ ਲੈ ਰਹੇ ਹਨ। ਅਸੀਂ ਕੋਰਟ ਦੇ ਵਿੱਚ ਸਕਿਉਰਟੀ ਲੈ ਕੇ ਐਪਲੀਕੇਸ਼ਨ ਦਾਇਰ ਕੀਤੀ ਹੈ ਜਿਸ ਦੀ ਅਗਲੀ ਤਰੀਕ ਮਾਨਯੋਗ ਅਦਾਲਤ ਨੇ ਰੱਖੀ ਹੈ ਅਤੇ ਜਲਦੀ ਹੀ ਜਮਾਨਤ ਹੋ ਜਾਵੇਗੀ।

## ਸੁਖਬੀਰ ਸਿੰਘ ਬਾਦਲ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਨਾਲ ਕੀਤੀ ਮੁਲਾਕਾਤ



ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਨਾਲ ਸਕੱਤਰੇਤ ਵਿਖੇ 45 ਮਿੰਟ ਦੇ ਕਰੀਬ ਮੁਲਾਕਾਤ ਕੀਤੀ। ਮੁਲਾਕਾਤ ਕਰਨ ਤੋਂ ਬਾਅਦ ਕਿਸੇ ਵੀ ਧਿਰ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਨਹੀਂ ਕੀਤੀ ਗਈ। ਚਰਚਾਵਾਂ ਹਨ ਕਿ ਇਸ ਮੁਲਾਕਾਤ ਵਿਚ ਸੁਖਬੀਰ ਸਿੰਘ ਬਾਦਲ ਦੇ ਨਾਲ ਮੌਜੂਦ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਤੇ ਪਰਮਜੀਤ ਸਿੰਘ ਸਰਨਾ ਨੇ ਮੌਜੂਦਾ ਪੰਥਕ ਹਾਲਾਤਾਂ 'ਤੇ ਵੀ ਚਰਚਾ ਕੀਤੀ ਹੈ। ਜੀਕੇ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਚੱਲ ਰਹੀਆਂ ਮਨਮਾਨੀਆਂ ਸਬੰਧੀ ਵੀ ਜਥੇਦਾਰ ਨੂੰ ਜਾਣੂ ਕਰਵਾਇਆ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਤਖਤ ਸ੍ਰੀ ਪਟਨਾ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬਾਨ ਵਿਚਕਾਰ ਚੱਲ ਰਹੇ ਵਿਵਾਦ ਨੂੰ ਸੁਹਿਰਦਤਾ ਨਾਲ ਖਤਮ ਕਰਨ 'ਤੇ ਸੁਖਬੀਰ ਸਿੰਘ ਬਾਦਲ ਨੇ ਜਥੇਦਾਰ ਗੜਗੱਜ ਦੀ ਸ਼ਲਾਘਾ ਵੀ ਕੀਤੀ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

## ਭਰਤੀ ਕਮੇਟੀ ਵੱਲੋਂ ਭਰਤੀ ਮੁਹਿੰਮ ਦੇ ਆਖ਼ਰੀ ਪੜਾਅ ਦਾ ਐਲਾਨ

### ਹਲਕਾਵਾਰ ਡੈਲੀਗੇਟ ਇਜਲਾਸ ਲਈ ਪ੍ਰੋਗਰਾਮ ਜਾਰੀ

ਚੰਡੀਗੜ, 14 ਜੁਲਾਈ, (ਅੰਮ੍ਰਿਤਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਨੇ ਭਰਤੀ ਮੁਹਿੰਮ ਤਹਿਤ ਮੈਂਬਰਸ਼ਿਪ ਬਣਾਉਣ ਦਾ ਪਹਿਲਾ ਪੜਾਅ ਸਫਲਤਾਪੂਰਵਕ ਪੂਰਾ ਕਰਦਿਆਂ ਪ੍ਰਧਾਨ ਚੁਣੇ ਜਾਣ ਤੋਂ ਪਹਿਲਾਂ ਜ਼ਿਲ੍ਹਾਵਾਰ ਅਤੇ ਸੂਬਾਈ ਡੈਲੀਗੇਟ ਚੁਣਨ ਲਈ ਆਪਣਾ ਪ੍ਰੋਗਰਾਮ ਜਾਰੀ ਕਰ ਦਿੱਤਾ। ਭਰਤੀ ਕਮੇਟੀ ਵੱਲੋਂ ਇੱਕ-ਇੱਕ ਕਾਪੀ ਭਰਨ ਵਾਲੇ ਸਰਕਲ ਡੈਲੀਗੇਟਾਂ ਨੂੰ ਅਪੀਲ ਕੀਤੀ ਕਿ ਉਹ ਦਿੱਤੇ ਸਮੇਂ ਅਨੁੱਸਾਰ ਆਪਣੇ ਹਲਕੇ ਦੀ ਮੀਟਿੰਗ ਵਿੱਚ ਹਰ ਹਾਲਤ ਹਿੱਸਾ ਲੈਣ ਤਾਂ ਕਿ ਜਿਲਾ ਅਤੇ ਸਟੇਟ ਡੈਲੀਗੇਟਾਂ ਦੀ ਚੋਣ ਤੁਹਾਡੇ ਫੈਸਲੇ ਮੁਤਾਬਕ ਹੋ ਸਕੇ। ਮੀਟਿੰਗ ਵਿੱਚ ਸਿਰਫ ਕਾਪੀ ਭਰਨ ਵਾਲੇ ਸਰਕਲ ਡੈਲੀਗੇਟ ਹੀ ਹਿੱਸਾ ਲੈ ਸਕਣਗੇ ਉਹਨਾਂ ਤੋਂ ਇਲਾਵਾ ਹੋਰ ਕੋਈ ਵਿਅਕਤੀ ਮੀਟਿੰਗ ਵਿੱਚ ਹਿੱਸਾ ਨਹੀਂ ਲੈ ਸਕੇਗਾ।



ਫੈਸਲਾਕੁੰਨ ਪੜਾਅ ਲਈ ਪ੍ਰੋਗਰਾਮ ਜਾਰੀ ਕਰਦੇ ਹੋਏ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰ ਅਤੇ ਬੀਬੀ ਸਤਵੰਤ ਕੌਰ ਨੇ ਸੰਗਤ ਤੋਂ ਮਿਲੇ ਪਿਆਰ, ਸਤਿਕਾਰ ਅਤੇ ਸਮਰਥਨ ਲਈ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

ਮਨਪ੍ਰੀਤ ਸਿੰਘ ਇਯਾਲੀ 22 ਜੁਲਾਈ ਨੂੰ ਵਿਧਾਨ ਸਭਾ ਹਲਕਾ ਦਾਖਾ ਅਤੇ ਗਿੱਲ, 23 ਜੁਲਾਈ ਨੂੰ ਜਗਰਾਉਂ, ਰਾਏਕੋਟ ਅਤੇ ਧਰਮਕੋਟ, 24 ਜੁਲਾਈ ਨੂੰ ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ ਅਤੇ ਮੋਗਾ, 25 ਜੁਲਾਈ ਨੂੰ ਸ੍ਰੀ ਅਨੰਦਪੁਰ ਸਾਹਿਬ, ਰੋਪੜ ਅਤੇ ਚਮਕੌਰ ਸਾਹਿਬ, 26 ਜੁਲਾਈ ਨੂੰ ਖਰੜ, ਮੋਹਾਲੀ ਅਤੇ ਡੇਰਾਬਸੀ, 27 ਜੁਲਾਈ ਨੂੰ ਲੁਧਿਆਣਾ ਸਹਿਰ ਦੀਆਂ ਸਾਰੀਆਂ ਸੀਟਾਂ, 28 ਜੁਲਾਈ ਨੂੰ ਪਾਇਲ, ਖੰਨਾ, ਸਮਰਾਲਾ ਅਤੇ ਸਾਹਨੇਵਾਲ ਹਲਕੇ ਦੇ ਡੈਲੀਗੇਟ ਇਜਲਾਸ ਨੂੰ ਨੇਪਰੇ ਚਾੜ੍ਹਿਆ ਜਾਵੇਗਾ।

ਪ੍ਰੋਗਾਰਮ ਨੂੰ ਜਾਰੀ ਕਰਦਿਆਂ ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਕਮੇਟੀ ਨੂੰ ਜਿਹੜਾ ਵੀ ਹੁਕਮਨਾਮਾ ਸਾਹਿਬ ਵਿੱਚ ਆਦੇਸ਼ ਹੋਇਆ ਹੈ ਉਸ ਨੂੰ ਹਰ ਹੀਲੇ ਇਮਾਨਦਾਰੀ, ਸਮਰਪਿਤ ਭਾਵਨਾ ਅਤੇ ਅਕਾਲੀ ਵਰਕਰਾਂ ਦੇ

## ਬਿਆਸ ਦਰਿਆ 'ਤੇ ਕਮਜ਼ੋਰ ਥਾਵਾਂ ਦੀ ਮੁਰੰਮਤ ਤੇ ਅਸਥਾਈ ਬੰਨ੍ਹਾਂ ਦੀ ਮਜ਼ਬੂਤੀ ਲਈ ਤੁਰੰਤ ਕਾਰਵਾਈ ਕੀਤੀ ਜਾਵੇ : ਰਾਣਾ ਇੰਦਰ ਪ੍ਰਤਾਪ ਸਿੰਘ

ਚੰਡੀਗੜ੍ਹ, 14 ਜੁਲਾਈ, (ਚ.ਨ.ਸ.) : ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਅੱਜ ਵਿਧਾਨ ਸਭਾ ਵਿਚ ਬਿਆਸ ਦਰਿਆ ਤੇ ਆ ਰਹੀਆਂ ਹੜ੍ਹਾਂ ਅਤੇ ਬੰਨਾਂ ਦੀ ਮਜਬੂਤੀ ਨੂੰ ਲੈ ਕੇ ਗੰਭੀਰ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ ਸਪੀਕਰ ਰਾਹੀਂ ਹਾਊਸ ਨੂੰ ਦੱਸਿਆ ਕਿ ਪਿਛਲੇ 6 ਮਹੀਨਿਆਂ ਦੌਰਾਨ ਉਨ੍ਹਾਂ ਨੇ ਹਰੀਕੇ ਤੋਂ ਫਿਲਵਾਂ ਤੱਕ ਦਰਿਆ ਦੇ ਕੰਢੇ ਤੇ 12 ਤੋਂ 15 ਅਜਿਹੀਆਂ ਜਗ੍ਹਾ ਲਭੀਆਂ ਜਿੱਥੇ ਬੰਨ ਬਹੁਤ ਕਮਜ਼ੋਰ ਸਾਬਤ ਹੋ ਰਹੇ ਹਨ ਅਤੇ ਵਧ ਪਾਣੀ ਆਉਣ ਤੇ ਹੜ੍ਹ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਵਿਧਾਇਕ ਨੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਵਿਧਾਨ ਸਭਾ ਵਿੱਚ ਧਿਆਨ ਮੋਸ਼ਨ ਦੌਰਾਨ ਕੀਤਾ।



ਰਾਣਾ ਇੰਦਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਮੰਤਰੀ ਜੀ ਦੇ ਪੱਧਰ ਤੇ ਇਹ ਸਾਰੀਆਂ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈਆਂ। ਸੰਬੰਧਿਤ ਵਿਭਾਗ ਨੂੰ ਪੱਤਰ ਵੀ ਭੇਜੇ ਗਏ, ਪਰ ਜਿਸ ਥਾਂ ਜ਼ਿਆਦਾ ਮਜ਼ਬੂਤੀ ਦੀ ਲੋੜ ਸੀ ਉੱਥੇ ਵੀ ਕੋਈ ਕੰਮ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਇਹ ਸਾਰਾ ਖਰਚਾ ਨਰੇਗਾ ਯੋਜਨਾ ਅਧੀਨ ਕੀਤਾ ਜਾ ਸਕਦਾ ਸੀ ਪਰ ਬਾਵਜੂਦ ਇਸ ਕੰਮ ਨਹੀਂ ਹੋਏ ਹਨ।

ਇਸ ਮਸਲੇ ਤੇ ਵਿਧਾਇਕ ਨੇ 3 ਸਪਲੀਮੈਂਟਰੀ ਸਵਾਲ ਵੀ ਕੀਤੇ, ਜਿਸ ਦੌਰਾਨ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਹੜ੍ਹਾਂ ਦੇ ਮਸਲੇ ਤੇ ਗੰਭੀਰਤਾ ਦਿਖਾਉਣ ਲਈ ਦੌਰ ਪਾਇਆ।

ਉਨ੍ਹਾਂ ਹਾਊਸ ਨੂੰ ਯਾਦ ਦਿਵਾਇਆ ਕਿ ਪਿਛਲੀ ਵਾਰੀ ਆਈ ਹੜ੍ਹ ਦੌਰਾਨ ਗੋਇੰਦਵਾਲ ਪੁਲ ਦੇ ਕੋਲ ਲਗਭਗ 125 ਏਕੜ ਵਿੱਚ ਇਕ ਅਲੱਗ ਤਰ੍ਹਾਂ ਦਾ ਬੰਨ ਬਣਿਆ ਹੋਇਆ ਹੈ ਜਿਸ ਵਿੱਚੋਂ ਪਾਣੀ ਦਾ ਵਹਾਵ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਜੇਕਰ ਇਸ ਥਾਂ ਡੀਸੈਲਟਿੰਗ ਕਰ ਦਿੱਤੀ ਜਾਵੇ ਤਾਂ ਬੰਨ ਟੁੱਟਣ ਦਾ ਖਤਰਾ ਘੱਟ ਹੋ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅੱਜ ਵੀ ਗੈਰ ਕਾਨੂੰਨੀ ਢੰਗ ਨਾਲ ਬੰਨਾਂ ਵਿੱਚ ਮਾਈਨਿੰਗ ਜਾਰੀ ਹੈ ਜੋ ਹੜ੍ਹ ਦੇ ਖਤਰੇ ਨੂੰ ਹੋਰ ਵਧਾ ਰਹੀ ਹੈ।

ਉਨ੍ਹਾਂ ਪੁੱਛਿਆ ਕਿ ਕੀ ਪੰਜਾਬ ਸਰਕਾਰ ਨੇ ਪਿਛਲੇ 6 ਮਹੀਨੇ ਵਿੱਚ ਇਸ ਮੁੱਦੇ 'ਤੇ ਕੋਈ ਗੰਭੀਰ ਵਿਚਾਰ-ਚਰਚਾ ਕੀਤੀ ?

ਅੰਤ ਵਿੱਚ, ਰਾਣਾ ਇੰਦਰ ਪ੍ਰਤਾਪ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪੁਰਾਣੇ ਬੰਨਾਂ ਦੀ ਪੂਰੀ ਜਾਂਚ ਕਰਵਾਈ ਜਾਵੇ, ਦਰਿਆਵਾਂ ਦੀ ਕੈਰਿੰਗ ਸਮਰੱਥਾ ਨੂੰ ਮੱਦੇਨਜ਼ਰ ਰੱਖਦਿਆਂ ਨਵੇਂ ਅਤੇ ਐਡਵਾਂਸ ਬੰਨਾਂ ਦੀ ਯੋਜਨਾ ਤਿਆਰ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੇ ਇਲਾਕੇ ਦੇ ਲੋਕ ਬੰਨ ਬਣਾਉਣ ਲਈ ਆਪਣੀ ਜ਼ਮੀਨ ਦੇਣ ਨੂੰ ਵੀ ਤਿਆਰ ਹਨ।

## ਸੰਪਾਦਕੀ

# ਹਾਦਸੇ: ਅਸਲ ਕਾਰਨ ਕੀ ?

ਜੂਨ ਮਹੀਨੇ ਗੁਜਰਾਤ ਦੇ ਅਹਿਮਦਾਬਾਦ ਵਿੱਚ ਹੋਏ ਜਹਾਜ਼ ਹਾਦਸੇ ਦੀ ਮੁੱਢਲੀ ਜਾਂਚ ਵਿੱਚ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਦਸੇ ਤੋਂ ਠੀਕ ਪਹਿਲਾਂ, ਜਹਾਜ਼ ਦੇ ਦੋਵੇਂ ਇੰਜਣਾਂ ਨੂੰ ਬਾਲਣ ਸਪਲਾਈ ਕਰਨ ਵਾਲੇ ਸਵਿੱਚ ਬੰਦ ਹੋ ਗਏ ਜਾਂ ਬੰਦ ਕਰ ਦਿੱਤੇ ਗਏ ਸਨ, ਜਿਸ ਕਾਰਨ ਪਾਇਲਟਾਂ ਵਿੱਚ ਭੰਬਲਭੂਸਾ ਪੈਦਾ ਹੋ ਗਿਆ। ਭੰਬਲਭੂਸਾ ਇਸ ਗੱਲ ਨੂੰ ਲੈ ਕੇ ਹੈ ਕਿ ਸਵਿੱਚ ਕਿਸਨੇ ਬੰਦ ਕੀਤੇ ਸਨ। ਕੀ ਇਹ ਤਕਨੀਕੀ ਨੁਕਸ ਕਾਰਨ ਹੋਇਆ ਜਾਂ ਕਿਸੇ ਦੀ ਗਲਤੀ ਕਾਰਨ, ਰਿਪੋਰਟ ਵਿੱਚ ਇਸਦਾ ਕੋਈ ਜ਼ਿਕਰ ਨਹੀਂ ਹੈ। ਭਾਵ ਹਾਦਸੇ ਦਾ ਇੱਕ ਕਾਰਨ ਪਤਾ ਲੱਗ ਗਿਆ ਹੈ, ਪਰ ਇਸ ਕਾਰਨ ਪਿੱਛੇ ਅਸਲ ਕਾਰਨ ਕੀ ਸੀ, ਇਹ ਸਵਾਲ ਅਜੇ ਵੀ ਜਵਾਬ ਨਹੀਂ ਮਿਲਿਆ ਹੈ। ਏਅਰ ਇੰਡੀਆ ਦੇ ਬੋਇੰਗ 787 ਡ੍ਰੀਮਲਾਈਨਰ ਜਹਾਜ਼ ਵਿੱਚ ਸਵਾਰ 242 ਲੋਕਾਂ ਵਿੱਚੋਂ ਇੱਕ ਨੂੰ ਛੱਡ ਕੇ ਸਾਰਿਆਂ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ। ਇਸ ਹਾਦਸੇ ਤੋਂ ਬਾਅਦ, ਬਹੁਤ ਸਾਰੇ ਸਵਾਲ ਉੱਠੇ ਹਨ, ਜਿਨ੍ਹਾਂ ਦੇ ਜਵਾਬ ਲੱਭਣੇ ਵੀ ਜ਼ਰੂਰੀ ਹਨ ਤਾਂ ਜੋ ਭਵਿੱਖ ਵਿੱਚ ਇੰਨੀ ਵੱਡੀ ਤ੍ਰਾਸਦੀ ਨੂੰ ਰੋਕਣ ਲਈ ਸਖ਼ਤ ਪ੍ਰਬੰਧ ਕੀਤੇ ਜਾ ਸਕਣ। ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ (1192) ਦੀ ਰਿਪੋਰਟ ਦੇ ਅਨੁਸਾਰ ਇਸ ਏਅਰ ਇੰਡੀਆ ਜਹਾਜ਼ ਦੇ ਉਡਾਣ ਭਰਨ ਤੋਂ ਕੁਝ ਪਲਾਂ ਬਾਅਦ, ਇਸਦੇ ਦੋਵੇਂ ਬਾਲਣ ਕੰਟਰੋਲ ਸਵਿੱਚ (ਜੋ ਇੰਜਣਾਂ ਨੂੰ ਬੰਦ ਕਰਨ ਲਈ ਵਰਤੇ ਜਾਂਦੇ ਹਨ) ਨੇ ਅਚਾਨਕ ਕੰਮ ਕਰਨਾ ਬੰਦ ਕਰ ਦਿੱਤਾ। ਇਸ ਗੱਲ ਦੀ ਪੁਸ਼ਟੀ ਘਟਨਾ ਸਮੇਂ ਕਾਕਪਿਟ ਵੌਇਸ ਰਿਕਾਰਡਿੰਗ ਵਿੱਚ ਪਾਇਲਟ ਅਤੇ ਸਹਿ-ਪਾਇਲਟ ਵਿਚਕਾਰ ਹੋਈ ਗੱਲਬਾਤ ਤੋਂ ਹੋਈ ਹੈ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਗੱਲਬਾਤ ਦੌਰਾਨ ਇੱਕ ਪਾਇਲਟ ਨੇ ਦੂਜੇ ਨੂੰ ਪੁੱਛਿਆ ਕਿ ਬਾਲਣ ਸਪਲਾਈ ਕਿਉਂ ਬੰਦ ਕੀਤੀ ਗਈ ਸੀ ਅਤੇ ਜਵਾਬ ਸੀ ਕਿ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹਾਦਸੇ ਤੋਂ ਪਹਿਲਾਂ ਜਹਾਜ਼ ਦੇ ਦੋਵੇਂ ਇੰਜਣ ਕੰਮ ਕਰਨਾ ਬੰਦ ਕਰ ਚੁੱਕੇ ਸਨ। ਹੁਣ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੋਵੇਂ ਬਾਲਣ ਕੰਟਰੋਲ ਸਵਿੱਚ ਇੱਕੋ ਸਮੇਂ ਕਿਵੇਂ ਕੰਮ ਕਰਨਾ ਬੰਦ ਕਰ ਗਏ। ਨਿਯਮਾਂ ਅਨੁਸਾਰ, ਉਡਾਣ ਤੋਂ ਪਹਿਲਾਂ ਜਹਾਜ਼ ਦੀ ਤਕਨੀਕੀ ਜਾਂਚ ਕੀਤੀ ਜਾਂਦੀ ਹੈ ਅਤੇ ਸਾਰੇ ਮਾਪਦੰਡਾਂ ਤੇ ਤਸੱਲੀਬਖ਼ਸ਼ ਰਿਪੋਰਟ ਤੋਂ ਬਾਅਦ ਹੀ ਉਡਾਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਜੇਕਰ ਇਸ ਏਅਰ ਇੰਡੀਆ ਜਹਾਜ਼ ਵਿੱਚ ਕੋਈ ਤਕਨੀਕੀ ਨੁਕਸ ਸੀ, ਤਾਂ ਉਡਾਣ ਤੋਂ ਪਹਿਲਾਂ ਜਾਂਚ ਦੌਰਾਨ ਇਸਦਾ ਪਤਾ ਕਿਉਂ ਨਹੀਂ ਲੱਗਿਆ? ਹਾਦਸੇ ਦੀ ਹੋਰ ਜਾਂਚ ਵਿੱਚ ਇਨ੍ਹਾਂ ਖਦਸ਼ਿਆਂ ਨਾਲ ਸਬੰਧਤ ਸਵਾਲ ਸ਼ਾਮਲ ਕਰਨ ਦੀ ਲੋੜ ਹੈ। ਜਾਂਚ ਰਿਪੋਰਟ ਦਾ ਦੂਜਾ ਪਹਿਲੂ ਇਹ ਹੈ ਕਿ ਕੀ ਪਾਇਲਟ ਦੀ ਗਲਤੀ ਕਾਰਨ ਬਾਲਣ ਕੰਟਰੋਲ ਸਵਿੱਚ ਅਣਜਾਣੇ ਵਿੱਚ ਬੰਦ ਹੋ ਗਏ ਸਨ! ਹਾਲਾਂਕਿ, ਰਿਪੋਰਟ ਸਪੱਸ਼ਟ ਤੌਰ 'ਤੇ ਪਾਇਲਟ ਦੀ ਗਲਤੀ ਵੱਲ ਇਸ਼ਾਰਾ ਨਹੀਂ ਕਰਦੀ ਹੈ। ਇਸ ਦੇ ਨਾਲ ਹੀ ਹਵਾਬਾਜ਼ੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਇਲਟਾਂ ਵੱਲੋਂ ਅਣਜਾਣੇ ਵਿੱਚ ਫਿਊਲ ਸਵਿੱਚ ਨੂੰ ਚਾਲੂ ਜਾਂ ਬੰਦ ਕਰਨ ਦੀ ਸੰਭਾਵਨਾ ਬਹੁਤ ਘੱਟ ਹੈ, ਕਿਉਂਕਿ ਸਵਿੱਚ ਵਿੱਚ ਇੱਕ ਛੋਟਾ ਮਕੈਨੀਕਲ ਗੇਟ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਪਾਇਲਟਾਂ ਨੇ ਇੰਜਣਾਂ ਨੂੰ ਮੁੜ ਚਾਲੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਿਰਫ਼ ਇੱਕ ਇੰਜਣ ਠੀਕ ਹੋ ਸਕਿਆ, ਜਦੋਂ ਕਿ ਦੂਜਾ ਗਤੀ ਵਧਾਉਣ ਲਈ ਲੋੜੀਂਦੀ ਊਰਜਾ ਪੈਦਾ ਨਹੀਂ ਕਰ ਸਕਿਆ। ਯਾਨੀ, ਪਾਇਲਟਾਂ ਨੇ ਉਸ ਨਾਜ਼ੁਕ ਪਲ ਵਿੱਚ ਹਾਰ ਨਹੀਂ ਮੰਨੀ ਅਤੇ ਉਨ੍ਹਾਂ ਨੇ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਏਅਰਕ੍ਰਾਫਟ ਐਕਸੀਡੈਂਟ ਇਨਵੈਸਟੀਗੇਸ਼ਨ ਬਿਊਰੋ ਨੇ ਅਜੇ ਤੱਕ ਇਸ ਹਾਦਸੇ ਪਿੱਛੇ ਸਾਜ਼ਿਸ਼ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਹੈ। ਖੈਰ, ਜਿਸ ਤਰ੍ਹਾਂ ਇਹ ਪੂਰੀ ਘਟਨਾ ਸਾਹਮਣੇ ਆਈ ਹੈ, ਹਰ ਪਹਿਲੂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਹਰ ਜ਼ਰੂਰੀ ਕਦਮ ਚੁੱਕਿਆ ਜਾਣਾ ਚਾਹੀਦਾ ਹੈ।

**-ਜਗਜੀਤ ਸਿੰਘ ਦਰਦੀ**

## ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਬਿੱਲ

# ਬੇਅਦਬੀ ਦੀ ਪਰਿਭਾਸ਼ਾ, ਸਜ਼ਾ, ਰਾਜਨੀਤੀ ਤੇ ਸਮਾਜ ਦਾ ਰੁਝਾਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156



ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਅਤੇ ਬੇਅਦਬੀਆਂ ਦੀ ਚਰਚਾ ਹੁਣ ਸਮਾਜ ਦੀ ਉਸ ਚਰਚਾ ਦੀ ਨਿਸ਼ਾਨੀ ਹੈ, ਜਿਸ ਚਰਚਾ ਨੇ ਇਸ ਨੂੰ ਧਾਰਮਿਕ ਸਰਹੱਦਾਂ ਤੋਂ ਰਾਜਨੀਤਿਕ ਸੀਮਾਵਾਂ ਵਿਚ ਧਰਮ ਦੀ ਮਰਿਆਦਾ ਅਤੇ ਇਸਦੀ ਪਰਿਭਾਸ਼ਾ ਦੇ ਸਰੂਪ 'ਤੇ ਜਿਸ ਤਰ੍ਹਾਂ ਦਾ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਸੀ, ਉਸਦੀ ਹਮੇਸ਼ਾ ਘਾਟ ਰਹੀ ਹੈ। ਸਾਡੇ ਸਭ ਲਈ ਇਹ ਇੱਕ ਸੰਵੇਦਨਸ਼ੀਲ ਵਿਸ਼ਾ ਹੈ, ਜਿਸ ਨਾਲ ਧਰਮ ਸਮਾਜ ਵਿਸ਼ੇਸ਼ਕਰ ਪੰਜਾਬ ਦਾ ਸਿੱਖ ਸਮਾਜ ਤੋਂ ਬਿਨਾਂ ਸਾਰੇ ਪੰਜਾਬੀਆਂ ਦਾ ਵਿਸ਼ਵਾਸ ਜਿਸ ਆਸਥਾ ਦੇ ਪ੍ਰਤੀ ਹੈ, ਉਹ ਭਾਵੇਂ ਕਿਸੇ ਵੀ ਧਰਮ ਦੇ ਹੋਣ ਪ੍ਰਭੂ ਪ੍ਰਮਾਤਮਾ ਵਿੱਚ ਜਿਸ ਤਰ੍ਹਾਂ ਬੇਅਦਬੀਆਂ ਦਾ ਮਸਲਾ ਰਾਜਨੀਤਿਕ ਪਾਰਟੀਆਂ ਨੇ ਆਪਣਾ ਵੋਟ ਬੈਂਕ ਸੁਰੱਖਿਅਤ ਕਰਨ ਲਈ ਬਣਾਇਆ ਹੈ, ਉਹ ਰਾਜਨੀਤਿਕ ਪਾਰਟੀਆਂ ਅਤੇ ਸਮਾਜ ਦੀ ਅਧੋਗਤੀ ਦਾ ਹੀ ਨਤੀਜਾ ਹੈ ਕਿ ਅਜੇ ਵੀ ਇਸ ਬਾਰੇ ਕੁੱਝ ਵੀ ਨਹੀਂ ਹੋਇਆ ਹੈ।

**ਅੱਜ ਬੇਅਦਬੀਆਂ ਦੀ ਪਰਿਭਾਸ਼ਾ ਕੀ ਹੋਵੇ?**

ਹੁਣ ਬੇਅਦਬੀਆਂ ਬਾਰੇ ਕੀਤਾ ਕੀ ਜਾਵੇ ਕਿ ਇੱਕ ਡਰ ਭੈਅ ਤੇ ਧਰਮ ਤੋਂ ਡਰ ਕੇ ਚੱਲਣ ਦੀ ਪਹਿਲ ਹੋਵੇ ਪ੍ਰੰਤੂ ਸਾਡਾ ਸਮਾਜ ਹੈ ਕਿ ਰਾਜਨੀਤਿਕ ਵੋਟਾਂ ਤੇ ਰਾਜਨੀਤਿਕ ਪਾਰਟੀਆਂ ਦੀ ਸ਼ਤਰੰਜ ਦੀ ਖੇਲ ਬਣਿਆ ਹੋਇਆ ਹੈ। ਅੱਜ ਜਿਸ ਵਿੱਚ ਉਲਝ ਕੇ ਹੁਣ ਜਿਸ ਤਰ੍ਹਾਂ ਪੰਜਾਬ ਵਿਧਾਨ ਸਭਾ ਵਿੱਚ ਇਹ ਮਤਾ ਪਾਸ ਕਰਨ ਵਾਸਤੇ ਰੱਖਿਆ ਗਿਆ ਹੈ ਅਤੇ ਜਿਸ 'ਤੇ ਵਿਚਾਰ ਹੋ ਰਹੀ ਹੈ, ਉਸ ਦੀ ਪਰਿਪਾਟੀ ਤੇ ਉਸਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਉਸਦੇ ਸੰਵੇਦਨਸ਼ੀਲ ਤੇ ਗਹਿਰੀ ਚਰਚਾ ਹੋਣੀ ਬਣਦੀ ਹੈ।

ਆਓ ਵੇਖਦੇ ਹਾਂ ਕਿ ਇਸ ਨਾਲ ਜੁੜੇ ਹੋਏ ਵਿਸ਼ਿਆਂ 'ਤੇ ਹੁਣ ਸਮਾਜ ਦਾ ਕੀ ਕਹਿਣਾ ਹੈ ਤੇ ਰਾਜਨੀਤਿਕ ਪਾਰਟੀਆਂ ਦੀ ਸੋਚ ਕੀ ਹੈ। ਅੱਜ ਪੰਜਾਬ, ਜਿਥੇ ਧਾਰਮਿਕ ਸੰਵੇਦਨਸ਼ੀਲਤਾਵਾਂ ਅਤੇ ਸੱਭਿਆਚਾਰਕ ਪਛਾਣ ਰਾਜਨੀਤੀ ਦਾ ਮੁੱਖ ਹਿੱਸਾ ਰਹੇ ਹਨ, ਉਥੇ ਬੇਅਦਬੀ (ਧਾਰਮਿਕ ਗ੍ਰੰਥਾਂ ਦੀ ਅਣਦੇਖੀ ਜਾਂ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ) ਦਾ ਮੁੱਦਾ ਹਮੇਸ਼ਾ ਹੀ ਭਾਵੁਕ ਅਤੇ ਵਿਵਾਦਪੂਰਨ ਰਿਹਾ ਹੈ।

14 ਜੁਲਾਈ, 2025 ਨੂੰ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਿੱਲ ਪੇਸ਼ ਕੀਤਾ ਗਿਆ ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ-2025 ਇਸ ਮੁੱਦੇ ਨੂੰ ਇੱਕ ਵਾਰ ਫਿਰ ਸੁਰਖੀਆਂ ਵਿੱਚ ਲੈ ਆਇਆ ਹੈ। ਇਹ ਬਿੱਲ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਪਵਿੱਤਰ ਕੁਰਾਨ ਅਤੇ ਬਾਈਬਲ ਸਮੇਤ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਲਈ ਸਖ਼ਤ ਸਜ਼ਾਵਾਂ, ਜਿਵੇਂ ਕਿ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ ਅਜਿਹੇ ਅਪਰਾਧਾਂ ਵਿੱਚ ਸਹਾਇਤਾ ਕਰਨ ਵਾਲਿਆਂ ਲਈ ਵੀ ਸਜ਼ਾਵਾਂ ਦਾ ਪ੍ਰਸਤਾਵ ਕਰਦਾ ਹੈ।

ਵਿਧਾਨ ਸਭਾ ਵਿੱਚ ਬਿੱਲ ਦੀ ਚਰਚਾ ਵਿੱਚ ਇਹ ਬਿੱਲ ਪੰਜਾਬ ਵਿਧਾਨ ਸਭਾ ਵਿੱਚ 14 ਜੁਲਾਈ, 2025 ਨੂੰ ਪੇਸ਼ ਕੀਤਾ ਗਿਆ ਸੀ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਗੰਭੀਰ ਮੁੱਦਾ ਦੱਸਦਿਆਂ ਅਗਲੇ ਦਿਨ (15 ਜੁਲਾਈ, 2025) ਨੂੰ ਇਸ 'ਤੇ ਵਿਸਤ੍ਰਿਤ ਚਰਚਾ ਦੀ ਮੰਗ ਕੀਤੀ ਹੈ। ਇਸ ਬਿੱਲ ਦਾ ਮਕਸਦ ਸਮਾਜਿਕ ਸਦਭਾਵਨਾ, ਭਾਈਚਾਰਕ ਮਿਲਵਰਤਨ ਅਤੇ ਧਾਰਮਿਕ ਸਤਿਕਾਰ ਨੂੰ ਕਾਇਮ ਰੱਖਣਾ ਹੈ ਪਰ ਇਸ ਦੀਆਂ ਸਜ਼ਾਵਾਂ ਅਤੇ ਕਾਨੂੰਨੀ ਪ੍ਰਭਾਵਾਂ ਨੂੰ ਲੈ ਕੇ ਵਿਧਾਨ ਸਭਾ ਵਿੱਚ ਗੰਭੀਰ ਵਿਚਾਰ-ਚਰਚਾ ਦੀ ਲੋੜ ਮਹਿਸੂਸ ਕੀਤੀ ਗਈ। ਪੰਜਾਬ ਸਰਕਾਰ ਨੇ ਇਸ ਬਿੱਲ ਨੂੰ ਪਾਸ ਕਰਨ ਤੋਂ ਪਹਿਲਾਂ ਧਾਰਮਿਕ ਸੰਸਥਾਵਾਂ ਅਤੇ ਹੋਰ ਸਟੇਕਹੋਲਡਰਾਂ ਦੀ ਸਲਾਹ ਲੈਣ ਦੀ ਵੀ ਗੱਲ ਕਹੀ ਹੈ, ਜਿਸ ਨਾਲ ਇਹ ਸੰਕੇਤ ਮਿਲਦਾ ਹੈ ਕਿ ਸਰਕਾਰ ਇਸ ਨੂੰ ਸਮਾਜ ਦੇ ਵਿਆਪਕ ਹਿੱਤ ਵਿੱਚ ਲਾਗੂ ਕਰਨਾ ਚਾਹੁੰਦੀ ਹੈ।

ਹੁਣ ਰਾਜਨੀਤਿਕ ਪਾਰਟੀਆਂ ਦੀ ਰਾਜਨੀਤੀ ਵਿੱਚ ਬੇਅਦਬੀ ਦਾ ਮੁੱਦਾ ਪੰਜਾਬ ਦੀ ਰਾਜਨੀਤੀ ਵਿੱਚ ਹਮੇਸ਼ਾ ਹੀ ਇੱਕ ਸੰਵੇਦਨਸ਼ੀਲ ਅਤੇ ਵੋਟ-ਬੈਂਕ ਨਾਲ ਜੁੜਿਆ ਮੁੱਦਾ ਰਿਹਾ ਹੈ।

2015 ਵਿੱਚ ਫਰੀਦਕੋਟ ਦੇ ਬਰਗਾੜੀ ਅਤੇ ਬਹਿਬਲ ਕਲਾਂ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਇਸ ਦੇ ਵਿਰੋਧ ਵਿੱਚ ਪੁਲਿਸ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਨੇ ਸੂਬੇ ਦੀ ਰਾਜਨੀਤੀ ਨੂੰ ਹਿਲਾ ਕੇ ਰੱਖ ਦਿੱਤਾ ਸੀ। ਇਸ ਮੁੱਦੇ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (SAD) ਅਤੇ ਭਾਰਤੀ ਜਨਤਾ ਪਾਰਟੀ (BJP) ਦੀ ਸਾਂਝੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਉਧਰ ਕਾਂਗਰਸ ਨੇ ਇਸ ਮੁੱਦੇ ਨੂੰ ਚੁੱਕ ਕੇ ਵੋਟਰਾਂ ਦੀਆਂ ਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕੀਤਾ ਜਦਕਿ ਅਕਾਲੀ ਦਲ 'ਤੇ ਜਾਂਚ ਵਿੱਚ ਅਸਫਲਤਾ ਅਤੇ ਮੁੱਦੇ ਨੂੰ ਸਿਆਸੀ ਤੌਰ 'ਤੇ ਵਰਤਣ ਦੇ ਦੋਸ਼ ਲੱਗੇ।

ਹੁਣ, ਆਮ ਆਦਮੀ ਪਾਰਟੀ ਸਰਕਾਰ ਨੇ 2022 ਵਿੱਚ ਸੱਤਾ ਸੰਭਾਲੀ ਅਤੇ ਇਸ ਮੁੱਦੇ ਨੂੰ ਲੈ ਕੇ ਸਖ਼ਤ ਕਾਨੂੰਨ ਲਿਆਉਣ ਦਾ ਵਾਅਦਾ ਕੀਤਾ ਹੈ। ਵਿਸ਼ਲੇਸ਼ਕਾਂ ਨੇ ਅਕਾਲੀ ਦਲ 'ਤੇ ਤੰਜ਼ ਕੱਸਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਬੇਅਦਬੀ ਮੁੱਦੇ 'ਤੇ ਸਿਰਫ਼ ਸਿਆਸਤ ਕੀਤੀ ਅਤੇ ਜਾਂਚ ਨੂੰ ਨੀਵਾਂ ਪਾਇਆ। ਦੂਜੇ ਪਾਸੇ, ਭਾਜਪਾ ਨੇਤਾ ਮਨਜਿੰਦਰ ਸਿੰਘ ਸਿਰਸਾ ਨੇ ਆਪ 'ਤੇ ਇਸ ਮੁੱਦੇ ਨੂੰ ਸਿਆਸੀ ਫਾਇਦੇ ਲਈ ਵਰਤਣ ਦਾ ਦੋਸ਼ ਲਗਾਇਆ ਹੈ ਅਤੇ ਦਾਅਵਾ ਕਰਦਿਆਂ ਕਿ ਪਿਛਲੇ ਤਿੰਨ ਸਾਲਾਂ ਵਿੱਚ ਆਪ ਸਰਕਾਰ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਜਾਂ ਦੋਸ਼ੀਆਂ ਨੂੰ ਫੜਨ ਵਿੱਚ ਅਸਫਲਤਾ ਹਾਸਲ ਕੀਤੀ।

ਅੱਜ ਸਮਾਜ 'ਤੇ ਪ੍ਰਭਾਵ ਹੇਠ ਬੇਅਦਬੀ ਦਾ ਮੁੱਦਾ ਪੰਜਾਬ ਦੇ ਸਮਾਜ ਵਿੱਚ ਡੂੰਘਾ ਪ੍ਰਭਾਵ ਪਾਉਂਦਾ ਹੈ, ਕਿਉਂਕਿ ਇਹ ਸਿੱਧੇ ਤੌਰ 'ਤੇ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। 2015 ਦੀਆਂ ਬਰਗਾੜੀ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਬਾਰੀ ਨੇ ਸਮਾਜ ਵਿੱਚ ਤੀਬਰ ਪ੍ਰਤੀਕਰਮ ਪੈਦਾ ਕੀਤਾ ਸੀ, ਜਿਸ ਨੇ ਸਮਾਜਿਕ ਸਦਭਾਵਨਾ ਨੂੰ ਚੁਣੌਤੀ ਦਿੱਤੀ ਸੀ।

ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਨਾ ਸਿਰਫ਼ ਸਿੱਖ ਭਾਈਚਾਰੇ ਵਿੱਚ ਸਗੋਂ ਸੂਬੇ ਦੇ ਵਿਭਿੰਨ ਧਾਰਮਿਕ ਸਮੂਹਾਂ ਵਿੱਚ ਵੀ ਤਣਾਅ ਪੈਦਾ ਕੀਤਾ ਹੈ। ਨਵਾਂ ਬਿੱਲ, ਜੋ ਸਖ਼ਤ ਸਜ਼ਾਵਾਂ ਦਾ ਪ੍ਰਸਤਾਵ ਕਰਦਾ ਹੈ, ਸਮਾਜ ਵਿੱਚ ਸਦਭਾਵਨਾ ਅਤੇ ਸ਼ਾਂਤੀ ਨੂੰ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਇਸ ਦੇ ਸੰਭਾਵੀ ਨਕਾਰਾਤਮਕ ਪ੍ਰਭਾਵ ਵੀ ਹਨ। ਕੁੱਝ ਆਲੋਚਕ, ਜਿਵੇਂ ਦਲੀਲ ਦਿੰਦੇ ਹਨ ਕਿ ਅਜਿਹੇ ਕਾਨੂੰਨ ਹਥਿਆਰਬੰਦ ਭੀੜ ਨੂੰ ਸਹੀ ਠਹਿਰਾਉਣ ਅਤੇ ਨਿਆਂ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰ ਸਕਦੇ ਹਨ। 2015 ਅਤੇ 2021 ਵਿੱਚ ਹੋਈਆਂ ਬੇਅਦਬੀ ਨਾਲ ਜੁੜੀਆਂ ਲਿੰਚਿੰਗ ਘਟਨਾਵਾਂ ਨੇ ਇਸ ਖਤਰੇ ਨੂੰ ਉਜਾਗਰ ਕੀਤਾ ਸੀ।

ਇਸ ਤਰ੍ਹਾਂ ਦੇ ਕਾਨੂੰਨਾਂ ਦੀ ਅਸਪੱਸ਼ਟ ਪਰਿਭਾਸ਼ਾ, ਜਿਵੇਂ ਕਿ ਬੇਅਦਬੀ ਦੀ ਵਿਆਖਿਆ ਨੂੰ ਲੈ ਕੇ ਵੀ ਸਵਾਲ ਉੱਠਦੇ ਹਨ, ਜੋ ਸਮਾਜ ਵਿੱਚ ਗਲਤ ਵਰਤੋਂ ਅਤੇ ਤਣਾਅ ਦਾ ਕਾਰਨ ਬਣ ਸਕਦੀ ਹੈ। ਵੱਖ-ਵੱਖ ਮੱਤ ਅਤੇ ਵਿਚਾਰਾਂ ਨੂੰ ਜਾਣੇ ਹੁਣ ਬੇਅਦਬੀ ਦੇ ਮੁੱਦੇ 'ਤੇ ਵਿਭਿੰਨ ਸਮਾਜਿਕ ਅਤੇ ਰਾਜਨੀਤਿਕ ਸਮੂਹਾਂ ਦੇ ਵੱਖ-ਵੱਖ ਵਿਚਾਰ ਹਨ।

ਅੱਜ ਸਿੱਖ ਭਾਈਚਾਰਾ ਅਤੇ ਧਾਰਮਿਕ ਸੰਸਥਾਵਾਂ ਸਿੱਖ ਸਮਾਜ ਅਤੇ ਧਾਰਮਿਕ ਸੰਸਥਾਵਾਂ, ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਦੀ ਮੰਗ ਕਰਦੇ ਰਹੇ ਹਨ। 2015 ਦੀਆਂ ਘਟਨਾਵਾਂ ਤੋਂ ਬਾਅਦ, ਸਮਾਜ ਵਿੱਚ ਇਸ ਮੁੱਦੇ ਨੂੰ ਲੈ ਕੇ ਗੁੱਸੇ ਅਤੇ ਨਿਰਾਸ਼ਤਾ ਦੀ ਭਾਵਨਾ ਵਧੀ ਹੈ।

ਅੱਜ ਰਾਜਨੀਤਿਕ ਪਾਰਟੀਆਂ ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ, ਸਾਰੀਆਂ ਵੱਡੀਆਂ ਪਾਰਟੀਆਂ ਆਪ, ਕਾਂਗਰਸ ਅਤੇ ਅਕਾਲੀ ਦਲ ਨੇ ਇਸ ਮੁੱਦੇ ਨੂੰ ਸਿਆਸੀ ਫਾਇਦੇ ਲਈ ਵਰਤਿਆ। ਆਪ ਅਤੇ ਕਾਂਗਰਸ ਨੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਿਆ, ਜਦਕਿ ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਗਾਇਆ ਹੈ ਕਿ ਇਹ ਪਾਰਟੀਆਂ ਸਮਾਜ ਨੂੰ ਭੜਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਹੁਣ ਨਾਗਰਿਕ ਸਮਾਜ ਅਤੇ ਆਲੋਚਕਾਂ ਅਨੁਸਾਰ ਕੁਝ ਬੁੱਧੀਜੀਵੀ ਅਤੇ ਨਾਗਰਿਕ ਸਮੂਹ ਅਜਿਹੇ ਕਾਨੂੰਨਾਂ ਦੀ ਆਲੋਚਨਾ ਕਰਦੇ ਹਨ, ਉਹਨਾਂ ਅਨੁਸਾਰ ਇਹ ਸਮਾਜ ਵਿੱਚ ਵੰਡੀਆਂ ਪੈਦਾ ਕਰ ਸਕਦੇ ਹਨ ਅਤੇ ਸਵਤੰਤਰਤਾ 'ਤੇ ਪ੍ਰਤੀਬੰਧ ਲਗਾ ਸਕਦੇ ਹਨ। ਪਾਕਿਸਤਾਨ ਦੀਆਂ ਬਲੈਸਫੈਮੀ ਕਾਨੂੰਨਾਂ ਦੀ ਮਿਸਾਲ ਦਿੰਦੇ ਹੋਏ, ਆਲੋਚਕ ਚੇਤਾਵਨੀ ਦਿੰਦੇ ਹਨ ਕਿ ਅਜਿਹੇ ਕਾਨੂੰਨਾਂ ਦੀ ਗਲਤ ਵਰਤੋਂ ਸਮਾਜਿਕ ਸਦਭਾਵਨਾ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਉਧਰ ਕਾਨੂੰਨੀ ਮਾਹਰਾਂ ਦਾ ਮੰਨਣਾ ਹੈ ਕਿ ਬਿੱਲ ਦੀ ਸਫਲਤਾ ਇਸ ਦੀ ਸਪੱਸ਼ਟਤਾ ਅਤੇ ਸੰਵਿਧਾਨਕ ਸੀਮਾਵਾਂ ਦੇ ਅੰਦਰ ਰਹਿਣ 'ਤੇ ਨਿਰਭਰ ਕਰੇਗੀ। ਪਿਛਲੇ ਬਿੱਲਾਂ ਨੂੰ ਕੇਂਦਰ ਸਰਕਾਰ ਨੇ ਇਸ ਆਧਾਰ 'ਤੇ ਵਾਪਸ ਕੀਤਾ ਸੀ ਕਿ ਉਹ ਸੰਵਿਧਾਨ ਦੀ ਧਰਮ-ਨਿਰਪੇਖਤਾ ਦੀ ਉਲੰਘਣਾ ਕਰਦੇ ਸਨ। ਅੱਜ ਪੰਜਾਬੀ ਸਮਾਜ 'ਤੇ ਪ੍ਰਭਾਵ ਅਤੇ ਸੰਭਾਵੀ ਨਤੀਜਿਆਂ ਤੇ ਬੇਅਦਬੀ ਦਾ ਮੁੱਦਾ ਪੰਜਾਬੀ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਭਾਵਨਾਵਾਂ ਨੂੰ ਡੂੰਘਾਈ ਨਾਲ ਪ੍ਰਭਾਵਿਤ ਕਰਦਾ ਹੈ। ਇਹ ਬਿੱਲ, ਜੇਕਰ ਪਾਸ ਹੋ ਜਾਂਦਾ ਹੈ, ਤਾਂ ਧਾਰਮਿਕ ਸਤਿਕਾਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਕਦਮ ਹੋ ਸਕਦਾ ਹੈ, ਪਰ ਇਸ ਦੇ ਸੰਭਾਵੀ ਨੁਕਸਾਨ ਵੀ ਹਨ। ਸਖ਼ਤ ਸਜ਼ਾਵਾਂ ਸਮਾਜ ਵਿੱਚ ਡਰ ਦਾ ਮਾਹੌਲ ਪੈਦਾ ਕਰ ਸਕਦੀਆਂ ਹਨ ਅਤੇ ਗਲਤ ਵਰਤੋਂ ਦੀ ਸੰਭਾਵਨਾ ਵੱਧ ਸਕਦੀ ਹੈ। ਇਸ ਦੇ ਨਾਲ ਹੀ, ਇਹ ਸਿਆਸੀ ਪਾਰਟੀਆਂ ਲਈ ਵੋਟ-ਬੈਂਕ ਦਾ ਸਾਧਨ ਵੀ ਬਣ ਸਕਦਾ ਹੈ, ਜਿਸ ਨਾਲ ਸਮਾਜ ਵਿੱਚ ਵੰਡੀਆਂ ਵੱਧ ਸਕਦੀਆਂ ਹਨ।

ਇਸ ਮੁੱਦੇ ਦਾ ਹੱਲ ਨਿਕਾਲਣ ਲਈ ਸਰਕਾਰ ਨੂੰ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਦੀ ਲੋੜ ਹੈ। ਸਮਾਜ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ, ਸਰਕਾਰ ਨੂੰ ਇਹ ਯਕੀਨੀ ਕਰਨਾ ਹੋਵੇਗਾ ਕਿ ਕਾਨੂੰਨ ਸੰਵਿਧਾਨਕ ਮੁੱਲਾਂ ਅਤੇ ਨਿਆਂ ਦੀ ਪ੍ਰਕਿਰਿਆ ਦੀ ਰਾਖੀ ਕਰੇ। ਸਮਾਜਿਕ ਸਦਭਾਵਨਾ ਅਤੇ ਨਿਆਂ ਦੀ ਪਹੁੰਚ ਨੂੰ ਮੁੱਖ ਰੱਖਦੇ ਹੋਏ, ਸਾਰੇ ਸਟੇਕਹੋਲਡਰਾਂ ਨਾਲ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ।

ਅੱਜ ਬੇਅਦਬੀ ਦਾ ਮੁੱਦਾ ਪੰਜਾਬੀ ਸਮਾਜ ਅਤੇ ਰਾਜਨੀਤੀ ਦਾ ਇੱਕ ਅਟੁੱਟ ਅੰਗ ਬਣ ਗਿਆ ਹੈ। ਨਵਾਂ ਬਿੱਲ ਇਸ ਮੁੱਦੇ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੋ ਸਕਦਾ ਹੈ, ਪਰ ਇਸ ਦੀ ਸਫਲਤਾ ਸਮਾਜਿਕ ਸਦਭਾਵਨਾ, ਸੰਵਿਧਾਨਕ ਸੀਮਾਵਾਂ ਅਤੇ ਸਪੱਸ਼ਟ ਕਾਨੂੰਨੀ ਪਰਿਭਾਸ਼ਾਵਾਂ 'ਤੇ ਨਿਰਭਰ ਕਰੇਗੀ ਅਤੇ ਸਰਕਾਰ ਅਤੇ ਸਮਾਜ ਨੂੰ ਮਿਲ ਕੇ ਇਹ ਯਕੀਨੀ ਕਰਨਾ ਹੋਵੇਗਾ ਕਿ ਇਹ ਕਾਨੂੰਨ ਸਮਾਜ ਨੂੰ ਜੋੜੇ, ਨਾ ਕਿ ਵੰਡੇ।

# ਪੰਜਾਬ ਦੇ ਸਿਆਸੀ ਲੀਡਰਾਂ ਦੀਆਂ ਬੇਤੁਕੀਆਂ

ਕਮਲਜੀਤ ਸਿੰਘ ਬਨਵੈਤ
98147 34035



ਮਾਲਵੇ ਅੰਦਰ ਦੋ ਦਿਨ ਪਹਿਲਾਂ ਦੋ ਇਕੱਠ ਜੁੜਦੇ ਹਨ। ਇੱਕ ਇਕੱਠ ਵਿੱਚ ਪੰਜਾਬ ਪੁਲਿਸ ਦੇ ਜ਼ਬਰ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਤੜਫ਼ ਦਿਸਦੀ ਹੈ। ਦੂਜੇ ਇਕੱਠ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਸੂਬੇ ਵਿੱਚ ਸ਼ਾਂਤੀ ਕਾਇਮ ਕਰਨ ਲਈ ਮਰਹੂਮ ਬੇਅੰਤ ਸਿੰਘ ਵੱਲੋਂ ਦਿੱਤੀ ਕੁਰਬਾਨੀ ਦੇ ਸੋਹਲੇ ਗਾਉਂਦੇ ਹਨ। ਤਪੇ ਵਿਖੇ ਹੋਏ ਪਹਿਲੇ ਇਕੱਠ ਵਿੱਚ ਬੁਲਾਰੇ ਰੋਣਾ ਰੋਂਦੇ ਹਨ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੰਦਰ ਵੀ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ ਪੁਲਿਸ ਮੁਖੀ ਕੇ ਪੀ ਐਸ ਗਿੱਲ ਵਾਲੀ ਬੁੱਚੜ ਰੂਹ ਪ੍ਰਵੇਸ਼ ਕਰ ਗਈ ਹੈ। ਦਾਖਾ ਰੈਲੀ ਵਿੱਚ ਰਾਜਾ ਵੜਿੰਗ ਦਾ ਬੇਅੰਤ ਪਰਿਵਾਰ ਦੀ ਕੁਰਬਾਨੀ ਦਾ ਮੁੱਲ ਨਾ ਪਾਉਣ ਦਾ ਦਰਦ ਝਲਕਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਉਸੇ ਵੇਲੇ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੱਤਰਕਾਰਾਂ ਦੇ ਸਵਾਲ ਕਰਨ ਤੋਂ ਹਲਕੇ ਲਹਿਜੇ ਵਿੱਚ ਰੁਕਦੇ ਹਨ। ਉਹਨਾਂ ਵੱਲੋਂ ਪੰਜਾਬ ਵਿਧਾਨ ਸਭਾ ਅੰਦਰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਭਾਰਤੀ ਸ਼ਬਦਾਵਲੀ ਹਾਲੇ ਭੁੱਲੀ ਨਹੀਂ ਹੈ। ਪੰਜਾਬ ਭਾਜਪਾ ਦੇ ਨਵੇਂ ਬਣੇ ਵਰਕਿੰਗ ਪ੍ਰਧਾਨ ਅਸ਼ਵਨੀ ਸ਼ਰਮਾ ਵੀ ਅਹੁਦੇ ਦਾ ਚਾਰਜ ਤੋਂ ਬਾਅਦ ਮੁੱਖ ਮੰਤਰੀ ਮਾਨ ਨੂੰ ਬਰਾਬਰ ਠੋਕਣ ਦਾ ਦਾਅਵਾ ਕਰਦੇ ਹਨ। ਤਪੇ ਵਾਲੇ ਇਕੱਠ ਵਿੱਚ ਉੱਠੀ ਲੋਕ ਪੀੜ ਨੂੰ ਛੱਡ ਕੇ ਬਾਕੀ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਮੁੱਦਿਆਂ ਉੱਤੇ ਗੱਲ ਕਰਨ ਦੀ ਥਾਂ ਬੇਤੁਕੀਆਂ ਛੱਡੀਆਂ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਦਾ ਦਰਦ ਉੱਛਲਿਆ ਹੈ ਕਿ ਬੇਅੰਤ ਪਰਿਵਾਰ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ ਗਿਆ ਹੈ। ਉਹਨਾਂ ਨੇ ਦਲੀਲ ਦਿੱਤੀ ਕਿ ਬੇਅੰਤ ਸਿੰਘ ਦੇ ਪੋਤਰੇ ਗੁਰਕੀਰਤ ਸਿੰਘ ਨੂੰ ਵਜ਼ੀਰ ਤਾਂ ਬਣਾਇਆ ਗਿਆ ਪਰ ਸਿਰਫ਼ ਚਾਰ ਮਹੀਨਿਆਂ ਲਈ। ਉਹ ਭੁੱਲ ਗਏ ਕਿ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਉਹਨਾਂ ਦੇ ਪੁੱਤਰ ਤੇਜ ਪ੍ਰਕਾਸ਼ ਸਿੰਘ ਨੂੰ ਤੁਰੰਤ ਵਜ਼ਾਰਤ ਦੇ ਵਿੱਚ ਸ਼ਾਮਲ ਕਰ ਲਿਆ ਗਿਆ ਸੀ। ਉਹਨਾਂ ਦੀ ਧੀ ਗੁਰਕੰਵਲ ਕੌਰ ਵੀ ਸਟੇਟ ਮਨਿਸਟਰ ਰਹੀ ਹੈ। ਉਹਨਾਂ ਦੇ ਇੱਕ ਹੋਰ ਪੋਤਰੇ ਰਵਨੀਤ ਸਿੰਘ ਬਿੱਟੂ ਕਾਂਗਰਸ ਦੀ ਟਿਕਟ ਤੋਂ ਧੰਨਵਾਦ ਮੈਂਬਰ ਪਾਰਲੀਮੈਂਟ ਬਣੇ ਹਨ। ਅੱਜ ਕੱਲ ਉਹ ਕੇਂਦਰ ਵਿੱਚ ਰਾਜ ਮੰਤਰੀ ਹਨ, ਚਾਹੇ ਭਾਜਪਾ ਦੀ ਮੇਹਰਬਾਨੀ ਸਦਕਾ ਹੀ ਸਹੀ। ਭਾਜਪਾ ਨੇ ਵੀ ਬਿੱਟੂ 'ਤੇ ਮਿਹਰਬਾਨੀ ਇਸ ਕਰਕੇ ਕੀਤੀ ਹੈ ਕਿਉਂਕਿ ਉਹ ਬੇਅੰਤ ਸਿੰਘ ਦਾ ਪੋਤਰਾ ਹੈ। ਚਾਹੇ ਭਾਜਪਾ ਦੇ ਇਸ ਫੈਸਲੇ ਨੂੰ ਸਿਆਸਤ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ ਹੈ।

ਦਾਖਾ ਵਿੱਚ ਹੋਏ ਇਸ ਸਮਾਗਮ ਦੀ ਕਾਂਗਰਸ ਪਾਰਟੀ ਅੰਦਰਲੀ ਇੱਕਜੁੱਟਤਾ ਦੇ ਮੁੱਦੇ ਨੂੰ ਲੈ ਕੇ ਨਾ ਕਰੀਏ ਤਾਂ ਗੱਲ ਅਧੂਰੀ ਰਹਿ ਜਾਵੇਗੀ। ਕਾਂਗਰਸ ਦੀ ਹੋਈ ਇਸ ਰੈਲੀ ਵਿੱਚੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਧੜਾ ਇੱਕ ਵਾਰ ਫਿਰ ਨਦਾਰਦ ਰਿਹਾ। ਲੱਗਦਾ ਹੈ ਕਿ ਕਾਂਗਰਸ ਨੇ ਲੁਧਿਆਣਾ ਦੀ ਜ਼ਿਮਨੀ ਚੋਣ ਦੀ ਹਾਰ ਤੋਂ ਸਬਕ ਨਹੀਂ ਸਿੱਖਿਆ ਹੈ। ਨਾ ਹੀ ਪੰਜਾਬ ਕਾਂਗਰਸ ਦੇ ਲੀਡਰਾਂ ਨੂੰ ਹਾਈ ਕਮਾਨ ਦਾ ਕੋਈ ਡਰ-ਭਉ ਲੱਗਦਾ ਹੈ। ਖ਼ਬਰਾਂ ਹਨ ਕਿ ਲੁਧਿਆਣਾ ਦੀ ਹਾਰ ਤੋਂ ਬਾਅਦ ਕਾਂਗਰਸ ਦੀ ਉੱਚ ਲੀਡਰਸ਼ਿਪ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨੂੰ ਬਦਲਣ ਦਾ ਫੈਸਲਾ ਲਿਆ ਹੈ। ਸੂਤਰ ਦਾਅਵਾ ਕਰਦੇ ਹਨ ਕਿ ਪਾਰਟੀ ਦੀ ਉੱਚ ਲੀਡਰਸ਼ਿਪ ਕਿਸੇ ਅਜਿਹੇ ਨੇਤਾ ਨੂੰ ਪੰਜਾਬ ਦੀ ਪ੍ਰਧਾਨਗੀ ਦੇਣਾ ਚਾਹੁੰਦੀ ਹੈ, ਜਿਹੜਾ ਦੋਹਾਂ ਧੜਿਆਂ ਨੂੰ ਨਾਲ ਲੈ ਕੇ ਚੱਲ ਸਕੇ। ਉਸ ਨੇਤਾ ਨੂੰ ਦੇਣੀ ਪਵੇਗੀ ਜਿਹੜੇ ਕੋਲ ਪਹਿਲਾਂ ਕੋਈ ਜ਼ਿੰਮੇਵਾਰੀ ਨਹੀਂ ਹੈ। ਉਂਝ ਕਾਂਗਰਸ ਅੰਦਰ ਧੜੇਬਾਜ਼ੀ ਕੋਈ ਨਵੀਂ ਗੱਲ ਨਹੀਂ ਹੈ। ਦਹਾਕਿਆਂ ਤੋਂ ਕਾਂਗਰਸ ਦੇ ਲੀਡਰ ਇੱਕ ਦੂਜੇ ਨੂੰ ਠਿੱਬੀ ਲਾਉਂਦੇ ਆ ਰਹੇ ਹਨ। ਪੰਜਾਬ ਕਾਂਗਰਸ ਦਾ ਇੰਨਾ ਬੁਰਾ ਹਾਲ ਪਹਿਲਾਂ ਕਦੇ ਨਹੀਂ ਹੋਇਆ ਹੈ। ਖ਼ਬਰਾਂ ਤਾਂ ਇਹ ਵੀ ਹਨ ਕਿ ਕਾਂਗਰਸ ਦੀ ਉਚ ਲੀਡਰਸ਼ਿਪ ਨੇ ਪੰਜਾਬ ਦੇ ਨੇਤਾਵਾਂ ਉੱਤੇ ਸ਼ਿਕੰਜਾ ਕੱਸਣ ਦਾ ਫੈਸਲਾ ਲਿਆ ਹੈ। ਨਵੇਂ ਫੈਸਲੇ ਮੁਤਾਬਕ ਅਨੁਸ਼ਾਸਨ ਭੰਗ ਕਰਨ ਵਾਲਿਆਂ ਖਿਲਾਫ਼ ਸਖ਼ਤ ਫੈਸਲਾ ਲਿਆ ਜਾਵੇਗਾ। ਇਸ ਦੇ ਚਲਦਿਆਂ ਹੀ ਲੁਧਿਆਣਾ ਤੋਂ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਅਤੇ ਮੀਤ ਪ੍ਰਧਾਨ ਪ੍ਰਗਟ ਸਿੰਘ ਸਮੇਤ ਕੁੱਕੀ ਗਿੱਲ ਦਾ ਅਸਤੀਫ਼ਾ ਬਿਨਾਂ ਦੇਰੀ ਪ੍ਰਵਾਨ ਕਰ ਲਿਆ ਗਿਆ ਹੈ। ਇਹ ਆਪਣੇ ਆਪ ਵਿੱਚ ਉਦਾਹਰਣ ਹੈ ਜਦੋਂ ਸੂਬੇ ਦੀ ਪਹਿਲੀ ਤੇ ਦੂਜੀ ਕਤਾਰ ਦੇ ਲੀਡਰਾਂ ਦੇ ਅਸਤੀਫ਼ੇ ਇੰਨੀ ਜਲਦੀ ਪ੍ਰਵਾਨ ਕੀਤੇ ਗਏ ਹੋਣ। ਇੱਥੇ ਉਸ ਗੱਲ ਦਾ ਦੁਬਾਰਾ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਸੈਂਟਰ ਵਿੱਚ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਕਾਂਗਰਸ ਹਾਈਕਮਾਨ ਦੀ ਆਪਣੀ ਰੀੜ ਦੀ ਹੱਡੀ ਪਹਿਲਾਂ ਜਿੰਨੀ ਮਜ਼ਬੂਤ ਨਹੀਂ ਰਹੀ ਹੈ। ਇਹੋ ਵਜ੍ਹਾ ਹੈ ਕਿ ਕਾਂਗਰਸ ਦੇ ਸੂਬਾਈ ਲੀਡਰ ਆਪਣੀਆਂ ਮਨਮਰਜ਼ੀਆਂ ਕਰਨ ਲੱਗੇ ਹਨ। ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਨੂੰ ਅੱਧੇ ਤੋਂ ਵੱਧ ਸਾਲ ਬੀਤਣ ਤੋਂ ਬਾਅਦ ਵੀ ਹਾਲੇ ਤੱਕ ਕਾਂਗਰਸ ਵਿਰੋਧੀ ਧਿਰ ਦਾ ਨੇਤਾ ਨਹੀਂ ਚੁਣ ਸਕੀ ਹੈ। ਪਾਰਟੀ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਅਪੀਲ ਦੇ ਬਾਵਜੂਦ ਵੀ ਹਰਿਆਣਾ ਵਿੱਚ ਸੰਗਠਨ ਚੋਣ ਵੇਲੇ ਰੱਜ ਕੇ ਅਨੁਸ਼ਾਸਨ ਭੰਗ ਕੀਤਾ ਗਿਆ।

ਇਸੇ ਦੌਰਾਨ ਅਸ਼ਵਨੀ ਸ਼ਰਮਾ ਨੇ ਵਰਕਿੰਗ ਪ੍ਰਧਾਨ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਿੱਧੀ ਚਿਤਾਵਨੀ ਦਿੱਤੀ ਹੈ। ਉਹਨਾਂ ਨੇ ਕਿਹਾ ਕਿ ਜਿਸ ਭਾਸ਼ਾ ਵਿੱਚ ਮੁੱਖ ਮੰਤਰੀ ਸਾਨੂੰ ਬੋਲਣਗੇ ਹੁਣ ਉਸੇ ਭਾਸ਼ਾ ਵਿੱਚ ਜਵਾਬ ਦਿੱਤਾ ਜਾਵੇਗਾ। ਉਹਨਾਂ ਨੇ ਹੋਰ ਸਪੱਸ਼ਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਤੂੰ ਕਹਿਣਗੇ ਤਾਂ ਤੂੰ ਹੀ ਕਹਾਉਣਗੇ। ਇਸੇ ਦੌਰਾਨ ਮੁੱਖ ਮੰਤਰੀ ਮਾਨ ਨੇ ਪੰਜਾਬ ਵਿੱਚ ਆਧੁਨਿਕ ਸਟੇਡੀਅਮ ਉਸਾਰਨ ਨੂੰ ਲੈ ਕੇ ਸੱਦੀ ਪ੍ਰੈਸ ਕਾਨਫਰੰਸ ਵਿੱਚ ਇੱਕ ਪੱਤਰਕਾਰ ਵੱਲੋਂ ਬਿਕਰਮ ਮਜੀਠੀਆ ਬਾਰੇ ਪੁੱਛੇ ਸਵਾਲ ਨੂੰ ਲੈ ਕੇ ਹਲਕੇ ਲਹਿਜੇ ਵਿੱਚ ਟਿੱਪਣੀ ਕੀਤੀ। ਉਹਨਾਂ ਦੀ ਟਿੱਪਣੀ ਨੂੰ ਇਸ ਕਰਕੇ ਗੰਭੀਰਤਾ ਨਾਲ ਲਿਆ ਗਿਆ ਹੈ ਕਿਉਂਕਿ ਉਹ ਅਕਸਰ ਪੱਤਰਕਾਰਾਂ ਨੂੰ ਵਿੱਚੋਂ ਟੋਕਦੇ ਹੀ ਨਹੀਂ ਰਹਿੰਦੇ ਸਗੋਂ ਕਈ ਵਾਰ ਖਰਵੀਂ ਆਵਾਜ਼ ਵਿੱਚ ਮੋੜਵਾਂ ਸਵਾਲ ਵੀ ਕਰ ਦਿੰਦੇ ਹਨ। ਉਹਨਾਂ ਕਿਹਾ ਕਦੇ ਤੁਸੀਂ ਪੁੱਛਦੇ ਹੋ ਕਿ ਬਾਜਵਾ ਇਹ ਬੋਲ ਰਿਹਾ ਹੈ ਕਦੇ ਖਹਿਰੇ ਤੇ ਕਦੇ ਜਾਖੜ ਬਾਰੇ ਪੁੱਛਦੇ ਹੋ। ਮੁੱਖ ਮੰਤਰੀ ਨੇ ਕਿਹਾ ਕਿ ਕਦੇ ਪੰਜਾਬ ਦੇ ਵਿਕਾਸ ਬਾਰੇ ਵੀ ਪੁੱਛ ਲਿਆ ਕਰੋ।

ਉਹ ਖੇਡਾਂ ਬਾਰੇ ਗੱਲਬਾਤ ਕਰਨ ਤੋਂ ਬਾਅਦ ਬਿਨਾਂ ਕਿਸੇ ਹੋਰ ਵਿਸ਼ੇ ਉੱਤੇ ਜਵਾਬ ਦਿੱਤੇ ਬਿਨਾਂ ਹੀ ਪ੍ਰੈਸ ਕਾਨਫਰੰਸ ਖਤਮ ਕਰਕੇ ਚਲੇ ਗਏ। ਮੀਡੀਆ ਨਾਲ ਅਜਿਹਾ ਵਤੀਰਾ ਕਿਸੇ ਵੀ ਮੁੱਖ ਮੰਤਰੀ ਨੂੰ ਸ਼ੋਭਦਾ ਨਹੀਂ ਹੈ। ਇਸ ਤੋਂ ਪਹਿਲਾਂ ਵਿਧਾਨ ਸਭਾ ਵਿੱਚ ਸ਼ੁੱਕਰਵਾਰ ਨੂੰ ਜਿਵੇਂ ਉਨ੍ਹਾਂ ਨੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਬਾਰੇ ਬਿਆਨਬਾਜ਼ੀ ਕੀਤੀ, ਉਸ ਦਾ ਭਾਜਪਾ ਜਾਂ ਆਮ ਲੋਕਾਂ ਨੇ ਹੀ ਨਹੀਂ ਸਗੋਂ ਉਹਨਾਂ ਦੀ ਆਪਣੀ ਪਾਰਟੀ ਦੇ ਕਈ ਵਿਧਾਇਕਾਂ ਨੇ ਵੀ ਬੁਰਾ ਮਨਾਇਆ ਹੈ। ਭਗਵੰਤ ਮਾਨ ਨੇ ਗ੍ਰਿਹ ਮੰਤਰੀ ਨੂੰ ਤਾਂ ਤਾੜੀ ਮਾਰਤਾ ਕਹਿ ਦਿੱਤਾ ਹੈ। ਸਿਆਸੀ ਪੰਡਿਤ ਸਮਝਦੇ ਹਨ ਕਿ ਮੁੱਖ ਮੰਤਰੀ ਦੀ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਨਾਲ ਕਥਿਤ ਨੇੜਤਾ ਦੇ ਚਲਦਿਆਂ ਉਨ੍ਹਾਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਇਸ ਤਰ੍ਹਾਂ ਖ਼ੁਸ਼ ਕਰਨ ਦਾ ਰਾਹ ਚੁਣਿਆ ਹੈ। ਕਈ ਮੀਡੀਆ ਅਦਾਰੇ ਤਾਂ ਇਸ ਨੂੰ ਪਹਿਲਾਂ ਲਿਖੀ ਸਕ੍ਰਿਪਟ ਵੀ ਕਹਿਣ ਲੱਗੇ ਹਨ। ਕਈ ਹੋਰਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਭਾਰਤੀ ਜਨਤਾ ਪਾਰਟੀ ਨਾਲ ਭੇੜ ਕਾਂਗਰਸ ਨੂੰ ਮੈਦਾਨ ਵਿੱਚੋਂ ਮਨਫੀ ਕਰਨ ਲਈ ਛੇੜਿਆ ਹੈ।

ਅਸਲ ਵਿੱਚ ਪੰਜਾਬ ਅੰਦਰ ਮੁੱਦਿਆਂ ਦੀ ਸਿਆਸਤ ਤਾਂ ਰਹੀ ਹੀ ਨਹੀਂ। ਆਮ ਆਦਮੀ ਪਾਰਟੀ ਸਮੇਤ ਕੋਈ ਵੀ ਸਿਆਸੀ ਧਿਰ ਨੂੰ 2027 ਦੀਆਂ ਚੋਣਾਂ ਤੋਂ ਬਿਨਾਂ ਕੁਝ ਦਿਸ ਨਹੀਂ ਰਿਹਾ ਹੈ। ਸਿਆਸੀ ਲੀਡਰ ਜਾਂ ਤਾਂ ਇੱਕ ਦੂਜੇ ਨੂੰ ਭੰਡਣ ਉੱਤੇ ਲੱਗੇ ਹੋਏ ਹਨ ਜਾਂ ਫਿਰ ਸੱਤਾ ਨੂੰ ਹੱਥ ਪਾਉਣ ਲਈ ਕਾਹਲੇ ਹਨ। ਸੱਚ ਕਹਿ ਦੇਈਏ ਤਾਂ ਉਹਨਾਂ ਵੱਲੋਂ ਲੋਕ ਪੈਣ ਢੱਠੇ ਖੂਹ ਵਿੱਚ। ਉਹਨਾਂ ਨੂੰ ਆਪਣੀਆਂ ਵੋਟਾਂ ਤੱਕ ਮਤਲਬ ਹੈ ਜਾਂ ਫਿਰ ਸਤਾ ਦੀ ਲਾਲਸਾ। ਹਾਲਾਤ ਇੱਥੋਂ ਤੱਕ ਹੇਠਾਂ ਆ ਗਏ ਹਨ ਕਿ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਹਾਕਮ ਕਿਸੇ ਹੱਦ ਤੱਕ ਵੀ ਜਾ ਸਕਦੇ ਹਨ। ਹਾਕਮ ਦੇ ਰੂਪ ਵਿੱਚ ਭਗਵੰਤ ਸਿੰਘ ਮਾਨ ਹੋਣ ਜਾਂ ਫਿਰ ਸ਼੍ਰੋਮਣੀ ਅਕਾਲੀ ਦਲ ਕਾਂਗਰਸ ਜਾਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਹੋਣ। ਪੰਜਾਬ ਦੇ ਲੋਕ ਜਿਵੇਂ ਦਾ ਪੁਲਿਸ ਜ਼ਬਰ ਸਹਿਣ ਲਈ ਮਜਬੂਰ ਹਨ ਜਾਂ ਉਹਨਾਂ ਲਈ ਆਪਣੇ ਘਰਾਂ ਤੋਂ ਬਾਹਰ ਨਿਕਲਣਾ ਜਿਸ ਤਰ੍ਹਾਂ ਔਖਾ ਹੋ ਰਿਹਾ ਹੈ ਸਿਆਸੀ ਪਾਰਟੀਆਂ ਜਿਵੇਂ ਇਸ ਤੋਂ ਬੇਖਬਰ ਹੋਣ। ਪੰਜਾਬੀ ਆਪੋ ਆਪਣੇ ਪੱਧਰ 'ਤੇ ਤੜਪ ਰਹੇ ਹਨ। ਇੱਕ ਵੱਡੀ ਪੀੜ ਵਿੱਚੋਂ ਦੀ ਗੁਜ਼ਰ ਰਹੇ ਹਨ। ਲੋੜ ਲੋਕਾਂ ਦੇ ਸਿਰ ਜੋੜ ਕੇ ਆਪਣੇ ਹੱਕਾਂ ਲਈ ਅੱਗੇ ਆਉਣ ਦੀ ਹੈ। ਸਿਆਸੀ ਪਾਰਟੀਆਂ ਆਪਣੇ ਨਿੱਜੀ ਮੁਫ਼ਾਦ ਅਤੇ ਮਤਭੇਦ ਭੁੱਲ ਕੇ ਇੱਕ ਮੰਚ 'ਤੇ ਡੱਟ ਜਾਣ ਤਾਂ ਉਹਨਾਂ ਨੂੰ ਲੋਕਾਂ ਕੋਲ ਜਾਣ ਦੀ ਲੋੜ ਨਹੀਂ, ਪੰਜਾਬੀ ਤਾਂ ਦੋ ਕਦਮ ਆਪ ਅੱਗੇ ਚੱਲ ਕੇ ਕਲਾਵੇ ਵਿੱਚ ਲੈ ਲੈਣਗੇ। ਪੰਜਾਬੀ ਦੇਖ ਰਹੇ ਹਨ। ਕੁਰਬਾਨੀ ਦੇ ਪੁੰਜ। ਈਮਾਨਦਾਰੀ ਦੀ ਤਸਵੀਰ। ਮਿਹਨਤ ਦਾ ਮੁਜੱਸਮਾ।



ਵਿੰਕਲਜੀਤ ਸਿੰਘ ਸਰਾ
9501477889

# ਸਰਕਾਰੀ ਨੌਕਰੀਆਂ ਦਾ ਚਮਕਦਾ ਕੱਚ-ਸੱਚ: 'ਰੋਜ਼ਗਾਰ ਮੇਲਿਆਂ' ਦੇ ਜਸ਼ਨ ਪਿੱਛੇ ਛੁਪਿਆ ਖਾਲੀ ਅਸਾਮੀਆਂ ਦਾ ਸੰਕਟ

ਪ੍ਰਧਾਨ ਮੰਤਰੀ ਵੱਲੋਂ ਆਯੋਜਿਤ ਕੀਤੇ ਜਾਂਦੇ 'ਰੋਜ਼ਗਾਰ ਮੇਲੇ' ਅਕਸਰ ਸੁਰਖੀਆਂ ਵਿੱਚ ਰਹਿੰਦੇ ਹਨ, ਜਿੱਥੇ ਲੱਖਾਂ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਵੰਡ ਕੇ ਇੱਕ ਸੁਨਹਿਰੇ ਭਵਿੱਖ ਦੀ ਤਸਵੀਰ ਪੇਸ਼ ਕੀਤੀ ਜਾਂਦੀ ਹੈ। ਦਾਅਵਾ ਹੈ ਕਿ ਅਕਤੂਬਰ 2022 ਤੋਂ ਹੁਣ ਤੱਕ 10 ਲੱਖ ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ ਹਨ। ਪਰ ਇਸ ਚਮਕਦੀ ਤਸਵੀਰ ਦੇ ਪਿੱਛੇ ਇੱਕ ਡੂੰਘਾ ਅਤੇ ਗੰਭੀਰ ਸੰਕਟ ਛੁਪਿਆ ਹੋਇਆ ਹੈ- ਕੇਂਦਰ ਸਰਕਾਰ ਦੇ ਆਪਣੇ ਹੀ ਵਿਭਾਗਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਸੰਕਟ। ਇਹ ਲੇਖ ਸਿਰਫ਼ ਐਲਾਨਾਂ 'ਤੇ ਨਹੀਂ, ਸਗੋਂ ਉਸ ਹਕੀਕਤ 'ਤੇ ਚਾਨਣਾ ਪਾਵੇਗਾ, ਜਿਸ ਵਿੱਚ ਖਾਲੀ ਅਸਾਮੀਆਂ ਕਾਰਨ ਮੌਜੂਦਾ ਕਰਮਚਾਰੀਆਂ 'ਤੇ ਕੰਮ ਦਾ ਅਸਹਿ ਬੋਝ, ਮਾਨਸਿਕ ਤਣਾਅ ਅਤੇ ਬੇਰੁਜ਼ਗਾਰੀ ਤੋਂ ਪੈਦਾ ਹੋ ਰਹੇ ਸਮਾਜਿਕ ਸੰਕਟ ਸ਼ਾਮਲ ਹਨ।

**ਖੋਖਲੇ ਐਲਾਨ ਅਤੇ ਖਾਲੀ ਅਸਾਮੀਆਂ ਦੀ ਹਕੀਕਤ** : ਇੱਕ ਪਾਸੇ ਸਰਕਾਰ ਨਵੀਆਂ ਨੌਕਰੀਆਂ ਦੇਣ ਦਾ ਜਸ਼ਨ ਮਨਾ ਰਹੀ ਹੈ, ਦੂਜੇ ਪਾਸੇ ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜੇ ਇੱਕ ਵੱਖਰੀ ਹੀ ਕਹਾਣੀ ਬਿਆਨ ਕਰਦੇ ਹਨ। ਮਾਰਚ 2022 ਤੱਕ ਦੇ ਅੰਕੜਿਆਂ ਮੁਤਾਬਕ, ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ 9.64 ਲੱਖ ਤੋਂ ਵੱਧ ਅਸਾਮੀਆਂ ਖਾਲੀ ਸਨ। ਇਹ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਪ੍ਰਸ਼ਾਸਨਿਕ ਢਾਂਚੇ ਦੇ ਖੋਖਲੇਪਣ ਨੂੰ ਦਰਸਾਉਂਦੀ ਹੈ।

**ਵਿਭਾਗ-ਵਾਰ ਖਾਲੀ ਅਸਾਮੀਆਂ ਦਾ ਸ਼ੀਸ਼ਾ:** **ਵਿਭਾਗ ਖਾਲੀ ਅਸਾਮੀਆਂ (ਲਗਭਗ) ਸੰਭਾਵਿਤ ਪ੍ਰਭਾਵ : ਭਾਰਤੀ ਰੇਲਵੇ:** 2.63 ਲੱਖ ਤੋਂ ਵੱਧ, ਰੇਲ ਹਾਦਸਿਆਂ ਦਾ ਵਧਿਆ ਖਤਰਾ, ਸੁਰੱਖਿਆ ਨਾਲ ਸਮਝੌਤਾ, ਟਰੇਨਾਂ ਦੀ ਦੇਰੀ। **ਗ੍ਰਹਿ ਮੰਤਰਾਲਾ(CRPF, BSF, CISF, ਦਿੱਲੀ ਪੁਲਿਸ):** 1.14 ਲੱਖ ਤੋਂ ਵੱਧ, ਦੇਸ਼ ਦੀ ਅੰਦਰੂਨੀ ਸੁਰੱਖਿਆ ਕਮਜ਼ੋਰ, ਸਰਹੱਦਾਂ 'ਤੇ ਵਧਦਾ ਦਬਾਅ। **ਡਾਕ ਵਿਭਾਗ:** 90,000 ਤੋਂ ਵੱਧ, ਪੇਂਡੂ ਖੇਤਰਾਂ ਵਿੱਚ ਡਾਕ ਸੇਵਾਵਾਂ ਦਾ ਖਸਤਾ ਹਾਲ, ਚਿੱਠੀਆਂ ਅਤੇ ਪਾਰਸਲਾਂ ਦੀ ਦੇਰੀ। **ਰੱਖਿਆ (ਸਿਵਲੀਅਨ):** 2.50 ਲੱਖ ਦੇ ਕਰੀਬ ਫੌਜੀ ਸਾਜ਼ੋ-ਸਾਮਾਨ ਦੇ ਉਤਪਾਦਨ ਅਤੇ ਰੱਖ-ਰਖਾਅ ਵਿੱਚ ਦੇਰੀ, ਰਣਨੀਤਕ ਕਮਜ਼ੋਰੀ। **ਮਾਲੀਆ ਵਿਭਾਗ (Income Tax, Customs):** 74,000 ਤੋਂ ਵੱਧ, ਟੈਕਸ ਚੋਰੀ ਦੇ ਮਾਮਲਿਆਂ ਦੀ ਜਾਂਚ ਵਿੱਚ ਸੁਸਤੀ, ਸਰਕਾਰੀ ਖਜ਼ਾਨੇ ਨੂੰ ਨੁਕਸਾਨ।

ਇਹ ਸਿਰਫ਼ ਅੰਕੜੇ ਨਹੀਂ, ਬਲਕਿ ਇੱਕ ਅਜਿਹੇ ਸਿਸਟਮ ਦੀ ਤਸਵੀਰ ਹਨ ਜੋ ਅੰਦਰੋਂ ਖੋਖਲਾ ਹੋ ਰਿਹਾ ਹੈ। ਨਵੀਆਂ ਨੌਕਰੀਆਂ ਸਿਰਜਣ ਦੀ ਥਾਂ ਜੇਕਰ ਇਹਨਾਂ ਖਾਲੀ ਅਸਾਮੀਆਂ ਨੂੰ ਹੀ ਸਮੇਂ ਸਿਰ ਭਰਿਆ ਜਾਵੇ ਤਾਂ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ ਅਤੇ ਸਰਕਾਰੀ ਕੰਮਕਾਜ ਵਿੱਚ ਸੁਧਾਰ ਆ ਸਕਦਾ ਹੈ।

**ਮੌਜੂਦਾ ਕਰਮਚਾਰੀਆਂ 'ਤੇ ਕੰਮ ਦਾ ਪਹਾੜ: ਤਣਾਅ, ਡਿਪਰੈਸ਼ਨ ਅਤੇ ਆਤਮ-ਹੱਤਿਆ** : ਜਦੋਂ ਤਿੰਨ ਬੰਦਿਆਂ ਦਾ ਕੰਮ ਇੱਕ ਬੰਦੇ ਤੋਂ ਲਿਆ ਜਾਵੇਗਾ ਤਾਂ ਨਤੀਜੇ ਭਿਆਨਕ ਹੀ ਹੋਣਗੇ। ਖਾਲੀ ਅਸਾਮੀਆਂ ਦਾ ਸਭ ਤੋਂ ਵੱਡਾ ਖਮਿਆਜ਼ਾ ਮੌਜੂਦਾ ਕਰਮਚਾਰੀ ਭੁਗਤ ਰਹੇ ਹਨ।

**ਕੰਮ ਦਾ ਅਸਹਿ ਬੋਝ:** ਕਰਮਚਾਰੀਆਂ ਨੂੰ ਰੋਜ਼ਾਨਾ ਤੈਅ ਘੰਟਿਆਂ ਤੋਂ ਕਿਤੇ ਵੱਧ ਕੰਮ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦੀ ਨਿੱਜੀ ਅਤੇ ਸਮਾਜਿਕ ਜ਼ਿੰਦਗੀ ਤਬਾਹ ਹੋ ਰਹੀ ਹੈ।

**ਮਾਨਸਿਕ ਸਿਹਤ ਦਾ ਸੰਕਟ:** ਕੰਮ ਦਾ ਲਗਾਤਾਰ ਦਬਾਅ ਕਰਮਚਾਰੀਆਂ ਨੂੰ ਡਿਪਰੈਸ਼ਨ, ਚਿੰਤਾ (Anxiety) ਅਤੇ ਹੋਰ ਮਾਨਸਿਕ ਬਿਮਾਰੀਆਂ ਵੱਲ ਧੱਕ ਰਿਹਾ ਹੈ।

**ਆਤਮ-ਹੱਤਿਆ ਵਰਗੇ ਕਦਮ:** ਸਭ ਤੋਂ ਦੁਖਦਾਇਕ ਪਹਿਲੂ ਇਹ ਹੈ ਕਿ ਜਦੋਂ ਤਣਾਅ ਅਸਹਿ ਹੋ ਜਾਂਦਾ ਹੈ, ਤਾਂ ਕੁਝ ਕਰਮਚਾਰੀ ਆਤਮ-ਹੱਤਿਆ ਵਰਗਾ ਭਿਆਨਕ ਕਦਮ ਚੁੱਕਣ ਲਈ ਮਜਬੂਰ ਹੋ ਜਾਂਦੇ ਹਨ। ਖਾਸ ਕਰਕੇ ਸੁਰੱਖਿਆ ਬਲਾਂ ਅਤੇ ਰੇਲਵੇ ਵਰਗੇ ਉੱਚ-ਦਬਾਅ ਵਾਲੇ ਵਿਭਾਗਾਂ ਵਿੱਚ ਅਜਿਹੀਆਂ ਘਟਨਾਵਾਂ ਸਿਸਟਮ 'ਤੇ ਵੱਡਾ ਸਵਾਲੀਆ ਚਿੰਨ੍ਹ ਲਗਾਉਂਦੀਆਂ ਹਨ।

**ਤਨਖਾਹ ਅਤੇ ਭੁਗਤਾਨ ਵਿੱਚ ਦੇਰੀ:** 8ਵੇਂ ਤਨਖਾਹ ਕਮਿਸ਼ਨ ਦੇ ਗਠਨ ਵਿੱਚ ਦੇਰੀ ਅਤੇ ਹੋਰ ਭੱਤਿਆਂ ਦੇ ਭੁਗਤਾਨ ਵਿੱਚ ਅਨਿਸ਼ਚਿਤਤਾ ਕਰਮਚਾਰੀਆਂ ਦੇ ਮਨੋਬਲ ਨੂੰ ਹੋਰ ਤੋੜਦੀ ਹੈ।

**ਸਮਾਜ 'ਤੇ ਪ੍ਰਭਾਵ: ਬੇਰੁਜ਼ਗਾਰੀ, ਨਸ਼ਾ ਅਤੇ ਅਪਰਾਧ ਦਾ ਵੱਧਦਾ ਗ੍ਰਾਫ** : ਜਦੋਂ ਸਾਲਾਂ ਦੀ ਮਿਹਨਤ ਤੋਂ ਬਾਅਦ ਵੀ ਭਰਤੀਆਂ ਨਹੀਂ ਨਿਕਲਦੀਆਂ ਜਾਂ ਪ੍ਰੀਖਿਆਵਾਂ ਲੀਕ ਹੋ ਜਾਂਦੀਆਂ ਹਨ ਤਾਂ ਨੌਜਵਾਨਾਂ ਵਿੱਚ ਨਿਰਾਸ਼ਾ ਅਤੇ ਗੁੱਸਾ ਪੈਦਾ ਹੁੰਦਾ ਹੈ, ਜਿਸਦੇ ਖਤਰਨਾਕ ਪ੍ਰਭਾਵ ਹਨ।

**ਨਸ਼ਿਆਂ ਦੀ ਦਲਦਲ:** ਭਵਿੱਖ ਹਨੇਰਾ ਦਿਸਣ 'ਤੇ ਬਹੁਤ ਸਾਰੇ ਨੌਜਵਾਨ ਨਸ਼ਿਆਂ ਦਾ ਸਹਾਰਾ ਲੈਂਦੇ ਹਨ। ਪੰਜਾਬ ਵਰਗੇ ਸੂਬਿਆਂ ਵਿੱਚ ਇਹ ਇੱਕ ਭਿਆਨਕ ਸਮੱਸਿਆ ਬਣ ਚੁੱਕੀ ਹੈ।

**ਅਪਰਾਧ ਦਾ ਰਾਹ:** ਜਦੋਂ ਰੋਜ਼ੀ-ਰੋਟੀ ਦੇ ਸਹੀ ਰਸਤੇ ਬੰਦ ਹੋ ਜਾਂਦੇ ਹਨ ਤਾਂ ਕੁਝ ਨੌਜਵਾਨ ਪੈਸੇ ਕਮਾਉਣ ਲਈ ਗਲਤ ਰਾਹ ਅਪਨਾ ਲੈਂਦੇ ਹਨ।

**ਪ੍ਰਤਿਭਾ ਦਾ ਪਲਾਇਨ** : ਪੜ੍ਹੇ-ਲਿਖੇ ਨੌਜਵਾਨ ਦੇਸ਼ ਦੇ ਸਿਸਟਮ ਤੋਂ ਨਿਰਾਸ਼ ਹੋ ਕੇ ਵਿਦੇਸ਼ਾਂ ਵੱਲ ਰੁਖ ਕਰ ਰਹੇ ਹਨ, ਜਿਸ ਨਾਲ ਦੇਸ਼ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ।

**ਪ੍ਰਾਈਵੇਟ ਸੈਕਟਰ ਵਿੱਚ ਸ਼ੋਸ਼ਣ: ਮਜਬੂਰੀ ਦਾ ਦੂਜਾ ਨਾਮ ਨੌਕਰੀ (ਵਿਸਤ੍ਰਿਤ ਵਿਸ਼ਲੇਸ਼ਣ)** : ਜਦੋਂ ਸਰਕਾਰੀ ਨੌਕਰੀ ਦੇ ਸੁਪਨੇ ਟੁੱਟ ਜਾਂਦੇ ਹਨ ਅਤੇ ਸਾਲਾਂ ਦੀ ਮਿਹਨਤ 'ਤੇ ਪਾਣੀ ਫਿਰ ਜਾਂਦਾ ਹੈ ਤਾਂ ਪੜ੍ਹੇ-ਲਿਖੇ ਨੌਜਵਾਨਾਂ ਕੋਲ ਆਪਣੇ ਅਤੇ ਆਪਣੇ ਪਰਿਵਾਰ ਦੇ ਗੁਜ਼ਾਰੇ ਲਈ ਪ੍ਰਾਈਵੇਟ ਸੈਕਟਰ ਦਾ ਦਰਵਾਜ਼ਾ ਖੜਕਾਉਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਪਰ ਇਹ ਦਰਵਾਜ਼ਾ ਅਕਸਰ ਇੱਕ ਅਜਿਹੀ ਹਨੇਰੀ ਗਲੀ ਵੱਲ ਖੁੱਲ੍ਹਦਾ ਹੈ, ਜਿੱਥੇ ਸ਼ੋਸ਼ਣ, ਤਣਾਅ ਅਤੇ ਅਨਿਸ਼ਚਿਤਤਾ ਉਨ੍ਹਾਂ ਦਾ ਸਵਾਗਤ ਕਰਦੀ ਹੈ। ਪ੍ਰਾਈਵੇਟ ਸੈਕਟਰ ਵਿੱਚ ਨੌਜਵਾਨਾਂ ਦਾ ਸ਼ੋਸ਼ਣ ਇੱਕ ਬਹੁ-ਪਰਤੀ ਸੱਚਾਈ ਹੈ।

**ਯੋਗਤਾ ਦਾ ਅਪਮਾਨ ਅਤੇ ਨਿਗੂਣੀਆਂ ਤਨਖਾਹਾਂ:** ਇੰਜੀਨੀਅਰਿੰਗ, ਐਮ.ਬੀ.ਏ. ਵਰਗੀਆਂ ਉੱਚ ਡਿਗਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ 10,000 ਤੋਂ 15,000 ਰੁਪਏ ਦੀ ਮਾਮੂਲੀ ਤਨਖਾਹ 'ਤੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਇਹ ਤਨਖਾਹ ਉਨ੍ਹਾਂ ਦੀ ਪੜ੍ਹਾਈ 'ਤੇ ਹੋਏ ਖਰਚੇ ਅਤੇ ਉਨ੍ਹਾਂ ਦੀ ਯੋਗਤਾ ਦਾ ਸ਼ਰੇਆਮ ਅਪਮਾਨ ਹੈ। ਕੰਪਨੀਆਂ ਉਨ੍ਹਾਂ ਦੀ ਮਜਬੂਰੀ ਦਾ ਫਾਇਦਾ ਉਠਾਉਂਦੀਆਂ ਹਨ, ਇਹ ਜਾਣਦੇ ਹੋਏ ਕਿ ਜੇ ਇੱਕ ਨਹੀਂ ਮੰਨੇਗਾ ਤਾਂ ਬਾਹਰ ਲਾਈਨ ਵਿੱਚ ਖੜ੍ਹੇ ਸੈਂਕੜੇ ਹੋਰ ਤਿਆਰ ਹਨ।

**ਕੰਮ ਦੇ ਘੰਟਿਆਂ ਦੀ ਕੋਈ ਸੀਮਾ ਨਹੀਂ:** ਕਾਗਜ਼ਾਂ 'ਤੇ ਭਾਵੇਂ 8 ਘੰਟੇ ਦੀ ਨੌਕਰੀ ਦਿਖਾਈ ਜਾਂਦੀ ਹੈ, ਪਰ ਹਕੀਕਤ ਵਿੱਚ 10 ਤੋਂ 12 ਘੰਟੇ ਕੰਮ ਕਰਨਾ ਆਮ ਗੱਲ ਹੈ। 'ਟਾਰਗੇਟ' ਜਾਂ 'ਡੈੱਡਲਾਈਨ' ਦੇ ਨਾਂ 'ਤੇ ਕਰਮਚਾਰੀਆਂ ਨੂੰ ਦੇਰ ਰਾਤ ਤੱਕ ਰੋਕਿਆ ਜਾਂਦਾ ਹੈ ਅਤੇ ਇਸ ਵਾਧੂ ਕੰਮ ਲਈ ਕੋਈ ਓਵਰਟਾਈਮ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦੀ ਨਿੱਜੀ ਅਤੇ ਸਮਾਜਿਕ ਜ਼ਿੰਦਗੀ ਪੂਰੀ ਤਰ੍ਹਾਂ ਤਬਾਹ ਹੋ ਕੇ ਰਹਿ ਜਾਂਦੀ ਹੈ।

**ਨੌਕਰੀ ਦੀ ਅਸੁਰੱਖਿਆ ਦੀ ਲਟਕਦੀ ਤਲਵਾਰ:** ਪ੍ਰਾਈਵੇਟ ਸੈਕਟਰ ਵਿੱਚ **'ਹਾਇਰ ਐਂਡ ਫਾਇਰ' (Hire and Fire)** ਦੀ ਨੀਤੀ ਸਭ ਤੋਂ ਵੱਡਾ ਡਰ ਹੈ। ਕਰਮਚਾਰੀ ਹਮੇਸ਼ਾ ਇਸ ਦਬਾਅ ਹੇਠ ਰਹਿੰਦੇ ਹਨ ਕਿ ਜੇ ਉਨ੍ਹਾਂ ਦੀ ਕਾਰਗੁਜ਼ਾਰੀ ਥੋੜ੍ਹੀ ਜਿਹੀ ਵੀ ਘੱਟ ਹੋਈ ਜਾਂ ਉਹ ਮਾਲਕ ਦੀ ਕਿਸੇ ਗੱਲ ਨਾਲ ਸਹਿਮਤ ਨਾ ਹੋਏ, ਤਾਂ ਉਨ੍ਹਾਂ ਨੂੰ ਕਿਸੇ ਵੀ ਸਮੇਂ ਨੌਕਰੀ ਤੋਂ ਕੱਢ ਦਿੱਤਾ ਜਾਵੇਗਾ। ਇਹ ਅਸੁਰੱਖਿਆ ਉਨ੍ਹਾਂ ਨੂੰ ਚੁੱਪ-ਚਾਪ ਹਰ ਤਰ੍ਹਾਂ ਦਾ ਸ਼ੋਸ਼ਣ ਸਹਿਣ ਲਈ ਮਜਬੂਰ ਕਰਦੀ ਹੈ।

**ਬੁਨਿਆਦੀ ਸਹੂਲਤਾਂ ਤੋਂ ਵਾਂਝੇ:** ਬਹੁਤ ਸਾਰੀਆਂ ਕੰਪਨੀਆਂ ਕਾਨੂੰਨ ਨੂੰ ਛਿੱਕੇ ਟੰਗ ਕੇ ਕਰਮਚਾਰੀਆਂ ਨੂੰ ਪ੍ਰਾਵੀਡੈਂਟ ਫੰਡ (PF), ਕਰਮਚਾਰੀ ਰਾਜ ਬੀਮਾ (ESI) ਜਿਸ ਨਾਲ ਮੈਡੀਕਲ ਸਹੂਲਤਾਂ ਮਿਲਦੀਆਂ ਹਨ, ਅਤੇ ਤਨਖਾਹ ਵਾਲੀਆਂ ਛੁੱਟੀਆਂ (Paid Leaves) ਵਰਗੇ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਰੱਖਦੀਆਂ ਹਨ। ਬਿਮਾਰ ਹੋਣ 'ਤੇ ਛੁੱਟੀ ਲੈਣ 'ਤੇ ਤਨਖਾਹ ਕੱਟ ਲਈ ਜਾਂਦੀ ਹੈ।

**ਮਾਨਸਿਕ ਤਸ਼ੱਦਦ ਅਤੇ ਗੈਰ-ਪੇਸ਼ੇਵਰ ਵਾਤਾਵਰਣ:** ਕੰਮ ਦੇ ਬੋਝ ਤੋਂ ਇਲਾਵਾ ਕਰਮਚਾਰੀਆਂ ਨੂੰ ਮਾਨਸਿਕ ਤੌਰ 'ਤੇ ਵੀ ਪ੍ਰੇਸ਼ਾਨ ਕੀਤਾ ਜਾਂਦਾ ਹੈ। ਛੋਟੀ-ਛੋਟੀ ਗਲਤੀ 'ਤੇ ਸਭ ਦੇ ਸਾਹਮਣੇ ਅਪਮਾਨਿਤ ਕਰਨਾ, ਗਾਲੀ-ਗਲੋਚ ਕਰਨਾ ਅਤੇ ਹਮੇਸ਼ਾ ਦਬਾਅ ਬਣਾ ਕੇ ਰੱਖਣਾ ਇੱਕ ਆਮ ਵਰਤਾਰਾ ਹੈ। ਇਸ ਜ਼ਹਿਰੀਲੇ ਮਾਹੌਲ ਕਾਰਨ ਨੌਜਵਾਨ ਆਪਣਾ ਆਤਮ-ਵਿਸ਼ਵਾਸ ਗੁਆ ਬੈਠਦੇ ਹਨ ਅਤੇ ਡਿਪਰੈਸ਼ਨ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਇਹ ਸਾਰੀਆਂ ਮੁਸ਼ਕਲਾਂ ਨੌਜਵਾਨਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਿਚੋੜ ਦਿੰਦੀਆਂ ਹਨ। ਸਰਕਾਰੀ ਨੌਕਰੀ ਦੀ ਸੁਰੱਖਿਆ ਅਤੇ ਸਨਮਾਨ ਦੀ ਘਾਟ ਉਨ੍ਹਾਂ ਨੂੰ ਪ੍ਰਾਈਵੇਟ ਸੈਕਟਰ ਦੇ ਇਸ ਸ਼ੋਸ਼ਣ ਚੱਕਰ ਵਿੱਚ ਫਸਾ ਦਿੰਦੀ ਹੈ, ਜਿੱਥੋਂ ਨਿਕਲਣਾ ਲਗਭਗ ਅਸੰਭਵ ਜਾਪਦਾ ਹੈ।

**ਸਿੱਟਾ ਅਤੇ ਅੱਗੇ ਦਾ ਰਾਹ** : ਸਮੱਸਿਆ ਸਿਰਫ਼ ਨੌਕਰੀਆਂ ਦੇਣ ਦੀ ਨਹੀਂ, ਸਗੋਂ ਪੂਰੇ ਸਿਸਟਮ ਨੂੰ ਪਟੜੀ 'ਤੇ ਲਿਆਉਣ ਦੀ ਹੈ।

1. **ਮਿਸ਼ਨ ਮੋਡ ਵਿੱਚ ਭਰਤੀ:** ਸਰਕਾਰ ਨੂੰ ਇੱਕ ਤੈਅ ਸਮਾਂ-ਸੀਮਾ ਦੇ ਅੰਦਰ ਸਾਰੀਆਂ ਖਾਲੀ ਅਸਾਮੀਆਂ ਨੂੰ ਭਰਨ ਲਈ ਕੌਮੀ ਯੋਜਨਾ ਬਣਾਉਣੀ ਚਾਹੀਦੀ ਹੈ।
2. **ਪਾਰਦਰਸ਼ੀ ਭਰਤੀ ਕੈਲੰਡਰ:** UPSC ਵਾਂਗ ਹਰ ਵਿਭਾਗ ਦਾ ਸਾਲਾਨਾ ਭਰਤੀ ਕੈਲੰਡਰ ਜਾਰੀ ਹੋਵੇ।
3. **ਕਰਮਚਾਰੀ ਭਲਾਈ 'ਤੇ ਧਿਆਨ:** ਮੌਜੂਦਾ ਕਰਮਚਾਰੀਆਂ ਦੀ ਮਾਨਸਿਕ ਸਿਹਤ ਲਈ ਹਰ ਵਿਭਾਗ ਵਿੱਚ ਕਾਉਂਸਲਿੰਗ ਸੈੱਲ ਬਣਾਏ ਜਾਣ।
4. **ਸਮੇਂ ਸਿਰ ਤਨਖਾਹ ਅਤੇ ਪੈਨਸ਼ਨ:** ਤਨਖਾਹ ਕਮਿਸ਼ਨ ਨੂੰ ਸਮੇਂ ਸਿਰ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਅਸਲ ਵਿੱਚ ਸਰਕਾਰ ਦੀ ਸਫਲਤਾ ਦਾ ਪੈਮਾਨਾ ਐਲਾਨਾਂ ਦੀ ਗਿਣਤੀ ਨਹੀਂ, ਬਲਕਿ ਇਹ ਹੋਣਾ ਚਾਹੀਦਾ ਹੈ ਕਿ ਕੀ ਹਰ ਵਿਭਾਗ ਪੂਰੀ ਸਮਰੱਥਾ ਨਾਲ ਕੰਮ ਕਰ ਰਿਹਾ ਹੈ, ਕੀ ਹਰ ਕਰਮਚਾਰੀ ਤਣਾਅ-ਮੁਕਤ ਹੈ ਅਤੇ ਕੀ ਦੇਸ਼ ਦਾ ਹਰ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਆਸਵੰਦ ਹੈ।




# ਤਖ਼ਤ ਸਾਹਿਬਾਨ ਵਿਚਾਲਾ ਵਿਵਾਦ ਦੂਰ ਹੋਣਾ ਸਵਾਗਤਯੋਗ : ਬਾਬਾ ਬਲਬੀਰ ਸਿੰਘ

## ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਸਬੰਧੀ ਫੈਸਲਾ ਫੌਰੀ ਕੀਤਾ ਜਾਵੇ

ਅੰਮ੍ਰਿਤਸਰ, 14 ਜੁਲਾਈ, (ਗੁਰਦਿਆਲ ਸਿੰਘ) :ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਹੈ ਕਿ ਸਿੱਖ ਪੰਥ ਵਿੱਚ ਸਿੱਖ ਤਖ਼ਤਾਂ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਨ੍ਹਾਂ ਨੂੰ ਹਰ ਸਿੱਖ ਬੜੇ ਸਨਮਾਨ ਦੀ ਦ੍ਰਿਸ਼ਟੀ ਨਾਲ ਵੇਖਦਾ ਹੈ। ਸਿੱਖਾਂ ਲਈ ਗੁਰੂ ਸਾਹਿਬ ਸੱਚੇ ਪਾਤਸ਼ਾਹ ਹਨ ਅਤੇ ਉਨ੍ਹਾਂ ਦਾ ਸਥਾਨ ਬਾਦਸ਼ਾਹਾਂ ਦੇ ਤਖ਼ਤਾਂ ਤੋਂ ਵੀ ਵੱਧ ਸਤਿਕਾਰਯੋਗ ਹੈ ਸਾਧ ਸੰਗਤ ਨੂੰ 'ਦਰਬਾਰ' ਵਰਗਾ ਮਾਣ ਪ੍ਰਾਪਤ ਹੈ। ਸਿੱਖ ਪੰਥ ਦੇ ਪੰਜ ਤਖ਼ਤ ਧਾਰਮਿਕ ਸਮਾਜਕ ਅਤੇ ਰਾਜਸੀ ਫੈਸਲਿਆਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਹਿਲਾਂ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦੂਜਾ ਤਖ਼ਤ ਸ੍ਰੀ ਹਰਿਮੰਦਰ ਜੀ



ਪਟਨਾ ਸਾਹਿਬ ਬਿਹਾਰ ਹੈ। ਇਨ੍ਹਾਂ ਦੋਹਾਂ ਤਖ਼ਤਾਂ ਦਰਮਿਆਨ, ਜੋ ਮਰਯਾਦਾ ਪੱਖੋਂ ਅਤੀਤ ਵਿੱਚ ਖਿਚੋ ਤਾਣ (ਤਨਾਓ) ਪੈਦਾ ਹੋਇਆ ਸੀ ਉਹ ਅੱਜ ਦੋਹਾਂ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਵੱਲੋਂ ਇਕ ਦੂਜੇ ਵਿਰੁੱਧ ਕੀਤੇ ਆਦੇਸ ਵਾਪਸ ਲੈ ਲਏ ਜਾਣ ਨਾਲ ਕੌਮੀ ਦੁਬਿਧਾ ਦੂਰ ਹੋਈ ਹੈ। ਇਸ ਫੈਸਲੇ ਦਾ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਸਿੱਖ ਤਖ਼ਤ ਸਾਹਿਬਾਨਾਂ ਵਿਚ ਆਪਸੀ ਟਕਰਾਅ ਮੰਦਭਾਗਾ ਹੈ ਇਹ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਇਹ ਤਨਾਓ ਖ਼ਤਮ ਹੋਣ ਨਾਲ ਪੰਥਕ ਜਲੌਅ ਪੈਦਾ ਹੋਵੇਗਾ ਅਤੇ ਮਨਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਦੇ ਸਮਾਗਮ ਪ੍ਰਭਾਵਤ ਹੋਣ ਤੋਂ ਬਚ ਗਏ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ, ਜਥੇਬੰਦੀਆਂ ਵਿੱਚ ਮਤਭੇਦ ਪੈਦਾ ਹੋਣ ਨਾਲ ਪੰਥਕ ਵਿਹਾਰ ਨੂੰ ਸੱਟ ਵਜਦੀ ਹੈ। ਉਨ੍ਹਾਂ ਕਿਹਾ ਜਥੇਦਾਰ ਦੀ ਨਿਯੁਕਤੀ ਅਤੇ ਮਰਯਾਦਾ ਸਬੰਧੀ ਖੜੇ ਵਿਵਾਦ ਨੂੰ ਵੀ ਸ੍ਰੋਮਣੀ ਕਮੇਟੀ ਫੌਰੀ ਹਲ ਕਰੇ ਜਿਸ ਨਾਲ ਸਾਰਿਆ ਦਲਾਂ, ਜਥੇਬੰਦੀਆਂ ਸਮੁੱਚੇ ਖਾਲਸਾ ਪੰਥ ਅੰਦਰ ਸਦਭਾਵਨਾ ਬਣ ਸਕੇ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ ਕਤਲ ਦਾ ਮਾਮਲਾ ਸੁਲਝਾਇਆ, ਦੋ ਗ੍ਰਿਫਤਾਰ



ਜਲੰਧਰ, 14 ਜੁਲਾਈ, (ਸੰਦੀਪ ਕੌਲ) : ਕਮਿਸ਼ਨਰੇਟ ਪੁਲਿਸ ਜਲੰਧਰ ਨੇ ਤੇਜ਼ ਕਾਰਵਾਈ ਕਰਦਿਆਂ ਇਕ ਕਤਲ ਦੇ ਮਾਮਲੇ ਨੂੰ ਕੁੱਝ ਘੰਟਿਆਂ ਅੰਦਰ ਹੀ ਸੁਲਝਾ ਲਿਆ ਹੈ।

ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਵਿੱਚ ਮਨਪ੍ਰੀਤ ਸਿੰਘ ਢਿੱਲੋਂ, ਡੀ.ਸੀ.ਪੀ (ਇਨਵੈਸਟੀਗੇਸ਼ਨ), ਹਰਿੰਦਰ ਸਿੰਘ ਗਿੱਲ (ਏ.ਡੀ.ਸੀ.ਪੀ-2 ਸਿਟੀ), ਸਰਵਣਜੀਤ ਸਿੰਘ (ਏ.ਸੀ.ਪੀ ਵੈਸਟ) ਅਤੇ ਥਾਣਾ ਭਾਰਗੋ ਕੈਂਪ ਦੀ ਟੀਮ ਸਮੇਤ ਸੁਖਜੀਤ ਸਿੰਘ, ਐਸ.ਐਚ.ਓ. ਨੇ ਇਹ ਤੇਜ਼ ਕਾਰਵਾਈ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਕਾਰਵਾਈ ਦੌਰਾਨ ਪੁਲਿਸ ਨੇ ਥਾਣਾ ਭਾਰਗੋ ਕੈਂਪ ਦੇ ਖੇਤਰ ਚ ਹੋਏ ਨਿਰਦਈ ਕਤਲ ਵਿੱਚ ਸ਼ਾਮਿਲ ਦੋ ਮੁੱਖ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਵਿਪਨ ਕੁਮਾਰ ਦਾ ਪੁੱਤਰ ਵਰੁਣ, ਉਸਦੇ ਭਤੀਜਿਆਂ ਲੋਕੇਸ਼ ਅਤੇ ਵਿਸ਼ਾਲ ਦੇ ਨਾਲ ਮਹਿੰਗਾ ਡੀਪੂ ਦੀ ਗਲੀ ਵਿੱਚੋਂ ਲੰਘ ਰਿਹਾ ਸੀ, ਜਦੋਂ ਕੁਝ ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਵਿਪਨ ਅਤੇ ਉਸਦਾ ਜੀਜਾ ਵੀ ਮੌਕੇ 'ਤੇ ਮੌਜੂਦ ਸਨ, ਜਿਨ੍ਹਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ 'ਤੇ ਵੀ ਹਮਲਾ ਕਰ ਦਿੱਤਾ ਗਿਆ। ਹਮਲੇ ਦੌਰਾਨ ਵਰੁਣ ਪੁੱਤਰ ਵਿਪਨ ਜੋ ਜਿਆਦਾ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਤੁਰੰਤ ਸ਼੍ਰੀ ਰਾਮ ਨਿਊਰੋ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

ਉਨ੍ਹਾਂ ਇਹ ਵੀ ਦੱਸਿਆ ਕਿ ਮੁਲਜ਼ਮ ਧਰੁਵ ਕੁਮਾਰ ਵਿਰੁੱਧ ਪਹਿਲਾਂ ਹੀ ਥਾਣਾ ਭਾਰਗੋ ਕੈਂਪ ਵਿੱਚ ਇੱਕ ਮੁਕੱਦਮਾ ਦਰਜ ਹੈ, ਜਦਕਿ ਮੁਲਜ਼ਮ ਸੁਨੀਲ ਕੁਮਾਰ ਉਰਫ ਭਿੰਡੀ ਵਿਰੁੱਧ ਦੋ ਮੁਕੱਦਮੇ ਥਾਣਾ ਡਿਵੀਜ਼ਨ ਨੰਬਰ 6 ਅਤੇ ਥਾਣਾ ਭਾਰਗੋ ਕੈਂਪ ਵਿਖੇ ਦਰਜ ਹਨ।

ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਹੋਰ ਸ਼ਮਿਲ ਦੋਸ਼ੀਆਂ ਦੀ ਪਛਾਣ ਕਰਕੇ ਜਲਦ ਹੀ ਗ੍ਰਿਫ਼ਤਾਰੀ ਕੀਤੀ ਜਾਵੇਗੀ।

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਕਮਿਸ਼ਨਰੇਟ ਪੁਲਿਸ ਜਲੰਧਰ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਬੰਦ ਪਈਆਂ ਜਲ ਸਪਲਾਈ ਸਕੀਮਾਂ ਮੁੜ ਸ਼ੁਰੂ ਕੀਤੀਆਂ ਜਾਣ : ਡੀ.ਸੀ.

## ਲੋਕਾਂ ਨੂੰ ਸਾਫ਼ ਪਾਣੀ ਮੁਹਈਆ ਕਰਵਾਉਣ ਲਈ ਪੰਚਾਇਤਾਂ ਵਿਭਾਗ ਦਾ ਸਹਿਯੋਗ ਦੇਣ

ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੱਜ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤੇ ਜਲ ਸਪਲਾਈ ਵਿਭਾਗ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹਦਾਇਤ ਕੀਤੀ ਕਿ ਜ਼ਿਲੇ ਵਿੱਚ ਬੰਦ ਪਈਆਂ ਜਲ ਸਪਲਾਈ ਸਕੀਮਾਂ ਛੇਤੀ ਸ਼ੁਰੂ ਕੀਤੀਆਂ ਜਾਣ। ਉਹਨਾਂ ਕਿਹਾ ਕਿ ਸਰਕਾਰ ਨੇ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਸਾਫ ਸੁਥਰਾ ਪਾਣੀ ਮੁਹਈਆ ਕਰਾਉਣ ਲਈ ਪਾਣੀ ਦੀਆਂ ਟੈਂਕੀਆਂ ਬਣਾਉਣ ਉੱਤੇ ਅਰਬਾਂ ਰੁਪਇਆ ਖਰਚ ਕੀਤਾ ਹੈ ਅਤੇ ਇਨਾ ਵਾਟਰ ਟੈਂਕੀਆਂ ਨੂੰ ਛੋਟੀ ਮੋਟੀ ਮੁਰੰਮਤ ਲਈ ਬੰਦ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਹੀਂ ਕੀਤਾ ਜਾਣਾ ਚਾਹੀਦਾ।

ਉਹਨਾਂ ਨੇ ਕਿਹਾ ਕਿ ਜਲ ਸਪਲਾਈ ਵਿਭਾਗ ਵੱਲੋਂ ਜਿਹੜੀਆਂ ਵਾਟਰ ਟੈਂਕੀਆਂ ਜਾਂ ਟਿਊਬਵੈਲ ਪੰਚਾਇਤਾਂ ਨੂੰ ਸਪੁਰਦ ਕੀਤੇ ਜਾ ਚੁੱਕੇ ਹਨ, ਵਿਖੇ ਪੰਚਾਇਤਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਲੋਕਲ ਕਮੇਟੀ ਬਣਾ ਕੇ ਇਹਨਾਂ ਜਲ ਸਪਲਾਈ ਸਕੀਮਾਂ ਨੂੰ



ਚਾਲੂ ਰੱਖਣ।

ਇਸ ਮੌਕੇ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਵੇਲੇ ਮਜੀਠਾ ਵਿੱਚ 18, ਹਰਸ਼ਾ ਛੀਨਾ ਵਿੱਚ ਤਿੰਨ, ਚੋਗਾਵਾਂ ਵਿੱਚ 13, ਅਜਨਾਲਾ ਵਿੱਚ 10 , ਵੇਰਕਾ ਵਿੱਚ ਦੋ, ਰਈਆ ਵਿੱਚ ਅੱਠ, ਤਰਸਿੱਕਾ ਵਿੱਚ ਸੱਤ ਅਤੇ ਜੰਡਿਆਲਾ ਗੁਰੂ ਵਿੱਚ ਦੋ ਜਲ ਸਪਲਾਈ ਸਕੀਮਾਂ ਮਰੰਮਤ ਨਾ ਹੋਣ ਕਾਰਨ ਬੰਦ ਹਨ।

ਡਿਪਟੀ ਕਮਿਸ਼ਨਰ ਨੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਤੁਰੰਤ ਇਹਨਾਂ ਬੰਦ ਪਈਆਂ ਸਕੀਮਾਂ ਦੀ ਮਰੰਮਤ ਲਈ ਲੋੜੀਂਦਾ ਧਨ ਜੁਟਾਉਣ ਅਤੇ ਇਹਨਾਂ ਸਕੀਮਾਂ ਨੂੰ ਛੇਤੀ ਚਾਲੂ ਕਰਕੇ ਪੰਚਾਇਤਾਂ ਦੇ ਕੋਲੋਂ ਇਸਦਾ ਰੱਖ ਰਖਾਵ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਮਜੀਤ ਕੌਰ, ਡੀਡੀਪੀਓ ਸ਼੍ਰੀ ਸੰਦੀਪ ਮਲਹੋਤਰਾ, ਐਕਸੀਅਨ ਸ ਹਰਿੰਦਰ ਸਿੰਘ, ਐਕਸੀਐਨ ਚਰਨਜੀਤ ਸਿੰਘ, ਐਕਸੀਐਨ ਸ੍ਰੀ ਕਾਲੀਆ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਵ.ਫਦ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸ਼ਹੀਦੀ ਸਮਾਗਮ ਵਿੱਚ ਪੂਰੇ ਸਹਿਯੋਗ ਦਾ ਭਰੋਸਾ : ਚੱਢਾ, ਮਰਵਾਹਾ



ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਅਹੁਦੇਦਾਰਾਂ ਵੱਲੋਂ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਮਨਾਏ ਜਾ ਰਹੇ ਸਮੁੱਚੇ ਸਮਾਗਮਾਂ ਅਤੇ ਨਗਰ ਕੀਰਤਨ ਵਿੱਚ ਸ਼ਮੂਲੀਅਤ ਸਮੇਤ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ। ਦਿੱਲੀ, ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਕਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਹੁਦੇਦਾਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਯਕੀਨ ਦਿੱਤਾ ਕਿ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਦੇ ਮੂਲ ਸੰਕਲਪ, ਦਵਾਈ ਲੰਗਰ, ਪੜ੍ਹਾਈ ਲੰਗਰ, ਅਤੇ ਕਮਾਈ ਲੰਗਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਨਵਤਾ ਦੇ ਸਰੀਰਕ ਦੁਖਾਂ ਨੂੰ ਹਰਨ, ਬੌਧਿਕ ਅਤੇ ਵਿੱਦਿਅਕ ਤਰੱਕੀ ਕਰਨ ਅਤੇ ਕਿਰਤੀ ਹੱਥਾਂ ਨੂੰ ਹੁਨਰਮੰਦ ਬਣਾਉਣ ਲਈ ਜੋ ਯੋਜਨਾ ਤਿਆਰ ਕੀਤੀ ਜਾਵੇਗੀ, ਨੂੰ ਨੇਪਰੇ ਚਾੜ੍ਹਨ ਵਿੱਚ ਸਹਿਯੋਗ ਕੀਤਾ ਜਾਵੇਗਾ। ਪ੍ਰਧਾਨ ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ ਨੇ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ ਵੱਲੋਂ ਸਹਿਯੋਗ ਕਰਨ ਲਈ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਅਤੇ ਗਲੋਬਲ ਚੇਅਰਮੈਨ ਸ੍ਰ. ਪਰਮੀਤ ਸਿੰਘ ਚੱਢਾ ਅਤੇ ਪੰਜਾਬ ਪ੍ਰਧਾਨ ਰਜਿੰਦਰ ਸਿੰਘ ਮਰਵਾਹਾ ਨੂੰ ਸਿਰੋਪਾ ਭੇਟ ਕਰਕੇ ਉਨ੍ਹਾਂ ਦਾ ਮਾਣ ਕੀਤਾ। ਇਸ ਮੌਕੇ ਪੰਜਾਬ ਚੈਪਟਰ ਦੇ ਚੇਅਰਮੈਨ ਰਜਿੰਦਰ ਸਿੰਘ ਮਰਵਾਹਾ, ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਅਮਰਿੰਦਰ ਸਿੰਘ ਕੋਛੜ, ਚੰਡੀਗੜ੍ਹ ਚੈਪਟਰ ਦੇ ਵਾਈਸ ਪ੍ਰਧਾਨ ਮਨਮੀਤ ਸਿੰਘ ਭੱਟੀ, ਹਰਿਆਣਾ ਚੈਪਟਰ ਦੇ ਚੇਅਰਮੈਨ ਹਰਪ੍ਰੀਤ ਸਿੰਘ, ਕਨੇਡਾ ਤੋਂ ਅਵਤਾਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਫੈਡਰੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਆਹਲੂਵਾਲੀਆ, ਰੁਪਿੰਦਰ ਸਿੰਘ ਕਟਾਰੀਆ, ਜੱਜਬੀਰ ਸਿੰਘ ਆਹਲੂਵਾਲੀਆ ਆਰਕੀਟੈਕਟ, ਜਤਿੰਦਰ ਸਿੰਘ ਬੌਬੀ ਬਾਦਸ਼ਾਹ ਪਰਮਿੰਦਰ ਸਿੰਘ ਗੋਲਡੀ, ਬੌਬੀ ਧੰਜਲ, ਡਾ. ਜੌਲੀ ਅਮਰਜੀਤ ਸਿੰਘ ਨਾਰੰਗ ਸੀ.ਏ. ਪਰਮਜੀਤ ਸਿੰਘ ਤੇਗ ਐਡਵੋਕੇਟ, ਸੁਖਵਿੰਦਰ ਸਿੰਘ ਹੋਟਲ ਵਾਲੇ, ਸਮੇਤ ਹੋਰ ਮੈਂਬਰ ਹਾਜ਼ਰ ਸਨ। ਇਸ ਮੁਲਾਕਾਤ ਦੌਰਾਨ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਰਜਿੰਦਰ ਸਿੰਘ ਮਹਿਤਾ, ਹਰਭਜਨ ਸਿੰਘ ਵਕਤਾ, ਪ੍ਰਤਾਪ ਸਿੰਘ ਅਤੇ ਹੋਰ ਅਹੁਦੇਦਾਰ ਸ਼ਾਮਲ ਸਨ।

# ਜੋਧੇ ਤੇ ਵੜੈਚ ਪਿੰਡ ਦੀ ਜ਼ਮੀਨ ਬਚਾਉਣ ਦਾ ਸਿਰਸਾ ਨੇ ਕੀਤਾ ਐਲਾਨ

ਅੰਮ੍ਰਿਤਸਰ, 14 ਜੁਲਾਈ, (ਗੁਰਦਿਆਲ ਸਿੰਘ) : ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਤੇ ਕਿਸਾਨ ਆਗੂ ਭਾਈ ਬਲਦੇਵ ਸਿੰਘ ਸਿਰਸਾ ਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਮੈਡਮ ਸ਼ਾਕਸੀ ਸਾਹਨੀ ਨੂੰ ਪੱਤਰ ਦੇ ਕੇ ਚਿਤਾਵਨੀ ਦਿੱਤੀ ਕਿ ਜੇਕਰ ਡੇਰਾ ਬਿਆਸ ਰਾਧਾ ਸੁਆਮੀ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਢਿਲੋਂ ਵੱਲੋਂ ਬਿਆਸ ਦਰਿਆ ਦੇ ਵਹਾ ਨੂੰ ਮੋੜ ਕੇ ਕਿਸਾਨਾਂ ਦੀਆਂ ਜ਼ਮੀਨਾਂ ਤਬਾਹ ਕਰਨ ਤੋਂ ਰੋਕਿਆ ਨਾ ਗਿਆ ਤੇ ਗੁਰਦੁਆਰਾ ਬਾਬਾ ਜੀਵਨ ਸਿੰਘ ਵੜੈਚ ਨੂੰ ਸੰਗਤਾਂ ਦੇ ਹਵਾਲੇ ਨਾ ਕੀਤਾ ਗਿਆ ਤਾਂ ਉਹ ਪੰਜ ਦਿਨਾਂ ਬਾਅਦ ਕੋਈ ਸਖਤ ਫੈਸਲਾ ਲੈਣ ਲਈ ਮਜਬੂਰ ਹੋਣਗੇ ਤੇ ਉਸ ਤੋਂ ਨਿਕਲਣ ਵਾਲੇ ਸਿੱਟਿਆ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਬਾਬਾ ਗੁਰਿੰਦਰ ਸਿੰਘ ਢਿਲੋਂ ਜ਼ਿੰਮੇਵਾਰ ਹੋਣਗੇ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਪਿੰਡ ਜੋਧੇ ਦੀ ਪੰਚਾਇਤੀ ਜ਼ਮੀਨ ਦੀ ਕੀਤੀ ਗਈ ਰਜਿਸਟਰੀ ਸਬੰਧੀ ਡੇਰਾ ਮੂਖੀ ਵੱਲੋ ਕੀਤੀ ਗਈ ਕਾਰਵਾਈ ਅੱਤ ਨਿੰਦਣਯੋਗ ਹੈ ਤੇ ਇਸ ਸਬੰਧ ਵਿੱਚ ਉਹਨਾਂ ਨੇ ਪ੍ਰਸ਼ਾਸ਼ਨ ਨੂੰ ਕਈ ਵਾਰੀ ਚਿਤਵਾਇਆ ਪਰ ਹਾਲੇ ਤੱਕ ਕੋਈ ਕਾਰਵਾਈ ਨਹ੍ਹੀ ਕੀਤੀ ਗਈ।ਉਹਨਾਂ ਕਿਹਾ ਕਿ ਪਿੰਡ ਵੜੈਚ ਦੀ 80 ਏਕੜ ਜ਼ਮੀਨ ਨੂੰ ਬਚਾਉਣ ਲਈ ਉਹਨਾਂ ਵੱਲੋਂ ਹਾਈਕੋਰਟ ਤੱਕ ਪਹੁੰਚ ਕੀਤੀ ਗਈ ਸੀ ਪਰ ਇਸ ਜ਼ਮੀਨ ਦਾ ਕਬਜ਼ਾ ਹਾਲੇ ਵੀ ਡੇਰਾ ਮੂੱਖੀ ਕੋਲੋਂ ਛੁਡਾਉਣ ਲਈ ਕੋਈ ਕਾਰਵਾਈ ਨਹੀ ਕੀਤੀ ਗਈ। ਉਹਨਾਂ ਕਿਹਾ ਕਿ ਦੋਹਾਂ ਪਿੰਡਾਂ ਦੇ ਲੋਕਾਂ ਦਾ ਸਬਰ ਦਾ ਪਿਆਲਾ ਭਰ ਗਿਆ ਹੈ ਤੇ ਪਿੰਡਾਂ ਦੇ ਵਾਸੀ ਕੋਈ ਸਖਤ ਕਦਮ ਚੁੱਕਣ ਦੀ ਤਿਆਰੀ ਕਰ ਰਹੇ ਹਨ।

# ਸਿਵਲ ਸਰਜਨ ਨੇ ਡੇਂਗੂ ਤੇ ਚਿਕਨਗੁਨੀਆ ਦੇ ਸੰਭਾਵਿਤ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਕੀਤਾ ਜਾਗਰੂਕ ਅਤੇ ਐਂਟੀ ਲਾਰਵਾ ਗਤੀਵਿਧੀਆਂ ਕਰਵਾਈਆਂ

ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਡੇਂਗੂ ਅਤੇ ਚਿਕਨਗੁਣੀਆ ਦੇ ਸੰਭਾਵਿਤ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਐਂਟੀ ਲਾਰਵਾ ਗਤੀਵਿਧੀਆਂ ਦੇ ਨਾਲ ਨਾਲ ਫੋਗਿੰਗ ਅਤੇ ਸਪਰੇ ਕਰਵਾਏ ਗਏ। ਇਸ ਦੌਰਾਨ ਵੱਲਾ ਮੰਡੀ ਅੰਮ੍ਰਿਤਸਰ ਵਿਖੇ ਮੰਡੀ ਦੇ ਸੁਪਰਵਾਈਜ਼ਰਾਂ ਅਤੇ ਅਧਿਕਾਰੀਆਂ ਦੇ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਜਿਸ ਦੌਰਾਨ ਉਹਨਾਂ ਨੂੰ ਮੰਡੀ ਵਿੱਚ ਥਾਂ ਥਾਂ ਤੇ ਖੜੇ ਪਾਣੀ ਦਾ ਨਿਪਟਾਰਾ ਕਰਨ, ਡੇਂਗੂ ਤੇ ਚਿਕਨਗੁਨੀਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦਾ ਸੰਦੇਸ਼ ਦਿੱਤਾ ਗਿਆ। ਇਸ ਉਪਰੰਤ ਡਾ ਕਿਰਨਦੀਪ ਕੌਰ ਵੱਲੋਂ ਮੰਡੀ ਦੀਆਂ ਵੱਖ ਵੱਖ ਹੋਟ ਸਪੋਟ ਥਾਵਾਂ ਦੀ ਜਾਂਚ ਕੀਤੀ ਗਈ ਅਤੇ ਖੜੇ ਪਾਣੀ ਵਿੱਚ ਸਪਰੇ ਕਰਵਾਈ ਗਈ। ਇਸ ਅਵਸਰ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ ਤੇ ਪਾਣੀ ਦਾ ਇੱਕਠਾ ਹੋਣਾਂ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿਥੇ ਪਾਣੀ ਇੱਕਠਾ ਹੋਵੇਗਾ



ਉਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਕਿਤੇ ਵੀ ਪਾਣੀ ਇੱਕਠਾ ਨਾਂ ਹੋਣ ਦਈਏ, ਕਿਓਂਕਿ ਡੇਂਗੂ ਤੋ ਬਚਣ ਲਈ ਸਭ ਤੋ ਜਿਆਦਾ ਜਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਪੂਰੀ ਬਾਹਵਾਂ ਤੇ ਕੱਪੜੇ ਪਹਿਨੇ ਜਾਣ ਅਤੇ ਮੱਛਰ ਭਜਾਉਣ ਵਾਲੀਆ ਕਰੀਮਾਂ ਆਦੀ ਦਾ ਇਸਤੇਮਾਲ ਵੀ ਸਾਨੂੰ ਡੇਗੂ ਤੋ ਬਚਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਸ਼ਹਿਰ ਦੇ ਸਾਰੇ ਹੋਟ ਸਪੋਟ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਐਂਟੀ ਲਾਰਵਾ ਗਤੀਵਿਧੀਆਂ ਰਹੀਆਂ ਹਨ।

ਇਸ ਮੌਕੇ ਤੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਆਮ ਲੋਕਾਂ ਨੂੰ ਜਾਗਰੂਕ ਕਰਦਿਆਂ ਹੋਇਆਂ ਦੱਸਿਆ ਕਿ ਡੇਂਗੂ ਦੇ ਆਮ ਲੱਛਣ ਤੇਜ ਸਿਰ-ਦਰਦ, ਤੇਜ ਬੁਖਾਰ, ਮਾਸ ਪੇਸ਼ੀਆ ਤੇ ਜੋੜਾਂ ਦਾ ਦਰਦ, ਅੱਖਾ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆਂ ਵਿੱਚੋ ਖੂਨ ਵਗਣਾ ਆਦੀ ਹੈ। ਇਸ ਲਈ ਡੇਂਗੂ ਬੁਖਾਰ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋ ਮੁਫਤ ਚੈਕਅੱਪ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ।

ਇਸ ਮੌਕੇ ਤੇ ਵੱਲਾ ਮੰਡੀ ਦੇ ਸੁਪਰਵਾਈਜ਼ਰ ਏਕਮਦੀਪ ਸਿੰਘ, ਐਸ.ਆਈ. ਸੁਖਦੇਵ ਸਿੰਘ, ਐਸ.ਆਈ. ਗੁਰਪ੍ਰੀਤ ਸਿੰਘ, ਹਰਮੀਤ ਸਿੰਘ ਅਤੇ ਰਸਪਾਲ ਸਿੰਘ ਸਮੇਤ ਸਮੂਹ ਕਰਮਚਾਰੀ ਹਾਜਰ ਸਨ।

# ਕਮਿਸ਼ਨਰੇਟ ਪੁਲਿਸ ਨੇ ਚਲਾਇਆ ਕਾਸੋ ਆਪ੍ਰੇਸ਼ਨ, ਦੋ ਗ੍ਰਿਫ਼ਤਾਰ, ਹੈਰੋਇਨ ਅਤੇ ਨਸ਼ੇ ਦੀ ਵਰਤੋਂ ਕਰਨ ਵਾਲਾ ਹੋਰ ਸਮਾਨ ਬਰਾਮਦ



ਜਲੰਧਰ, 14 ਜੁਲਾਈ, (ਸੰਦੀਪ ਕੌਲ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਅੱਜ ਸੈਂਟ੍ਰਲ ਅਤੇ ਮਾਡਲ ਟਾਊਨ ਦੇ ਖੇਤਰਾਂ ਵਿੱਚ ਟਾਰਗੇਟਿਡ ਕਾਸੋ ਆਪ੍ਰੇਸ਼ਨ ਚਲਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਕਾਜੀ ਮੰਡੀ ਅਤੇ ਗੜ੍ਹਾ ਇਲਾਕਿਆਂ ਵਿੱਚ ਕੀਤੇ ਗਏ ਟਾਰਗੇਟਿਡ ਆਪਰੇਸ਼ਨ ਲਈ ਕੁੱਲ 77 ਪੁਲਿਸ ਕਰਮਚਾਰੀ ਤੈਨਾਤ ਕੀਤੇ ਗਏ। ਵੱਖ-ਵੱਖ ਪ੍ਰਮੁੱਖ ਸਥਾਨਾਂ 'ਤੇ ਨਾਕੇ ਲਗਾ ਕੇ ਸਖਤ ਜਾਂਚ ਅਤੇ ਚੌਕਸੀ ਵਰਤੀ ਗਈ।

ਇਹ ਆਪਰੇਸ਼ਨ ਅਮਨਦੀਪ ਸਿੰਘ, ਏ.ਸੀ.ਪੀ ਸੈਂਟ੍ਰਲ ਅਤੇ ਰੂਪਦੀਪ ਕੌਰ, ਏ.ਸੀ.ਪੀ ਮਾਡਲ ਟਾਊਨ ਦੀ ਅਗਵਾਈ ਹੇਠ ਕੀਤੇ ਗਏ, ਜਿਨ੍ਹਾਂ ਨੂੰ ਸੰਬੰਧਤ ਐਸ.ਐਚ.ਓਜ਼ ਅਤੇ ਉਨ੍ਹਾਂ ਦੀ ਟੀਮ ਨੇ ਪੂਰਾ ਸਹਿਯੋਗ ਦਿੱਤਾ।

ਆਪਰੇਸ਼ਨ ਦੌਰਾਨ ਰਿਹਾਇਸ਼ੀ ਅਤੇ ਵਪਾਰਿਕ ਇਲਾਕਿਆਂ ਵਿੱਚ ਵਿਸਥਾਰਪੂਰਵਕ ਤਲਾਸ਼ੀਆਂ ਲਈ ਗਈਆਂ, ਤਾਂ ਜੋ ਕਾਨੂੰਨੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਕਿਸੇ ਵੀ ਕਿਸਮ ਦੀ ਗੈਰਕਾਨੂੰਨੀ ਗਤਿਵਿਧੀ ਨੂੰ ਬੇਨਕਾਬ ਕੀਤਾ ਜਾ ਸਕੇ।

ਆਪਰੇਸ਼ਨ ਦੌਰਾਨ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਦੋ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ 10 ਗ੍ਰਾਮ ਹੈਰੋਇਨ, ਸਿਲਵਰ ਪੇਪਰ ਵਾਲੀ ਫੋਇਲ, ਲਾਈਟਰ ਅਤੇ 10 ਰੁਪਏ ਦੇ ਨੋਟ ਬਰਾਮਦ ਹੋਏ, ਜੋ ਨਸ਼ਿਆਂ ਨਾਲ ਸੰਬੰਧਿਤ ਗਤੀਵਿਧੀਆਂ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ, 28 ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚੋਂ 5 ਵਾਹਨਾਂ 'ਤੇ ਵੱਖ-ਵੱਖ ਉਲੰਘਣਾਂ ਲਈ ਚਲਾਨ ਜਾਰੀ ਕੀਤੇ ਗਏ।

ਪੁਲਿਸ ਕਮਿਸ਼ਨਰ ਨੇ ਜ਼ੋਰ ਦਿੰਦਿਆ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਅਭਿਆਨ ਤਹਿਤ ਇਸ ਤਰ੍ਹਾਂ ਦੇ ਆਪਰੇਸ਼ਨ ਨਿਯਮਤ ਤੌਰ 'ਤੇ ਕੀਤੇ ਜਾਂਦੇ ਰਹਿਣਗੇ, ਤਾਂ ਜੋ ਨਸ਼ਾਮੁਕਤ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ।

# ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਰਦੇ ਮੀਂਹ ਵਿੱਚ ਵੀ ਬੱਚਿਆਂ ਨੇ ਸਜਾਈਆਂ ਆਪਣੇ ਸਿਰਾਂ ਤੇ ਦਸਤਾਰਾਂ, ਸੁਸਾਇਟੀ ਵੱਲੋਂ ਇਲਾਕੇ ਦੀਆਂ ਸੰਗਤਾਂ ਦਾ ਕੀਤਾ ਧੰਨਵਾਦ

ਭਿੱਖੀਵਿੰਡ, 14 ਜੁਲਾਈ, (ਸਵਿੰਦਰ ਬਲੇਹਰ) : ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੁਸਾਇਟੀ (ਰਜਿ:) ਪੰਜਾਬ ਵੱਲੋਂ ਕਿਰਤੀ ਗੁਰਸਿੱਖ ਸੇਵਾ ਤੇ ਸਿਮਰਨ ਦੇ ਪੁੰਜ, ਵੰਡ ਛਕਣ ਲਈ ਹਮੇਸ਼ਾ ਤਤਪਰ ਰਹਿਣ ਵਾਲੀ ਰੱਬੀ ਰੂਹ ਭਾਈ ਤਾਰੂ ਸਿੰਘ ਜੀ ਪੂਹਲਾ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਹੋਇਆਂ ਬੱਚਿਆਂ ਦੇ ਦਸਤਾਰ, ਦੁਮਾਲਾ , ਗੁਰਬਾਣੀ ਕੰਠ ਅਤੇ ਸੁੰਦਰ ਲਿਖਾਈ ਮੁਕਾਬਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ ਵਿਖੇ ਕਰਵਾਏ ਗਏ ਜਿਸ ਵਿੱਚ ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਭਿੱਖੀਵਿੰਡ, ਬਾਬਾ ਦੀਪ ਸਿੰਘ ਕੈਂਬਰਿਜ ਸਕੂਲ ਪਹੂਵਿੰਡ, ਬਾਬਾ ਦੀਪ ਸਿੰਘ ਸੀਨੀਅਰ ਸੈਕੰਡਰੀ ਸਕੂਲ ਪਹੂਵਿੰਡ, ਬਾਬਾ ਬੀਰ ਸਿੰਘ ਸਕੂਲ ਗੱਗੋ ਬੂਹਾ ਅਤੇ ਇਲਾਕੇ ਚੋਂ 200 ਤੋਂ ਵੱਧ ਬੱਚਿਆਂ ਅਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ । ਦਸਤਾਰ ,



ਦੁਮਾਲਾ ਮੁਕਾਬਲੇ ਵਿੱਚ ਚਾਰ ਗਰੁੱਪ, ਗੁਰਬਾਣੀ ਕੰਠ ਵਿੱਚ ਦੋ ਗਰੁੱਪ ਅਤੇ ਸੁੰਦਰ ਲਿਖਾਈ ਮੁਕਾਬਲੇ ਵਿੱਚ ਦੋ ਗਰੁੱਪ ਬਣਾ ਕੇ ਇਹ ਮੁਕਾਬਲੇ ਕਰਵਾਏ ਗਏ। ਉਹਨਾਂ ਨੇ ਬੱਚਿਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਰਦੇ ਮੀਹ ਦੇ ਵਿੱਚ ਇਸ ਤਰ੍ਹਾਂ ਵੱਡੀ ਗਿਣਤੀ ਵਿੱਚ ਤੁਹਾਡਾ ਮੁਕਾਬਲਿਆਂ ਦੀ ਪ੍ਰਤੀ ਉਤਸ਼ਾਹ ਵਿਖਾਉਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਪੰਜਾਬ ਅਤੇ ਇਸ ਦੀ ਨੌਜਵਾਨੀ ਜਾਗ ਚੁੱਕੀ ਹੈ ਅਤੇ ਉਹ ਭਾਈ ਤਾਰੂ ਸਿੰਘ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੇ ਲਈ ਤਿਆਰ ਹੈ।ਦਸਤਾਰ ਦੁਮਾਲਾ ਮੁਕਾਬਲੇ ਵਿੱਚ ਜੱਜਮੈਂਟ ਦੀ ਭੂਮਿਕਾ ਸੀਨੀਅਰ ਕੋਆਰਡੀਨੇਟਰ ਹਰਜੀਤ ਸਿੰਘ ਲਹਿਰੀ, ਸਾਜਨ ਪ੍ਰੀਤ ਸਿੰਘ ਮਰਗਿੰਦਪੁਰਾ, ਹਰਮਨ ਦੀਪ ਸਿੰਘ ਭਿੱਖੀਵਿੰਡ, ਹੁਸਨਦੀਪ ਸਿੰਘ, ਸੁਖਮਨਦੀਪ ਸਿੰਘ, ਗਗਨਦੀਪ ਸਿੰਘ ਭਿੱਖੀਵਿੰਡ, ਰਨਬੀਰ ਸਿੰਘ ਵੀਰਮ, ਗੁਰਬਾਣੀ ਕੰਠ ਮੁਕਾਬਲੇ ਦੀ ਜੱਜਮੈਂਟ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ ਅਤੇ ਹੈਡ ਗ੍ਰੰਥੀ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਭਾਈ ਮਨਦੀਪ ਸਿੰਘ ਵੱਲੋਂ ਅਤੇ ਸੁੰਦਰ ਲਿਖਾਈ ਮੁਕਾਬਲੇ ਦੀ ਜੱਜਮੈਂਟ ਦੀ ਸੇਵਾ ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਪ੍ਰਚਾਰਕ ਭਾਈ ਹਰਜੀਤ ਸਿੰਘ ਵਾਂ, ਭਾਈ ਜਸ਼ਨਦੀਪ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਜਰਮਨ, ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ ਇਲਾਕੇ ਦੀਆਂ ਸੰਗਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਕੂਲਾਂ ਦੇ ਪ੍ਰਿੰਸੀਪਲ ਅਧਿਆਪਕ ਸਾਹਿਬਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਵੱਲੋਂ ਇਹ ਸਭ ਕਾਰਜ ਆਪ ਸਭਨਾ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਨੇਜਰ ਜਗੀਰ ਸਿੰਘ ਜੀ, ਰਸੀਵਰ ਰਸ਼ਪਾਲ ਸਿੰਘ ਅਤੇ ਬਾਬਾ ਹਰ ਮੋਹਿੰਦਰ ਸਿੰਘ ਸੇਵਾਦਾਰ ਬੀਬੀ ਕੌਲਾਂ ਜੀ ਭਲਾਈ ਟਰਸਟ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਹਰੇਕ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਵਾਇਆ। ਇਸ ਮੌਕੇ ਕੋਆਰਡੀਨੇਟਰ ਹਰਪ੍ਰੀਤ ਸਿੰਘ ਪੱਟੀ, ਅਕਾਸ਼ਦੀਪ ਸਿੰਘ ਪੱਟੀ, ਵਜ਼ੀਰ ਸਿੰਘ ਆਸਲ , ਗੁਰਮੀਤ ਸਿੰਘ ਮਾਲੂਵਾਲ, ਬਾਬਾ ਸੁਖਦੀਪ ਸਿੰਘ, ਭਾਈ ਬਲਰਾਜ ਸਿੰਘ, ਪ੍ਰਚਾਰਕ ਭਾਈ ਸਤਵੰਤ ਸਿੰਘ, ਭਾਈ ਲਖਵਿੰਦਰ ਸਿੰਘ ਵਾੜਾ ਸ਼ੇਰ ਸਿੰਘ, ਭਾਈ ਦਿਲਬਾਗ ਸਿੰਘ ਸੁਰਸਿੰਘ, ਮਾਸਟਰ ਸੁਖਰਾਜ ਸਿੰਘ ਬੋਪਾਰਾਏ, ਭਾਈ ਮਨਜੀਤ ਸਿੰਘ ਅਹਿਮਦਪੁਰ, ਗੁਰਵਿੰਦਰ ਸਿੰਘ ਸਦਿਓੜਾ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ

ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਦੇ ਦਿਸ਼ਾ ਨਿਰਦੇਸ਼ ਹੇਠ ਕੀਤੀ ਗਈ, ਜਿਸ ਵਿਚ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਕਲਸੀ ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਹਰਜੀਤ ਸਿੰਘ ਸੋਹੀ ਨੇ ਆਏ ਹੋਏ ਆਗੂਆਂ ਨੂੰ ਸਬੋਧਨ ਕੀਤਾ ਜਿਸ ਵਿਚ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਨੇ ਦੱਸਿਆ ਕਿ ਸੂਬਾ ਪ੍ਰਧਾਨ ਵੱਲੋਂ ਆਏ ਸੁਨੇਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵੱਲ ਚੱਲ ਪਈਆਂ ਹਨ ਕਿਉਂਕਿ ਭਗਵੰਤ ਮਾਨ ਦੀ ਸਰਕਾਰ ਇੱਕ ਆਪਣੀ ਪੋਲਸੀ ਲੈਂਡ ਪੂਲਿੰਗ ਨਾਲ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਜਮੀਨ ਖੋਹੀ ਜਾ ਰਹੀ ਹੈ ਜਿਹੜਾ ਕਿ ਕਿਸਾਨਾਂ ਨਾਲ ਸਿਰਾਸਰ ਧੱਕਾ ਹੈ। ਕਿਉਂਕਿ ਇਸ ਪੋਲਸੀ ਨਾਲ ਕਿਸਾਨਾਂ ਨੂੰ ਉਹਨਾਂ ਦੀ ਜ਼ਮੀਨ ਦੀ ਕੋਈ ਵੀ ਕੀਮਤ ਨਹੀਂ ਦਿੱਤੀ ਜਾਵੇਗੀ । ਕਿਉਂਕਿ ਇਸ ਇਕਵੇਅਰ ਕੀਤੀ ਗਈ ਜ਼ਮੀਨ ਵਿੱਚੋਂ ਹਾਜ਼ਰ ਗੱਜ ਦਾ ਪਲਾਂਟ ਦਿੱਤਾ ਜਾਵੇਗਾ ਉਹ ਵੀ ਤਿੰਨ ਸਾਲ ਬਾਅਦ ਤੇ ਤਿੰਨ ਸਾਲ ਸਰਕਾਰ ਇੱਕ ਏਕੜ ਦਾ ਤੀਹ ਹਜ਼ਾਰ ਰੁਪਏ ਪ੍ਰਤੀ ਏਕੜ ਦਿਤਾ ਜਾਵੇਗਾ ਤੇ ਫਿਰ ਕਿਸਾਨ ਕੁਝ ਵੀ ਨਹੀਂ ਦਿੱਤਾ ਜਾਵੇਗਾ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਅੱਜ



ਕਿਸਾਨ ਦੀ ਜ਼ਮੀਨ ਦਾ ਠੇਕਾ ਹੀ ਸੱਤਰ ਹਜ਼ਾਰ ਤੋਂ ਅੱਸੀ ਹਜ਼ਾਰ ਤੱਕ ਚੱਲ ਰਿਹਾ ਹੈ ਇਸ ਤਰ੍ਹਾਂ ਜਿਹੜੀਆਂ ਪਹਿਲਾਂ ਸਰਕਾਰ ਨੇ ਇਕ ਵੇਅਰ ਕੀਤੀ ਜ਼ਮੀਨਾਂ ਉਸ ਉਪਰ ਕੁਝ ਵੀ ਨਹੀਂ ਬਣ ਸਕਿਆ ਜਿਹਨਾਂ ਕਿਸਾਨਾਂ ਦੀਆਂ ਜ਼ਮੀਨਾਂ ਗ ਈਆ ਸਨ ਉਹ ਹੁਣ ਬੇਜ਼ਮੀਨੇ ਹੋਏ ਨੇ ਤੇ ਮਜ਼ਦੂਰੀ ਕਰ ਰਹੇ ਹਨ ਇਸ ਲਈ ਸਰਕਾਰ ਨੂੰ ਅਪੀਲ ਹੈ ਕਿ ਇਹ ਕਿਸਾਨਾਂ ਵਿਰੋਧ ਕੀਤਾ ਫੈਸਲਾ ਵਾਪਸ ਲਵੇ ਨਹੀਂ ਤਾਂ ਵੱਡੇ ਸੰਘਰਸ਼ ਕੀਤਾ ਜਾਵੇਗਾ। ਆਗੂ ਨੂੰ ਸਬੋਧਨ ਕਰਦੇ ਹੋਏ ਜ਼ਿਲ੍ਹਾ ਤਰਨਤਾਰਨ ਦੇ ਤਰਸੇਮ ਸਿੰਘ ਕਲਸੀ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਦਬਾਅ ਹੇਠ ਆ ਕੇ ਪੰਜਾਬ ਵਿੱਚ ਸਮਾਰਟ ਮੀਟਰ ਲਾਏ ਜਾ ਰਹੇ ਹਨ ਜਿਹੜੀ ਪਬਲਿਕ ਨਾਲ ਬਹੁਤ ਧੱਕਾ ਕੀਤਾ ਜਾ ਰਿਹਾ ਹੈ ਪ੍ਰਧਾਨ ਨੇ ਦੱਸਿਆ ਕਿ ਭਗਵੰਤ ਮਾਨ ਜਿਹੜਾ ਕਿਸਾਨ ਆਗੂਆਂ 'ਤੇ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਦਾ ਹੈ ਤੇ ਪਰ ਮੋਦੀ ਸਰਕਾਰ ਦੇ ਅੱਗੇ ਗੋਡੇ ਟੇਕ ਕੇ ਪੰਜਾਬ ਦੀ ਪਬਲਿਕ ਦੀ ਵਾਧੂ ਲੁੱਟ ਕਰਵਾਉਣ ਜਾ ਰਿਹਾ ਹੈ, ਕਿਉਂਕਿ ਇਹ ਮੀਟਰ ਬਿਜਲੀ ਵਿਭਾਗ ਦੇ ਨਿਜੀਕਰਨ ਤੇ ਹੈ ਇਸ ਨਾਲ ਆਮ ਗਰੀਬ ਘਰਾਂ ਦੇ ਘਰਾਂ ਵਿੱਚ ਨਿਹੇਰਾ ਕਰਨ ਜਾ ਰਿਹਾ ਹੈ ਇਹ ਲੁੱਟ ਦਿਨ ਦਿਨ ਵੱਧ ਦੀ ਜਾਵੇਗੀ ਜੋ ਅੱਗੇ ਮੋਬਾਈਲ ਫੋਨ ਵਿੱਚ ਹੁੰਦੀ ਹੈ। ਇਹ ਆਗੂਆਂ ਨੇ ਆਪਣੇ ਸੰਬੋਧਨ ਵਿਚ ਕਿਸਾਨਾਂ ਨੂੰ ਸੂਚਿਤ ਕੀਤਾ ਹੈ ਕਿ ਬਿਜਲੀ ਦੇ ਮੁਲਾਜ਼ਮ ਕਿਸੇ ਵੀ ਪਿੰਡ ਜਾਂ ਕਿਸੇ ਵੀ ਖੱਪਤਕਾਰ ਦੇ ਇਹ ਮੀਟਰ ਲਾਉਣ ਆਉਂਦੇ ਹਨ, ਤਾਂ ਉਸ ਦਾ ਵਿਰੋਧ ਕੀਤਾ ਜਾਵੇ ਤੇ ਪ੍ਰਸ਼ਾਸਨ ਨੂੰ ਆਖਿਆ ਜਾਵੇ ਕਿ ਪਹਿਲਾਂ ਵਾਲੇ ਸਧਾਰਨ ਮੀਟਰ ਲਾਏ ਜਾਣ ਕਿਉਂਕਿ ਉਹ ਮੀਟਰ ਬਿਜਲੀ ਦੀਆਂ ਯੂਨਿਟਾਂ ਬਾਲਦੇ ਹਨ ਤੇ ਖਪਤਕਾਰਾਂ ਦੀ ਵਾਧੂ ਲੁੱਟ ਤੋਂ ਬਚਾਅ ਹੁੰਦਾ ਹੈ ਇਸ ਮੀਟਿੰਗ ਵਿੱਚ ਹਾਜ਼ਰ ਕਿਸਾਨ ਆਗੂ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ ਵੱਲੋਂ ਆਏਂ ਸੰਦੇਸ਼ ਤੋਂ ਜਾਣੂ ਕਰਵਾਉਂਦੇ ਹੋਏ ਦੱਸਿਆ ਕਿ ਐਸ ਕੇ ਐਮ ਵੱਲੋਂ ਚੋਵੀ ਅਗਸਤ ਨੂੰ ਮੁਲਾਂ ਪੁਰ ਦਾਖਾਂ ਦੀ ਦਾਣਾ ਮੰਡੀ ਵਿੱਚ ਰੱਖੀ ਗਈ ਰੈਲੀ ਵਿੱਚ ਵੱਧ ਤੋਂ ਵੱਧ ਕਿਸਾਨਾਂ ਨੂੰ ਲੈਕੇ ਹਜ਼ਾਰ ਹੋਣਾ।ਇਸ ਮੀਟਿੰਗ ਵਿੱਚ ਹਾਜ਼ਰ ਕਿਸਾਨ ਜ਼ਿਲ੍ਹਾ ਤਰਨਤਾਰਨ ਪ੍ਰਧਾਨ ਤਰਸੇਮ ਸਿੰਘ ਕਲਸੀ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਹਰਜੀਤ ਸਿੰਘ ਸੋਹੀ ਡਾਕਟਰ ਸਤਿੰਦਰ ਸਿੰਘ ਥੋਬਾ ਰਾਮ ਸਿੰਘ ਥੇ ਕਲਾ ਗੁਰਮੇਲ ਸਿੰਘ ਭੱਟੀ ਸੁਖਪਾਲ ਸਿੰਘ ਸਿੰਘਪੁਰਾ ਮਨਜੀਤ ਕੁਮਾਰ ਅਲਗੋ ਕੋਠੀ ਗੋਰਾ ਕਲਸੀਆ ਅਜੀਤ ਸਿੰਘ ਕਲਸੀ ਕਸ਼ਮੀਰ ਸਿੰਘ ਕਲਸੀਆ ਸੱਜਣ ਸਿੰਘ ਕਲ ਸਿੰਘ ਸੁੱਚਾ ਸਿੰਘ ਕਲਸੀਆ ਜਗਤਾਰ ਸਿੰਘ ਕਲਸੀਆ ਗੁਰਪ੍ਰੀਤ ਸਿੰਘ ਭਗਵਾਨਪੁਰਾ ਹੀਰਾ ਸਿੰਘ ਕਲਸੀ ਦਿਆਲਪੁਰ ਵਿੰਦਰ ਸਿੰਘ ਦਿਆਲਪੁਰ ਗੁਰਸੇਵਕ ਸਿੰਘ ਦਿਆਲਪੁਰ ਗੁਰ ਪ੍ਰਤਾਪ ਸਿੰਘ ਦਿਆਲਪੁਰਾ ਭਗਵੰਤ ਸਿੰਘ ਦਿਆਲਪੁਰਾ ਰਾਜਬੀਰ ਸਿੰਘ ਸਿੰਘਪੁਰਾ ਆਦ ਹਾਜ਼ਰ ਸਨ.

# ਨਹਿਰੀ ਪਾਣੀ ਸਪਲਾਈ ਪ੍ਰਜੈਕਟ ਯੋਜਨਾ ਅਧੀਨ ਪਾਈਪਾਂ ਵਿਛਾਉਣ ਵਾਲੀ ਕੰਪਨੀ ਐਲ.ਐਡ.ਟੀ. ਨੂੰ ਜਾਰੀ ਕੀਤਾ ਜਾਵੇਗਾ ਨੋਟਿਸ ਅਤੇ ਲਗਾਇਆ ਜਾਵੇਗਾ ਜੁਰਮਾਨਾ, ਬਰਸਾਤ ਦੇ ਮੌਸਮ ਵਿੱਚ ਪੁਟੀਆਂ ਸੜਕਾਂ ਦਾ ਬੁਰਾ ਹਾਲ

ਅੰਮ੍ਰਿਤਸਰ, 14 ਜੁਲਾਈ, (ਬਬਲੂ ਮਹਾਜਨ) : ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਮ੍ਰਿਤਸਰ ਵੱਲੋਂ ਨਹਿਰੀ ਪਾਣੀ ਸਪਲਾਈ ਪ੍ਰਾਜੈਕਟ ਯੋਜਨਾ ਅਧੀਨ ਪਾਈਪਾ ਵਿਛਾਉਣ ਵਾਲੀ ਕੰਪਨੀ ਐਲ.ਐਂਡ.ਟੀ ਅਤੇ ਪਿਮਸਿਪ ਦੇ ਅਧਿਕਾਰੀਆਂ ਨਾਲ ਹੰਗਾਮੀ ਮੀਟਿੰਗ ਲਈ ਗਈ। ਮੀਟਿੰਗ ਦੌਰਾਨ ਅਖਬਾਰਾਂ ਵਿੱਚ ਐਲ.ਐਂਡ.ਟੀ ਕੰਪਨੀ ਵੱਲੋਂ ਪਾਇਪਾਂ ਵਿਛਾਉਣ ਤੋ ਬਾਅਦ ਸੜਕਾਂ ਦਾ ਪੁਨਰ ਨਿਰਮਾਣ ਸਹੀ ਢੰਗ ਨਾਲ ਨਾ ਕਰਨ ਕਰਕੇ ਸੜਕਾਂ ਦਾ ਜੋ ਬੁਰਾ ਹਾਲ ਹੋਣ ਬਾਰੇ ਖਬਰਾਂ ਛਪੀਆਂ ਹਨ, ਉਹਨਾਂ ਦਾ ਸਖਤ ਸੰਗਿਆਨ ਲੈਂਦੇ ਹੋਏ ਕਮਿਸ਼ਨਰ ਵੱਲੋਂ ਕੰਪਨੀ ਨੂੰ ਸਖਤ ਹਦਾਇਤਾ ਕੀਤੀਆ ਗਈਆਂ ਕਿ ਜਿਨਾਂ ਵੀ ਸੜਕਾਂ ਤੇ ਪਾਇਪਾ ਵਿਛਾਉਣ ਤੋ ਬਾਅਦ ਰਿਪੇਅਰ ਕੀਤੀ ਗਈ ਹੈ ਬਰਸਾਤ ਆਉਂਣ ਤੋ ਬਾਅਦ ਇਹ ਸੜਕਾਂ ਧਸਣ ਕਾਰਨ ਦੁਰਘਟਨਾ ਦਾ ਹਰ ਵੇਲੇ ਖਤਰਾਂ ਬਣਿਆ ਰਹਿੰਦਾ ਹੈ ਇਸ ਲਈ ਇਨਾਂ ਸੜਕਾਂ ਤੇ ਮੁੜ ਸਹੀ ਤਰੀਕੇ ਨਾਲ ਰਿਪੇਅਰ ਕੀਤੀ ਜਾਵੇ ਅਤੇ ਬਰਾਬਰ ਲੈਵਲ ਤੇ ਸੜਕਾਂ ਦਾ ਨਿਰਮਾਣ ਕੀਤਾ ਜਾਵੇ । ਕਮਿਸ਼ਨਰ ਨੇ ਪਿਮਸਿਪ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਐਲ.ਐਂਡ.ਟੀ



ਕੰਪਨੀ ਦੀਆਂ ਸਾਰੀਆਂ ਅਦਾਇਗੀਆਂ ਰੋਕ ਲਈਆਂ ਜਾਣ ਅਤੇ ਇਸ ਕੰਪਨੀ ਨੂੰ ਨੋਟਿਸ ਜਾਰੀ ਕਰਕੇ ਜੁਰਮਾਨਾ ਲਗਾਇਆ ਜਾਵੇ। ਅੱਜ ਦੀ ਇਸ ਮੀਟਿੰਗ ਵਿੱਚ ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਪ੍ਰੋਜੈਕਟ ਮੈਨੇਜਰ ਕੁਲਦੀਪ ਸਿੰਘ ਸੈਨੀ, ਨਰਿੰਦਰ ਪਾਲੀ ਸਿੰਘ, ਸੀਨੀਅਰ ਨਿਰਮਾਨ ਇੰਜੀਨਿਅਰ ਅਸ਼ਵਨੀ ਕੁਮਾਰ ਅਤੇ ਹੋਰਨਾਂ ਤੋ ਇਲਾਵਾ ਐਲ.ਐਂਡ.ਟੀ ਕੰਪਨੀ ਦੇ ਰਾਹੁਲ ਪਟੇਲ ਆਪਣੀ ਟੀਮ ਨਾਲ ਹਾਜਰ ਸਨ ।

ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਵਰਲਡ ਬੈਂਕ ਦੀ ਸਹਾਇਤਾ ਨਾਲ ਅੰਮ੍ਰਿਤਸਰ ਸ਼ਹਿਰ ਦੇ ਵਸਨੀਕਾ ਨੂੰ ਨਹਿਰੀ ਪਾਣੀ ਸਵੱਛ ਕਰਕੇ ਪੀਣ ਵਾਸਤੇ ਮੁਹਇਆਂ ਕਰਵਾਉਣ ਲਈ ਐਲ.ਐਂਡ.ਟੀ ਕੰਪਨੀ ਨੂੰ ਪਾਇਪਾਂ ਵਿਛਾਉਣ ਦਾ ਕੰਮ ਦਿਤਾ ਗਿਆ ਹੈ, ਜਿਸ ਅਧੀਨ ਕੰਪਨੀ ਵੱਲੋਂ ਸ਼ਹਿਰ ਵਿਚ ਇਹ ਪਾਇਪਾਂ ਵਿਛਾਈਆਂ ਜਾ ਰਹੀਆਂ ਹਨ। ਨਿਯਮਾ ਅਨੁਸਾਰ ਕੰਪਨੀ ਨੇ ਜਿਥੇ ਵੀ ਪਾਈਪਾਂ ਵਿਛਾਉਣ ਲਈ ਸੜਕਾਂ ਤੋੜੀਆਂ ਹਨ ਉਹਨਾਂ ਨੂੰ ਦੋਬਾਰਾ ਉਸੇ ਤਰਾਂ ਹੀ ਬਣਾਉਣ ਦੀ ਵੀ ਜੁੰਮੇਵਾਰੀ ਕੰਪਨੀ ਦੀ ਹੈ। ਕੰਪਨੀ ਨੇ ਸ਼ਹਿਰ ਵਿੱਚ ਜੋ ਸੜਕਾਂ ਰਿਪੇਅਰ ਕੀਤੀਆਂ ਹਨ ਬਰਸਾਤ ਦੇ ਮੌਸਮ ਵਿੱਚ ਉਹ ਧਸ਼ਣ ਨਾਲ ਸੜਕਾਂ 'ਤੇ ਐਕਸੀਡੈਂਟ ਦਾ ਖਤਰਾਂ ਬਣਿਆਂ ਰਹਿੰਦਾ ਹੈ ਅਤੇ ਬਰਸਾਤੀ ਪਾਣੀ ਵੀ ਖੜਾ ਰਹਿੰਦਾ ਹੈ । ਇਸ ਤੋਂ ਇਲਾਵਾ ਸ਼ਹਿਰ ਦੀਆਂ ਕਈਆਂ ਸੜਕਾਂ 'ਤੇ ਅਜੇ ਤੱਕ ਕੰਪਨੀ ਵੱਲੋਂ ਰਿਪੇਅਰ ਦਾ ਕੰਮ ਹੀ ਨਹੀ ਸ਼ੁਰੂ ਕੀਤਾ ਗਿਆ ਜਿਸ ਨਾਲ ਆਵਾਜਾਈ ਦੇ ਵਿੱਚ ਸ਼ਹਿਰਵਾਸੀਆਂ ਨੂੰ ਬੜੀ ਪ੍ਰੈਸ਼ਾਨੀ ਦਾ ਸਾਹਮਣਾ ਕਰਨਾਂ ਪੈਂਦਾ ਹੈ । ਕਮਿਸ਼ਨਰ ਨੇ ਕਿਹਾ ਕਿ ਐਲ.ਐਂਡ.ਟੀ ਕੰਪਨੀ ਦੇ ਅਧਿਕਾਰੀਆਂ ਨੂੰ ਹਦਾਇਤਾ ਕੀਤੀਆਂ ਗਈਆਂ ਹਨ ਕਿ ਰਿਪੇਅਰ ਕੀਤੀਆਂ ਗਈਆਂ ਸੜਕਾਂ ਨੂੰ ਮੁੜ ਸਹੀ ਤਰੀਕੇ ਨਾਲ ਮੌਜੂਦਾ ਸੜਕਾ ਦੇ ਲੈਵਲ 'ਤੇ ਬਣਾਇਆ ਜਾਵੇ ਇਸ ਤੋ ਇਲਾਵਾ ਜਿਥੇ ਕੰਮ ਨਹੀ ਸ਼ੁਰੂ ਕੀਤਾ ਹੈ ਉਥੇ ਵੀ ਸਮਾਂ ਬੱਧ ਤਰੀਕੇ ਨਾਲ ਕੰਮ ਮੁਕੰਮਲ ਕੀਤਾ ਜਾਵੇ । ਉਹਨਾਂ ਕਿਹਾ ਕਿ ਭਵਿੱਖ ਲਈ ਕੰਪਨੀ ਦੀਆਂ ਅਦਾਇਗੀਆਂ ਰੋਕ ਲਈਆ ਗਈਆਂ ਹਨ ਅਤੇ ਕੰਪਨੀ ਨੂੰ ਨੋਟਿਸ ਜਾਰੀ ਕਰਨ ਦੀ ਵੀ ਹਦਾਇਤ ਕੀਤੀ ਗਈਆ ਹੈ ਤਾ ਜੋ ਕੰਪਨੀ ਨੂੰ ਜੁਰਮਾਨਾ ਲਗਾਇਆ ਜਾ ਸਕੇ । ਕਮਿਸ਼ਨਰ ਨੇ ਕਿਹਾ ਕਿ ਸਰਕਾਰ ਕੋਈ ਵੀ ਪ੍ਰੋਜੈਕਟ ਸ਼ਹਿਰਵਾਸੀਆਂ ਦੀ ਸਹੂਲਤ ਲਈ ਲੈ ਕੇ ਆਉਂਦੀ ਹੈ ਅਤੇ ਇਹ ਬਿਲਕੁਲ ਬਰਦਾਸ਼ਤ ਨਹੀ ਕੀਤਾ ਜਾਵੇਗਾ ਕਿ ਸੜਕਾ ਨੂੰ ਲੈ ਕੇ ਸ਼ਹਿਰਵਾਸੀਆਂ ਨੂੰ ਕੋਈ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ ।

# ਪੰਜਾਬ ਕਾਂਗਰਸ ਵੱਲੋਂ ਲੈਂਡ ਪੂਲਿੰਗ ਪਾਲਿਸੀ ਖ਼ਿਲਾਫ਼ ਰੋਸ ਪ੍ਰਦਰਸ਼ਨ

ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਦੇ ਬਾਹਰਵਾਰ ਵੱਖ-ਵੱਖ ਪਿੰਡਾਂ ਤੋਂ ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਅਤੇ ਕੋਈ ਮੁਆਵਜ਼ਾ ਦਿੱਤੇ ਬਿਨਾਂ 50,000 ਏਕੜ ਜ਼ਮੀਨ ਐਕਵਾਇਰ ਕਰਨ ਸਬੰਧੀ ਪੰਜਾਬ ਸਰਕਾਰ ਦੇ ਪ੍ਰਸਤਾਵ ਵਿਰੁੱਧ ਅੱਜ ਹਜ਼ਾਰਾਂ ਕਾਂਗਰਸੀ ਵਰਕਰਾਂ ਨੇ ਵਿਸ਼ਾਲ ਧਰਨਾ ਦਿੱਤਾ। ਪ੍ਰਦੇਸ਼ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਸੂਬੇ ਭਰ ਤੋਂ ਸੀਨੀਅਰ ਆਗੂਆਂ ਸਮੇਤ ਕਾਂਗਰਸੀ ਵਰਕਰਾਂ ਨੇ ਗ੍ਰੇਟਰ ਲੁਧਿਆਣਾ ਵਿਕਾਸ ਅਥਾਰਟੀ (ਗਲਾਡਾ) ਦੇ ਮੁੱਖ ਪ੍ਰਸ਼ਾਸਕ ਦੇ ਦਫ਼ਤਰ ਸਾਹਮਣੇ ਧਰਨਾ ਦਿੱਤਾ, ਜਿਸ ਦੌਰਾਨ ਜ਼ਮੀਨ ਐਕਵਾਇਰ ਕਰਨ ਲਈ ਜਾਰੀ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ।

ਉਨ੍ਹਾਂ ਨੇ ਗਲਾਡਾ ਦੇ ਪ੍ਰਸ਼ਾਸਕ ਰਾਹੀਂ ਮੁੱਖ ਮੰਤਰੀ ਦੇ ਨਾਮ ਇੱਕ ਮੰਗ ਪੱਤਰ ਵੀ ਸੌਂਪਿਆ । ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਆਮ ਆਦਮੀ ਪਾਰਟੀ ਸਰਕਾਰ ਦਾ ਇੱਕ ਤਾਨਾਸ਼ਾਹੀ ਫੈਸਲਾ ਹੈ, ਜਿਸਨੂੰ ਕਿਸੇ ਵੀ ਕੀਮਤ 'ਤੇ ਕਦੇ ਵੀ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਾ ਤਾਂ ਉਨ੍ਹਾਂ ਲੋਕਾਂ ਦੀ ਸਹਿਮਤੀ ਲਈ ਹੈ, ਜਿਨ੍ਹਾਂ ਤੋਂ ਇਹ ਜ਼ਮੀਨ ਐਕੁਆਇਰ ਕਰ ਰਹੀ ਹੈ ਅਤੇ ਨਾ ਹੀ ਕੋਈ ਮੁਆਵਜ਼ਾ ਦੇ ਰਹੀ ਹੈ। ਸਰਕਾਰ ਹਰ ਏਕੜ ਦੇ ਬਦਲੇ ਤੁਹਾਨੂੰ 1000 ਵਰਗ ਗਜ਼ ਜ਼ਮੀਨ ਵਾਪਸ ਕਰੇਗੀ। ਜਿਸਦਾ ਮਤਲਬ ਹੈ ਕਿ ਇਹ ਤੁਹਾਡੇ ਤੋਂ 100 ਰੁਪਏ ਲੈ ਕੇ ਤੁਹਾਨੂੰ ਸਿਰਫ਼ 25 ਰੁਪਏ ਵਾਪਸ ਕਰਨਗੇ।

ਵੜਿੰਗ ਨੇ ਆਪ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ, ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਦੇ ਕਿਸਾਨ ਤੁਹਾਨੂੰ ਉਨ੍ਹਾਂ ਦੀ ਇੱਕ ਇੰਚ ਵੀ ਜ਼ਮੀਨ ਨਹੀਂ ਲੈਣ ਦੇਣਗੇ ਅਤੇ ਤੁਸੀਂ 50,000 ਏਕੜ ਖੋਹਣ ਬਾਰੇ ਸੋਚਦੇ ਹੋ। ਉਨ੍ਹਾਂ ਨੇ ਯਾਦ ਦਿਵਾਇਆ ਕਿ ਕਿਵੇਂ ਕਿਸਾਨਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਆਫ਼ੀ ਮੰਗ ਕੇ ਤਿੰਨ ਵਿਵਾਦਤ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ। ਠੀਕ ਇਸੇ ਤਰ੍ਹਾਂ, ਪੰਜਾਬ ਸਰਕਾਰ ਨੂੰ ਮੁਆਫ਼ੀ ਮੰਗ ਕੇ ਨੀਤੀ ਵਾਪਸ ਲੈਣੀ ਪਵੇਗੀ। ਸੂਬਾ ਕਾਂਗਰਸ ਪ੍ਰਧਾਨ ਨੇ ਭਰੋਸਾ ਦਿੱਤਾ ਕਿ ਕਾਂਗਰਸ ਹਮੇਸ਼ਾ ਦੀ ਤਰ੍ਹਾਂ ਕਿਸਾਨਾਂ ਦੇ ਨਾਲ ਖੜ੍ਹੀ ਰਹੇਗੀ। ਇਸ ਧਰਨੇ ਵਿੱਚ ਸਕੱਤਰ ਏ.ਆਈ.ਸੀ.ਸੀ ਰਵਿੰਦਰ ਡਾਲਵੀ, ਰਾਣਾ ਕੇ.ਪੀ.ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਬਲਬੀਰ ਸਿੱਧੂ, ਸਾਧੂ ਸਿੰਘ ਧਰਮਸੋਤ, ਸੁਖਪਾਲ ਸਿੰਘ ਖਹਿਰਾ, ਡਾ. ਅਮਰ ਸਿੰਘ, ਕੈਪਟਨ ਸੰਦੀਪ ਸੰਧੂ, ਜੱਸੀ ਖੰਗੂੜਾ, ਰਮਨਜੀਤ ਸਿੰਘ ਸਿੱਕੀ, ਸੁਖਪਾਲ ਸਿੰਘ ਭੁੱਲਰ, ਗੁਰਕੀਰਤ ਸਿੰਘ ਕੋਟਲੀ, ਮੋਹਿਤ ਮਹਿੰਦਰਾ, ਗੁਰਸ਼ਰਨ ਕੌਰ ਰੰਧਾਵਾ, ਰਾਕੇਸ਼ ਪਾਂਡੇ, ਸੁਰਿੰਦਰ ਡਾਵਰ, ਸੰਜੇ ਤਲਵਾੜ ਆਦਿ ਵੀ ਮੌਜੂਦ ਰਹੇ।

## ਭਗਵਾਨ ਵਾਲਮੀਕਿ ਯੋਗ ਆਸ਼ਰਮ ਵਿਖੇ ਸਮਾਗਮ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪਹਿਲਾ ਗੁਰੂ ਪੂਰਨਿਮਾ ਉਤਸਵ ਆਦਿ ਧਰਮ ਪਰੰਪਰਾ ਵੱਲੋਂ ਭਗਵਾਨ ਵਾਲਮੀਕਿ ਪ੍ਰਭੂ ਰਤਨਾਕਰ ਯੋਗ ਆਸ਼ਰਮ ਵਿਸ਼ਾਲ ਨਗਰ ਕਾਕੋ ਵਾਲ ਰੋਡ ਵਿਖੇ ਮੁੱਖ ਨਿਰਦੇਸ਼ਕ ਜਸਬੀਰ ਲਵਨ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਮੇਅਰ ਇੰਦਰਜੀਤ ਕੌਰ ਅਤੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਪਹੁੰਚੇ। ਕੌਂਸਲਰ ਲਖਵਿੰਦਰ ਚੌਧਰੀ ਨੇ ਇਸ ਮੌਕੇ ਅਨੇਕਾਂ ਪੌਦੇ ਲਗਾਏ ਅਤੇ ਸਾਰੇ ਧਾਰਮਿਕ ਸ਼ਰਧਾਲੂਆਂ ਨੂੰ ਗੁਰੂ ਪੂਰਨਿਮਾ ਉਤਸਵ ਦੀ ਵਧਾਈ ਦਿੱਤੀ। ਮੇਅਰ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਲਈ ਕੰਮ ਕਰ ਰਹੀ ਹੈ। ਅਤੇ ਜਲਦੀ ਹੀ ਨਗਰ ਨਿਗਮ ਦੇ ਵੱਧ ਉਮਰ ਦੇ ਸਫਾਈ ਕਰਮਚਾਰੀਆਂ, ਮਾਲੀਆਂ, ਬੇਲਦਾਰਾਂ ਅਤੇ ਡਰਾਈਵਰਾਂ ਨੂੰ ਸਥਾਈ ਕਰਨ ਦਾ ਪ੍ਰਸਤਾਵ ਪਾਸ ਕਰਕੇ ਭੇਜਿਆ ਗਿਆ ਹੈ, ਉਨ੍ਹਾਂ ਨੂੰ ਜਲਦੀ ਹੀ ਸਥਾਈ ਕਰ ਦਿੱਤਾ ਜਾਵੇਗਾ। ਜਸਬੀਰ ਲਵਨ ਨੇ ਕਿਹਾ ਕਿ ਗੁਰੂ ਪੂਰਨਿਮਾ 'ਤੇ ਸਾਰੇ ਚੇਲੇ ਆਪਣੇ ਗੁਰੂ ਦਾ ਧੰਨਵਾਦ ਕਰਦੇ ਹਨ। ਗੁਰੂ ਮੋਤੀ, ਗੁਰੂ ਰਤਨ ਗੁਰੂ ਰਤਨਾਂ ਦੀ ਖਾਨ ਹੈ। ਭਾਵੇਂ ਤੁਸੀਂ ਆਪਣਾ ਸਿਰ ਸਤਿਗੁਰੂ ਨੂੰ ਦੇ ਦਿਓ, ਇਹ ਸਸਤਾ ਨਹੀਂ ਹੈ। ਇਸ ਮੌਕੇ ਇੱਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਪੰਜਾਬ ਦੇ ਨਾਮਵਰ ਗਾਇਕ ਜਸਬੀਰ ਜੱਸ, ਧਰਮਿੰਦਰ ਕੈਰੋਂ ਰਾਸ਼ੀ ਸਲੀਮ , ਬਲਵਿੰਦਰ ਰਸੀਲਾ ਅਤੇ ਹੋਰ ਅਨੇਕਾਂ ਗਾਇਕਾਂ ਨੇ ਹਾਜ਼ਰੀ ਭਰੀ।

## ਕੈਨੇਡਾ ਭੇਜਣ ਦੇ ਨਾਂ 'ਤੇ ਟਰੈਵਲ ਏਜੰਟ ਨੇ 25 ਲੱਖ ਦੀ ਠੱਗੀ ਮਾਰੀ, ਮਾਮਲਾ ਦਰਜ




ਲੁਧਿਆਣਾ, 14 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਤੋਂ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਦੇ ਮਾਮਲੇ ਦਿਨੋਂ-ਦਿਨ ਵੱਧ ਰਹੇ ਹਨ। ਧੋਖੇਬਾਜ਼ ਟਰੈਵਲ ਏਜੰਟ ਭੋਲੇ ਭਾਲੇ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਲੱਖਾਂ ਰੁਪਏ ਠੱਗਦੇ ਹਨ। ਇੱਕ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਲੋਕਾਂ ਨੂੰ ਕੈਨੇਡਾ ਭੇਜਣ ਦੇ ਨਾਮ 'ਤੇ 25 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਬੀਆਰਐਸ ਨਗਰ ਦੇ ਰਹਿਣ ਵਾਲੇ ਪੀੜਤ ਯੁਵਰਾਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਕੈਨੇਡਾ ਜਾਣਾ ਚਾਹੁੰਦਾ ਸੀ, ਜਿਸ ਕਾਰਨ ਉਸਦੀ ਮੁਲਾਕਾਤ ਮੋਹਾਲੀ ਦੇ ਰਹਿਣ ਵਾਲੇ ਟਰੈਵਲ ਏਜੰਟ ਸੰਜੇ ਸ਼ਰਮਾ ਨਾਲ ਹੋਈ। ਦੋਸ਼ੀ ਸੰਜੇ ਨੇ ਉਸਨੂੰ ਕੈਨੇਡਾ ਦੀ ਪੱਕੀ ਰਿਹਾਇਸ਼ (ਪੀ.ਆਰ.) ਦਿਵਾਉਣ ਦਾ ਵਾਅਦਾ ਕੀਤਾ ਅਤੇ ਬਦਲੇ ਵਿੱਚ 25 ਲੱਖ ਦਾ ਸੌਦਾ ਤੈਅ ਹੋਇਆ। ਇਸ ਤੋਂ ਬਾਅਦ ਯੁਵਰਾਜ ਨੇ ਦੋਸ਼ੀ ਨੂੰ 25 ਲੱਖ ਰੁਪਏ ਦਿੱਤੇ। ਪੈਸੇ ਲੈਣ ਤੋਂ ਬਾਅਦ ਵੀ ਦੋਸ਼ੀ ਸੰਜੇ ਨੇ ਯੁਵਰਾਜ ਨੂੰ ਨਾ ਤਾਂ ਕੈਨੇਡਾ ਭੇਜਿਆ ਅਤੇ ਨਾ ਹੀ ਉਸਦੇ ਪੈਸੇ ਵਾਪਸ ਕੀਤੇ। ਯੁਵਰਾਜ ਵੱਲੋਂ ਕਈ ਵਾਰ ਪੈਸੇ ਮੰਗਣ ਤੋਂ ਬਾਅਦ ਵੀ ਦੋਸ਼ੀ ਨੇ ਉਸਨੂੰ ਉਸਦੇ ਪੈਸੇ ਨਹੀਂ ਦਿੱਤੇ। ਜਿਸ ਤੋਂ ਬਾਅਦ ਪੀੜਤ ਨੇ ਦੋਸ਼ੀ ਖਿਲਾਫ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਟੀ.ਸੀ.ਵਾਈ. ਨੇ ਦੋ ਹਜ਼ਾਰ ਕੇਂਦਰਾਂ 'ਚ ਨਵੇਂ ਪੀ.ਟੀ.ਈ. ਬੋਲਣ ਦੇ ਕਾਰਜਾਂ ਲਈ ਸ਼ੁਰੂਆਤੀ ਤਿਆਰੀ ਸ਼ੁਰੂ ਕੀਤੀ




ਲੁਧਿਆਣਾ, 14 ਜੁਲਾਈ (ਵਿਸ਼ਾਲ ਸ਼ਰਮਾ): ਪੀਟੀਈ ਅਕਾਦਮਿਕ ਟੈਸਟ ਵਿੱਚ ਪੀਅਰਸਨ ਦੇ ਆਉਣ ਵਾਲੇ ਬਦਲਾਵਾਂ ਦਾ ਤੁਰੰਤ ਜਵਾਬ ਦਿੰਦੇ ਹੋਏ, ਟੀਸੀਵਾਈ ਨੇ ਵੀਹ ਦੇਸ਼ਾਂ ਵਿੱਚ ਆਪਣੇ ਦੋ ਹਜ਼ਾਰ ਸਹਿਭਾਗੀ ਕੇਂਦਰਾਂ ਦੇ ਨੈੱਟਵਰਕ ਵਿੱਚ ਅੱਪਡੇਟ ਕੀਤੇ ਤਿਆਰੀ ਸਰੋਤ ਲਾਂਚ ਕੀਤੇ ਹਨ। ਨਵੀਂ ਸਮੱਗਰੀ ਪੰਦਰਾਂ ਜੁਲਾਈ ਤੋਂ ਉਪਲਬਧ ਹੋਵੇਗੀ, ਜੋ ਕਿ ਪੀਅਰਸਨ ਦੇ ਸੱਤ ਅਗਸਤ ਨੂੰ ਅਧਿਕਾਰਤ ਟੈਸਟ ਅਪਡੇਟ ਤੋਂ ਬਹੁਤ ਪਹਿਲਾਂ ਹੈ। ਸੰਸ਼ੋਧਿਤ ਪੀਟੀਈ ਸਪੀਕਿੰਗ ਸੈਕਸ਼ਨ ਵਿੱਚ ਦੋ ਨਵੇਂ ਕੰਮ ਸ਼ਾਮਲ ਹੋਣਗੇ: ਇੱਕ ਸਥਿਤੀ ਦਾ ਜਵਾਬ ਦੇਣਾ ਅਤੇ ਸਮੂਹ ਚਰਚਾ ਦਾ ਸਾਰ ਦੇਣਾ। ਇਹ ਬਦਲਾਅ ਮਨੁੱਖੀ ਸਕੋਰਿੰਗ ਦੀ ਵਧਦੀ ਵਰਤੋਂ ਦੇ ਨਾਲ, ਵਧੇਰੇ ਪ੍ਰਮਾਣਿਕ ਸੰਚਾਰ ਮੁਲਾਂਕਣ ਵੱਲ ਇੱਕ ਤਬਦੀਲੀ ਨੂੰ ਦਰਸਾਉਂਦੇ ਹਨ।

ਟੀਸੀਵਾਈ ਦੇ ਅੱਪਡੇਟ ਕੀਤੇ ਪਲੇਟਫਾਰਮ ਵਿੱਚ ਟਾਸਕ-ਵਿਸ਼ੇਸ਼ ਅਭਿਆਸ, ਮਨੁੱਖੀ-ਨਿਸ਼ਾਨਬੱਧ ਹਾਈਬ੍ਰਿਡ ਸਕੋਰਿੰਗ ਲਈ ਇੱਕ ਵਿਕਲਪ ਅਤੇ ਪੂਰੀ ਤਰ੍ਹਾਂ ਏਆਈ-ਸੰਚਾਲਿਤ ਸਕੋਰਿੰਗ ਸ਼ਾਮਲ ਹੈ ਜੋ ਯਾਦ ਕੀਤੀ ਸਮੱਗਰੀ ਨੂੰ ਫਲੈਗ ਕਰਦਾ ਹੈ ਅਤੇ ਕੁਦਰਤੀ, ਪ੍ਰਵਾਹਿਤ ਭਾਸ਼ਣ ਨੂੰ ਉਤਸ਼ਾਹਿਤ ਕਰਦਾ ਹੈ। ਸਾਰੇ ਸਰੋਤ ਮੌਜੂਦਾ ਗਾਹਕੀਆਂ ਵਿੱਚ ਏਕੀਕ੍ਰਿਤ ਹਨ, ਜਿਸ ਲਈ ਸਹਿਭਾਗੀ ਕੇਂਦਰਾਂ ਲਈ ਕਿਸੇ ਵਾਧੂ ਸੈੱਟਅੱਪ ਜਾਂ ਲਾਗਤ ਦੀ ਲੋੜ ਨਹੀਂ ਹੈ। ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਿਦਿਆਰਥੀ ਨਵੀਂ ਪ੍ਰੀਖਿਆ ਦੇ ਲਾਈਵ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਤਿਆਰ ਅਤੇ ਆਤਮਵਿਸ਼ਵਾਸੀ ਹੋਣ, ਟੀਸੀਵਾਈ ਦੇ ਬੁਲਾਰੇ ਗੌਰਵ ਸੱਭਰਵਾਲ ਨੇ ਕਿਹਾ। ਇਸ ਸਮੇਂ ਸਿਰ ਰੋਲਆਊਟ ਦੇ ਨਾਲ, ਟੀਸੀਵਾਈ ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਬਦਲਦੇ ਹੋਏ ਟੈਸਟਿੰਗ ਲੈਂਡਸਕੇਪ ਵਿੱਚ ਅੱਗੇ ਰੱਖਣ ਲਈ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕਰਦਾ ਹੈ।

## ਸੰਗਤ ਦੀ ਸੇਵਾ 'ਚ ਲੱਸੀ ਦੀ ਛਬੀਲਲਗਾਈ




ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਨੇੜਲੇ ਪਿੰਡ ਗਿੱਲ ਵਿਖੇ ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲਿਆ ਅਤੇ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਲਈ ਖੱਟੀ ਲੱਸੀ ਦੀ ਛਬੀਲ ਲਗਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਵਪ੍ਰੀਤ ਸਿੰਘ ਗਿੱਲ, ਭਾਈ ਜਸਪ੍ਰੀਤ ਸਿੰਘ ਖਾਲਸਾ, ਬਾਬਾ ਗਗਨਪ੍ਰੀਤ ਸਿੰਘ, ਸਾਹਿਲ ਜਲੋਟਾ, ਇੰਦਰਪਾਲ ਸਿੰਘ, ਜਸਕਰਨ ਸਿੰਘ, ਪਰਦੀਪ ਸਿੰਘ ਆਦਿ ਹਾਜ਼ਰ ਸਨ।

## ਸਿੱਧੂ ਵੱਲੋਂ ਵਾਰਡ ਨੰਬਰ 48 'ਚ ਸੜਕ ਨਿਰਮਾਣ ਕਾਰਜਾਂ ਦੀ ਸ਼ੁਰੂਆਤ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 48 ਅਧੀਨ ਨਿਰਮਲ ਨਗਰ ਅਤੇ ਦੁੱਗਰੀ ਪਿੰਡ ਦੀਆਂ 8 ਗਲੀਆਂ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਵਿਧਾਇਕ ਸਿੱਧੂ ਨੇ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਕਰੀਬ 22.70 ਲੱਖ ਰੁਪਏ ਖਰਚ ਕੀਤੇ ਜਾਣਗੇ। ਇਸ ਮੌਕੇ ਵਾਰਡ ਇੰਚਾਰਜ ਪਰਦੀਪ ਸਿੰਘ [illegible] ਅਤੇ ਇਲਾਕੇ ਦੇ ਪਤਵੰਤੇ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਨਿਰਮਲ ਨਗਰ ਅਤੇ ਪਿੰਡ ਦੁੱਗਰੀ ਦੀਆਂ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਖਸਤਾ ਬਣੀ ਹੋਈ ਸੀ ਅਤੇ ਬਰਸਾਤੀ ਮੌਸਮ ਦੌਰਾਨ ਰਾਹਗੀਰਾਂ ਨੂੰ ਲੰਘਣਾ ਮੁਸ਼ਕਲ ਹੋ ਜਾਂਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਗਲੀਆਂ ਦੇ ਨਿਰਮਾਣ ਨਾਲ ਆਵਾਜਾਈ ਸੁਖਾਵੀਂ ਹੋਵੇਗੀ ਤੇ ਵਿਕਾਸ ਦਾ ਰਾਹ ਪੱਧਰਾ ਹੋਵੇਗਾ। ਇਲਾਕਾ ਨਿਵਾਸੀਆਂ ਵੱਲੋਂ ਵਿਧਾਇਕ ਸਿੱਧੂ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਵੀ ਕੀਤਾ।

## ਲੋਕਾਂ ਦੀ ਸਿਹਤ ਨਾਲ ਹੋ ਰਿਹਾ ਖਿਲਵਾੜ ਬੰਦ ਕਰਾਉਣ ਲਈ ਸਰਕਾਰ ਹਰ ਵਾਰਡ ਵਿੱਚ ਦੁੱਧ ਪਰਖ ਕੇਂਦਰ ਖੋਲ੍ਹੇ : ਵਰਿੰਦਰ ਭੱਲਾ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਤੇ ਪੰਜਾਬ ਕਾਂਗਰਸ ਓਬੀਸੀ ਸੈੱਲ ਦੇ ਜ਼ਿਲ੍ਹਾ ਕਾਰਜਕਾਰੀ ਚੇਅਰਮੈਨ ਵਰਿੰਦਰ ਭੱਲਾ ਨੇ ਆਖਿਆ ਹੈ ਕਿ ਪੰਜਾਬ ਵਿੱਚ ਵੱਡੀ ਪੱਧਰ 'ਤੇ ਨਕਲੀ ਦੁੱਧ ਅਤੇ ਇਸ ਤੋਂ ਬਣੇ ਪਦਾਰਥ ਧੜੱਲੇ ਨਾਲ ਵੇਚੇ ਜਾ ਰਹੇ ਹਨ ਪ੍ਰੰਤੂ ਸਰਕਾਰ ਜਾਂ ਸਿਹਤ ਮਹਿਕਮੇ ਦਾ ਇਸ ਪਾਸੇ ਵੱਲ ਕੋਈ ਖਿਆਲ ਧਿਆਨ ਨਹੀਂ ਹੈ। ਉਹਨਾਂ ਕਿਹਾ ਕਿ ਲੁਧਿਆਣੇ ਵਿੱਚ ਡਾਇਰੀਆਂ ਦੀ ਬੇਹੱਦ ਭਰਮਾਰ ਹੈ। ਜਿੱਥੇ ਵਿਕਣ ਵਾਲਾ ਦੁੱਧ ਅਸਲੀ ਹੈ ਜਾਂ ਨਕਲੀ ਇਹ ਇੱਕ ਬਹੁਤ ਵੱਡਾ ਸਵਾਲ ਹੈ ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਗਾਵਾਂ ਮੱਝਾਂ ਦੀ ਗਿਣਤੀ ਘਟਦੀ ਜਾ ਰਹੀ ਹੈ [illegible] ਨੂੰ ਜ਼ਿਆਦਾ ਤਰਜੀਹ ਦਿੰਦੇ ਹਨ, ਜਿਨ੍ਹਾਂ ਨੇ ਡਾਇਰੀਆਂ ਬਣਾਈਆਂ ਹੋਈਆਂ ਹਨ ਉਹ ਬਹੁਤਾ ਦੁੱਧ ਵੱਖ ਵੱਖ [illegible] ਵੇਚਦੇ ਹਨ ਅਤੇ ਬਾਕੀ ਦਾ ਬੱਚਦਾ ਦੁੱਧ ਸ਼ਹਿਰਾਂ ਵਿੱਚ ਭੇਜ ਦਿੱਤਾ ਜਾਂਦਾ ਹੈ। ਪ੍ਰੰਤੂ ਸ਼ਹਿਰਾਂ ਵਿੱਚ ਦੁੱਧ ਦੀ ਜਿੰਨੀ ਸਪਲਾਈ ਆ ਰਹੀ ਹੈ ਉਸ ਤੋਂ ਕਿਤੇ ਜ਼ਿਆਦਾ ਦੁੱਧ ਖਪਤ ਹੋ ਰਿਹਾ ਹੈ [illegible] ਡਾਇਰੀਆਂ ਤੇ ਖਪਤ ਦੀ ਮਾਤਰਾ ਨੂੰ ਦੇਖਿਆ ਜਾਵੇ ਤਾਂ ਪੰਜਾਬ ਵਿੱਚ ਉਨ੍ਹਾਂ ਦੁੱਧ ਪੈਦਾ ਨਹੀਂ ਹੁੰਦਾ ਜਿੰਨਾ ਕਿ ਖਪਤ ਹੋ ਰਿਹਾ ਹੈ, ਜਿਸ ਦਾ ਸਿੱਧਾ ਜਿਹਾ ਅਰਥ ਇਹ ਹੈ ਕਿ ਇੱਥੇ ਵੱਡੀ ਮਾਤਰਾ ਵਿੱਚ ਨਕਲੀ ਦੁੱਧ ਵਿਕ ਰਿਹਾ ਹੈ ਜਿਸ ਨੂੰ ਰੋਕਣ ਲਈ ਸਰਕਾਰ ਅਤੇ ਸਿਹਤ ਮਹਿਕਮੇ ਨੂੰ ਚਾਹੀਦਾ ਹੈ ਕਿ ਹਰੇਕ ਲੁਧਿਆਣੇ ਦੇ ਹਰੇਕ ਵਾਰਡ ਵਿੱਚ ਦੁੱਧ ਪਰਖ ਕੇਂਦਰ ਖੋਲ੍ਹਿਆ ਜਾਵੇ, ਜਿੱਥੇ ਜਾ ਕੇ ਹਰ ਵਿਅਕਤੀ ਆਪਣੇ ਵੱਲੋਂ ਲਿਜਾਇਆ ਗਿਆ ਦੁੱਧ ਮੁਫਤ ਵਿੱਚ ਚੈੱਕ ਕਰਾ ਸਕੇ ਤਾਂ ਕਿ ਇਹ ਪਤਾ ਲੱਗ ਸਕੇ ਕਿ ਇਸ ਵਿੱਚ ਪਾਣੀ ਕਿੰਨਾ ਹੈ ਯੂਰੀਆ ਕਿੰਨਾ ਅਤੇ ਹੋਰ ਜ਼ਹਿਰੀਲੇ ਪਦਾਰਥ ਕਿੰਨੇ ਕਿੰਨੇ ਹਨ ਉਨ੍ਹਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਉਹ ਅਣਗਹਿਲੀ ਕਰਕੇ ਲੋਕਾਂ ਦੀ ਸਿਹਤ ਨਾਲ ਹੋਰ ਖਿਲਵਾੜ ਨਾ ਕਰੇ।

## ਰੋਬੋਟਿਕ ਸਰਜਰੀ ਗਾਇਨੀਕੋਲੋਜੀ ਦਾ ਭਵਿੱਖ : ਡਾ. ਪ੍ਰੀਤੀ ਜਿੰਦਲ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ): "ਗਾਇਨੀਕੋਲੋਜੀ ਰੋਬੋਟਿਕ ਸਰਜਰੀ , ਸਰਜੀਕਲ ਪ੍ਰਕਿਰਿਆਵਾਂ ਦੇ ਦ੍ਰਿਸ਼ਟੀਕੋਣ, ਸ਼ੁੱਧਤਾ, ਨਿਯੰਤਰਣ ਅਤੇ ਨਿਪੁੰਨਤਾ ਨੂੰ ਵਧਾਉਂਦੀ ਹੈ, ਜਿਸ ਨਾਲ ਸਰਜਨ ਗੁੰਝਲਦਾਰ ਸਰਜਰੀਆਂ ਇਸ ਤਰ੍ਹਾਂ ਕਰ ਸਕਦੇ ਹਨ ਜਿਵੇਂ ਪਹਿਲਾਂ ਕਦੇ ਨਹੀਂ ਹੋਇਆ ਐਤਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਬੋਲਦਿਆਂ, ਰੋਬੋਟਿਕ ਪਾਰਕ ਹਸਪਤਾਲ, ਮੋਹਾਲੀ ਵਿਖੇ ਗਾਇਨੀਕੋਲੋਜੀ ਸਰਜਰੀ ਦੀ ਡਾਇਰੈਕਟਰ ਡਾ. ਪ੍ਰੀਤੀ ਜਿੰਦਲ ਨੇ ਕਿਹਾ ਕਿ ਪਾਰਕ ਕੋਲ ਹੁਣ ਸਭ ਤੋਂ ਉੱਨਤ ਦਾ ਵਿੰਚੀ ਸਰਜੀਕਲ ਰੋਬੋਟ ਅਤੇ ਨਵੀਨਤਮ ਚੌਥੀ ਪੀੜ੍ਹੀ ਦਾ ਰੋਬੋਟਿਕ ਪਲੇਟਫਾਰਮ ਹੈ। ਡਾ. ਪ੍ਰੀਤੀ ਜਿੰਦਲ ਨੇ ਅੱਗੇ ਕਿਹਾ ਕਿ ਪਾਰਕ ਹਸਪਤਾਲ ਉੱਤਰੀ ਭਾਰਤ ਦਾ ਸਭ ਤੋਂ ਵੱਡਾ ਸੁਪਰ ਸਪੈਸ਼ਲਿਟੀ ਹਸਪਤਾਲ ਨੈੱਟਵਰਕ ਹੈ, ਜਿਸ ਵਿੱਚ 19 ਹਸਪਤਾਲ, 3500 ਬਿਸਤਰੇ, 800 ਆਈਸੀਯੂ ਬਿਸਤਰੇ, 14 ਕੈਥ ਲੈਬ, 45 ਮਾਡਿਊਲਰ ਓਟੀ ਅਤੇ 1000 ਤੋਂ ਵੱਧ ਡਾਕਟਰ ਹਨ। ਜਨਰਲ ਸਰਜਰੀ ਦੇ ਸੀਨੀਅਰ ਸਲਾਹਕਾਰ ਅਤੇ ਮੈਡੀਕਲ ਡਾਇਰੈਕਟਰ ਡਾ. ਵਿਮਲ ਵਿਭਾਕਰ ਅਤੇ ਚੱਢਾ ਨੇ ਕਿਹਾ, ਭਾਰਤ ਵਿੱਚ ਹੁਣ ਹਰ ਸਾਲ ਲਗਭਗ 60,000 ਰੋਬੋਟਿਕ ਸਰਜਰੀਆਂ ਕੀਤੀਆਂ ਜਾਂਦੀਆਂ ਹਨ, ਪਰ ਭਾਰਤ ਵਿੱਚ 1,000 ਤੋਂ ਵੀ ਘੱਟ ਸਿਖਲਾਈ ਪ੍ਰਾਪਤ ਰੋਬੋਟਿਕ ਸਰਜਨ ਹਨ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਪਾਰਕ ਹਸਪਤਾਲ ਨੌਜਵਾਨ ਗਾਇਨੀਕੋਲੋਜਿਸਟਾਂ ਲਈ ਰੋਬੋਟਿਕ ਸਰਜਰੀ ਦੀ ਸਿਖਲਾਈ ਸ਼ੁਰੂ ਕਰਨ ਜਾ ਰਿਹਾ ਹੈ।

## ਐਸ.ਐਸ.ਪੀ. ਦਲਜੀਤ ਸਿੰਘ ਰਾਣਾ ਨੇ ਅਟਲਾਂਟਾ 'ਚ ਜਿੱਤਿਆ ਸੋਨ ਤਮਗਾ, ਵੈਟਰਨ ਸ਼੍ਰੇਣੀ 'ਚ ਰਿਕਾਰਡ ਬਣਾਉਂਦੇ ਹੋਏ ਇਤਿਹਾਸ ਰੱਚਿਆ



ਲੁਧਿਆਣਾ, 14 ਜੁਲਾਈ (ਵਿਸ਼ਾਲ ਸ਼ਰਮਾ) : ਭਾਰਤ ਅਤੇ ਪੰਜਾਬ ਪੁਲਿਸ ਲਈ ਮਾਣ ਵਾਲੀ ਗੱਲ ਹੈ ਕਿ ਸੀਨੀਅਰ ਸੁਪਰੀਟੇਂਡੈਂਟ ਆਫ ਪੁਲਿਸ (ਐਸ.ਐਸ.ਪੀ) ਦਲਜੀਤ ਸਿੰਘ ਰਾਣਾ ਨੇ ਅਮਰੀਕਾ ਦੇ ਅਟਲਾਂਟਾ ਸ਼ਹਿਰ ਵਿੱਚ ਹੋ ਰਹੀਆਂ ਅੰਤਰਰਾਸ਼ਟਰੀ ਪੁਲਿਸ ਖੇਡਾਂ (Veterans Category) ਵਿੱਚ ਜੈਵਲਿਨ ਥਰੋ ਮੁਕਾਬਲੇ 'ਚ ਸੋਨ ਤਮਗਾ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਸੇਵਾ ਅਤੇ ਖੇਡ ਦੋਵਾਂ ਖੇਤਰਾਂ ਵਿੱਚ ਆਪਣੀ ਦ੍ਰਿੜਤਾ ਅਤੇ ਲਗਨ ਲਈ ਮਸ਼ਹੂਰ ਐਸ.ਐਸ.ਪੀ ਰਾਣਾ ਦੀ ਇਸ ਉਪਲਬਧੀ ਨੂੰ ਪੁਲਿਸ ਵਿਭਾਗ ਅਤੇ ਖੇਡ ਪ੍ਰੇਮੀ ਭਰਪੂਰ ਤਰੀਕੇ ਨਾਲ ਮਨਾਉਂਦੇ ਨਜ਼ਰ ਆ ਰਹੇ ਹਨ। ਦੁਨੀਆ ਭਰ ਦੇ ਵੈਟਰਨ ਅਧਿਕਾਰੀਆਂ ਨਾਲ ਹੋਏ ਮੁਕਾਬਲੇ ਵਿੱਚ ਉਨ੍ਹਾਂ ਨੇ ਆਪਣੀ ਕਾਬਲੀਅਤ, ਤਾਕਤ ਅਤੇ ਫੋਕਸ ਨਾਲ ਦਰਸ਼ਕਾਂ ਅਤੇ ਖਿਡਾਰੀਆਂ ਤੋਂ ਖੂਬ ਵਾਹ-ਵਾਹ ਲੁੱਟੀ।

ਇਹ ਜਿੱਤ ਸਿਰਫ਼ ਉਨ੍ਹਾਂ ਦੀ ਨਿੱਜੀ ਉਪਲਬਧੀ ਨਹੀਂ, ਸਗੋਂ ਪੰਜਾਬ ਪੁਲਿਸ ਦੇ ਬਹੁਪੱਖੀ ਟੈਲੈਂਟ ਨੂੰ ਦਰਸਾਉਂਦੀ ਹੈ।

## ਗੁਰਬਾਣੀ ਕੀਰਤਨ ਦੇ ਪ੍ਰਚਾਰ 'ਚ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਦੀ ਅਹਿਮ ਭੂਮਿਕਾ : ਬੈਨੀਪਾਲ




ਲੁਧਿਆਣਾ, 14 ਜੁਲਾਈ (ਕਰਨੈਲ ਸਿੰਘ ਐੱਮ.ਏ.) : ਮਨੁੱਖ ਦਾ ਸੰਸਾਰ ਵਿੱਚ ਆਉਣ ਦਾ ਮੁੱਖ ਉਦੇਸ਼ ਹੈ ਕਿ ਉਹ ਪ੍ਰਭੂ ਮਿਲਾਪ ਲਈ ਯਤਨਸ਼ੀਲ ਹੋਵੇ ਉੱਥੇ ਆਪਣਾ ਕਾਰ-ਵਿਹਾਰ ਅਤੇ ਜੀਵਨ ਕਿਰਿਆ ਦੇ ਨਾਲ-ਨਾਲ ਹਰ ਵੇਲੇ ਪ੍ਰਭੂ ਮਿਲਾਪ ਲਈ ਤੱਤਪਰ ਰਹੇ ਤਾਂ ਹੀ ਉਹ ਰੂਹਾਨੀ ਪ੍ਰੇਮ ਦਾ ਆਨੰਦ ਮਾਣ ਕੇ ਆਪਣਾ ਜੀਵਨ ਸਫਲ ਕਰ ਸਕਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਤੀ ਸ਼ਾਮ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਨੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1 ਦੁੱਗਰੀ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਰੰਭ ਕੀਤੀ ਗਈ ਹਫ਼ਤਾਵਾਰੀ ਗੁਰਬਾਣੀ ਕੀਰਤਨ ਲੜੀ ਦੀ ਚੌਥੀ ਵਰ੍ਹੇਗੰਢ ਅਤੇ ਪੰਜਵੇਂ ਸਾਲ ਦੀ ਆਰੰਭਤਾ ਨੂੰ ਸਮਰਪਿਤ ਆਯੋਜਿਤ ਕੀਤੇ ਗਏ ਸ਼ੁਕਰਾਨਾ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕੀਤਾ।

ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਨੇ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਆਪਣੇ ਪ੍ਰਭਾਵਸ਼ਾਲੀ ਬੋਲਾਂ ਵਿੱਚ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਉਚਰੀ ਇਲਾਹੀ ਬਾਣੀ ਜਿੱਥੇ ਸਾਨੂੰ ਅਧਿਆਤਮਕ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ, ਉੱਥੇ ਆਪਣੇ ਅੰਦਰ ਰੂਹਾਨੀ ਪ੍ਰੇਮ ਪੈਦਾ ਕਰਨ ਦਾ ਰਸਤਾ ਵੀ ਦਰਸਾਉਦੀ ਹੈ। ਇਸ ਦੌਰਾਨ ਉਨ੍ਹਾਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਸ: ਕੁਲਵਿੰਦਰ ਸਿੰਘ ਬੈਨੀਪਾਲ ਤੇ ਕਮੇਟੀ ਦੇ ਅਹੁਦੇਦਾਰਾਂ ਅਤੇ ਗੁਰਦੁਆਰਾ ਸਾਹਿਬ ਦੀ ਇਸਤਰੀ ਸਤਿਸੰਗ ਸਭਾ ਦੀਆਂ ਸਮੂਹ ਬੀਬੀਆਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਸ਼ਲਾਘਾ ਕਰਦਿਆਂ ਕਿਹਾ ਕਿ ਗੁਰਬਾਣੀ ਕੀਰਤਨ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਮੁੱਖ ਰੱਖਦਿਆਂ ਅਤੇ ਸੰਗਤਾਂ ਨੂੰ ਗੁਰਬਾਣੀ ਤੇ ਗੁਰਮਤਿ ਦੇ ਸਿਧਾਂਤਾਂ ਨਾਲ ਜੋੜਨ ਲਈ ਉਨ੍ਹਾਂ ਵੱਲੋਂ ਅਕਾਲ ਪੁਰਖ ਦਾ ਆਸਰਾ ਲੈਂਦਿਆਂ ਹੋਇਆਂ ਚਾਰ ਸਾਲ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਆਰੰਭ ਕੀਤੀ ਗਈ ਗੁਰਬਾਣੀ ਕੀਰਤਨ ਲੜੀ ਨੂੰ ਨਿਰੰਤਰ ਚਲਾਉਣਾ ਇੱਕ ਉਪਦੇਸ਼ਕ ਉਪਰਾਲਾ ਹੈ। ਅਕਾਲ ਪੁਰਖ ਇਸੇ ਤਰ੍ਹਾਂ ਸਮੂਹ ਪ੍ਰਬੰਧਕਾਂ ਤੇ ਆਪਣੀ ਮੇਹਰ ਬਣਾਈ ਰੱਖਣ । ਇਸ ਦੌਰਾਨ ਆਯੋਜਿਤ ਕੀਤੇ ਗਏ ਸ਼ੁਕਰਾਨਾ ਸਮਾਗਮ ਅੰਦਰ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਕਾਰਜ ਸਿੰਘ ਨੇ ਵੀ ਗੁਰਬਾਣੀ ਦਾ ਆਨੰਦਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ: ਕੁਲਵਿੰਦਰ ਸਿੰਘ ਬੈਨੀਪਾਲ ਨੇ ਸੰਗਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਕਿਹਾ ਕਿ ਇਲਾਕੇ ਦੀਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਸਿਧਾਂਤ ਨਾਲ ਜੋੜਨ ਦੇ ਉਦੇਸ਼ ਨੂੰ ਲੈ ਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ ਦੇ ਨਿੱਘੇ ਸਹਿਯੋਗ ਨਾਲ ਪਿਛਲੇ ਸਮੇਂ ਦੌਰਾਨ ਆਰੰਭ ਕੀਤੀ ਗਈ ਗੁਰਬਾਣੀ ਕੀਰਤਨ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਣ ਵਿੱਚ ਜੋ ਸੇਵਾਵਾਂ ਤੇ ਆਰਥਿਕ ਪੱਖੋਂ ਵਡਮੁੱਲਾ ਸਹਿਯੋਗ ਬੀਬੀਆਂ ਨੇ ਪਾਇਆ ਉਸ ਦੇ ਸਦਕਾ ਗੁਰਬਾਣੀ ਕੀਰਤਨ ਲੜੀ ਅੱਜ ਪੰਜਵੇਂ ਸਾਲ ਪ੍ਰਵੇਸ਼ ਕਰਨ ਜਾ ਰਹੀ ਹੈ। ਜਿਸ ਦੇ ਲਈ ਮੈਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ।

## ਕਿਸਾਨ ਮਜ਼ਦੂਰ ਯੂਨੀਅਨ ਦੇ ਆਗੂਆਂ 'ਤੇ ਗੋਲੀਬਾਰੀ ਕਰਨ ਵਾਲਿਆਂ 'ਤੇ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕਰਨ ਦੀ ਨਿੰਦਾ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਜਥੇਬੰਦੀਆਂ ਦੀ ਮੀਟਿੰਗ ਇੰਦਰਜੀਤ ਸਿੰਘ ਕੋਟਬੁੱਢਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਅਲੱਗ ਅਲੱਗ ਜਥੇਬੰਦੀਆਂ ਦੇ ਆਗੂ ਸਾਹਿਬਾਨ ਪਹੁੰਚੇ ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਪਿਛਲੇ ਦਿਨੀਂ ਤਰਨ ਤਾਰਨ ਜ਼ਿਲ੍ਹੇ ਵਿੱਚ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਮਹੇਲ ਦੇ ਆਗੂਆਂ ਉੱਪਰ ਗੋਲੀਬਾਰੀ ਕੀਤੀ ਗਈ ਪਰ ਤਰਨ ਤਾਰਨ ਪੁਲਿਸ ਵੱਲੋਂ ਦੋਸ਼ੀਆਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ। ਇਸ ਦੀ ਵੀ ਨਿੰਦਾ ਕਰਦੇ ਹਾਂ। 3 ਜੂਨ ਨੂੰ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਮਹੇਲ ਜਥੇਬੰਦੀ ਦੇ ਆਗੂ [illegible] ਸਿੰਘ ਵਾਸੀ ਪਿੰਡ [illegible] ਜ਼ਿਲ੍ਹਾ ਤਰਨ ਤਾਰਨ ਉਪਰ ਕੁਝ ਅਨਸਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ [illegible] ਕੀਤੇ ਗਏ ਸਨ, ਜਿਸ ਸਬੰਧੀ ਪੁਲਿਸ ਵੱਲੋਂ ਉਨ੍ਹਾਂ ਲੋਕਾਂ ਉੱਪਰ ਕਾਰਵਾਈ ਕਰਨ ਦੀ ਬਜਾਏ ਜਿਸ ਬਜ਼ੁਰਗ ਉੱਪਰ ਗੋਲੀਆਂ ਚਲਾ ਕੇ ਹਮਲਾ ਕੀਤਾ ਜਾ ਰਿਹਾ ਹੈ ਜੋ ਕਿ ਵੀਡੀਓ ਵੀ ਮੌਜੂਦ ਹਨ। [illegible] ਦਾ ਭਰੋਸਾ ਦਿੱਤਾ ਗਿਆ ਸੀ ਪਰੰਤੂ ਇਸ ਦੇ ਬਾਵਜੂਦ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ। ਅਸੀਂ ਸਰਕਾਰ ਤੇ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕਰਦੇ ਹਾਂ ਕਿ ਦੋਸ਼ੀਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਪਰਿਵਾਰ ਨੂੰ ਇਨਸਾਫ ਦਿੱਤਾ ਜਾਵੇ। ਮੀਟਿੰਗ ਵਿੱਚ ਮੌਜੂਦ ਸਿੰਘ ਹਰਿਹਰ ਝੰਡੇ, ਸੁਖਜਿੰਦਰ ਸਿੰਘ [illegible], ਲਖਵਿੰਦਰ ਸਿੰਘ ਔਲਖ ਸਿਰਸਾ, ਗੁਰਿੰਦਰ ਸਿੰਘ ਭੰਗੂ, ਬਚਿੱਤਰ ਸਿੰਘ ਕੋਟਲਾ, ਬਲਦੀਪ ਸਿੰਘ, ਅੰਗਰੇਜ਼ ਸਿੰਘ ਭੁੱਟੋ ਵਾਲਾ, ਮੁਖਤਿਆਰ ਸਿੰਘ , ਜਸਬੀਰ ਸਿੰਘ [illegible], ਅੰਗਰੇਜ਼ ਸਿੰਘ ਹਰਿਆਣਾ, ਮੁਖਵੇਲ ਸਿੰਘ ਫਿਰੋਜ਼ਪੁਰ ਆਦਿ ਹਾਜ਼ਰ ਸਨ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਗੁਰਮਤਿ ਸਮਾਗਮ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਹਰਨਾਮ ਨਗਰ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਅੰਦਰ ਸੰਗਤਾਂ ਨਾਲ ਪੰਥ ਦੇ ਪ੍ਰਸਿੱਧ ਕਥਾ ਵਾਚਕ ਭਾਈ [illegible] ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ. ਗੁਰਮੀਤ ਸਿੰਘ ਸਲੂਜਾ ਦੇ ਪਰਿਵਾਰ ਵੱਲੋਂ [illegible] ਸਿੰਘ ਸਲੂਜਾ ਤੇ ਮਾਤਾ ਜਸਵੰਤ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਆਯੋਜਿਤ ਕਰਕੇ ਸੰਗਤਾਂ ਦੀ ਆਸੀਸ ਪ੍ਰਾਪਤ ਕਰਨਾ ਇੱਕ ਪ੍ਰੇਰਣਾਦਾਇਕ ਕਾਰਜ ਹੈ। ਇਸ ਦੌਰਾਨ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਰਵਿੰਦਰ ਸਿੰਘ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਗੁਰੂ ਰਾਮਦਾਸ ਗੁਰਮਤਿ ਸੰਗੀਤ ਅਕੈਡਮੀ ਦੇ ਕੀਰਤਨੀ ਜੱਥਿਆਂ ਨੇ ਵਿਸ਼ੇਸ਼ ਤੌਰ 'ਤੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਕੀਰਤਨੀ ਜੱਥਿਆਂ ਦੇ ਮੈਂਬਰਾਂ ਸਮੇਤ ਗੁਰਮਤਿ ਸਮਾਗਮ ਵਿੱਚ ਪੁੱਜੇ ਸੀਨੀਅਰ ਅਕਾਲੀ ਆਗੂਆਂ ਮਹੇਸ਼ਇੰਦਰ ਸਿੰਘ ਗਰੇਵਾਲ, ਬਾਬਾ ਅਜੀਤ ਸਿੰਘ,ਹਿਤੇਸ਼ ਸਿੰਘ ਗਰੇਵਾਲ, ਅਰਵਿੰਦਰਪਾਲ ਸਿੰਘ ਬੰਟੀ,ਬੀਬੀ ਕਰਤਾਰ ਕੌਰ ਝਾਈ ਜੀ, ਜਸਪਾਲ ਸਿੰਘ ਕੋਹਲੀ,ਬੌਬੀ ਜਿੰਦਲ ਭਾਜਪਾ ਆਗੂ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਚੇਅਰਮੈਨ ਬਲਦੇਵ ਸਿੰਘ, ਗੁਰਚਰਨ ਸਿੰਘ ਚੰਨ ਸੀਨੀਅਰ ਮੀਤ ਪ੍ਰਧਾਨ, ਅਮਰਜੀਤ ਸਿੰਘ ਟੋਨੀ ਮੱਕੜ, ਕੁਲਵਿੰਦਰ ਸਿੰਘ ਲਾਡੀ, ਦਿਲਜੰਗ ਸਿੰਘ, ਅਮਰਜੀਤ ਸਿੰਘ ਪਰੂਥੀ, ਜਗਤਾਰ ਸਿੰਘ ਸੋਨੀ, ਮਹਿੰਦਰਪਾਲ ਸਿੰਘ ਗਲਹੋਤਰਾ,ਕੁਲਦੀਪ ਸਿੰਘ ਦੀਪਾ, ਭੁਪਿੰਦਰ ਸਿੰਘ ਸਲੂਜਾ, ਰਜਿੰਦਰ ਸਿੰਘ ਸਲੂਜਾ, ਸੁਰਿੰਦਰਪਾਲ ਸਿੰਘ ਜਸਬੀਰ ਸਿੰਘ ਜੇ ਸੰਨਜ਼, ਹਰਕ੍ਰਿਸ਼ਨ ਸਿੰਘ ਮਕੱੜ, ਹਰਮਨਦੀਪ ਸਿੰਘ, ਭੁਪਿੰਦਰ ਸਿੰਘ ਛਾਬੜਾ, ਕੰਵਲਜੀਤ ਸਿੰਘ ਛਾਬੜਾ, ਜਤਿੰਦਰ ਸਿੰਘ ਪ੍ਰਧਾਨ, ਪ੍ਰੇਮ ਸਿੰਘ, ਨੂਰਜੋਤ ਸਿੰਘ ਮੱਕੜ, ਮਹਿੰਦਰ ਸਿੰਘ ਕੰਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੰਗਤਾਂ ਨੇ ਗੁਰਬਾਣੀ ਸ਼ਬਦ ਕੀਰਤਨ ਦਾ ਆਨੰਦ ਮਾਣਿਆ



ਲੁਧਿਆਣਾ, 14 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਹਫਤਾਵਾਰੀ ਵਿਸ਼ੇਸ਼ ਧਾਰਮਿਕ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਸ਼ਰਨ ਸਿੰਘ , ਭਾਈ ਪਰਮਵੀਰ ਸਿੰਘ ਅਤੇ ਸ਼ਾਮ ਦੇ ਸਮਾਗਮ ਵਿਚ ਭਾਈ ਸੁਖਬੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜਥੇ ਵੱਲੋਂ ਧੁਰ ਕੀ ਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਨਾਮ ਰਸ ਨਾਲ ਜੋੜਿਆ ਗਿਆ। ਇਸ ਮੌਕੇ ਗਿਆਨੀ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸੰਗੀਤ ਰੂਪ ਵਿੱਚ ਸੰਗਤਾਂ ਵਿਚੋਂ ਹੀ ਬੀਬੀਆਂ ਨੇ ਰਾਗੀ ਜਥੇ ਭਾਈ ਸੁਖਬੀਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਭੇਟ ਕੀਤੇ ਗਏ।

ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 16 ਜੁਲਾਈ ਦਿਨ ਬੁੱਧਵਾਰ ਨੂੰ ਸਾਵਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਜਾਵੇਗਾ । ਇਸ ਮੌਕੇ ਤਰਲੋਚਨ ਸਿੰਘ ਬੱਬਰ, ਤਜਿੰਦਰ ਸਿੰਘ ਡੰਗ, ਇੰਦਰਜੀਤ ਸਿੰਘ ਮੱਕੜ, ਮੋਹਨ ਸਿੰਘ ਚੌਹਾਨ, ਸੁਰਜੀਤ ਸਿੰਘ ਮਠਾੜੂ, ਅਰਜਨ ਸਿੰਘ ਚੀਮਾ, ਬਲਜੀਤ ਸਿੰਘ ਦੁਖੀਆ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਸਵਰਨ ਸਿੰਘ ਮਹੌਲੀ, ਦਵਿੰਦਰ ਸਿੰਘ ਸਿੱਬਲ, ਸੁਰਿੰਦਰ ਸਿੰਘ ਨਾਰੰਗ, ਜਸਵੀਰ ਸਿੰਘ ਗੋਗੀਆ, ਪ੍ਰਮਿੰਦਰ ਸਿੰਘ, ਭਾਈ ਸੁਖਦੇਵ ਸਿੰਘ ਵੀ ਗੁਰੂ ਘਰ ਨਤਮਸਤਕ ਹੋਏ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਆਤਮ ਨਗਰ ਹਲਕੇ ਦੇ ਬੀ.ਐਲ.ਓਜ਼. ਦੀ ਸਿਖਲਾਈ ਕਰਵਾਈ



ਲੁਧਿਆਣਾ, 14 ਜੁਲਾਈ (ਵਿਸ਼ਾਲ ਸ਼ਰਮਾ) : ਭਾਰਤ ਚੋਣ ਕਮਿਸ਼ਨ (ਈ.ਸੀ.ਆਈ) ਦੇ ਨਿਰਦੇਸ਼ਾਂ 'ਤੇ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਅਧੀਨ ਆਤਮ ਨਗਰ ਹਲਕੇ ਦੇ ਬੂਥ ਲੈਵਲ ਅਫਸਰਾਂ (ਬੀ.ਐਲ.ਓ) ਦੀ ਸਿਖਲਾਈ ਸੋਮਵਾਰ ਨੂੰ ਨਗਰ ਨਿਗਮ ਦੇ ਜ਼ੋਨ-ਏ ਦਫ਼ਤਰ ਦੇ ਮੀਟਿੰਗ ਹਾਲ ਵਿੱਚ ਆਯੋਜਿਤ ਕੀਤੀ ਗਈ। ਆਤਮ ਨਗਰ ਲਈ ਵਧੀਕ ਐਮ.ਸੀ. ਕਮਿਸ਼ਨਰ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ (ਈ.ਆਰ.ਓ.) ਪਰਮਦੀਪ ਸਿੰਘ ਨੇ ਸਿਖਲਾਈ ਸੈਸ਼ਨ ਦੀ ਨਿਗਰਾਨੀ ਕੀਤੀ ਅਤੇ ਸਿਖਲਾਈ ਵਿਧਾਨ ਸਭਾ ਪੱਧਰ ਦੇ ਮਾਸਟਰ ਟਰੇਨਰ (ਏ.ਐਲ.ਐਮ.ਟੀ.) ਦੁਆਰਾ ਦਿੱਤੀ ਗਈ। ਸਿਖਲਾਈ ਸੈਸ਼ਨ ਦੌਰਾਨ ਬੀ.ਐਲ.ਓਜ਼ ਨੂੰ ਚੋਣ ਪ੍ਰਕਿਰਿਆ ਦੌਰਾਨ ਭਰੇ ਜਾਣ ਵਾਲੇ ਵੱਖ-ਵੱਖ ਫਾਰਮਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਉਨ੍ਹਾਂ ਨੂੰ ਬੀ.ਐਲ.ਓ ਅਤੇ ਵੋਟਰ ਹੈਲਪਲਾਈਨ ਮੋਬਾਈਲ ਐਪਸ ਦੇ ਕੰਮਕਾਜ ਬਾਰੇ ਵੀ ਜਾਣਕਾਰੀ ਦਿੱਤੀ ਗਈ। ਸਿਖਲਾਈ ਸੈਸ਼ਨ ਪੂਰਾ ਹੋਣ ਤੋਂ ਬਾਅਦ ਇੱਕ ਮੁਲਾਂਕਣ ਟੈਸਟ ਵੀ ਲਿਆ ਗਿਆ ਅਤੇ ਜੇਤੂ ਨੂੰ ਈ.ਆਰ.ਓ ਪਰਮਦੀਪ ਸਿੰਘ ਦੁਆਰਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਿਖਲਾਈ ਅਭਿਆਸ ਵਿੱਚ ਹਿੱਸਾ ਲੈਣ ਲਈ ਸਾਰੇ ਬੀ.ਐਲ.ਓਜ਼ ਨੂੰ ਭਾਗੀਦਾਰੀ ਦੇ ਸਰਟੀਫਿਕੇਟ ਦਿੱਤੇ ਗਏ।

## ਐਨ.ਸੀ.ਸੀ. ਗਰਲ ਕੈਡਿਟਾਂ ਲਈ ਸਾਈਬਰ ਫ਼ਸਟ ਰਿਸਪਾਂਡਰ ਪ੍ਰੋਗਰਾਮ 'ਤੇ ਆਨਲਾਈਨ ਵਰਕਸ਼ਾਪ



ਲੁਧਿਆਣਾ, 14 ਜੁਲਾਈ (ਵਿਸ਼ਾਲ ਸ਼ਰਮਾ/ਵਿਸ਼ਾਲ ਅੱਤਰੇ/ ਆਰੀਅਨ ਅੱਤਰੇ/ਅੰਕੁਸ਼ ਸਹਿਜਪਾਲ) : ਨੌਜਵਾਨਾਂ ਵਿੱਚ ਡਿਜੀਟਲ ਸਾਖਰਤਾ ਅਤੇ ਸੁਰੱਖਿਆ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, 14 ਜੁਲਾਈ 2025 ਨੂੰ ਲੁਧਿਆਣਾ ਗਰੁੱਪ ਹੈੱਡਕੁਆਰਟਰ ਦੀਆਂ 400 ਤੋਂ ਵੱਧ ਐਨਸੀਸੀ ਗਰਲ ਕੈਡਿਟਾਂ ਲਈ ਯੂਨਾਈਟਿਡ ਸਰਵਿਸ ਇੰਸਟੀਚਿਊਸ਼ਨ (ਯੂਐਸਆਈ), ਨਵੀਂ ਦਿੱਲੀ ਦੇ ਸੰਪਰਕ ਵਿੱਚ 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ ਲੁਧਿਆਣਾ ਦੁਆਰਾ ਐਨਸੀਸੀ ਜੀਪੀ ਹੈੱਡਕੁਆਰਟਰ ਲੁਧਿਆਣਾ ਦੀ ਅਗਵਾਈ ਹੇਠ ਸਾਈਬਰ ਫਸਟ ਰਿਸਪਾਂਡਰ 'ਤੇ ਇੱਕ ਔਨਲਾਈਨ ਵਰਕਸ਼ਾਪ ਆਯੋਜਿਤ ਕੀਤੀ ਗਈ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਬ੍ਰਿਗੇਡੀਅਰ ਪੀ.ਐਸ. ਚੀਮਾ, ਐਸਐਮ, ਵੀਐਸਐਮ, ਗਰੁੱਪ ਕਮਾਂਡਰ, ਐਨਸੀਸੀ ਗਰੁੱਪ ਹੈੱਡਕੁਆਰਟਰ ਲੁਧਿਆਣਾ ਸ਼ਾਮਲ ਹੋਏ। ਇਹ ਡਿਜੀਟਲ ਸਸ਼ਕਤੀਕਰਨ ਸੈਸ਼ਨ ਮੇਜਰ ਜਨਰਲ ਜੇ.ਐਸ. ਚੀਮਾ, ਏਡੀਜੀ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ (ਪੀਐਚਐਚਪੀ ਐਂਡ ਸੀ) ਡਾਇਰੈਕਟੋਰੇਟ ਦੀ ਅਗਵਾਈ ਅਤੇ ਡੀਜੀਐਨਸੀਸੀ ਲੈਫਟੀਨੈਂਟ ਜਨਰਲ ਗੁਰਬੀਰਪਾਲ ਸਿੰਘ, ਪੀਵੀਐਸਐਮ, ਏਵੀਐਸਐਮ, ਵੀਐਸਐਮ ਦੇ ਉੱਚ ਨਿਰਦੇਸ਼ਾਂ ਹੇਠ ਆਯੋਜਿਤ ਕੀਤਾ ਗਿਆ ਸੀ। ਸਾਈਬਰ ਫਸਟ ਰਿਸਪਾਂਡਰ ਔਨਲਾਈਨ ਵਰਕਸ਼ਾਪ ਗੁਰੂ ਹਰਗੋਬਿੰਦ ਕਾਲਜ ਗੁਰੂਸਰ ਸੁਧਾਰ ਵਿਖੇ ਚੱਲ ਰਹੇ ਸਾਲਾਨਾ ਸਿਖਲਾਈ ਕੈਂਪ-59 ਦੌਰਾਨ ਕੈਂਪ ਕਮਾਂਡੈਂਟ ਕਰਨਲ ਰਾਕੇਸ਼ ਸਿੰਘ ਦੇ ਨਾਲ ਆਯੋਜਿਤ ਕੀਤੀ ਗਈ। ਚੌਹਾਨ ਇਹ ਯਕੀਨੀ ਬਣਾ ਰਹੇ ਹਨ ਕਿ ਤਿੰਨ ਸੌ ਤੋਂ ਵੱਧ ਐਨ.ਸੀ.ਸੀ. ਗਰਲ ਕੈਡੇਟ ਅਤੇ ਸਟਾਫ ਸਾਈਬਰ ਫਸਟ ਰਿਸਪਾਂਡਰ ਔਨਲਾਈਨ ਵਰਕਸ਼ਾਪ ਵਿੱਚੋਂ ਗੁਜ਼ਰਨ। 3 ਪੰਜਾਬ ਗਰਲਜ਼ ਬਟਾਲੀਅਨ ਐਨਸੀਸੀ, 3 ਪੰਜਾਬ ਬਟਾਲੀਅਨ ਐਨਸੀਸੀ, 19 ਪੰਜਾਬ ਬਟਾਲੀਅਨ ਐਨਸੀਸੀ, ਅਤੇ 4 ਪੰਜਾਬ ਏਅਰ ਸਕੁਐਡਰਨ ਐਨਸੀਸੀ ਦੇ ਕੈਡਿਟਾਂ ਨੇ ਇਸ ਵਰਕਸ਼ਾਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਜਿਸਦਾ ਉਦੇਸ਼ ਉਨ੍ਹਾਂ ਨੂੰ ਸਾਈਬਰ ਸੁਰੱਖਿਆ ਦੇ ਬੁਨਿਆਦੀ ਸਿਧਾਂਤਾਂ ਦੇ ਜ਼ਰੂਰੀ ਗਿਆਨ ਨਾਲ ਲੈਸ ਕਰਨਾ ਸੀ। ਸੈਸ਼ਨ ਨੇ ਕੈਡਿਟਾਂ ਅਤੇ ਐਨਸੀਸੀ ਇੰਸਟਰਕਟਰ ਸਟਾਫ ਨੂੰ ਸੁਰੱਖਿਅਤ ਡਿਜੀਟਲ ਅਭਿਆਸਾਂ, ਸਾਈਬਰ ਸਫਾਈ ਦੀ ਧਾਰਨਾ ਅਤੇ ਸਾਈਬਰ ਖਤਰਿਆਂ ਦੀ ਪਛਾਣ ਕਰਨ ਅਤੇ ਘਟਾਉਣ ਵਿੱਚ ਪਹਿਲੇ ਜਵਾਬ ਦੇਣ ਵਾਲਿਆਂ ਦੀ ਭੂਮਿਕਾ ਬਾਰੇ ਸਿੱਖਿਆ ਦਿੱਤੀ।

## ਜਗਰਾਉਂ ਵਿਖੇ ਭਾਰੀ ਮੀਂਹ ਕਾਰਨ ਆਟਾ ਮਿਲ ਦੀ ਦੀਵਾਰ ਡਿੱਗੀ, ਹੋਇਆ ਲੱਖਾਂ ਦਾ ਨੁਕਸਾਨ



ਜਗਰਾਉਂ, 14 ਜੁਲਾਈ (ਵਿਸ਼ਾਲ ਅੱਤਰੇ /ਆਰੀਅਨ ਅੱਤਰੇ/ ਅੰਕੁਸ਼ ਸਹਿਜਪਾਲ) : ਅੱਜ ਸਵੇਰੇ ਹੋਈ ਮੁਸਲੇਧਾਰ ਬਾਰਿਸ਼ ਤੋਂ ਬਾਅਦ ਜਗਰਾਉਂ ਵਿਖੇ ਜੀਟੀ ਰੋਡ 'ਤੇ ਸਥਿਤ ਸ੍ਰੀ ਰਾਮ ਰੋਲਰ ਅਤੇ ਆਟਾ ਮਿਲ ਦੀ ਦੀਵਾਰ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਜਗਰਾਉਂ ਵਿੱਚ ਜਦੋਂ ਅੱਜ ਸਵੇਰੇ ਤਕਰੀਬਨ 9 ਵਜੇ ਭਾਰੀ ਮੀਂਹ ਪੈਣਾ ਸ਼ੁਰੂ ਹੋ ਗਿਆ, ਜਿਸ ਦੇ ਨਾਲ ਜਗਰਾਉਂ ਦੀਆਂ ਸੜਕਾਂ 'ਤੇ ਵੀ ਕਾਫੀ ਪਾਣੀ ਭਰ ਗਿਆ ਅਤੇ ਸੜਕਾਂ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਝੀਲ ਦਾ ਰੂਪ ਲੈ ਗਈਆਂ। ਉਸੇ ਸਮੇਂ ਜਗਰਾਉਂ ਦੇ ਜੀਟੀ ਰੋਡ ਦੇ ਉੱਤੇ ਇੱਕ 15 ਫੁੱਟ ਉੱਚੀ ਅਤੇ 200 ਫੁੱਟ ਲੰਬੀ ਆਟਾ ਮਿਲਦੀ ਕੰਧ ਡਿੱਗਣ ਕਰਕੇ ਲੱਖਾਂ ਰੁਪਿਆਂ ਦਾ ਨੁਕਸਾਨ ਹੋ ਤਾਂ ਹੋਇਆ ਹੈ ਪਰ ਦੀਵਾਰ ਦੇ ਨਜ਼ਦੀਕ ਕੋਈ ਵਿਅਕਤੀ ਨਾ ਹੋਣ ਕਰਕੇ ਕਿਸੇ ਦਾ ਜਾਨੀ ਨੁਕਸਾਨ ਨਹੀਂ ਹੋਇਆ

# ਬਿਨਾਂ ਇਜਾਜ਼ਤ ਦੇ ਸਾਈਟ ਤੋਂ ਭਰੀ ਉਡਾਣ, ਸੈਲਾਨੀ ਦੀ ਪੈਰਾਗਲਾਈਡਰ ਹਾਦਸੇ 'ਚ ਮੌਤ

ਧਰਮਸ਼ਾਲਾ, 14 ਜੁਲਾਈ (ਚ.ਨ.ਸ.) ਧਰਮਸ਼ਾਲਾ ਪੈਰਾਗਲਾਈਡਿੰਗ ਹਾਦਸਾ 25 ਸਾਲਾ ਸੈਲਾਨੀ ਸਤੀਸ਼, ਜੋ ਕਿ ਗੁਜਰਾਤ ਦਾ ਰਹਿਣ ਵਾਲਾ ਸੀ, ਦੀ ਐਤਵਾਰ ਸ਼ਾਮ ਨੂੰ ਪੈਰਾਗਲਾਈਡਿੰਗ ਸਾਈਟ ਇੰਦਰਨਾਗ ਦੇ ਨੇੜੇ ਵਿਕਸਤ ਬੰਗੋਟੂ ਸਾਈਟ ਤੋਂ ਪੈਰਾਗਲਾਈਡਿੰਗ ਦੀ ਟੈਂਡਮ ਫਲਾਇੰਗ ਦੌਰਾਨ ਇੱਕ ਹਾਦਸੇ ਵਿੱਚ ਮੌਤ ਹੋ ਗਈ। ਇਹ ਹਾਦਸਾ ਟੇਕ ਆਫ ਪੁਆਇੰਟ ਤੋਂ ਉਡਾਣ ਭਰਦੇ ਸਮੇਂ ਹੋਇਆ। ਤਾਊ (ਧਰਮਸ਼ਾਲਾ) ਦਾ ਰਹਿਣ ਵਾਲਾ ਪੈਰਾਗਲਾਈਡਿੰਗ ਪਾਇਲਟ ਸੂਰਜ ਵੀ ਜ਼ਖ਼ਮੀ ਹੋ ਗਿਆ। ਦੋਵਾਂ ਨੂੰ ਧਰਮਸ਼ਾਲਾ ਦੇ ਖੇਤਰੀ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਤੋਂ ਬਾਅਦ ਟਾਂਡਾ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਸੈਲਾਨੀ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਸੈਰ-ਸਪਾਟਾ ਵਿਭਾਗ ਨੇ ਅਜੇ ਤੱਕ ਬੰਗੋਟੂ ਸਾਈਟ ਤੋਂ ਉਡਾਣ ਭਰਨ ਦੀ ਇਜਾਜ਼ਤ ਨਹੀਂ ਦਿੱਤੀ ਹੈ। ਅਜਿਹੀ ਸਥਿਤੀ ਵਿੱਚ ਬਿਨਾਂ ਇਜਾਜ਼ਤ ਦੇ ਉਡਾਣ ਭਰੀ ਗਈ ਸੀ। 18 ਜਨਵਰੀ 2025 ਨੂੰ ਇੱਕ ਸੈਲਾਨੀ ਲੜਕੀ ਦੀ ਇੰਦਰਨਾਗ ਸਾਈਟ ਤੋਂ ਟੈਂਡਮ ਫਲਾਇੰਗ ਦੌਰਾਨ ਮੌਤ ਹੋ ਗਈ ਸੀ। ਲੜਕੀ 19 ਸਾਲਾ ਭਾਵੇਸ਼ਵਰ ਖੁਸ਼ੀ ਸੀ, ਜੋ ਕਿ ਜਿਗਨੇਸ਼ ਦੀ ਧੀ ਸੀ, ਜੋ ਕਿ ਨਾਰਨਪੁਰਾ ਅਹਿਮਦਾਬਾਦ ਗੁਜਰਾਤ ਦਾ ਰਹਿਣ ਵਾਲਾ ਸੀ। ਉਸ ਸਮੇਂ ਉਡਾਣ ਸ਼ਾਮ ਪੰਜ ਛੇ ਵਜੇ ਉਡਾਣ ਭਰੀ ਸੀ। ਹਾਦਸੇ ਤੋਂ ਬਾਅਦ ਐਸਡੀਐਮ ਧਰਮਸ਼ਾਲਾ ਦੀ ਪ੍ਰਧਾਨਗੀ ਹੇਠ ਜਾਂਚ ਕੀਤੀ ਗਈ ਸੀ। ਨਾਲ ਹੀ ਸਾਰੇ ਸੁਰੱਖਿਆ ਮਾਪਦੰਡਾਂ ਦੇ ਤਹਿਤ ਹੀ ਉਡਾਣ ਭਰਨ ਦੀ ਇਜਾਜ਼ਤ ਦਿੱਤੀ ਗਈ ਸੀ। ਹੁਣ, ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ, ਸੈਰ-ਸਪਾਟਾ ਵਿਭਾਗ ਨੇ 15 ਜੁਲਾਈ ਤੋਂ 15 ਸਤੰਬਰ ਤੱਕ ਪੈਰਾਗਲਾਈਡਿੰਗ 'ਤੇ ਪਾਬੰਦੀ ਲਗਾ ਦਿੱਤੀ ਹੈ। ਕਾਂਗੜਾ ਦੇ ਐਸਪੀ ਹਿਤੇਸ਼ ਲਖਨਪਾਲ ਨੇ ਕਿਹਾ ਕਿ ਇਹ ਹਾਦਸਾ ਟੈਂਡਮ ਫਲਾਇੰਗ ਦੌਰਾਨ ਹੋਇਆ ਅਤੇ ਸੈਲਾਨੀ ਦੀ ਮੌਤ ਹੋ ਗਈ। ਬੰਗੋਟੂ ਸਾਈਟ ਤੋਂ ਕਿਸੇ ਵੀ ਤਰ੍ਹਾਂ ਦੀਆਂ ਉਡਾਣਾਂ ਲਈ ਹੁਣ ਤੱਕ ਕੋਈ ਇਜਾਜ਼ਤ ਨਹੀਂ ਦਿੱਤੀ ਗਈ ਸੀ। ਬਿਨਾਂ ਇਜਾਜ਼ਤ ਦੇ ਉਡਾਣ ਭਰੀ ਗਈ ਸੀ ਅਤੇ ਹਾਦਸੇ ਵਿੱਚ ਸੈਲਾਨੀ ਦੀ ਮੌਤ ਹੋ ਗਈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਪਾਇਲਟ ਵਿਰੁੱਧ ਕਾਰਵਾਈ ਕੀਤੀ ਜਾਵੇਗੀ।



# ਦਲਾਈ ਲਾਮਾ ਦੇ ਵਾਰਸ ਦਾ ਮੁੱਦਾ ਭਾਰਤ ਨਾਲ ਸਬੰਧਾਂ 'ਚ ਅੜਿੱਕਾ

☛ ਜੈਸ਼ੰਕਰ ਦੇ ਦੌਰੇ ਤੋਂ ਠੀਕ ਪਹਿਲਾਂ ਚੀਨ ਦਾ ਤਿੱਖਾ ਬਿਆਨ

ਨਵੀਂ ਦਿੱਲੀ, 14 ਜੁਲਾਈ (ਚ.ਨ.ਸ.) ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੇ ਦੌਰੇ ਤੋਂ ਠੀਕ ਪਹਿਲਾਂ ਨਵੀਂ ਦਿੱਲੀ ਸਥਿਤ ਚੀਨੀ ਦੂਤਘਰ ਨੇ ਐਤਵਾਰ ਨੂੰ ਕਿਹਾ ਕਿ ਤਿੱਬਤੀ ਧਰਮਗੁਰੂ ਦਲਾਈ ਲਾਮਾ ਦੇ ਉੱਤਰਾਧਿਕਾਰ ਦਾ ਮਸਲਾ ਚੀਨ-ਭਾਰਤ ਸਬੰਧਾਂ 'ਚ ਇਕ 'ਕਾਂਟਾ' ਹੈ। ਉਸ ਨੇ ਇਸ ਮਸਲੇ ਨੂੰ ਅੰਦਰੂਨੀ ਮਾਮਲਾ ਦੱਸਦੇ ਹੋਏ ਕਿਹਾ ਕਿ ਤਿੱਬਤ ਮਸਲੇ ਦੇ ਕਾਰਨ ਹੀ ਦੋਹਾਂ ਪੱਖੀਆਂ ਸਬੰਧਾਂ 'ਚ ਤਣਾਅ ਹੈ। ਹਾਲਾਂਕਿ, ਧਰਮ ਅਤੇ ਆਸਥਾ ਨਾਲ ਜੁੜੇ ਮਾਮਲਿਆਂ 'ਚ ਨਿਰਪੱਖ ਰਹਿਣ ਦਾ ਭਾਰਤ ਦਾ ਰੁਖ ਪਹਿਲਾਂ ਹੀ ਸਪੱਸ਼ਟ ਹੈ। ਜੈਸ਼ੰਕਰ 15 ਜੁਲਾਈ ਨੂੰ ਉੱਤਰ ਚੀਨ ਦੇ ਤਿਆਨਜਿਨ 'ਚ ਸ਼ੰਘਾਈ ਸਹਿਯੋਗ ਸੰਸਥਾ 'ਚ ਇਕ ਖੇਤਰੀ ਸੁਰੱਖਿਆ ਕਾਨਫਰੰਸ 'ਚ ਭਾਗ ਲੈਣਗੇ ਤੇ ਇਸ ਦੌਰਾਨ ਉਹ ਦੁਵੱਲੀਆਂ ਬੈਠਕਾਂ ਵੀ ਕਰਨਗੇ। ਸਾਲ 2020 'ਚ ਸਰਹੱਦ 'ਤੇ ਹੋਏ ਫ਼ੌਜੀ ਸੰਘਰਸ਼ ਤੋਂ ਬਾਅਦ ਇਹ ਉਨ੍ਹਾਂ ਦਾ ਪਹਿਲਾ ਚੀਨ ਦੌਰਾ ਹੈ। ਇਸ ਸੰਘਰਸ਼ 'ਚ ਘੱਟੋ-ਘੱਟ 20 ਭਾਰਤੀ ਤੇ ਚਾਰ ਚੀਨੀ ਫ਼ੌਜੀ ਮਾਰੇ ਗਏ ਸਨ। ਇਸ ਤੋਂ ਬਾਅਦ ਦੁਵੱਲੇ ਰਿਸ਼ਤਿਆਂ 'ਚ ਗਿਰਾਵਟ ਆਈ ਸੀ ਪਰ ਪਿਛਲੇ ਮਹੀਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਸ਼ੰਘਾਈ ਸਹਿਯੋਗ ਸੰਸਥਾ ਦੀ ਰੱਖਿਆ ਮੰਤਰੀਆਂ ਦੀ ਬੈਠਕ ਤੋਂ ਇਤਰ ਆਪਣੇ ਚੀਨੀ ਹਮਰੁਤਬਾ ਨਾਲ ਗੱਲਬਾਤ ਕੀਤੀ ਸੀ।



# 8 ਖ਼ਾਲਿਸਤਾਨੀ ਅੱਤਵਾਦੀ ਅਮਰੀਕਾ 'ਚ ਗ੍ਰਿਫ਼ਤਾਰ, ਐੱਫ.ਬੀ.ਆਈ. ਤੇ ਏਜੰਸੀਆਂ ਨੇ ਕੀਤੀ ਸਾਂਝੀ ਕਾਰਵਾਈ

ਚੰਡੀਗੜ੍ਹ, 14 ਜੁਲਾਈ (ਚ.ਨ.ਸ.) ਐਫਬੀਆਈ ਨੇ ਖਾਲਿਸਤਾਨੀ ਅੱਤਵਾਦੀਆਂ ਅਤੇ ਗੈਂਗਸਟਰਾਂ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਦਿੱਤੀ ਹੈ ਜੋ ਭਾਰਤ ਤੋਂ ਫਰਾਰ ਹਨ ਅਤੇ ਅਮਰੀਕਾ ਵਿੱਚ ਬੈਠੇ ਹਨ। ਜਾਣਕਾਰੀ ਅਨੁਸਾਰ, ਐਫਬੀਆਈ ਅਤੇ ਸਥਾਨਕ ਏਜੰਸੀਆਂ ਨੇ ਕੈਲੀਫੋਰਨੀਆ ਦੇ ਸੈਨ ਜੋਆਕੁਇਨ ਕਾਊਂਟੀ ਵਿੱਚ ਵੱਡੀ ਕਾਰਵਾਈ ਕੀਤੀ। ਸਟਾਕਟਨ, ਮੈਂਟੇਕਾ ਅਤੇ ਸਟੈਨਿਸਲਸ ਕਾਊਂਟੀ ਦੀਆਂ ਸਵੈਟ ਟੀਮਾਂ ਅਤੇ ਐਫਬੀਆਈ ਦੀ ਸਪੈਸ਼ਲ ਯੂਨਿਟ ਦੀ ਮਦਦ ਨਾਲ ਕੀਤੇ ਗਏ ਇਸ ਆਪ੍ਰੇਸ਼ਨ ਵਿੱਚ, ਭਾਰਤੀ ਮੂਲ ਦੇ 8 ਖਾਲਿਸਤਾਨੀ ਪੱਖੀ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਕਾਰਵਾਈ ਨੂੰ ਖਾਲਿਸਤਾਨੀ ਨੈੱਟਵਰਕ ਨੂੰ ਰੋਕਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਫੜੇ ਗਏ ਦੋਸ਼ੀਆਂ 'ਚ ਖਾਲਿਸਤਾਨ ਸਮਰਥਕ ਦਿਲਪ੍ਰੀਤ ਸਿੰਘ, ਅਰਸ਼ਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਵਿਸ਼ਾਲ, ਪਵਿੱਤਰ ਸਿੰਘ ਉਰਫ ਪਵਿੱਤਰ ਬਟਾਲਾ, ਗੁਰਤਾਜ ਸਿੰਘ, ਮਨਪ੍ਰੀਤ ਰੰਧਾਵਾ ਅਤੇ ਸਰਬਜੀਤ ਸਿੰਘ ਸ਼ਾਮਲ ਹਨ। ਇਨ੍ਹਾਂ ਸਾਰਿਆਂ ਵਿਰੁੱਧ ਵੱਖ-ਵੱਖ ਅਪਰਾਧਿਕ ਮਾਮਲੇ ਦਰਜ ਕੀਤੇ ਗਏ ਹਨ। ਇਨ੍ਹਾਂ ਸਾਰਿਆਂ 'ਤੇ ਅਗਵਾ, ਤਸ਼ੱਦਦ, ਗੈਰ-ਕਾਨੂੰਨੀ ਕੈਦ, ਅਪਰਾਧਿਕ ਸਾਜ਼ਿਸ਼, ਗਵਾਹਾਂ ਨੂੰ ਡਰਾਉਣ, ਅਰਧ-ਆਟੋਮੈਟਿਕ ਹਥਿਆਰਾਂ ਨਾਲ ਹਮਲਾ, ਦਹਿਸ਼ਤ ਫੈਲਾਉਣ ਦੀ ਧਮਕੀ, ਗੈਂਗ ਐਕਟ ਤਹਿਤ ਮਾਮਲੇ, ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਹਥਿਆਰ ਰੱਖਣ, ਮਸ਼ੀਨ ਗੰਨ ਅਤੇ ਅਸਾਲਟ ਰਾਈਫਲਾਂ ਰੱਖਣ, ਸ਼ਾਰਟ-ਬੈਰਲ ਰਾਈਫਲਾਂ ਦਾ ਨਿਰਮਾਣ ਅਤੇ ਗੈਰ-ਕਾਨੂੰਨੀ ਮੈਗਜ਼ੀਨਾਂ ਵੇਚਣ ਵਰਗੇ ਗੰਭੀਰ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ। ਸਾਰੇ ਮੁਲਜ਼ਮਾਂ ਤੋਂ ਪੁੱਛਗਿੱਛ ਕਰਨ ਤੋਂ ਬਾਅਦ, ਉਨ੍ਹਾਂ ਨੂੰ ਅਮਰੀਕਾ ਦੀ ਇੱਕ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।




# ਸਮਾਜ ਸੇਵੀ ਤੇਗੀ ਦੀ ਹੱਕ-ਸੱਚ ਅਵਾਜ਼ ਨੂੰ ਦਬਾਉਣ ਲਈ ਕੀਤੇ ਪਰਚੇ ਦੀ ਕੀਤੀ ਨਿੰਦਾ

ਸ੍ਰੀ ਅਨੰਦਪੁਰ ਸਾਹਿਬ, 14 ਜੁਲਾਈ (ਤਰਲੋਚਨ ਸਿੰਘ): ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਨੇ ਸਹੋਤਾ ਪਿੰਡ ਦੀ ਸਰਪੰਚ ਮੁਕਤ ਕੌਰ ਦੇ ਪਤੀ ਹਰਤੇਗਵੀਰ ਸਿੰਘ ਤੇਗੀ ਉੱਤੇ ਅਨੰਦਪੁਰ ਸਾਹਿਬ ਥਾਣੇ 'ਚ ਦਰਜ ਮੁਕੱਦਮੇ ਦੀ ਕਰੜੀ ਅਲੋਚਨਾ ਕੀਤੀ ਹੈ। ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਸੀ ਪੀ ਆਈ ਐਮ ਦੇ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਪੁਲਿਸ ਨੇ ਇਕਪਾਸੜ ਕਾਰਵਾਈ ਕਰਕੇ ਕਾਨੂੰਨ ਤੇ ਕਾਨੂੰਨੀ ਪ੍ਰਕਿਰਿਆ ਨੂੰ ਛਿੱਕੇ ਟੰਗ ਦਿੱਤਾ ਹੈ। ਪੁਲਸੀਆ ਤਸ਼ੱਦਦ ਨਾਲ ਹੱਕ ਤੇ ਸੱਚ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਸ ਵਿੱਚ ਮੌਕੇ ਦੀ ਨਿਜਾਮ ਨੂੰ ਸਫਲਤਾ ਨਹੀਂ ਮਿਲਣੀ। ਕਾਮਰੇਡ ਸੁਰਜੀਤ ਨੇ ਕਿਹਾ ਕਿ ਇਲਾਕੇ 'ਚ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਵਿਕਾਸ ਦੇ ਕੰਮਾਂ ਲਈ ਪਿੰਡਾਂ ਨੂੰ ਅਜੇ ਤੱਕ ਗਰਾਂਟਾਂ ਨਹੀਂ ਦਿੱਤੀਆਂ ਗਈਆਂ, ਪੰਚਾਇਤਾਂ ਦੇ ਪਾਏ ਮਤੇ ਰੁਲਦੇ ਫਿਰਦੇ ਹਨ। ਲੋਕ ਨਪੀੜੇ ਜਾ ਰਹੇ ਹਨ ਤੇ ਸਰਕਾਰ ਅਤੇ ਉਸ ਦੇ ਨੁਮਾਇੰਦੇ ਸਰਕਾਰ ਦੀ ਮੱਲੋਮਲੀ ਮੁਫਤ ਦੀ ਵਾਹ ਵਾਹ ਕਰ ਰਹੇ ਹਨ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਸਮੇਂ 'ਚ ਲੋਕ ਕਚਹਿਰੀ ਵਿੱਚ ਸਰਕਾਰ 'ਚ ਫੈਲੇ ਭ੍ਰਿਸ਼ਟਾਚਾਰ ਤੇ ਸਰਕਾਰ ਦੀਆਂ ਸਾਢੇ ਤਿੰਨ ਸਾਲ ਦੀਆਂ ਅਸਫਲਤਾਵਾਂ ਦਾ ਕੱਚਾ ਚਿੱਠਾ ਖੋਲ੍ਹ ਕੇ ਪਰਦਾਫਾਸ਼ ਕੀਤਾ ਜਾਵੇਗਾ।



# ਐੱਸ.ਈ. ਪਾਵਰਕਾਮ ਦੇ ਦਫ਼ਤਰ ਅੱਗੇ ਲੱਗਣ ਵਾਲੇ ਧਰਨੇ ਲਈ ਵਰਦੇ ਮੀਂਹ 'ਚ ਕਿਸਾਨ-ਮਜ਼ਦੂਰ ਬੀਬੀਆਂ ਦਾ ਜੱਥਾ ਰਵਾਨਾ



ਮੱਲਾਂ ਵਾਲਾ, 14 ਜੁਲਾਈ (ਹਰਪਾਲ ਸਿੰਘ ਖਾਲਸਾ): ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਮੱਲਾਂ ਦੇ ਪਿੰਡਾਂ ਦੇ ਕਿਸਾਨ ਮਜ਼ਦੂਰ ਬੀਬੀਆਂ ਦਾ ਵੱਡਾ ਜੱਥਾ ਦਾਣਾ ਮੰਡੀ ਮੱਲਾਂ ਵਾਲੇ ਤੋਂ ਜ਼ਿਲ੍ਹਾ ਸਕੱਤਰ ਗੁਰਮੇਲ ਸਿੰਘ ਫੱਤੇਵਾਲਾ ਦੀ ਅਗਵਾਈ ਵਿੱਚ ਰਵਾਨਾ ਹੋਇਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪ੍ਰੈਸ ਸਕੱਤਰ ਹਰਦੀਪ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਤੇ ਭਗਵੰਤ ਮਾਨ ਸਰਕਾਰ ਵੱਲੋਂ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਪ੍ਰੀਪੇਡ ਮੀਟਰ ਖਪਤਕਾਰਾਂ ਦੇ ਘਰਾਂ ਅੱਗੇ ਲਾਉਣ ਦਾ ਆਦੇਸ਼ ਜਾਰੀ ਕੀਤੇ ਹਨ ਤੇ ਬਿਜਲੀ ਸੋਧ ਬਿੱਲ 2025 ਸੰਸਦ ਦੇ ਮਾਨਸੂਨ ਸ਼ੈਸਨ ਵਿੱਚ ਪਾਸ ਕਰਕੇ ਬਿਜਲੀ ਵੇਚਣ ਦਾ ਪ੍ਰਬੰਧ ਕਾਰਪੋਰੇਟ ਹੱਥਾਂ ਵਿੱਚ ਮੋਦੀ ਸਰਕਾਰ ਦੇਣ ਜਾ ਰਹੀ ਹੈ। ਜਿਸਦੇ ਵਿਰੋਧ ਵਿੱਚ ਜਥੇਬੰਦੀ ਵੱਲੋਂ ਅੱਜ ਪੂਰੇ ਪੰਜਾਬ ਵਿੱਚ ਚੀਫ ਤੇ ਐਸ ਈ ਪਾਵਰਕਾਮ ਦੇ ਦਫਤਰਾਂ ਅੱਗੇ ਵੱਡੇ ਇਕੱਠ ਕਰਕੇ ਵਿਰੋਧ ਕੀਤਾ ਜਾ ਰਿਹਾ ਹੈ। ਇਸ ਮੌਕੇ ਬੀਬੀ ਜਸਵੀਰ ਕੌਰ ਕਾਮਲ ਵਾਲਾ, ਬੀਬੀ ਮੁਖਤਿਆਰ ਕੌਰ, ਮੱਸਾ ਸਿੰਘ ਆਸਫ ਵਾਲਾ, ਸੁਖਦੇਵ ਸਿੰਘ ਆਸਫ਼ ਵਾਲਾ, ਗੁਰਮੁੱਖ ਸਿੰਘ ਕਾਮਲ ਵਾਲਾ, ਜੋਗਾ ਸਿੰਘ ਵੱਟੂ ਭੱਟੀ, ਸਾਹਬ ਸਿੰਘ ਦੀਨੇ ਕੇ ਆਦਿ ਆਗੂ ਹਾਜ਼ਰ ਸਨ।

# ਧਰਮ ਬਚਾਓ ਯਾਤਰਾ ਦਾ ਤੀਜੇ ਦਿਨ ਵੀ ਭਰਵਾਂ ਸਵਾਗਤ

☛ ਤੀਸਰੇ ਦਿਨ ਗੁਰੂ ਕੀ ਤਾਲ ਗੁਰਦੁਆਰਾ ਸਾਹਿਬ ਆਗਰਾ ਪਹੁੰਚੀ ਯਾਤਰਾ

ਫ਼ਤਹਿਗੜ੍ਹ ਸਾਹਿਬ, 14 ਜੁਲਾਈ (ਸੂਦ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹਾਦਤ ਨੂੰ ਸਮਰਪਿਤ 'ਧਰਮ ਬਚਾਉ ਯਾਤਰਾ- ਮਹਾਨ ਨਗਰ ਕੀਰਤਨ' ਤੀਸਰੇ ਦਿਨ ਗੁਰਦੁਆਰਾ ਸਾਹਿਬ ਜੀਂਦ ਤੋਂ ਵਿਸ਼ਰਾਮ ਕਰਨ ਉਪਰੰਤ ਰੋਹਤਕ, ਪਲਵਲ ਹੁੰਦਿਆਂ ਹੋਇਆਂ ਗੁਰੂ ਕੀ ਤਾਲ ਗੁਰਦੁਆਰਾ ਸਾਹਿਬ ਆਗਰਾ ਪਹੁੰਚ ਗਿਆ। ਇਸ ਦਾ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵਲੋਂ ਥਾਂ-ਥਾਂ ਉਪਰ ਭਰਵਾਂ ਸਵਾਗਤ ਕੀਤਾ ਗਿਆ। ਵਰਨਣਯੋਗ ਹੈ ਕਿ ਇਹ ਯਾਤਰਾ ਸ੍ਰੀ ਆਨੰਦਪੁਰ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਫਤਹਿਗੜ੍ਹ ਸਾਹਿਬ ਹੁੰਦੀ ਹੋਈ ਤੀਸਰੇ ਦਿਨ ਆਗਰਾ ਪਹੁੰਚੀ ਹੈ, ਜਿਥੋਂ ਇਹ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਚਾਂਦਨੀ ਚੌਕ ਵਿਚ ਜਾ ਕੇ ਸਮਾਪਤ ਹੋਵੇਗੀ। ਵੱਖ-ਵੱਖ ਸੰਸਥਾਵਾਂ ਵੱਲੋਂ ਥਾਂ ਥਾਂ ਉਪਰ ਸੰਤ ਬਾਬਾ ਦਲਬਾਰਾ ਸਿੰਘ ਰੋਹੀਸਰ ਸਾਹਿਬ ਫ਼ਤਹਿਗੜ੍ਹ ਸਾਹਿਬ, ਪੰਜ ਪਿਆਰਿਆਂ ਅਤੇ ਹੋਰ ਧਾਰਮਿਕ ਸੰਸਥਾਵਾਂ ਦਾ ਸਨਮਾਨ ਕੀਤਾ ਜਾ ਰਿਹਾ ਹੈ। ਹਰਿਆਣਾ ਵਿਚ ਖੇਡ ਅਤੇ ਯੁਵਾ ਕਲਿਆਣ ਮੰਤਰੀ ਅਤੇ ਭਾਜਪਾ ਯੁਵਾ ਮੋਰਚਾ ਦੇ ਰਾਸ਼ਟਰੀ ਸਕੱਤਰ ਗੌਰਵ ਗੌਤਮ ਸਮੇਤ ਵੱਖ-ਵੱਖ ਆਗੂਆਂ ਨੇ ਸੰਤ ਬਾਬਾ ਦਲਬਾਰਾ ਸਿੰਘ ਦਾ ਸਨਮਾਨ ਕਰਦੇ ਹੋਏ ਇਸ ਕਾਰਜ ਲਈ ਸ਼ਲਾਘਾ ਕੀਤੀ। ਇਸ ਮੌਕੇ ਸਾਬਕਾ ਡੀ ਆਈ ਜੀ ਰਣਬੀਰ ਸਿੰਘ ਖੱਟੜਾ, ਜਥੇਦਾਰ ਜਗਜੀਤ ਸਿੰਘ ਸੰਤ ਆਸ਼ਰਮ ਗੁਰਦੁਆਰਾ ਕ੍ਰਿਪਾਸਰ ਸਾਹਿਬ ਫਤਹਿਗੜ੍ਹ ਸਾਹਿਬ, ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ, ਅਨੂਪ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਪਲਵਲ ਅਤੇ ਭਾਈ ਮਨਵੀਰ ਸਿੰਘ ਆਦਿ ਹਾਜ਼ਰ ਸਨ।



# ਨਗਰ ਕੌਂਸਲ ਵੱਲੋਂ ਸਰਕਾਰੀ ਦਫ਼ਤਰਾਂ 'ਚ ਮੱਛਰ ਭਜਾਉਣ ਵਾਲੀ ਦਵਾਈ ਦਾ ਛਿੜਕਾਅ




ਮੰਡੀ ਗੋਬਿੰਦਗੜ੍ਹ, 14 ਜੁਲਾਈ (ਸੂਦ): ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਵੱਲੋਂ 'ਸਵੱਛਤਾ ਅਪਨਾਓ, ਸਫਾਈ ਭਜਾਓ' ਮੁਹਿੰਮ ਤਹਿਤ ਕਾਰਜ ਸਾਧਕ ਅ਼ਫਸਰ ਚੇਤਨ ਸ਼ਰਮਾ ਦੀ ਅਗਵਾਈ ਅਤੇ ਸੈਨੀਟੇਸ਼ਨ ਸੁਪਰਡੈਂਟ ਸੰਦੀਪ ਕੁਮਾਰ ਅਤੇ ਐਸਆਈ ਰਘਬੀਰ ਸਿੰਘ ਦੀ ਦੇਖ-ਰੇਖ ਹੇਠ ਵੱਖ-ਵੱਖ ਸਰਕਾਰੀ ਦਫ਼ਤਰਾਂ ਵਿੱਚ ਦਵਾਈ ਦਾ ਛਿੜਕਾਅ ਕੀਤਾ ਗਿਆ, ਜਿਸ ਵਿੱਚ ਸੀਐਫ ਹਰਪ੍ਰੀਤ ਸਿੰਘ ਨੇ ਸਰਕਾਰੀ ਅਤੇ ਨਿੱਜੀ ਦਫ਼ਤਰਾਂ ਦੇ ਕਰਮਚਾਰੀਆਂ ਨੂੰ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਰੱਖਣ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਵੀ ਕੌਂਸਲ ਦੀ ਗੱਡੀ ਕੂੜਾ ਇਕੱਠਾ ਕਰਨ ਲਈ ਆਉਂਦੀ ਹੈ ਤਾਂ ਕੂੜਾ ਵੱਖਰਾ ਦਿੱਤਾ ਜਾਵੇ ਅਤੇ ਕੂੜਾ ਬਾਹਰ ਨਾ ਸੁੱਟਿਆ ਜਾਵੇ ਕਿਉਂਕਿ ਇਸ ਨਾਲ ਕੂੜੇ ਦੇ ਢੇਰ ਲੱਗ ਜਾਂਦੇ ਹਨ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ। ਉਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਵੀ ਨਾ ਕਰਨ ਅਤੇ ਕਾਗਜ਼ ਦੇ ਲਿਫਾਫਿਆਂ ਤੇ ਥੈਲਿਆਂ ਦੀ ਵਰਤੋਂ ਨਾ ਕਰਨ ਬਾਰੇ ਜਾਗਰੂਕ ਕੀਤਾ। ਇਸ ਮੁਹਿੰਮ ਤਹਿਤ ਵੱਖ-ਵੱਖ ਸਰਕਾਰੀ ਤੇ ਨਿੱਜੀ ਦਫ਼ਤਰਾਂ ਵਿੱਚ ਕਰਮਚਾਰੀਆਂ ਨੂੰ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਦੀ ਜ਼ਰੂਰਤ ਬਾਰੇ ਜਾਗਰੂਕ ਕੀਤਾ ਗਿਆ ਤੇ ਕੀਟਾਣੂਨਾਸ਼ਕ ਦਾ ਛਿੜਕਾਅ ਕੀਤਾ ਗਿਆ।

# ਸ਼ੰਕਰ ਕਟਾਰੀਆ ਨੇ ਪਿੰਡ ਮੱਲੇ ਸ਼ਾਹ ਦੇ ਮੇਲੇ 'ਚ ਲਗਵਾਈ ਹਾਜ਼ਰੀ

ਜ਼ੀਰਾ, 14 ਜੁਲਾਈ (ਦੀਪਕ ਭਾਰਗੋ): ਜ਼ੀਰਾ ਨੇੜਲੇ ਪਿੰਡ ਮੱਲ੍ਹੇਸ਼ਾਹ ਵਿਖੇ ਪੀਰ ਬਾਬਾ ਮੱਲ੍ਹੇਸ਼ਾਹ ਦੀ ਪਵਿੱਤਰ ਯਾਦ ਵਿੱਚ ਸਾਲਾਨਾ ਮੇਲਾ ਧੂਮਧਾਮ ਨਾਲ ਮਨਾਇਆ ਗਿਆ। ਮੇਲੇ ਵਿੱਚ ਇਲਾਕੇ ਦੇ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਅਤੇ ਆਪ ਦੇ ਯੂਥ ਆਗੂ ਸ਼ੰਕਰ ਕਟਾਰੀਆ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੇਲੇ ਦੀ ਸ਼ੁਰੂਆਤ ਸ਼ੰਕਰ ਕਟਾਰੀਆ ਅਤੇ ਪਿੰਡ ਦੇ ਸਰਪੰਚ ਸ਼ਮਸ਼ੇਰ ਸਿੰਘ ਢਿੱਲੋਂ ਨੇ ਪੀਰ ਬਾਬਾ ਮੱਲ੍ਹੇਸ਼ਾਹ ਦੀ ਦਰਗਾਹ 'ਤੇ ਚਾਦਰ ਚੜ੍ਹਾ ਕੇ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਕੀਤੀ। ਇਸ ਮੌਕੇ ਗਾਇਕ ਸ਼ਰੀਫ ਦਿਲਦਾਰ-ਰੁਕਸਾਨਾ ਖਾਨ ਅਤੇ ਜਸਪ੍ਰੀਤ ਜੱਸੀ-ਜੁਗਨੀ ਢਿੱਲੋਂ ਵੱਲੋਂ ਧਾਰਮਿਕ ਗੀਤਾਂ ਰਾਹੀਂ ਸੱਭਿਆਚਾਰਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਨੂੰ ਸ਼ਰਧਾਲੂਆਂ ਨੇ ਬੜੇ ਉਤਸ਼ਾਹ ਨਾਲ ਸੁਣਿਆ। ਇਸ ਮੌਕੇ ਪੀਰ ਬਾਬਾ ਮੱਲ੍ਹੇਸ਼ਾਹ ਸੇਵਾ ਸੁਸਾਇਟੀ ਵੱਲੋਂ ਲੰਗਰ ਦਾ ਵੀ ਆਯੋਜਨ ਕੀਤਾ ਗਿਆ ਸੀ, ਜਿੱਥੇ ਹਰ ਧਰਮ, ਜਾਤੀ ਅਤੇ ਵਰਗ ਦੇ ਲੋਕਾਂ ਨੇ ਇੱਕੱਠੇ ਬੈਠਕੇ ਲੰਗਰ ਛੱਕਿਆ। ਇਸ ਮੌਕੇ ਸ਼ੰਕਰ ਕਟਾਰੀਆ ਅਤੇ ਸਰਪੰਚ ਸ਼ਮਸ਼ੇਰ ਸਿੰਘ ਢਿੱਲੋਂ ਨੇ ਕਿਹਾ ਕਿ ਪੀਰ ਬਾਬਾ ਮੱਲ੍ਹੇਸ਼ਾਹ ਦਾ ਜੀਵਨ ਸ਼ਰਧਾ, ਸੇਵਾ ਅਤੇ ਸਦਭਾਵਨਾ ਦਾ ਪ੍ਰਤੀਕ ਸੀ। ਉਨ੍ਹਾਂ ਕਿਹਾ ਕਿ ਅਜਿਹੇ ਮੇਲੇ ਸਾਡੇ ਵਿੱਚ ਧਾਰਮਿਕ ਭਾਵਨਾ ਪੈਦਾ ਕਰਦੇ ਹਨ ਤੇ ਸਾਡੇ ਵਿੱਚ ਆਪਸੀ ਪਿਆਰ ਨੂੰ ਵਧਾਉਂਦੇ ਹਨ। ਉਨ੍ਹਾਂ ਨੇ ਦੇਸ਼ ਅਤੇ ਦੁਨੀਆ ਵਿੱਚ ਸ਼ਾਂਤੀ ਦੀ ਕਾਮਨਾ ਕੀਤੀ। ਇਸ ਤਰ੍ਹਾਂ ਪੀਰ ਬਾਬਾ ਮੱਲ੍ਹੇਸ਼ਾਹ ਦਾ ਸਾਲਾਨਾ ਮੇਲਾ ਧਾਰਮਿਕ ਏਕਤਾ, ਸੱਭਿਆਚਾਰਕ ਰੰਗਤ ਅਤੇ ਸਮਾਜਿਕ ਸਦਭਾਵਨਾ ਦਾ ਅਦਭੁੱਤ ਸੰਗਮ ਸਾਬਿਤ ਹੋਇਆ। ਇਸ ਮੌਕੇ ਦਸ਼ਨਾਮ ਸਿੰਘ ਸੰਧੂ, ਡਾ. ਹਰਪ੍ਰੀਤ ਸਿੰਘ ਢਿੱਲੋਂ, ਨਿਰਮਲ ਸਿੰਘ ਢਿੱਲੋਂ, ਦਲਜੀਤ ਸਿੰਘ, ਹਰਪ੍ਰੀਤ ਸਿੰਘ ਜੌਹਲ, ਕੁਲਵੰਤ ਸਿੰਘ ਢਿੱਲੋਂ, ਬਲਕਾਰ ਸਿੰਘ ਸਿੱਧੂ ਪੰਚਾਇਤ ਮੈਂਬਰ, ਜਗਰੂਪ ਸਿੰਘ ਨੰਬਰਦਾਰ, ਸਰਪੰਚ ਇਕਬਾਲ ਸਿੰਘ ਖੋਸਾ ਨੀਲੇਵਾਲਾ, ਪਰਮਜੀਤ ਸਿੰਘ ਸਰਪੰਚ ਪੀਹੇਵਾਲੀ, ਦਵਿੰਦਰ ਸਿੰਘ ਸਰਪੰਚ ਬੂਈਆਂ ਵਾਲਾ, ਕੁਲਵੰਤ ਸਿੰਘ ਸਰਪੰਚ ਕੱਸੋਆਣਾ, ਹਰਭਜਨ ਸਿੰਘ ਪੀਹੇਵਾਲੀ ਤੋਂ ਇਲਾਵਾ ਲੰਗਰ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।



# ਧਾਰਮਿਕ ਸਥਾਨਾਂ 'ਤੇ ਹੋਣ ਵਾਲੇ ਸਮਾਗਮਾਂ ਦੌਰਾਨ ਸਪੀਕਰਾਂ ਦੀ ਆਵਾਜ਼ ਸੀਮਿਤ ਕੀਤੀ ਜਾਵੇ: ਗਰਗ

ਅਮਲੋਹ, 14 ਜੁਲਾਈ (ਜਸਵੰਤ ਸਿੰਘ): ਸੈਲਰ ਐਸੋਸੀਏਸਨ ਅਮਲੋਹ ਦੇ ਪ੍ਰਧਾਨ ਰਕੇਸ਼ ਗਰਗ ਨੇ ਇਕ ਬਿਆਨ ਵਿਚ ਕਿਹਾ ਕਿ ਸਾਡੇ ਸਤਿਕਾਰ ਯੋਗ ਧਾਰਮਿਕ ਸਥਾਨਾ 'ਤੇ ਹੋਣ ਵਾਲੇ ਸਮਾਗਮ ਦੌਰਾਨ ਕੀਰਤਨ ਕਰਨ ਵਾਲੇ ਵਿਅਕਤੀ, ਪਾਠ ਕਰਨ ਵਾਲੇ ਪਾਠੀ, ਪੁਜਾਰੀ, ਮੌਲਵੀਆਂ ਵੱਲੋਂ ਅਕਸਰ ਸਪੀਕਰ ਉੱਚੀ ਅਵਾਜ਼ ਵਿੱਚ ਲਗਾਏ ਜਾਂਦੇ ਹਨ, ਜਿਸ ਕਾਰਣ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਬਿਮਾਰ ਵਿਅਕਤੀ ਅਤੇ ਵਿਦਿਆਰਥੀਆਂ ਦੀ ਇਸ ਕਾਰਣ ਹੋਰ ਵੀ ਹਾਲਤ ਤਰਸਯੋਗ ਹੈ। ਉਨ੍ਹਾਂ ਕਿਹਾ ਕਿ ਇਸ ਸਪੀਕਰ 'ਤੇ ਆਉਣ ਵਾਲੀ ਆਵਾਜ਼ ਕਿਸੇ ਨੂੰ ਨਾ ਸਮਝ ਪੈਂਦੀ ਹੈ ਨਾ ਹੀ ਕਿਸੇ ਨੂੰ ਸੁਣਨ ਵਿੱਚ ਦਿਲਚਸਪੀ ਹੁੰਦੀ ਹੈ, ਸਿਰਫ਼ ਉੱਚੀ ਅਵਾਜ਼ ਦਾ ਸਪੀਕਰ ਲਗਾ ਕੇ ਆਲੇ ਦੁਆਲੇ ਦੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਉਨ੍ਹਾਂ ਬੇਨਤੀ ਕੀਤੀ ਕਿ ਬਿਲਡਿੰਗ ਦੇ ਉਪਰ ਵਾਲੇ ਸਪੀਕਰ ਬੰਦ ਕਰਵਾਏ ਜਾਣ ਅਤੇ ਸਪੀਕਰ ਸਿਰਫ਼ ਬਿਲਡਿੰਗ ਦੇ ਅੰਦਰ ਹੀ ਚਲਾਇਆ ਜਾਵੇ।



# ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ ਵੱਲੋਂ ਫਾਜ਼ਿਲਕਾ ਦਾ ਦੌਰਾ



ਫਾਜ਼ਿਲਕਾ, 14 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਅੱਜ ਫਾਜ਼ਿਲਕਾ ਦਾ ਦੌਰਾ ਕੀਤਾ। ਜਿਸ ਦੌਰਾਨ ਉਨਾਂ ਨੇ ਕੈਨਾਲ ਰੈਸਟ ਹਾਊਸ ਵਿਖੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਅਤੇ ਓਬੀਸੀ ਭਾਈਚਾਰੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਤੋਂ ਬਾਅਦ ਉਹਨਾਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਬੈਠਕ ਕਰਕੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਰਕਾਰ ਦੀਆਂ ਚੱਲ ਰਹੀਆਂ ਯੋਜਨਾਵਾਂ ਦੀ ਸਮੀਖਿਆ ਕੀਤੀ । ਇਸ ਦੌਰਾਨ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਮਿਸ਼ਨ ਵੱਲੋਂ ਇੱਕ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇਗਾ, ਤਾਂ ਜੋ ਪੰਜਾਬ ਭਰ ਦੇ ਲੋਕ ਕਮਿਸ਼ਨ ਤੱਕ ਕਿਸੇ ਵੀ ਕੰਮ ਕਾਜ ਲਈ ਪਹੁੰਚ ਆਸਾਨੀ ਨਾਲ ਕਰ ਸਕਣ। ਉਨ੍ਹਾਂ ਨੇ ਆਖਿਆ ਕਿ ਸਰਕਾਰ ਵੱਲੋਂ ਪੱਛੜੇ ਵਰਗਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਕਮਿਸ਼ਨ ਇਹ ਯਕੀਨੀ ਬਣਾਏਗਾ ਕਿ ਇਹਨਾਂ ਸਕੀਮਾਂ ਦਾ ਲਾਭ ਹਰ ਇੱਕ ਯੋਗ ਵਿਅਕਤੀ ਨੂੰ ਮਿਲੇ। ਸ੍ਰੀ ਮਲਕੀਤ ਸਿੰਘ ਥਿੰਦ ਨੇ ਆਖਿਆ ਕਿ ਪਹਿਲੀ ਵਾਰ ਹੈ ਕਿ ਬਤੌਰ ਕਮਿਸ਼ਨ ਚੇਅਰਮੈਨ ਕੋਈ ਜ਼ਿਲ੍ਹੇਵਾਰ ਦੌਰਾ ਕਰ ਰਿਹਾ ਹੈ ਜਦਕਿ ਪਿਛਲੀਆਂ ਸਰਕਾਰਾਂ ਸਮੇਂ ਅਜਿਹਾ ਨਹੀਂ ਹੋਇਆ। ਬਾਅਦ ਵਿੱਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਉਹਨਾਂ ਨੇ ਅਧਿਕਾਰੀਆਂ ਨਾਲ ਬੈਠਕ ਕੀਤੀ, ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਮਨਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਭਾਸ਼ ਚੰਦਰ, ਐਸਡੀਐਮ ਵੀਰਪਾਲ ਕੌਰ, ਜ਼ਿਲ੍ਹਾ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਬਰਿੰਦਰ ਸਿੰਘ, ਡੀ. ਐਸ.ਪੀ. ਸੋਮਨਾਥ, ਤਹਿਸੀਲ ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫਸਰ ਅਸ਼ੋਕ ਕੁਮਾਰ, ਸਿਵਲ ਸਰਜਨ ਰਾਜ ਕੁਮਾਰ , ਜੀਐਮਡੀ ਆਈ ਸੀ ਜੇਪੀਐਸ ਚਾਵਲਾ, ਜ਼ਿਲ੍ਹਾ ਸਿੱਖਿਆ ਅਫਸਰ ਅਜੇ ਸ਼ਰਮਾ, ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਗੁਰਦਾਸ ਸਿੰਘ ਆਦਿ ਵੀ ਹਾਜ਼ਰ ਸਨ । ਇਸ ਬੈਠਕ ਦੌਰਾਨ ਜਿੱਥੇ ਚੇਅਰਮੈਨ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰੀ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕਰਨ ਲਈ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਜਾਣ। ਉਹਨਾਂ ਨੇ ਕਿਹਾ ਕਿ ਦਫਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ । ਬੈਠਕ ਵਿੱਚ ਡੀਐਮਸੀ ਡਾ. ਐਰਿਕ ਨੇ ਦੱਸਿਆ ਕਿ ਜਨਨੀ ਸੁਰਕਸ਼ਾ ਯੋਜਨਾ ਤਹਿਤ ਜ਼ਿਲ੍ਹੇ ਵਿੱਚ 3440 ਲੋਕਾਂ ਨੂੰ ਲਾਭ ਦਿੱਤਾ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫਸਰ ਨੇ ਵਜ਼ੀਫਾ ਸਕੀਮਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।

# ਭੋਗਪੁਰ ਤੋਂ ਹਜ਼ੂਰ ਸਾਹਿਬ ਨੂੰ ਜੱਥਾ ਰਵਾਨਾ



ਭੋਗਪੁਰ, 14 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਗੁਰਦੁਆਰਾ ਗੁਰੂ ਨਾਨਕ ਯਾਦਗਾਰ ਭੋਗਪੁਰ ਜੋ ਕਿ ਗੈਸ ਏਜੰਸੀ ਦੇ ਕੋਲ ਸਥਿਤ ਹੈ, ਤੋਂ ਪ੍ਰਧਾਨ ਓਂਕਾਰ ਸਿੰਘ ਸ਼ੇਰੇ ਪੰਜਾਬ ਦੀ ਅਗਵਾਈ ਹੇਠ ਅੱਜ ਹਜ਼ੂਰ ਸਾਹਿਬ ਨੂੰ ਜਥਾ ਰਵਾਨਾ ਹੋਇਆ। ਪੱਤਰਕਾਰ ਨਾਲ ਪ੍ਰਧਾਨ ਓਂਕਾਰ ਸਿੰਘ ਸ਼ੇਰੇ ਪੰਜਾਬ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਸਵੇਰ ਅੰਮ੍ਰਿਤ ਵੇਲੇ ਤੋਂ ਨਿਤਨੇਮ ਸਾਹਿਬ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਅਤੇ ਸੰਗਤਾਂ ਨੇ ਜਲੰਧਰ ਨੂੰ ਚਾਲੇ ਪਾਏ ਸੰਗਤਾਂ ਕੀਰਤਨ ਕਰਦੀਆਂ ਜਲੰਧਰ ਰੇਲਵੇ ਸਟੇਸ਼ਨ ਪਹੁੰਚੀਆਂ ਅਤੇ ਸਵੇਰ 9 ਵਜੇ ਟ੍ਰੇਨ ਦੇ ਸਫਰ ਰਾਹੀਂ ਹਜ਼ੂਰ ਸਾਹਿਬ ਨੂੰ ਰਵਾਨਾ ਹੋਈਆਂ। ਇਸ ਮੌਕੇ 'ਤੇ ਓਂਕਾਰ ਸਿੰਘ ਸ਼ੇਰੇ ਪੰਜਾਬ ਪ੍ਰਧਾਨ, ਹਰਮੀਤ ਸਿੰਘ ਖਜ਼ਾਨਚੀ, ਸੁਖਜਿੰਦਰ ਸਿੰਘ ਸਾਂਘਾ, ਸੁਵਿੰਦਰ ਕੌਰ ਸੁਖਮਨੀ ਸਾਹਿਬ ਸੋਸਾਇਟੀ, ਹਰਕਰਨ ਸਿੰਘ, ਜਸਕਰਨ ਸਿੰਘ, ਸਤਨਾਮ ਸਿੰਘ, ਹਜ਼ਾਰਾ ਸਿੰਘ, ਸੁਰਿੰਦਰ ਸਿੰਘ, ਮੋਹਣ ਸਿੰਘ, ਬਲਜਿੰਦਰ ਸਿੰਘ ਮੈਥ ਮਾਸਟਰ, ਗੁਲਸ਼ਨ, ਸਾਬੀ ਆਦਿ ਹਾਜ਼ਰ ਸਨ।

# ਨੰਗਲ ਅਰਾਈਆਂ 'ਚ ਮਹਾਨ ਗੁਰਮਤਿ ਸਮਾਗਮ

ਭੋਗਪੁਰ, 14 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਗੁਰਦੁਆਰਾ ਤਪ ਅਸਥਾਨ ਸੰਤ ਕੁਟੀਆ ਪਿੰਡ ਨੰਗਲ ਅਰਾਈਆਂ (ਬ੍ਰਾਂਚ ਦਮਦਮੀ ਟਕਸਾਲ ) ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੀਰੀ ਪੀਰੀ ਧਾਰਨ ਦਿਵਸ ਨੂੰ ਸਮਰਪਿਤ ਮਿਸਲ ਨਵਾਬ ਕਪੂਰ ਸਿੰਘ ਜੀ ਬੁੱਢਾ ਦਲ ਮੁਖੀ ਜਥੇਦਾਰ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਜੀ ਦੀ ਅਗਵਾਈ ਹੇਠ ਮਹਾਨ ਗੁਰਮਿਤ ਸਮਾਗਮ ਢਾਡੀ ਦਰਬਾਰ ਕਰਵਾਏ ਗਏ। ਗੁਰਮਤਿ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਸਾਬਕਾ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਵਰਿੰਦਰ ਸਿੰਘ ਜੀ, ਭਾਈ ਜਤਿੰਦਰ ਸਿੰਘ ਜੀ, ਗਿਆਨੀ ਬਲਵੀਰ ਸਿੰਘ ਜੀ ਭੁਲਾਰਾਈ ਦਾ ਢਾਡੀ ਜੱਥਾ, ਗਿਆਨੀ ਸੁਖਵਿੰਦਰ ਸਿੰਘ ਜੀ ਦਾ ਢਾਡੀ ਜੱਥਾ, ਗਿਆਨੀ ਬਲਵੀਰ ਸਿੰਘ ਜੀ ਪਾਰਸ ਦਾ ਢਾਡੀ ਜੱਥਾ ਤੇ ਸਟੇਜ ਸੈਕਟਰੀ ਦੀ ਸੇਵਾ ਭਾਈ ਹਰ ਅੰਮ੍ਰਿਤ ਪਾਲ ਸਿੰਘ ਜੀ ਨੇ ਸੰਭਾਲੀ ਤੇ ਮੁੱਖ ਸੇਵਾਦਾਰ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਮੁਖੀ ਦਮਦਮੀ ਟਕਸਾਲ ਪ੍ਰਧਾਨ ਸੰਤ ਸਮਾਜ ਭਾਈ ਹਰਿੰਦਰ ਸਿੰਘ ਜੀ ਸੰਤ ਕੁਟੀਆ ਵਾਲੇ ਤੇ ਜਥੇਦਾਰ ਮੁਖੀ ਬਾਬਾ ਦਵਿੰਦਰ ਸਿੰਘ ਜੀ ਅਕਾਲੀ ਬੁੱਢਾ ਦਲ ਜੀ ਨੇ ਸੰਗਤਾਂ ਦਾ ਧੰਨਵਾਦ ਕੀਤਾ।



# ਜ਼ਿਲ੍ਹਾ ਫਿਰੋਜ਼ਪੁਰ ਦੇ 12 ਸਰਪੰਚਾਂ ਤੇ 231 ਪੰਚਾਂ ਦੀਆਂ ਸੀਟਾਂ ਲਈ 27 ਨੂੰ ਹੋਵੇਗੀ ਵੋਟਿੰਗ



ਫਿਰੋਜ਼ਪੁਰ, 14 ਜੁਲਾਈ (ਤਿਵਾੜੀ): ਮਾਨਯੋਗ ਰਾਜ ਚੋਣ ਕਮਿਸ਼ਨ, ਪੰਜਾਬ ਜੀ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਗ੍ਰਾਮ ਪੰਚਾਇਤਾਂ ਦੀਆਂ ਰਹਿੰਦੀਆਂ ਚੋਣਾਂ/ਚੋਣਾਂ ਤੋਂ ਬਾਅਦ ਸਰਪੰਚਾਂ ਅਤੇ ਪੰਚਾਂ ਦੀਆਂ ਖਾਲੀ ਹੋਈਆਂ ਸੀਟਾਂ ਦੀ ਚੋਣ ਕਰਵਾਉਣ ਸਬੰਧੀ ਨੋਟੀਫਿਕੇਸ਼ਨ ਮਿਤੀ 11-07-2025 ਨੂੰ ਜਾਰੀ ਹੋ ਗਿਆ ਹੈ। ਜਿਸ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਦੀਆਂ ਸਰਪੰਚਾਂ ਦੀਆਂ ਕੁੱਲ 12 ਅਤੇ ਪੰਚਾਂ ਦੀਆਂ 231 ਸੀਟਾਂ 'ਤੇ ਚੋਣ ਕਰਵਾਈ ਜਾਣੀ ਹੈ। ਇਹ ਜਾਣਕਾਰੀ ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਫਿਰੋਜ਼ਪੁਰ ਡਾ. ਸ਼੍ਰੀਮਤੀ ਨਿਧੀ ਕੁਮੁਦ ਬੰਬਾਹ ਵਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰਾਂ ਦੀ ਟ੍ਰੇਨਿੰਗ ਦੌਰਾਨ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਨਾਮਜ਼ਦਗੀ ਪੱਤਰ ਭਰਕੇ ਜਮਾਂ ਕਰਵਾਉਣ ਦੀ ਮਿਤੀ 14-07-2025 ਤੋਂ 17-07-2025 ਤੱਕ ਹੈ। ਨਾਮਜ਼ਦਗੀ ਭਰਨ ਦਾ ਸਮਾਂ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਦਾ ਹੈ। ਚਾਹਵਾਨ ਉਮੀਦਵਾਰ ਇਹਨਾਂ ਮਿਤੀਆਂ 'ਤੇ ਦਿੱਤੇ ਗਏ ਸਮੇਂ ਵਿੱਚ ਆਪਣਾ ਨਾਮਜ਼ਦਗੀ ਪੱਤਰ ਦਾਖਿਲ ਕਰ ਸਕਦੇ ਹਨ। ਨਾਮਜ਼ਦਗੀ ਪੱਤਰਾਂ ਦੀ ਪੜਤਾਲ 18-07-2025 ਨੂੰ ਅਤੇ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਮਿਤੀ 19-07-2025 ਹੈ। ਚੋਣਾਂ ਲਈ ਪੋਲਿੰਗ ਮਿਤੀ 27-07-2025 ਨੂੰ ਕਰਵਾਈ ਜਾਵੇਗੀ। ਇਹਨਾਂ ਚੋਣਾਂ ਸਬੰਧੀ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰਾਂ ਦੀ ਨਿਯਕੁਤੀ ਕਰ ਦਿੱਤੀ ਗਈ ਹੈ। ਉਨ੍ਹਾਂ ਅਧਿਕਾਰੀਆਂ ਨੂੰ ਚੋਣਾਂ ਦੀ ਡਿਊਟੀ ਬਿਨਾਂ ਕਿਸੇ ਡਰ, ਭੈ ਤੋਂ ਇਮਾਨਦਾਰੀ ਨਾਲ ਕਰਨ ਲਈ ਕਿਹਾ।

# ਮੈਡੀਕਲ ਚੈੱਕਅੱਪ ਕੈਂਪ ਲਗਾਇਆ

ਫ਼ਿਰੋਜ਼ਪੁਰ, 14 ਜੁਲਾਈ (ਤਿਵਾੜੀ): ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜਵਿੰਦਰ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ. ਰਾਜੂ ਚੌਹਾਨ ਦੀ ਅਗਵਾਈ ਹੇਠ ਸਰਹੱਦੀ ਪਿੰਡ ਨਿਹਾਲੇ ਵਾਲਾ ਵਿਖੇ ਇਲਾਕਾ ਨਿਵਾਸੀਆਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਮੈਡੀਕਲ ਜਾਂਚ ਕੈਂਪ ਅਤੇ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਓਸ਼ਨ ਸੀ ਅੱਚ ਓ ਵੱਲੋਂ ਪਿੰਡ ਨਿਹਾਲੇ ਵਾਲਾ ,ਕਾਲੂ ਵਾਲਾ ਦੇ ਕਰੀਬ 40 ਮਰੀਜ਼ਾਂ ਦਾ ਚੈੱਕਅੱਪ ਕੀਤਾ, ਉੱਥੇ ਹੀ ਮੁਫ਼ਤ ਟੈਸਟ ਕੀਤੇ ਗਏ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਵਿਭਾਗ ਦੀ ਟੀਮ ਵੱਲੋਂ ਜਿੱਥੇ ਮੱਛਰਾਂ ਤੋਂ ਬਚਾਅ ਲਈ ਸਪਰੇ ਕਰਵਾਈ ਗਈ, ਉੱਥੇ ਹੀ ਕੈਂਪ ਵਿੱਚ ਹਾਜ਼ਰੀਨ ਪਿੰਡ ਵਾਸੀਆਂ ਦੇ ਇਕੱਠ ਨੂੰ ਵਿਭਾਗ ਦੀ ਟੀਮ ਵੱਲੋਂ ਸਿਹਤ ਸਕੀਮਾਂ ਅਤੇ ਵੈਕਟਰ ਬੋਰਨ ਤੇ ਵਾਟਰ ਬੋਰਨ ਬਿਮਾਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਇੰਦਰ ਜੀਤ ਕੌਰ ਐੱਲ ਐੱਚ ਵੀ ਬਹੁ ਮੰਤਵੀ ਸਿਹਤ ਕਰਮਚਾਰੀ ਅਮਰਜੀਤ ਅਤੇ ਸਤਪਾਲ ਵੱਲੋਂ ਵੈਕਟਰ ਬੋਰਨ ਤੇ ਵਾਟਰ ਬੋਰਨ ਬਿਮਾਰੀਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਬਰਸਾਤਾਂ ਦਾ ਮੌਸਮ ਸ਼ੁਰੂ ਹੋ ਗਿਆ ਹੈ ਅਤੇ ਇਸ ਮੌਸਮ ਵਿੱਚ ਬਾਹਰ ਤੋਂ ਖਾਣ ਵਾਲੀਆਂ ਚੀਜ਼ਾਂ ਦਾ ਪਰਹੇਜ਼ ਕੀਤਾ ਜਾਵੇ ਕਿਉਂਕਿ ਇਸ ਨਾਲ ਪੇਟ ਦੇ ਗੰਭੀਰ ਰੋਗ ਹੋ ਸਕਦੇ ਹਨ। ਇਸ ਮੌਕੇ ਬਹੁਮੰਤਵੀ ਸਿਹਤ ਕਰਮਚਾਰੀ ਵਰਿੰਦਰ ਕੁਮਾਰ, ਰਮਨ, ਕਿਰਨ ਏ.ਐਨ.ਐਮ ਤੇ ਬਰੀਡਿੰਗ ਚੈੱਕਰ ਵਿਸ਼ਾਲ ਤੇ ਹਰਜਿੰਦਰ ਸਿੰਘ ਮੌਜੂਦ ਸਨ ।



# ਦਿਵਿਆਂਗਜਨਾਂ ਦੇ ਸਸ਼ਕਤੀਕਰਨ ਤਹਿਤ ਰਾਸ਼ਟਰੀ ਪੁਰਸਕਾਰ ਲਈ ਅਰਜ਼ੀਆਂ ਭੇਜਣ ਦੀ ਅੰਤਿਮ ਤਾਰੀਖ ਅੱਜ

ਫ਼ਤਹਿਗੜ੍ਹ ਸਾਹਿਬ, 14 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਦਿਵਿਆਂਗਜਨਾਂ ਦੇ ਸਸ਼ਕਤੀਕਰਨ ਤਹਿਤ ਅੰਤਰਰਾਸ਼ਟਰੀ ਦਿਵਿਆਂਗ ਦਿਵਸ ਮੌਕੇ 03 ਦਸੰਬਰ, 2025 ਨੂੰ ਰਾਸ਼ਟਰੀ ਪੁਰਸਕਾਰ ਦਿੱਤੇ ਜਾਣੇ ਹਨ ਜਿਸਦੇ ਤਹਿਤ 15 ਜੁਲਈ ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਹ ਪੁਰਸਕਾਰ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਨਵੀਂ ਦਿੱਲੀ ਵੱਲੋਂ ਦਿਵਿਆਂਗਜਨਾਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਦਿੱਤੇ ਜਾਣਗੇ। ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਰਿੰਦਰ ਸਿੰਘ ਟਿਵਾਣਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੰਤਰਰਾਸ਼ਟਰੀ ਦਿਵਿਆਂਗਜਨ ਦਿਵਸ ਮੌਕੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ, ਜਿਨ੍ਹਾਂ ਵੱਲੋ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਗਈਆਂ ਹਨ, ਨੂੰ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ, ਨਵੀਂ ਦਿੱਲੀ ਵੱਲੋਂ ਰਾਸ਼ਟਰੀ ਪੁਰਸਕਾਰ ਦਿੱਤੇ ਜਾਣਗੇ। ਸ. ਟਿਵਾਣਾ ਨੇ ਦੱਸਿਆ ਕਿ ਯੋਗ ਦਿਵਿਆਂਗਜਨ ਉਮੀਦਵਾਰ, ਜਿਨ੍ਹਾਂ ਵੱਲੋ ਭਲਾਈ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ, ਉਨ੍ਹਾਂ ਲਈ ਆਨਲਾਈਨ ਅਰਜ਼ੀਆਂ ਦੇਣ ਸਬੰਧੀ ਗਾਈਡਲਾਈਨਜ਼ ਅਤੇ ਪ੍ਰੋਫਾਰਮਾ ਵੈਬਸਾਈਟ 'ਤੇ ਉਪਲੱਬਧ ਹੈ। ਵੱਖ-ਵੱਖ ਸ਼੍ਰੇਣੀਆਂ ਅਧੀਨ ਯੋਗ ਉਮੀਦਵਾਰ ਰਾਸ਼ਟਰੀ ਪੁਰਸਕਾਰ ਲਈ 15 ਜੁਲਾਈ, 2025 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ 3 ਦਸੰਬਰ, 2025 ਨੂੰ ਅੰਤਰਰਾਸ਼ਟਰੀ ਦਿਵਿਆਂਗਜਨ ਦਿਵਸ ਮੌਕੇ ਦਿੱਤੇ ਜਾਣ ਵਾਲੇ ਰਾਸ਼ਟਰੀ ਪੁਰਸਕਾਰਾਂ ਲਈ ਵੱਧ ਚੜ੍ਹ ਕੇ ਅਪਲਾਈ ਕਰਨ ਤਾਂ ਜੋ ਭਾਰਤ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਦਿਵਿਆਂਗ ਵਿਅਕਤੀਆਂ ਦੇ ਸਸ਼ਕਤੀਕਰਨ ਲਈ ਰਾਸ਼ਟਰੀ ਪੁਰਸਕਾਰ ਲਈ ਵਿਚਾਰਿਆ ਜਾ ਸਕੇ।



# ਸ਼ਿਵ ਸ਼ਕਤੀ ਸੇਵਾ ਮੰਡਲ ਨੇ ਬਾਲਟਾਲ ਵਿਖੇ ਲੰਗਰ ਲਗਾਇਆ



ਜ਼ੀਰਾ, 14 ਜੁਲਾਈ (ਦੀਪਕ ਭਾਰਗੋ): ਸ੍ਰੀ ਅਮਰਨਾਥ ਵਿਖੇ ਪਹੁੰਚ ਰਹੇ ਸ਼ਿਵ ਭਗਤਾਂ ਲਈ ਸ਼ਿਵ ਸ਼ਕਤੀ ਸੇਵਾ ਮੰਡਲ ਬੁਢਲਾਡਾ ਵੱਲੋਂ ਬਾਲਟਾਲ ਵਿਖੇ ਪਹੁੰਚ ਰਹੇ ਸ਼ਰਧਾਲੂਆਂ ਲਈ ਲੰਗਰ ਲਗਾਇਆ ਗਿਆ। ਇਸ ਦੌਰਾਨ ਪਵਨ ਸੇਠੀ ਦੀ ਅਗਵਾਈ ਵਿੱਚ ਜੈ ਬਰਫਾਨੀ ਸੇਵਾ ਦਲ ਜ਼ੀਰਾ ਦੇ ਮੈਂਬਰਾਂ ਵੱਲੋਂ ਸ਼ਰਧਾਲੂਆਂ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ ਗਈ। ਇਸ ਮੌਕੇ ਆਉਂਦੇ ਜਾਂਦੇ ਸ਼ਰਧਾਲੂਆਂ ਨੂੰ ਸੇਵਾਦਾਰ ਸੁਨੀਲ ਬਾਰੀਆ, ਸਤੀਸ਼ ਸੇਠੀ, ਰਿਧਮ ਸੇਠੀ, ਰਾਜੇਸ਼ ਕੁਮਾਰ ਰਾਜੂ, ਵਿਜੇ ਕੁਮਾਰ ਨੋਨਾ, ਗੁਰਪ੍ਰੀਤ ਸਿੰਘ ਪੀਤਾ, ਗੁਰਪ੍ਰੀਤ ਸਿੰਘ ਪ੍ਰਿੰਸ, ਗੁਰਪ੍ਰੀਤ ਸਿੰਘ ਨੋਨੀ, ਬਲਜਿੰਦਰ ਭਾਰਗੋ, ਸਚਿਨ ਭਾਰਗੋ, ਅਤੇ ਨੰਦੀਸ਼ ਚੌਧਰੀ ਆਦਿ ਵੱਲੋਂ ਲੰਗਰ ਛਕਾਇਆ ਗਿਆ।

## ਬਿਹਾਰ ਦੀ ਵੋਟਰ ਸੂਚੀ 'ਚ ਨੇਪਾਲ, ਬੰਗਲਾਦੇਸ਼ ਤੇ ਮਿਆਂਮਾਰ ਦੇ ਲੋਕਾਂ ਦੇ ਨਾਂ ਵੀ ਸ਼ਾਮਲ



ਨਵੀਂ ਦਿੱਲੀ, 14 ਜੁਲਾਈ (ਦ.ਨ.ਸ.): ਬਿਹਾਰ 'ਚ ਵੋਟਰ ਸੂਚੀ ਦੀ ਵਿਸ਼ੇਸ਼ ਗਹਿਨ ਮੁਹਿੰਮ 'ਤੇ ਚੱਲ ਰਹੇ ਵਿਵਾਦ ਦਰਮਿਆਨ ਚੋਣ ਕਮਿਸ਼ਨ ਨੇ ਦਾਅਵਾ ਕੀਤਾ ਹੈ ਕਿ ਘਰ-ਘਰ ਜਾ ਕੇ ਚਲਾਈ ਜਾ ਰਹੀ ਇਸ ਮੁਹਿੰਮ ਦੌਰਾਨ ਵੱਡੀ ਗਿਣਤੀ 'ਚ ਨੇਪਾਲ, ਬੰਗਲਾਦੇਸ਼ ਤੇ ਮਿਆਂਮਾਰ ਦੇ ਲੋਕ ਮਿਲਣ ਦੀ ਜਾਣਕਾਰੀ ਸਾਹਮਣੇ ਆਈ ਹੈ। ਕਮਿਸ਼ਨ ਦੇ ਸੂਤਰਾਂ ਦਾ ਕਹਿਣਾ ਹੈ ਕਿ ਅਜਿਹੇ ਲੋਕਾਂ ਦੀ ਗਿਣਤੀ ਲੱਖਾਂ 'ਚ ਹੈ। ਘਰ-ਘਰ ਜਾ ਕੇ ਤਸਦੀਕ ਕਰ ਰਹੇ ਬੂਥ ਲੈਵਲ ਅਫ਼ਸਰ (ਬੀ.ਐਲ.ਓ.) ਦੀ ਇਸ ਰਿਪੋਰਟ ਦੇ ਆਧਾਰ 'ਤੇ ਚੋਣ ਕਮਿਸ਼ਨ ਨੇ ਅਜਿਹੇ ਲੋਕਾਂ ਦੀ ਜਾਂਚ ਲਈ ਇਸ ਤੋਂ 30 ਅਗਸਤ ਤੱਕ ਵਿਸ਼ੇਸ਼ ਮੁਹਿੰਮ ਚਲਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਜੇਕਰ ਅਜਿਹੇ ਲੋਕਾਂ ਦੇ ਦਸਤਾਵੇਜ਼ ਗਲਤ ਹੋਏ ਤਾਂ 30 ਸਤੰਬਰ ਨੂੰ ਪ੍ਰਕਾਸ਼ਿਤ ਹੋਣ ਵਾਲੀ ਆਖ਼ਰੀ ਵੋਟਰ ਸੂਚੀ 'ਚੋਂ ਇਨ੍ਹਾਂ ਦੇ ਨਾਂ ਹਟਾ ਦਿੱਤੇ ਜਾਣਗੇ।

## ਨਦੀ 'ਚ ਰੁੜ੍ਹ ਗਏ ਪਤੀ-ਪਤਨੀ ਤੇ ਢਾਈ ਸਾਲ ਦਾ ਬੱਚਾ

ਸੀਹੋਰ, 14 ਜੁਲਾਈ (ਦ.ਨ.ਸ.): ਮੱਧ ਪ੍ਰਦੇਸ਼ 'ਚ ਸੀਹੋਰ ਜ਼ਿਲ੍ਹੇ ਦੇ ਰੇਹਟੀ ਥਾਣਾ ਖੇਤਰ ਅਧੀਨ ਜੁਗਹੀ ਪਿੰਡ ਨੇੜੇ ਸੋਲਾਵੀ ਨਦੀ 'ਚ ਐਤਵਾਰ ਨੂੰ ਨਹਾਉਣ ਗਏ ਪਤੀ-ਪਤਨੀ ਤੇ ਉਨ੍ਹਾਂ ਦਾ ਢਾਈ ਸਾਲ ਦਾ ਪੁੱਤਰ ਤੇਜ਼ ਵਹਾਅ 'ਚ ਰੁੜ੍ਹ ਗਏ। ਇਸ ਦੌਰਾਨ ਪਰਿਵਾਰ ਦਾ 10 ਸਾਲਾ ਵੱਡਾ ਪੁੱਤਰ ਵਾਲ-ਵਾਲ ਬਚ ਗਿਆ। ਜਾਣਕਾਰੀ ਮੁਤਾਬਿਕ ਅਚਾਨਕ ਨਦੀ ਦਾ ਪਾਣੀ ਵੱਧ ਗਿਆ ਤੇ ਵਹਾਅ ਤੇਜ਼ ਹੋ ਗਿਆ। ਜਦੋਂ ਤੱਕ ਪਰਿਵਾਰ ਕੁਝ ਸਮਝ ਪਾਉਂਦਾ, ਪਾਣੀ ਦੀ ਤੇਜ਼ ਧਾਰ 'ਚ ਤਿੰਨੋ ਜਣੇ ਰੁੜ੍ਹ ਗਏ। ਜਾਣਕਾਰੀ ਮਿਲਦੇ ਹੀ ਪੁਲਿਸ ਟੀਮ ਮੌਕੇ 'ਤੇ ਪੁੱਜ ਗਈ ਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਡੁੱਬੇ ਤਿੰਨੋਂ ਲੋਕਾਂ ਦਾ ਦੇਰ ਰਾਤ ਤੱਕ ਕੋਈ ਸੁਰਾਗ ਨਹੀਂ ਮਿਲਿਆ ਸੀ।

## ਗਾਰਮੈਂਟਸ ਦੇ ਮਾਲਕ ਵੱਲੋਂ ਕੱਪੜੇ ਖਰੀਦਣ ਆਈ ਔਰਤ ਨਾਲ ਬਲਾਤਕਾਰ

ਧਾਰੀਵਾਲ, 14 ਜੁਲਾਈ (ਅਸ਼ੋਕ ਕੁਮਾਰ): ਥਾਣਾ ਧਾਰੀਵਾਲ ਦੀ ਪੁਲਿਸ ਨੇ ਧਾਰੀਵਾਲ ਵਿਖੇ ਧਾਰੀਵਾਲ ਸਥਿਤ ਗਾਰਮੈਂਟਸ ਦੀ ਦੁਕਾਨ 'ਤੇ ਧੋਖੇ ਨਾਲ ਬੁਲਾ ਕੇ ਇੱਕ ਔਰਤ ਨਾਲ ਬਲਾਤਕਾਰ ਕਰਨ ਵਾਲੇ ਦੁਕਾਨਦਾਰ ਪਰਮਜੀਤ ਸਿੰਘ ਜੌਹਲ ਪੁੱਤਰ ਜੋਗਿੰਦਰ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਹੈ। ਥਾਣਾ ਧਾਰੀਵਾਲ ਅਧੀਨ ਪੈਂਦੇ ਇੱਕ ਪਿੰਡ ਦੀ ਪੀੜਤ ਔਰਤ ਨੇ ਉੱਚ ਪੁਲਿਸ ਅਫਸਰਾਂ ਨੂੰ ਦਰਖਾਸਤ ਦੇ ਕੇ ਇਨਸਾਫ ਦੀ ਮੰਗ ਕਰਦਿਆਂ ਦੱਸਿਆ ਕਿ ਉਹ ਅਕਸਰ ਹੀ ਗਾਰਮੈਂਟਸ ਧਾਰੀਵਾਲ ਤੋਂ ਕੱਪੜੇ ਖ੍ਰੀਦਣ ਜਾਂਦੀ ਸੀ ਕਿ ਸਾਲ 2020 ਵਿੱਚ ਦੋਸ਼ੀ ਪਰਮਜੀਤ ਸਿੰਘ ਜੌਹਲ ਨੇ ਪੀੜਤ ਔਰਤ ਨੂੰ ਫੋਨ ਕਰਕੇ ਕਿਹਾ ਕਿ ਦੁਕਾਨ 'ਤੇ ਬੱਚਿਆਂ ਦੇ ਨਵੇਂ ਕਪੜੇ ਆਏ ਹੋਏ ਹਨ, ਆ ਕੇ ਲੈ ਜਾਓ ਤੇ ਜਦ ਉਕਤ ਔਰਤ ਜੌਹਲ ਗਾਰਮੈਂਟਸ ਨਾਮਕ ਦੁਕਾਨ 'ਤੇ ਪਹੁੰਚੀ ਤਾਂ ਦੁਕਾਨ ਬੰਦ ਸੀ ਤਾਂ ਦਸਤਾਵੇਜ਼ ਦੇਣ ਵਾਲੀ ਔਰਤ ਨੇ ਦੋਸ਼ੀ ਦੁਕਾਨਦਾਰ ਨੂੰ ਫੋਨ ਕੀਤਾ ਕਿ ਦੁਕਾਨ ਬੰਦ ਹੈ ਤੇ ਦੋਸ਼ੀ ਦਾ ਘਰ ਦੁਕਾਨ ਦੇ ਪਿਛਲੀ ਸਾਈਡ 'ਤੇ ਸੀ ਤੇ ਦੋਸ਼ੀ ਦੁਕਾਨਦਾਰ ਪਰਮਜੀਤ ਸਿੰਘ ਜੌਹਲ ਪੀੜਤ ਔਰਤ ਨੂੰ ਆਪਣੇ ਘਰ ਲੈ ਗਿਆ, ਉਸ ਘਰ ਵਿੱਚ ਹੋਰ ਕੋਈ ਮੈਂਬਰ ਨਹੀਂ ਸੀ। ਜਿਸ 'ਤੇ ਦੋਸ਼ੀ ਨੇ ਪੀੜਤ ਔਰਤ ਦੀ ਇੱਛਾ ਦੇ ਵਿਰੁੱਧ ਉਸ ਨਾਲ ਜ਼ਬਰਦਸਤੀ ਬਲਾਤਕਾਰ ਕੀਤਾ। ਥਾਣਾ ਮੁਖੀ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਉੱਚ ਪੁਲਿਸ ਅਧਿਕਾਰੀਆਂ ਵੱਲੋਂ ਕੀਤੀ ਇਨਕੁਆਰੀ ਤੋਂ ਬਾਅਦ ਪੀੜਤ ਔਰਤ ਦੇ ਬਿਆਨਾਂ ਅਨੁਸਾਰ ਪਰਮਜੀਤ ਸਿੰਘ ਜੌਹਲ ਪੁੱਤਰ ਜੋਗਿੰਦਰ ਸਿੰਘ ਵਾਸੀ ਨਵੀਂ ਆਬਾਦੀ ਧਾਰੀਵਾਲ ਵਿਰੁੱਧ ਬਲਾਤਕਾਰ ਦਾ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਮੀਂਹ ਨਾਲ ਸ਼ੱਕੀ ਨਾਲੇ ਦੇ ਪਾਣੀ 'ਚ ਉਛਾਲ ਆਉਣ ਕਾਰਨ ਹਜ਼ਾਰਾਂ ਏਕੜ ਬੀਜੀ ਫ਼ਸਲ ਪਾਣੀ 'ਚ ਡੁੱਬੀ



ਚੋਗਾਵਾਂ, 14 ਜੁਲਾਈ (ਸੁਬੇਗ ਸਿੰਘ ਸੋਨਾ): ਸਬ-ਡਵੀਜ਼ਨ ਲੋਪੋਕੇ ਅਧੀਨ ਆਉਂਦੇ ਸਰਹੱਦੀ ਪਿੰਡਾਂ ਅਤੇ ਸ਼ੱਕੀ ਨਾਲੇ ਵਿਚ ਪਿਛਲੇ ਤਿੰਨ ਦਿਨਾਂ ਤੋਂ ਰੁਕ-ਰੁਕ ਕੇ ਪੈ ਰਹੇ ਮੀਂਹ ਨੇ ਜਿੱਥੇ ਕਿਸਾਨਾਂ ਦੇ ਸਾਹ ਸੂਤ ਦਿੱਤੇ ਹਨ, ਉਥੇ ਲੋਧੀ ਗੁੱਜਰ ਤੋਂ ਹੁੰਦਾ ਹੋਇਆ ਮੰਝ ਤੋਂ ਅੱਗੇ ਰਾਵੀ ਦਰਿਆ ਵਿਚ ਪੈਂਦੇ ਸ਼ੱਕੀ ਨਾਲੇ ਵਿਚ ਪਾਣੀ ਆ ਜਾਣ ਕਰਕੇ ਇਹ ਪਿੰਡ ਲੋਧੀਗੁੱਜਰ, ਨੱਥੂਪੁਰਾ, ਹੇਤਮਪੁਰਾ, ਭੱਗੂਪੁਰ ਉਤਾੜ, ਛੰਨਾ, ਮੱਗਿਆਂਵਾਲ ਆਦਿ ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਨੁਕਸਾਨੀ ਗਈ ਹੈ। ਫ਼ਸਲ ਬੁਰੀ ਤਰ੍ਹਾਂ ਤਬਾਹ ਹੋ ਗਈ ਹੈ। ਪਿੰਡ ਲੋਧੀਗੁੱਜਰ ਸ਼ੱਕੀ ਨਾਲਾ ਪੁਲ ਤੋਂ ਕੁੱਝ ਹੀ ਹੇਠਾਂ ਖਤਰੇ ਦੇ ਨਿਸ਼ਾਨ ਨਜ਼ਦੀਕ ਵਹਿ ਰਿਹਾ ਹੈ। ਇਸ ਸਬੰਧੀ ਕਿਸਾਨ ਦਿਲਬਾਗ ਸਿੰਘ ਹੇਤਮਪੁਰਾ, ਸਾਬਕਾ ਸਰਪੰਚ ਸੁਖਚੈਨ ਸਿੰਘ, ਬਚਿੱਤਰ ਸਿੰਘ ਕਾਰਜ ਸਿੰਘ ਭੱਗੂਪੁਰ ਉਤਾੜ, ਬਲਜੀਤ ਸਿੰਘ, ਬਿੰਦਾ ਸਿੰਘ, ਨਿਸ਼ਾਨ ਸਿੰਘ ਲੋਧੀ ਗੁੱਜਰ, ਗੁਰਸੇਵਕ ਸਿੰਘ ਲੋਧੀ ਗੁੱਜਰ ਆਦਿ ਨੇ ਪ੍ਰਸ਼ਾਸਨ ਦੀ ਅਣਗਹਿਲੀ ਕਰਕੇ ਉਨ੍ਹਾਂ ਦੀਆਂ ਹਰ ਸਾਲ ਫ਼ਸਲਾਂ ਬਰਬਾਦ ਹੁੰਦੀਆਂ ਹਨ। ਸ਼ੱਕੀ ਨਾਲੇ ਦੇ ਅੱਠ ਦਰ ਹਨ, ਜਿਸ ਵਿੱਚੋਂ ਇੱਕ ਦਰ ਰਾਹੀਂ ਪਾਣੀ ਲੰਘ ਰਿਹਾ ਹੈ ਤੇ ਬਾਕੀ ਦਰ ਦੀਵਾਰ ਕਰਕੇ ਬਿਲਕੁਲ ਬੰਦ ਕੀਤੇ ਹੋਏ ਹਨ। ਅਜੇ ਤੱਕ ਕੋਈ ਵੀ ਸਰਕਾਰੀ ਅਧਿਕਾਰੀ ਨਹੀਂ ਪਹੁੰਚਿਆ। ਜਿਸ ਦਾ ਕਿਸਾਨਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਰਹੱਦੀ ਇਲਾਕੇ ਉਪਰ ਮੀਂਹ ਦੇ ਪਾਣੀ ਨਾਲ ਬਰਬਾਦ ਹੋਈਆਂ ਫਸਲਾਂ ਦਾ ਨਿਰੀਖਣ ਕਰਕੇ ਮੁਆਵਜ਼ਾ ਦਿੱਤਾ ਜਾਵੇ।

## ਪਿੰਡਾਂ/ਵਾਰਡਾਂ 'ਚ ਰੱਖਿਆ ਕਮੇਟੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾ ਅੱਜ ਤੋਂ ਸ਼ੁਰੂ: ਡੀ.ਸੀ.



ਗੁਰਦਾਸਪੁਰ, 14 ਜੁਲਾਈ (ਜਗੀਰ ਸਿੰਘ ਮੰਡ/ਜਗਮੋਹਨ ਸਿੰਘ ਬਾਗੋਵਾਣੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਆਰੰਭੀ ਫੈਸਲਾਕੁੰਨ ਲੜਾਈ ਦੇ ਤਹਿਤ ਪਿੰਡ ਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਨਸ਼ਾ ਮੁਕਤੀ ਯਾਤਰਾ ਦਾ ਸਿਲਸਿਲਾ 15 ਜੁਲਾਈ ਤੋਂ ਦੁਬਾਰਾ ਸ਼ੁਰੂ ਕੀਤਾ ਜਾ ਰਿਹਾ ਹੈ। ਨਸ਼ਾ ਮੁਕਤੀ ਯਾਤਰਾ ਤਹਿਤ ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੈ। ਨਸ਼ਾ ਮੁਕਤੀ ਯਾਤਰਾ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ 7 ਵਿਧਾਨ ਸਭਾ ਹਲਕਿਆਂ ਵਿੱਚ ਇਹ ਯਾਤਰਾ 15 ਜੁਲਾਈ ਤੋਂ ਦੁਬਾਰਾ ਸ਼ੁਰੂ ਹੋਵੇਗੀ। ਇਸ ਸਬੰਧੀ ਰੋਜ਼ਾਨਾ ਹਰ ਵਿਧਾਨ ਸਭਾ ਹਲਕੇ ਦੇ 5 ਤੋਂ 6 ਪਿੰਡਾਂ ਵਿੱਚ ਤਿੰਨ ਪਿੰਡਾਂ ਵਿੱਚ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਰ ਵਿਧਾਨ ਸਭਾ ਹਲਕੇ ਵਿੱਚ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਵਿਧਾਇਕ ਸਾਹਿਬਾਨ ਤੇ ਚੇਅਰਮੈਨ ਸਾਹਿਬਾਨ ਵੱਲੋਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 15 ਜੁਲਾਈ ਨੂੰ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਨਵਾਂ ਪਿੰਡ ਬਾਹੀਆਂ, ਨਵਾਂ ਪਿੰਡ ਸਰਦਾਰਾਂ, ਮਹਾਂਦੇਵ ਖ਼ੁਰਦ, ਅਲਾਵਲਪੁਰ, ਮਾੜੇ ਤੇ ਬਖਤਪੁਰ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਮੀਟਿੰਗਾਂ ਹੋਣਗੀਆਂ।

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਤਿਆਰੀਆਂ ਜਾਰੀ



ਸ੍ਰੀ ਕੀਰਤਪੁਰ ਸਾਹਿਬ, 14 ਜੁਲਾਈ (ਬੀ.ਐੱਸ. ਰਾਣਾ): ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ, ਜਿਸ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਉਂਦੇ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਜਸਵੀਰ ਸਿੰਘ ਵੱਲੋਂ ਅੱਜ ਕਾਲਜ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਨੌ ਲੱਖਾ ਬਾਗ ਦੀ ਸਾਫ ਸਫਾਈ ਦਾ ਕੰਮ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਅੱਠਵੇਂ ਪਾਤਸ਼ਾਹ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਇਸ ਵਾਰ 19 ਜੁਲਾਈ ਨੂੰ ਸ੍ਰੀ ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਸੀਸ ਮਹਿਲ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਛਤਰ ਛਾਇਆ ਹੇਠ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ, ਜਿਸ ਨੂੰ ਲੈ ਕੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਗੁਰਦੁਆਰਾ ਸਾਹਿਬ ਨੂੰ ਰੰਗ ਰੋਗਨ ਕਰਵਾਉਣ ਦਾ ਕੰਮ ਤੇ ਸਾਫ-ਸਫਾਈ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉੱਥੇ ਹੀ ਇਤਿਹਾਸਿਕ ਨੌ ਲੱਖਾ ਬਾਗ ਨੂੰ ਵੀ ਸਾਫ-ਸੁਥਰਾ ਬਣਾਉਣ ਲਈ ਖ਼ਾਲਸਾ ਕਾਲਜ ਵੱਲੋਂ ਪਹਿਲਕਦਮੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨੌ ਲੱਖਾ ਬਾਗ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਲਗਾਇਆ ਗਿਆ ਸੀ, ਇੱਥੇ ਉਹ ਪਸ਼ੂਆਂ ਤੇ ਜਾਨਵਰਾਂ ਦੀ ਪਰਵਰਿਸ਼ ਕਰਿਆ ਕਰਦੇ ਸਨ ਤੇ ਫਿਰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਵੱਲੋਂ ਇਸ ਬਾਗ ਵਿੱਚ ਅਨੇਕਾਂ ਤਰ੍ਹਾਂ ਦੇ ਫੁੱਲ, ਫਲ ਤੇ ਜੜੀਆਂ ਬੂਟੀਆਂ ਦੇ ਪੌਦੇ ਲਗਾਏ ਗਏ ਸਨ। ਇਤਿਹਾਸਕਾਰ ਦੱਸਦੇ ਹਨ ਕੀ ਸ਼ਾਹਜਹਾਂ ਦੇ ਸਪੁੱਤਰ ਦਾਰਾ ਸ਼ਿਕੋਹ ਦੀ ਬਿਮਾਰੀ ਦਾ ਇਲਾਜ ਵੀ ਇਸ ਬਾਗ ਦੀਆਂ ਖਾਸ ਕਿਸਮ ਦੀਆਂ ਹਰੜਾਂ, ਲੌਂਗ ਤੇ ਹੋਰ ਦਵਾਈਆਂ ਜੜੀਆਂ ਬੂਟੀਆਂ ਨਾਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਉਕਤ ਬਾਗ ਦੇ ਅੰਦਰ ਕਈ ਪ੍ਰਕਾਰ ਦੀਆਂ ਜੜੀਆਂ ਬੂਟੀਆਂ ਤੋਂ ਇਲਾਵਾ ਫਲ ਤੇ ਫੁੱਲਦਾਰ ਪੌਦੇ ਲੱਗੇ ਹੋਏ ਹਨ, ਜਿਸ ਨੂੰ ਲੈ ਕੇ ਸੰਗਤਾਂ ਅੱਜ ਵੀ ਉਕਤ ਇਤਿਹਾਸਿਕ ਬਾਗ ਦੇ ਦਰਸ਼ਨ ਕਰਨ ਲਈ ਵੱਡੀ ਗਿਣਤੀ ਵਿੱਚ ਪਹੁੰਚਦੀਆਂ ਹਨ।

## ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੋਸ਼ਿਸ਼ਾਂ ਆਰੰਭ



ਗੁਰਦਾਸਪੁਰ, 14 ਜੁਲਾਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਜ਼ਿਲ੍ਹਾ ਗੁਰਦਾਸਪੁਰ ਨੂੰ ਝੋਨੇ ਦੀ ਪਰਾਲੀ ਸਾੜਨ ਤੋਂ ਮੁਕਤ ਬਣਾਉਣ ਲਈ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਣ ਤੋਂ ਹੀ ਕੋਸ਼ਿਸ਼ਾਂ ਆਰੰਭ ਕਰ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਆਗਾਮੀ ਹਫ਼ਤਿਆਂ ਵਿੱਚ ਸਬਸਿਡੀ ਵਾਲੇ ਝੋਨੇ ਦੀ ਪਰਾਲੀ ਪ੍ਰਬੰਧਨ ਲਈ ਲੋੜੀਂਦੀ ਮਸ਼ੀਨਰੀ ਸਬਸਿਡੀ 'ਤੇ ਦੇਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਤਾਂ ਜੋ ਸਮੇਂ ਸਿਰ ਕਿਸਾਨ ਖੇਤੀ ਮਸ਼ੀਨਰੀ ਦੀ ਖ਼ਰੀਦ ਕਰ ਸਕਣ। ਇਸ ਦੇ ਨਾਲ ਹੀ ਵਿਭਾਗ ਵੱਲੋਂ ਖ਼ਰੀਦੀ ਗਈ ਮਸ਼ੀਨਰੀ ਦੀ ਭੌਤਿਕ ਵੈਰੀਫਿਕੇਸ਼ਨ ਵੀ ਕੀਤੀ ਜਾ ਰਹੀ ਹੈ ਤੇ ਵੈਰੀਫਿਕੇਸ਼ਨ ਤੋਂ ਬਾਅਦ ਸਬਸਿਡੀ ਦੀ ਰਕਮ ਲਾਭਪਾਤਰੀਆਂ ਦੇ ਖਾਤੇ ਵਿੱਚ ਪਾ ਦਿੱਤੀ ਜਾਵੇਗੀ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ, ਉੱਥੇ ਮਿੱਟੀ ਦੀ ਸਿਹਤ ਵੀ ਖ਼ਰਾਬ ਹੁੰਦੀ ਹੈ, ਜਿਸ ਨਾਲ ਫ਼ਸਲਾਂ ਦੀ ਪੈਦਾਵਾਰ ਘਟਦੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਤੇ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ ਬੇਹੱਦ ਘਾਤਕ ਹੈ, ਕਿਉਂਕਿ ਪਰਾਲ਼ੀ ਸਾੜਨਾ ਮਿੱਟੀ ਦੀ ਸਿਹਤ ਨੂੰ ਖ਼ਰਾਬ ਕਰਨ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਝੋਨੇ ਦੀ ਪਰਾਲ਼ੀ ਨੂੰ ਮਿੱਟੀ ਵਿੱਚ ਸੰਭਾਲ ਕੇ ਕਣਕ ਦੀ ਬਿਜਾਈ ਕਰਨ ਨਾਲ ਪੈਦਾਵਾਰ ਵੱਧਦੀ ਹੈ ਤੇ ਖੇਤੀ ਲਾਗਤ ਖ਼ਰਚੇ ਘਟਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਤੇ ਕਿਸਾਨ ਸਮੂਹਾਂ ਨੂੰ ਸੀ.ਆਰ.ਐਮ. ਤੇ ਸਮੇਮ ਸਕੀਮ ਤਹਿਤ ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਬੇਲਰ, ਰੇਕ, ਮਲਚਰ, ਪੈਡੀ ਚੌਪਰ ਸ਼ਰੈਡਰ, ਆਰ.ਐਮ.ਬੀ. ਪਲਾਓ ਹੱਲ ਸਮੇਤ ਕਈ ਮਸ਼ੀਨਾਂ ਸਬਸਿਡੀ 'ਤੇ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਡਾ. ਗਗਨਦੀਪ ਸਿੰਘ ਬਲਾਕ ਖੇਤੀਬਾੜੀ ਅਫ਼ਸਰ, ਹਰਪ੍ਰੀਤ ਸਿੰਘ, ਮਨਜੀਤ ਕੌਰ ਖੇਤੀ ਵਿਸਥਾਰ ਅਫ਼ਸਰ, ਪੰਕਜ ਕੁਮਾਰ ਤੇ ਲਾਭਪਾਤਰੀ ਕਿਸਾਨ ਹਾਜ਼ਰ ਸਨ।

## ਜ਼ਿਲ੍ਹੇ 'ਚ 15 ਸਰਪੰਚਾਂ ਤੇ 323 ਪੰਚਾਂ ਦੀਆਂ ਖ਼ਾਲੀ ਸੀਟਾਂ ਲਈ 27 ਨੂੰ ਹੋਣਗੀਆਂ ਚੋਣਾਂ

### ☛ 17 ਤੱਕ ਹੋਣਗੀਆਂ ਨਾਮਜ਼ਦਗੀਆਂ



ਗੁਰਦਾਸਪੁਰ, 14 ਜੁਲਾਈ (ਜਗੀਰ ਸਿੰਘ ਮੰਡ/ਕੁਲਜੀਤ ਖੋਖਰ): ਰਾਜ ਚੋਣ ਕਮਿਸ਼ਨ ਵੱਲੋਂ ਗ੍ਰਾਮ ਪੰਚਾਇਤਾਂ ਵਿੱਚ ਸਰਪੰਚਾਂ ਤੇ ਪੰਚਾਂ ਦੀਆਂ ਖ਼ਾਲੀ ਸੀਟਾਂ ਉੱਪਰ ਚੋਣ ਕਰਵਾਉਣ ਲਈ ਚੋਣ ਸ਼ਡਿਊਲ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ 15 ਸਰਪੰਚਾਂ ਤੇ 323 ਪੰਚਾਂ ਦੀਆਂ ਖ਼ਾਲੀ ਸੀਟਾਂ ਲਈ ਚੋਣਾਂ 27 ਜੁਲਾਈ ਨੂੰ ਹੋਣਗੀਆਂ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਚੋਣ ਸ਼ਡਿਊਲ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਪ੍ਰਕਿਰਿਆ 14 ਜੁਲਾਈ ਤੋਂ ਸ਼ੁਰੂ ਹੋਵੇਗੀ ਤੇ 17 ਜੁਲਾਈ ਆਖ਼ਰੀ ਮਿਤੀ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ 19 ਜੁਲਾਈ ਹੈ। ਉਨ੍ਹਾਂ ਦੱਸਿਆ ਕਿ ਪੋਲਿੰਗ 27 ਜੁਲਾਈ ਨੂੰ ਹੋਵੇਗੀ ਤੇ ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਦੀਨਾਨਗਰ ਦੇ ਪਿੰਡ ਸ਼ਹਿਜ਼ਾਦਾ, ਕੋਟਲੀ ਮਾਈ ਉਮਰੀ, ਗੁਰਦਾਸਪੁਰ ਬਲਾਕ ਦੇ ਪਿੰਡ ਬਾਊਪੁਰ ਅਫ਼ਗਾਨਾਂ, ਘੁੱਲਾ, ਧਾਰੀਵਾਲ ਬਲਾਕ ਦੇ ਪਿੰਡ ਛੀਨਾ ਰੇਲ ਵਾਲਾ, ਕਾਹਨੂੰਵਾਨ ਬਲਾਕ ਦੇ ਪਿੰਡ ਕੱਲੂ ਸੋਹਲ, ਬਟਾਲਾ ਬਲਾਕ ਦੇ ਪਿੰਡ ਸੋਦੇਪੁਰ, ਕੁੱਲੀ ਚੱਕ ਖ਼ਾਸਾ, ਫ਼ਤਹਿਗੜ੍ਹ ਚੂੜੀਆਂ ਦੇ ਪਿੰਡ ਠੱਠਾ, ਖੈਹਿਰਾ ਖ਼ੁਰਦ, ਡੇਰਾ ਬਾਬਾ ਨਾਨਕ ਬਲਾਕ ਦੇ ਪਿੰਡ ਢਿੱਲਵਾਂ, ਸਿੰਘਪੁਰਾ, ਖੋਦੇ ਬੇਟ, ਕਲਾਨੌਰ ਬਲਾਕ ਦੇ ਪਿੰਡ ਚਿਕਰੀ, ਕੋਟਲਾ ਮੁਗ਼ਲਾਂ ਵਿਖੇ ਸਰਪੰਚੀ ਦੀ ਚੋਣ ਹੋਵੇਗੀ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ 323 ਪੰਚਾਂ ਦੀ ਚੋਣ ਵੀ ਕੀਤੀ ਜਾਵੇਗੀ।

## ਅਮਰੀਕਾ ਤੋਂ ਫੜੇ ਨੌਜਵਾਨ ਪਵਿੱਤਰ ਸਿੰਘ ਦੇ ਪਿਤਾ ਨੇ ਗੈਂਗਸਟਰ ਹੋਣ ਤੋਂ ਕੀਤਾ ਇਨਕਾਰ



ਬਟਾਲਾ/ਊਧਨਵਾਲ, 14 ਜੁਲਾਈ (ਡਾ. ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ/ ਸੋਨੂੰ ਘੁਮਾਣ): ਬੀਤੇ ਕੱਲ੍ਹ ਅਮਰੀਕਾ ਦੀ ਐਫ.ਬੀ.ਆਈ. ਨੇ ਅੱਠ ਗੈਂਗਸਟਰ ਨੌਜਵਾਨ ਫੜਨ ਦੀ ਖ਼ਬਰ ਨਸ਼ਰ ਕੀਤੀ ਸੀ, ਜਿਸ ਵਿੱਚ ਥਾਣਾ ਘੁਮਾਣ ਦੀ ਪੁਲਿਸ ਚੌਕੀ ਊਧਨਵਾਲ ਅਧੀਨ ਪਿੰਡ ਚੌੜੇ ਦਾ ਨੌਜਵਾਨ ਪਵਿੱਤਰ ਸਿੰਘ ਪੁੱਤਰ ਸਿਕੰਦਰ ਸਿੰਘ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਸਬੰਧੀ ਜਦੋਂ ਪਵਿੱਤਰ ਦੇ ਪਿੰਡ ਚੌੜੇ 'ਚ ਉਨ੍ਹਾਂ ਦੇ ਪਿਤਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਾਨੂੰ ਵੀ ਟੀ.ਵੀ. ਚੈਨਲਾਂ 'ਤੇ ਚੱਲ ਰਹੀ ਖ਼ਬਰ ਸੁਣ ਕੇ ਪਤਾ ਲੱਗਾ ਹੈ ਕਿ ਸਾਡਾ ਮੁੰਡਾ ਅਮਰੀਕਾ ਪੁਲਿਸ ਨੇ ਫ਼ੜਿਆ ਹੈ। ਉਨ੍ਹਾਂ ਆਖਿਆ ਕਿ ਉਹ ਘਰੋਂ ਸੱਤ ਅੱਠ ਸਾਲ ਪਹਿਲਾਂ ਵਿਦੇਸ਼ ਗਿਆ ਸੀ। ਸਾਨੂੰ ਤੇ ਇਹ ਵੀ ਹੁਣ ਪਤਾ ਲੱਗਾ ਕਿ ਉਹ ਇਸ ਸਮੇਂ ਅਮਰੀਕਾ ਵਿੱਚ ਹੈ। ਕਾਫ਼ੀ ਸਮੇਂ ਤੋਂ ਸਾਡੇ ਨਾਲ ਉਸ ਦਾ ਕੋਈ ਸੰਪਰਕ ਨਹੀਂ ਸੀ ਹੋਇਆ। ਪਵਿੱਤਰ ਸਿੰਘ ਦੇ ਜੀਵਨ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਪਵਿੱਤਰ ਸਿੰਘ ਦੋਵੇਂ ਭੈਣ-ਭਰਾ ਹੀ ਹਨ। ਭੈਣ ਵਿਆਹੀ ਤੇ ਨਿਊਜ਼ੀਲੈਂਡ ਵਿੱਚ ਡਾਕਟਰ ਹੈ। ਪਵਿੱਤਰ ਨੇ ਬਾਰ੍ਹਵੀਂ ਕਰਨ ਤੋਂ ਬਾਅਦ ਬੀ.ਏ. ਦੀ ਪੜ੍ਹਾਈ ਇੱਕ ਸਾਲ ਕੀਤੀ ਤੇ ਉਹ ਵਿਦੇਸ਼ ਚਲਾ ਗਿਆ। ਪੜ੍ਹਾਈ ਦੌਰਾਨ ਉਹ ਵਾਲੀਬਾਲ ਦੀ ਖੇਡ ਖੇਡਣ ਦਾ ਸ਼ੌਂਕ ਰੱਖਦਾ ਰਿਹਾ। ਪਵਿੱਤਰ ਸਿੰਘ ਦੇ ਪਿਤਾ ਨੇ ਕਿਹਾ ਕਿ ਸਾਡੇ ਮੁੰਡੇ ਨੂੰ ਐਵੇਂ ਹੀ ਗੈਂਗਸਟਰਾਂ ਨਾਲ ਜੋੜੀ ਜਾਂਦੇ ਹਨ। ਉਸ ਦਾ ਕਿਸੇ ਥਾਂ 'ਤੇ ਗੈਂਗਸਟਰਾਂ ਨਾਲ ਕੋਈ ਸਬੰਧ ਨਹੀਂ। ਉਨ੍ਹਾਂ ਆਖਿਆ ਕਿ ਉਸ ਦੀ ਮਾਤਾ ਤੇ ਮੈਂ ਦੋਵੇਂ ਸਿਹਤ ਵਿਭਾਗ ਵਿਚ ਡਿਊਟੀ ਨਿਭਾਉਂਦੇ ਰਹੇ ਹਾਂ ਹੁਣ ਉਹ ਸੇਵਾ ਮੁਕਤ ਹੋ ਚੁੱਕੀ ਹੈ। ਉਨ੍ਹਾਂ ਦੀ ਸਿਹਤ ਢਿੱਲੀ ਚੱਲ ਰਹੀ ਹੈ। ਜਦੋਂ ਦੀ ਇਹ ਖ਼ਬਰ ਸੁਣੀ ਸਾਨੂੰ ਬਹੁਤ ਧੱਕਾ ਲੱਗਾ ਸਾਡੇ ਬੱਚੇ ਨਾਲ ਇਹ ਕੀ ਹੋ ਗਿਆ। ਅਸੀਂ ਮਾਪੇ ਹੋਣ ਦੇ ਨਾਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਸਾਡੇ ਪੁੱਤਰ ਨੂੰ ਇਸ ਮੁਸ਼ਕਿਲ 'ਚੋਂ ਛੁਟਕਾਰਾ ਮਿਲੇ।

## ਸਰਪੰਚ ਦਲਬੀਰ ਸਿੰਘ ਰਾਜੇਕੇ ਹਲਕਾ ਵਾਈਸ ਕੋਆਰਡੀਨੇਟਰ ਨਿਯੁਕਤ



ਡੇਰਾ ਬਾਬਾ ਨਾਨਕ, 14 ਜੁਲਾਈ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਅੱਜ ਜਾਰੀ ਕੀਤੀ ਗਈ ਸੂਚੀ 'ਚ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੌਜਵਾਨ ਆਗੂ ਤੇ ਪਿੰਡ ਰਾਜੇਕੇ ਤੋਂ ਸਰਪੰਚ ਦਲਬੀਰ ਸਿੰਘ ਰਾਜੇਕੇ ਨੂੰ ਨਸ਼ਾ ਮੁਕਤੀ ਮੋਰਚਾ ਪੰਜਾਬ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਤੋਂ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਗੱਲਬਾਤ ਕਰਦਿਆਂ ਸਰਪੰਚ ਦਲਬੀਰ ਸਿੰਘ ਰਾਜੇਕੇ ਨੇ ਕਿਹਾ ਕਿ ਉਹ ਪਾਰਟੀ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਪ੍ਰਧਾਨ ਅਮਰ ਅਰੋੜਾ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਹਲਕਾ ਡੇਰਾ ਬਾਬਾ ਨਾਨਕ ਤੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਸੋਨੀਆ ਮਾਨ ਇੰਚਾਰਜ ਨਸ਼ਾ ਮੁਕਤੀ ਮੋਰਚਾ ਪੰਜਾਬ ਤੇ ਜ਼ਿਲ੍ਹਾ ਪ੍ਰਧਾਨ ਡਾ. ਅਰਸ਼ਦੀਪ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਹਲਕਾ ਡੇਰਾ ਬਾਬਾ ਨਾਨਕ ਤੋਂ ਹਲਕਾ ਵਾਈਸ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਸਰਪੰਚ ਦਲਵੀਰ ਸਿੰਘ ਰਾਜੇਕੇ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਲਗਾਈ ਗਈ ਡਿਊਟੀ ਨੂੰ ਉਹ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ। ਇਸ ਦੇ ਨਾਲ ਹੀ ਹਲਕਾ ਵਾਈਸ ਕੋਆਰਡੀਨੇਟਰ ਸਰਪੰਚ ਦਲਬੀਰ ਸਿੰਘ ਰਾਜੇਕੇ ਵੱਲੋਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

## ਪ੍ਰੋ. ਗੁਰੂਦੇਵ ਸੈਣੀ ਦੀ ਯਾਦ 'ਚ ਲੋੜਵੰਦਾਂ ਨੂੰ ਰਾਸ਼ਨ ਵੰਡਿਆ



ਨਵਾਂਸ਼ਹਿਰ, 14 ਜੁਲਾਈ (ਰੌਸ਼ਨ ਲਾਲ ਸੁਮੰਨ): ਸਥਾਨਕ ਰੇਲਵੇ ਰੋਡ 'ਤੇ ਸਥਿਤ ਜੈਨ ਉਪਾਸਰਾ ਵਿਖੇ ਹਰ ਮਹੀਨੇ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਵੱਲੋਂ ਲੋੜਵੰਦਾਂ ਨੂੰ ਰਾਸ਼ਨ ਵੰਡਿਆ ਗਿਆ। ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਅੱਜ ਦਾ ਰਾਸ਼ਨ ਸਮਾਜ ਸੇਵੀ ਸੰਜੀਵ ਸੈਣੀ ਕੈਨੇਡੀਅਨ ਸਪੁੱਤਰ ਕਾਂਤਾ ਸੈਣੀ ਵੱਲੋਂ ਆਪਣੇ ਪਿਤਾ ਪ੍ਰੋਫੈਸਰ ਗੁਰੂਦੇਵ ਸੈਣੀ ਦੀ ਬਰਸੀ ਮੌਕੇ ਵੰਡਿਆ ਗਿਆ। ਇਸ ਮੌਕੇ ਸਮਾਜ ਸੇਵਕ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਕੈਨੇਡਾ ਨਿਵਾਸੀ ਸੰਜੀਵ ਸੈਣੀ ਵੱਲੋਂ ਕਈ ਵਾਰ ਲੋੜਵੰਦਾਂ ਨੂੰ ਦਵਾਈਆਂ, ਆਪ੍ਰੇਸ਼ਨ ਤੇ ਰਾਸ਼ਨ ਦੇਣ ਲਈ ਸਹਿਯੋਗ ਮਿਲਿਆ ਹੈ। ਇਸ ਮੌਕੇ ਮਹਾਂ ਸਾਧਵੀ ਕਿਰਨ ਪ੍ਰਭਾ ਤੇ ਰਤਨ ਜਯੋਤੀ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਸਮਾਜ ਦੇ ਕਿਸੇ ਵੀ ਲੋੜਵੰਦ ਵਿਅਕਤੀ ਦੀ ਮਦਦ ਕਰਨਾ ਸਭ ਤੋਂ ਵੱਡਾ ਪਰਉਪਕਾਰੀ ਕਾਰਜ ਹੈ। ਸਾਨੂੰ ਗਰੀਬਾਂ ਤੇ ਦੱਬੇ-ਕੁਚਲੇ ਲੋਕਾਂ ਦੀ ਸੇਵਾ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਪ੍ਰਧਾਨ ਮੁਨੀਸ਼ ਜੈਨ ਤੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਅੱਜ 146ਵੇਂ ਰਾਸ਼ਨ ਵੰਡ ਸਮਾਰੋਹ ਦੌਰਾਨ 20 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ ਹੈ। ਇਸ ਮੌਕੇ ਜੈਨ ਸਭਾ ਦੇ ਪ੍ਰਧਾਨ ਸੁਰਿੰਦਰ ਜੈਨ ਨੇ ਕਿਹਾ ਕਿ ਸੰਜੀਵ ਸੈਣੀ ਤੋਂ ਪ੍ਰੇਰਨਾ ਲੈ ਕੇ ਹਰ ਇੱਕ ਨੂੰ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਕੋਈ ਨਾ ਕੋਈ ਸੇਵਾ ਕਾਰਜ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਸੰਸਥਾ ਇਲਾਕੇ ਦੇ ਹਰ ਵਰਗ ਦੇ ਲੋਕਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ। ਇਸ ਮੌਕੇ ਸ੍ਰੀ ਵਰਧਮਾਨ ਜੈਨ ਸੇਵਾ ਸੰਘ ਦੇ ਅਹੁਦੇਦਾਰਾਂ ਵਿੱਚ ਪ੍ਰਧਾਨ ਮੁਨੀਸ਼ ਜੈਨ, ਜਨਰਲ ਸਕੱਤਰ ਰਤਨ ਕੁਮਾਰ ਜੈਨ, ਕੇ.ਕੇ. ਜੈਨ, ਐੱਸ.ਐੱਸ. ਜੈਨ ਸਭਾ ਦੇ ਪ੍ਰਧਾਨ ਸੁਰਿੰਦਰ ਜੈਨ, ਦਰਸ਼ਨ ਕੁਮਾਰ ਜੈਨ, ਗੌਤਮ ਜੈਨ, ਅਸ਼ੋਕ ਜੈਨ, ਵਰੁਣ ਜੈਨ ਆਦਿ ਹਾਜ਼ਰ ਸਨ।

## ਚੌਧਰੀ ਸਵੀਟ ਸ਼ਾਪ ਦਾ ਸ਼ਟਰ ਤੋੜ ਕੇ ਗੱਲਾ ਤੇ ਮਠਿਆਈ ਦੀਆਂ ਟਰੇਆਂ ਲੈ ਕੇ ਚੋਰ ਫਰਾਰ

ਸ੍ਰੀ ਕੀਰਤਪੁਰ ਸਾਹਿਬ, 14 ਜੁਲਾਈ (ਬੀ.ਐੱਸ. ਰਾਣਾ): ਬੀਤੀ ਦੇਰ ਰਾਤ ਸ੍ਰੀ ਕੀਰਤਪੁਰ ਸਾਹਿਬ ਦੇ ਪੁਰਾਣੇ ਬੱਸ ਅੱਡੇ ਮੁੱਖ ਸੜਕ ਦੇ ਨਾਲ ਸਥਿਤ ਮਸ਼ਹੂਰ ਚੌਧਰੀ ਸਵੀਟ ਸ਼ਾਪ ਦੀ ਦੁਕਾਨ 'ਚੋਂ ਚੋਰੀ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਸਬੰਧ ਵਿੱਚ ਦੁਕਾਨ ਦੇ ਮਾਲਕ ਮੱਘਰ ਸਿੰਘ ਚੌਧਰੀ ਸਾਬਕਾ ਸਰਪੰਚ ਉੱਪਰਲਾ ਦੋਲੋਵਾਲ ਨੇ ਦੱਸਿਆ ਕਿ ਉਹ ਅਤੇ ਉਸ ਦਾ ਲੜਕਾ ਰੋਜ਼ਾਨਾ ਦੀ ਤਰ੍ਹਾਂ ਰਾਤ ਕਰੀਬ 10 ਵਜੇ ਆਪਣੀ ਦੁਕਾਨ ਬੰਦ ਕਰਕੇ ਘਰ ਚਲੇ ਗਏ ਸੀ ਅਤੇ ਉਨ੍ਹਾਂ ਦੀ ਦੁਕਾਨ 'ਤੇ ਕੰਮ ਕਰਦੇ ਕਾਰੀਗਰ ਦੁਕਾਨ ਦੇ ਨਾਲ ਦੂਸਰੀ ਦੁਕਾਨ ਉੱਪਰ ਬਣੇ ਚੁਬਾਰੇ ਵਿੱਚ ਸੌਣ ਲਈ ਚਲੇ ਗਏ ਸਨ। ਉਹਨਾਂ ਦੱਸਿਆ ਕਿ ਰਾਤ ਕਰੀਬ ਸਾਢੇ ਤਿੰਨ ਵਜੇ ਉਹਨਾਂ ਨੂੰ ਨਾਲ ਦੀ ਮਾਰਕੀਟ ਵਿੱਚ ਚੌਕੀਦਾਰਾ ਕਰਦੇ ਚੌਂਕੀਦਾਰਾਂ ਨੇ ਉਨ੍ਹਾਂ ਦੇ ਕਾਰਖਾਨੇ ਵਿੱਚ ਜਾ ਕੇ ਉਹਨਾਂ ਦੇ ਕਾਰੀਗਰਾਂ ਨੂੰ ਦੱਸਿਆ ਕਿ ਉਹਨਾਂ ਦੀ ਦੁਕਾਨ ਦਾ ਸ਼ਟਰ ਟੁੱਟਿਆ ਹੋਇਆ ਹੈ, ਜਿਸ ਤੋਂ ਬਾਅਦ ਉਹਨਾਂ ਦੇ ਕਾਰੀਗਰ ਵੱਲੋਂ ਉਹਨਾਂ ਨੂੰ ਫੋਨ ਕਰਕੇ ਸਾਰੀ ਜਾਣਕਾਰੀ ਦਿੱਤੀ ਗਈ। ਉਸਨੇ ਦੱਸਿਆ ਕਿ ਜਦੋਂ ਉਹ ਦੁਕਾਨ 'ਤੇ ਪਹੁੰਚੇ ਤਾਂ ਉਹਨਾਂ ਦੇਖਿਆ ਕਿ ਦੁਕਾਨ ਦਾ ਸ਼ਟਰ ਕਿਸੇ ਲੋਹੇ ਦੀ ਰਾਡ ਨਾਲ ਪੁੱਟਿਆ ਹੋਇਆ ਸੀ ਅਤੇ ਸ਼ਟਰ ਥੋੜ੍ਹਾ ਉੱਪਰ ਚੁੱਕ ਕੇ ਅਣਪਛਾਤੇ ਚੋਰਾਂ ਨੇ ਅੰਦਰ ਦਾਖਲ ਹੋ ਕੇ ਪੈਸਿਆਂ ਵਾਲਾ ਗੱਲਾ ਅਤੇ ਦੁਕਾਨ ਦੇ ਅੰਦਰ ਫਰਿਜ ਕਾਊਂਟਰਾਂ ਵਿੱਚ ਲੱਗੀਆਂ ਮਠਿਆਈ ਨਾਲ ਭਰੀਆਂ ਟਰੇਆਂ ਚੋਰੀ ਕਰਕੇ ਆਪਣੇ ਨਾਲ ਲੈ ਗਏ। ਉਹਨਾਂ ਦੱਸਿਆ ਕਿ ਬਾਅਦ ਵਿੱਚ ਸਾਡੀ ਦੁਕਾਨ ਦਾ ਗੱਲਾ ਕਰੀਬ 150 ਮੀਟਰ ਦੂਰੀ 'ਤੇ ਮਿਸਤਰੀ ਮਾਰਕੀਟ ਦੇ ਨਾਲ ਪੁਲੀ ਦੇ ਹੇਠਾਂ ਤੋਂ ਖਾਲੀ ਬ੍ਰਾਮਦ ਹੋ ਗਿਆ ਹੈ। ਉਹਨਾਂ ਦੱਸਿਆ ਕਿ ਇਸ ਬਾਰੇ ਉਹਨਾਂ ਵੱਲੋਂ ਪੁਲਿਸ ਥਾਣਾ ਕੀਰਤਪੁਰ ਸਾਹਿਬ ਵਿਖੇ ਸੂਚਨਾ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਉਹਨਾਂ ਦੇ ਗੱਲੇ ਵਿੱਚ ਨਗਦੀ ਤਾਂ ਚਾਰ ਪੰਜ ਹਜ਼ਾਰ ਰੁਪਏ ਦੀ ਹੀ ਹੋਵੇਗੀ ਅਤੇ ਇਸ ਤੋਂ ਇਲਾਵਾ ਮਠਿਆਈ ਨਾਲ ਭਰੀਆਂ ਚੁੱਕੀਆਂ ਗਈਆਂ ਟਰੇਆਂ ਦੀ ਗਿਣਤੀ ਵੀ 10 ਦੇ ਕਰੀਬ ਹੈ। ਉਹਨਾਂ ਕਿਹਾ ਕਿ ਇਸ ਤਰੀਕੇ ਨਾਲ ਸ਼ਰੇਆਮ ਅੱਡੇ ਦੇ ਵਿੱਚ ਚੋਰੀ ਹੋਣਾ ਬਹੁਤ ਮੰਦਭਾਗਾ ਹੈ। ਉਹਨਾਂ ਪੁਲਿਸ ਤੋਂ ਮੰਗ ਕੀਤੀ ਕਿ ਉਕਤ ਚੋਰੀ ਕਰਨ ਵਾਲੇ ਲੋਕਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ ਤਾਂ ਜੋ ਕਿਸੇ ਹੋਰ ਦੁਕਾਨਦਾਰ ਨਾਲ ਅਜਿਹੀ ਘਟਨਾ ਨਾ ਵਾਪਰ ਸਕੇ। ਇਸ ਸਬੰਧ ਵਿੱਚ ਜਦੋਂ ਪੁਲਿਸ ਥਾਣਾ ਕੀਰਤਪੁਰ ਸਾਹਿਬ ਦੇ ਐੱਸ.ਐੱਚ.ਓ. ਇੰਸਪੈਕਟਰ ਜਤਿਨ ਕਪੂਰ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਦੁਕਾਨ ਤੋਂ ਚੋਰੀ ਹੋਇਆ ਗੱਲਾਂ ਖਾਲੀ ਬ੍ਰਾਮਦ ਹੋ ਗਿਆ ਹੈ। ਬਾਕੀ ਮਠਿਆਈ ਦੀਆਂ ਟਰੇਆਂ ਬ੍ਰਾਮਦ ਨਹੀਂ ਹੋਈਆਂ ਹਨ। ਉਹਨਾਂ ਵੱਲੋਂ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਚੈਕ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਮਠਿਆਈ ਦੀ ਦੁਕਾਨ ਵਿੱਚ ਚੋਰੀ ਹੋਣ ਬਾਰੇ ਪਤਾ ਲੱਗਾ ਹੈ। ਇਹ ਚੱਕਰਵਰਤੀ ਗਿਰੋਹ ਦਾ ਕੰਮ ਹੋ ਸਕਦਾ। ਉਹਨਾਂ ਵੱਲੋਂ ਇਸ ਬਾਰੇ ਵੱਖ-ਵੱਖ ਪਹਿਲੂਆਂ 'ਤੇ ਛਾਣਬੀਣ ਕੀਤੀ ਜਾ ਰਹੀ ਹੈ।

## ਯੂ.ਐੱਸ.ਏ. ਦੀ ਟੀਮ ਦਾ ਗਠਨ, ਪਰਵਿੰਦਰਪਾਲ ਸਿੰਘ ਰਾਠੌਰ ਪ੍ਰਧਾਨ, ਗੁਰਦਿਆਲ ਸਿੰਘ ਵਾਈਸ ਪ੍ਰਧਾਨ ਤੇ ਸ਼ੇਰ ਸਿੰਘ ਚੌਹਾਨ ਨੂੰ ਚੇਅਰਮੈਨ ਨਿਯੁਕਤ ਕੀਤਾ



ਨਵਾਂਸ਼ਹਿਰ, 14 ਜੁਲਾਈ (ਸੁਖਦੇਵ ਸਿੰਘ ਉੜਾਪੜ): ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਅੰਤਰਰਾਸ਼ਟਰੀ ਪ੍ਰਧਾਨ ਗੁਰਮੇਲ ਸਿੰਘ ਪਹਿਲਵਾਨ ਅੱਜ ਕੱਲ੍ਹ ਯੂ.ਐੱਸ.ਏ. ਦੇ ਦੌਰੇ 'ਤੇ ਹਨ। ਇਸ ਦੌਰੇ ਦੇ ਦੌਰਾਨ ਉਨ੍ਹਾਂ ਨੇ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਉਥੋਂ ਦੀਆਂ ਇਕਾਈਆਂ ਦੇ ਪੁਨਰਗਠਨ ਕਰਨ ਦੇ ਲਈ ਆਪਣੇ ਸਿਰ ਤੋੜ ਯਤਨ ਕਰ ਰਹੇ ਹਨ। ਇਸ ਕਾਰਜ ਵਿੱਚ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਅਗਲੀ ਕਤਾਰ ਦੇ ਆਗੂ ਜੈਮਲ ਸਿੰਘ ਵੀ ਉਨ੍ਹਾਂ ਦਾ ਪੂਰਾ ਸਹਿਯੋਗ ਕਰ ਰਹੇ ਹਨ। ਇਸੇ ਲੜੀ ਤਹਿਤ ਅੱਜ ਅਮਰੀਕਾ ਦੇ ਕੈਲੀਫੋਰਨੀਆ ਵਿਖੇ ਉਨ੍ਹਾਂ ਨੇ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੀ ਇੱਕ ਭਰਵੀਂ ਮੀਟਿੰਗ ਕੀਤੀ। ਜਿਸ ਵਿੱਚ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੀ ਇਕਾਈ ਦਾ ਗਠਨ ਕੀਤਾ ਗਿਆ। ਇਸ ਮੀਟਿੰਗ ਵਿੱਚ ਉਥੋਂ ਦੇ ਅਗਾਹਵਧੂ, ਉੱਘੇ ਸਮਾਜ ਸੇਵੀ ਤੇ ਲੋਕ ਭਲਾਈ ਦੇ ਕੰਮਾਂ ਵਿੱਚ ਸਿਰ-ਤੋੜ ਯਤਨ ਕਰਨ ਵਾਲੇ ਪਰਵਿੰਦਰਪਾਲ ਰਾਠੌਰ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਗੁਰਦਿਆਲ ਸਿੰਘ ਨੂੰ ਵਾਈਸ ਪ੍ਰਧਾਨ ਤੇ ਸ਼ੇਰ ਸਿੰਘ ਚੌਹਾਨ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਮਨਜੀਤ ਸਿੰਘ ਭੂਰੀ ਮਾਜਰਾ ਜਰਨਲ ਸਕੱਤਰ, ਗੁਲਜ਼ਾਰ ਸਿੰਘ ਨੇਪਰਾ ਤੇ ਸਿਮਰਨ ਸਿੰਘ ਸਰਪ੍ਰਸਤ, ਸੁੱਚਾ ਸਿੰਘ ਕੌਂਕੇ ਸੀਨੀਅਰ ਐਡਵਾਈਜ਼ਰ ਅੰਗਰੇਜ਼ ਸਿੰਘ ਸੀਨੀਅਰ ਐਡਵਾਈਜ਼ਰ, ਭੁਪਿੰਦਰ ਸਿੰਘ ਜਾਡਲਾ ਖਜ਼ਾਨਚੀ, ਤਜਿੰਦਰ ਸਿੰਘ ਭੂਰੀ ਮਾਜਰਾ ਜਨਰਲ ਸਕੱਤਰ ਜਸਪਾਲ ਸਿੰਘ ਸੀਨੀਅਰ ਐਡਵਾਈਜ਼ਰ, ਸ਼ਿੰਦਰ ਸਿੰਘ ਮੀਰਪੁਰੀ ਪ੍ਰੈੱਸ ਸਕੱਤਰ ਤੇ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਯੂਥ ਵਿੰਗ ਦੇ ਅਮਰੀਕਾ ਦੇ ਪ੍ਰੈਜ਼ੀਡੈਂਟ ਪਵਨਦੀਪ ਸਿੰਘ ਜਾਡਲਾ, ਪਰਮਜੀਤ ਸਿੰਘ ਚੇਅਰਮੈਨ, ਮਨਿੰਦਰ ਸਿੰਘ ਵਾਈਸ ਪ੍ਰੈਜ਼ੀਡੈਂਟ ਰਾਜਨ ਸਿੰਘ ਮੀਰਪੁਰੀ ਜਨਰਲ ਸਕੱਤਰ ਹਸਮੀਤ ਸਿੰਘ ਕੈਸ਼ੀਅਰ, ਦਲਜੀਤ ਸਿੰਘ ਮਾਛੀਆਂ ਕਲਾ ਜਨਰਲ ਸਕੱਤਰ ਸੁੱਚਾ ਸਿੰਘ ਪਿਲਖੜੀ ਜਰਨਲ ਸਕੱਤਰ, ਗੁਰਜੋਤ ਸਿੰਘ ਚੌਹਾਨ ਜਨਰਲ ਸਕੱਤਰ, ਜ਼ੋਰਾ ਸਿੰਘ ਜਨਰਲ ਸਕੱਤਰ ਤੇ ਸਨੀ ਰਾਠੌਰ ਨੂੰ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਮੁੱਚੇ ਯੂ.ਐੱਸ.ਏ. ਦੇ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਗਠਨ ਦਾ ਸਮੁੱਚੇ ਧਰਮਿੰਦਰ ਸਿੰਘ ਜਨਰਲ ਸਕੱਤਰ, ਰਾਜਪੂਤ ਭਾਈਚਾਰੇ ਨੇ ਸਵਾਗਤ ਕੀਤਾ ਹੈ ਤੇ ਨਵੇਂ ਚੁਣੇ ਗਏ ਵਿਸ਼ਵ ਸਿੱਖ ਰਾਜਪੂਤ ਭਾਈਚਾਰੇ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਮੁਬਾਰਕਬਾਦ ਦਿੱਤੀ ਹੈ।

## ਵਿਦਿਆਰਥੀਆਂ ਨੂੰ ਨਾਗਰਿਕ ਸੁਰੱਖਿਆ ਦੇ ਗੁਰ ਸਿਖਾਏ



ਬਟਾਲਾ, 14 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਕਲਸੀ): ਪੀ.ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅਲੀਵਾਲ ਵਿਖੇ ਪ੍ਰਿੰਸੀਪਲ ਬਲਵਿੰਦਰਪਾਲ ਦੀ ਦਿਸ਼ਾ-ਨਿਰਦੇਸ਼ ਵਿਚ ਵੋਕੇਸ਼ਨਲ ਟਰੇਨਰ ਮੰਗਲ ਸਿੰਘ ਵੱਲੋਂ ਨਾਗਰਿਕ ਸੁਰੱਖਿਆ ਵਿਸ਼ੇ 'ਤੇ ਸੈਮੀਨਾਰ ਲਗਾਇਆ ਗਿਆ, ਜਿਸ ਵਿਚ ਆਫਤ ਪ੍ਰਬੰਧਕ ਮਾਹਿਰ ਹਰਬਖਸ਼ ਸਿੰਘ ਬਟਾਲਾ ਸਮੇਤ 105 ਵਿਦਿਆਰਥੀ ਸ਼ਾਮਲ ਹੋਏ। ਇਸ ਮੌਕੇ 'ਤੇ ਰਾਸ਼ਟਰੀ ਹੁਨਰ ਯੋਗਤਾ ਢਾਂਚਾਦੇ ਵਿਦਿਆਰਥੀਆਂ ਨੂੰ ਹਰਬਖਸ਼ ਸਿੰਘ ਵੱਲੋਂਆਪਣੀ ਸੁਰੱਖਿਆ ਪਹਿਲੇ ਤਹਿਤ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਕਿਸੇ ਵੀ ਹਾਦਸੇ ਮੌਕੇ ਸੜ੍ਹ ਜਾਣ ਮੌਕੇ ਕੀ ਕਰੀਏ ਕੀ ਨਾ ਕਰੀਏ, ਦੁਰਘਟਨਾ ਮੌਕੇ ਖ਼ੂਨ ਦੇ ਵਹਾਅ ਨੂੰ ਰੋਕਣਾ ਤੇ ਸਾਵਧਾਨੀਆਂ ਤੇ ਰਿਕਵਰੀ ਪੁਜੀਸ਼ਨ ਤੇ ਰਿਕਵਰੀ ਪੁਜੀਸ਼ਨ ਬਾਰੇ ਦੱਸਿਆ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਆਦਾ ਹੰਗਾਮੀ ਸਥਿਤੀ ਵਿਚ ਐਮਰਜੈਂਸੀ ਸੇਵਾਵਾਂ ਲਈ 112 ਨੰਬਰ 'ਤੇ ਸੰਪਰਕ ਕਰਕੇ ਸਹਾਇਤਾ ਲਈ ਜਾ ਸਕਦੀ ਹੈ। ਹਮੇਸ਼ਾ ਆਪਣੇ-ਆਪ ਨੂੰ ਵਲੰਟੀਅਰ ਸੇਵਾ ਕਰਨ ਲਈ ਤਿਆਰ ਰੱਖਣ ਲਈ ਵੀ ਪ੍ਰੇਰਿਤ ਕੀਤਾ।

## ਪੰਜਾਬ ਸਰਕਾਰ ਨੇ ਨੌਜਵਾਨਾਂ ਨੂੰ ਖੇਡਾਂ ਵੱਲ ਮੋੜਨ ਲਈ ਕੀਤੇ ਸਫਲ ਉਪਰਾਲੇ: ਬਲਬੀਰ ਸਿੰਘ ਪੰਨੂੰ



ਫਤਹਿਗੜ੍ਹ ਚੂੜੀਆਂ, 14 ਜੁਲਾਈ (ਰਾਜਨ ਸ਼ਰਮਾ): ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਕਦਮ ਉਠਾਏ ਗਏ ਹਨ ਤੇ ਪਿੰਡਾਂ ਅੰਦਰ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਇਹ ਪ੍ਰਗਟਾਵਾ ਬਲਬੀਰ ਸਿੰਘ ਪੰਨੂੰ ਹਲਕਾ ਇੰਚਾਰਜ ਫਤਹਿਗੜ੍ਹ ਚੂੜੀਆਂ ਨੇ ਕੀਤਾ। ਬਲਬੀਰ ਸਿੰਘ ਪੰਨੂੰ ਵੱਲੋਂ ਹਜ਼ਰਤ ਦਰਬਾਰ ਬਾਬਾ ਸੈਲ ਸਫੀ ਜੀ ਦੇ ਮੇਲੇ ਮੌਕੇ ਪਿੰਡ ਤਲਵੰਡੀ ਲਾਲ ਸਿੰਘ ਵਿਖੇ ਕਰਵਾਏ ਸ਼ਾਨਦਾਰ ਕਬੱਡੀ ਸ਼ੋਅ ਮੈਚ ਵਿੱਚ ਸ਼ਿਰਕਤ ਕੀਤੀ। ਜਿਸ ਵਿੱਚ ਤਲਵੰਡੀ ਲਾਲ ਸਿੰਘ ਦੀ ਟੀਮ ਜੇਤੂ ਰਹੀ ਤੇ ਉਸਨੂੰ 51 ਹਜ਼ਾਰ ਰੁਪਏ ਦੇ ਇਨਾਮ ਨਾਲ ਸਨਮਾਨਤ ਕੀਤਾ ਗਿਆ ਤੇ ਦੂਜੇ ਨੰਬਰ 'ਤੇ ਅੰਮ੍ਰਿਤਸਰ ਟੀਮ ਨੂੰ 31000 ਰੁਪਏ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬਲਬੀਰ ਸਿੰਘ ਪੰਨੂੰ ਨੇ ਕਿਹਾ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਪਾਸੇ ਵੱਲ ਲਗਾਉਣ ਲਈ ਸਰਕਾਰ ਦ੍ਰਿੜ ਸੰਕਲਪ ਹੈ ਤੇ ਪਿੰਡਾਂ ਤੇ ਸ਼ਹਿਰੀ ਖੇਤਰਾਂ ਵਿੱਚ ਖੇਡਾਂ ਦਾ ਮਾਹੌਲ ਸਿਰਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਯੂਥ ਕਲੱਬਾਂ ਨੂੰ ਪਰਮੋਟ ਕੀਤਾ ਜਾ ਰਿਹਾ ਹੈ ਤੇ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡੀਆਂ ਜਾ ਰਹੀਆਂ ਹਨ ਤਾਂ ਜੋ ਉਹ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਹੋਣ। ਇਸ ਮੌਕੇ ਸਰਪੰਚ ਜਸਪਾਲ ਸਿੰਘ ਟਿੰਕੂ ਰੰਧਾਵਾ, ਸਿਮਰਨਜੀਤ ਸਿੰਘ, ਮੈਂਬਰ ਕੁਲਦੀਪ ਸਿੰਘ, ਮੈਂਬਰ ਲਖਵਿੰਦਰ ਸਿੰਘ, ਡਾ. ਗੁਰਪਾਲ ਸਿੰਘ ਗਿੱਲ, ਲਾਲ ਸਿੰਘ, ਬਲਬੀਰ ਸਿੰਘ ਡੀਪੂਵਾਲਾ, ਸੁਖਬੀਰ ਸਿੰਘ ਬਲਾਕ ਪ੍ਰਧਾਨ, ਸ਼ਮਸ਼ੇਰ ਸਿੰਘ ਬਲਾਕ ਪ੍ਰਧਾਨ, ਮਲਜਿੰਦਰ ਸਿੰਘ ਬਲਾਕ ਪ੍ਰਧਾਨ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ, ਜਗਜੀਤ ਸਿੰਘ, ਸਰਪੰਚ ਕਰਮਜੀਤ ਸਿੰਘ, ਸਰਪੰਚ ਗੁਰਬਿੰਦਰ ਸਿੰਘ, ਸਰਪੰਚ ਕਰਨ ਬਾਠ ਤੇ ਵਾਈਸ ਕੋਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਸਕੂਲ ਰਜੋਆ ਵਿਖੇ ਬੂਟੇ ਲਗਾਏ




ਕਾਦੀਆਂ, 14 ਜੁਲਾਈ (ਸਲਾਮ ਤਾਰੀ/ਸਿਕੰਦਰ ਸੰਧੂ): ਅੱਜ ਪੀ.ਐੱਮ. ਸ੍ਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਪੁਰ ਰਜੋਆ ਵਿਖੇ ਪ੍ਰਿੰਸੀਪਲ ਰਾਮ ਲਾਲ ਦੀ ਯੋਗ ਅਗਵਾਈ ਹੇਠ ਰੁੱਖ ਲਗਾਉਣ ਸਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਗਰੀਨ ਮਿਸ਼ਨ ਪਹਿਲ ਦੀ ਚੇਅਰਮੈਨ ਰਮਨੀ ਕੁਮਾਰੀ ਸੁਜਾਨਪੁਰੀ, ਰੇਖਾ ਦੇਵੀ ਤੇ ਹੋਰ ਸਾਥੀਆਂ ਸਮੇਤ ਪ੍ਰੋਗਰਾਮ ਵਿੱਚ ਉਨ੍ਹਾਂ ਨੇ ਸ਼ਿਰਕਤ ਕੀਤੀ। ਵਿਦਿਆਰਥੀ, ਅਧਿਆਪਕਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਰੁੱਖਾਂ ਦੀ ਮਹਾਨਤਾ ਬਾਰੇ ਦੱਸਿਆ ਗਿਆ। ਇਸਨੂੰ ਦੱਸਿਆ ਗਿਆ ਕਿ ਇੱਕ ਰੁੱਖ, ਮਾਂ ਦੇ ਨਾਂ। ਜਿੰਨੇ ਰੁੱਖ ਲਗਾਵਾਂਗੇ, ਉਨੀਆਂ ਅਲਾਮਤਾਂ ਨੂੰ ਦੂਰ ਭਜਾਵਾਂਗੇ। ਰੁੱਖਾਂ ਦੀ ਮਹਾਨਤਾ ਬਾਰੇ ਦੱਸਿਆ ਗਿਆ ਕਿ ਵਾਤਾਵਰਨ ਨੂੰ ਸਾਫ-ਸੁਥਰਾ ਬਣਾਉਣ ਲਈ ਪ੍ਰਣ ਲਿਆ ਗਿਆ ਕਿ ਅਸੀਂ ਰੁੱਖਾਂ ਨੂੰ ਲਗਾਉਣਾ ਹੀ ਨਹੀਂ ਸਗੋਂ ਉਨ੍ਹਾਂ ਦਾ ਪਾਲਣ ਪੋਸ਼ਣ ਵੀ ਕਰਾਂਗੇ ਤੇ ਵਾਤਾਵਰਨ ਨੂੰ ਸਾਫ-ਸੁਥਰਾ ਬਣਾਵਾਂਗੇ। ਸਕੂਲ ਕੈਂਪਸ ਵਿੱਚ ਆਉਣ 'ਤੇ ਗਰੀਨ ਮਿਸ਼ਨ ਪਹਿਲ ਦੀ ਚੇਅਰਮੈਨ ਰਮਨੀ ਕੁਮਾਰੀ ਦਾ ਸਵਾਗਤ ਕੀਤਾ ਗਿਆ ਤੇ ਨੇਕ ਕਾਰਜ ਲਈ ਪ੍ਰਿੰਸੀਪਲ ਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In the Court of**
**Sh. Kanwal jit Singh**
**Civil Judge Junior Division-1 Rajpura,**
CNR No:- PBPTA0-000633-2024
Next Date: 19.08.2025
CM-74-2024
Punjab National Bank
Versus
Subhash Chand
App For passing the final Decree
Notice to: 2. Prem Lata D/o Subash Chand 3. Anita Rani D/o Subsh Chand 5. Rajesh Kumar S/o Subash Chand All R/o Village Ullana Sub Tehsil Ghanaur Tehsil Rajpura, Distt. Patiala.

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19.**08.2025 at 10:00 A.M.
For details logon to https://highcourtchd.gov.in/?mod=district_notice&district=Patiala
Dated, this day of 11-07-2025
**Sd/- Civil Judge Junior Division-1 Rajpura,**

---

**(U/o 5 Rule 20 CPC)**
**In the Court of**
**Sh. Supinder Singh**
**Civil Judge (Junior Division), Ludhiana**
CNR No.PBLD02-010203-2024
Next Date: 08.08.2025
Dimple
Versus
Asset Reconstruction Company (india) Ltd
Notice to: Pushpa Rani Widow of Girdhari Lal Sunny S/o Girdhari Lal Rakesh S/o Girdhari Lal All Resident of Street NO. 10/1, Karamshar Colony, Adjoining To Noor Boutique New Subhash Nagar, Ludhiana

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-07-2025
**Sd/- Civil Judge (Junior Division), Ludhiana**

---

**(U/o 5 Rule 20 CPC)**
**In the Court of**
**Sh. Ravinderjit singh Bajwa, Additional District and Sessions Judge, Tarn Taran**
**Next Date, Purpose of Case, Orders and judgments as well as other case information is available on http://districts.ecourts.gov.in**
CNR No.PBTT01-006073-2024
Next Date : 20.08.2025
Jagdish Singh (Since Deceased) Through Lr Jaswinder Kaur
Versus
Pritpal Singh (Since Deceased) Through L Manjit Kaur
Notice to: 1. Manjit Kaur Widow of Pritpal Singh R/o 845 Sector 16-D, Chandigarh 2. Sukomal Juneja S/o Pritpal Singh R/o 22, 4th Floor, Hauz Khas Village Hauz Khas South Delhi, Delhi-110016. 3. Jasjot D/o Pritpal Singh R/o 845, Sector 16-D, Chandigarh.

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 08-07-2025
**Sd/- Additional District and Sessions Judge, Tarn Taran**

---

**(U/o 5 Rule 20 CPC)**
**In the Court of**
**Ms. Parveen Bali**
**Principal Judge Family Court, Faridkot**
CNR No.PBFD01-004566-2024
Next Date: 01.08.2025
HMA/571/2024
Navtej Singh
Versus
Randeep Kaur
Petition u/s 13 of Hindu Marriage Act.
Notice to: Randeep Kaur wife of Navtej Singh and D/o Jagtar Singh R/o Bhagsar, Near Shamshanghat tehsil and distt. Sri Muktsar Sahib

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 14-07-2025
**Sd/- Principal Judge Family Court, Faridkot**

---

**(U/o 5 Rule 20 CPC)**
**In the Court of**
**Sh. Harwinder Singh**
**Civil Judge Junior Division -16, Patiala**
CNR No.PBPT02-003596-2023
Next Date: 11.08.2025
Punjab National Bank
Versus
Mohan Singh (Since Deceased)
Notice to: Rajinder Singh S/o Prem Singh Ground Assistant, Punjab State Warehouse Corporation, Village Rauni, Tehsil and Distt. Patiala. IInd Address- R/o H.NO. 5, Ward No. 10, Near Nagar Council, Banaur, Chatta, Distt. Mohali-140601

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**08.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 10-07-2025
**Sd/- Civil Judge Junior Division -16, Patiala**

---

**(U/o 5 Rule 20 CPC)**
**In the Court of**
**Sh. Hem Amrit Mahi**
**Civil Judge (Senior Division), Gurdaspur**
CNR No.PBGD02-001184-2025
Next Date: 20.08.2025
Succ/17/2025
Seema Arora and Gauri Arora
Versus
General Public
Notice to: General Public: gp

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **20.**08.2025 at 10:00 A.M.
For details logon to https://highcourtchd.gov.in/?mod=district_notice&district=Gurdaspur
Dated, this day of 07-07-2025
**Sd/- Civil Judge (Senior Division), Gurdaspur**

---

**(U/o 5 Rule 20 CPC)**
**In the Court of**
**Ms. Nishu**
**Civil Judge (Junior Division), Bathinda**
CNR No.PBBT02-002715-2024
Next Date: 02.08.2025
CS/1758/2024
Sukhdev Singh @ Dev
Versus
Surinder Kaur
Notice to: Surinder Kaur Spouse:- Sukhdev Singh @ Dev Singh S/o Mukhtiar Singh S/o Karam Singh R/o of Village Bajak Distt. Bathinda Now R/o Vill. Khemuana Distt. Bathinda, Bathinda, Punjab

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**08.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 10-07-2025
**Sd/- Civil Judge (Junior Division), Bathinda**

---

**(U/o 5 Rule 20 CPC)**
**In the Court of**
**Sh. Jagwinder Singh**
**Civil Judge Junior Division-1, Abohar**
CNR No.PBFZE0-001674-2024
Next Date: 02.08.2025
Indian Bank
Versus
Yadwinder Singh
Notice to: Yadwinder Singh:- Son of Smt. Jarnail Kaur D/o Pritam Singh (W/o Jagnandan Singh) R/o Village Chugha Khurd, Tehsil and District Bathinda

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **02.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-07-2025
**Sd/- Civil Judge Junior Division-1, Abohar**

---

**(U/o 5 Rule 20 CPC)**
**In the Court of**
**Sh. Anish Goyal**
**Civil Judge (Senior Division),**
CNR No.PBSA02-000700-2025
Next Date: 14.08.2025
Baljinder Kaur
Versus
General Public
Suit for Declaration that Gurmail Singh son of Dhani Ram Resident of Village Kurari is Civilly Dead
Notice to: General Public

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**08.2025 at 10:00 A.M.
For details logon to https://highcourtchd.gov.in/?mod=district_notice&district=mohali
Dated, this day of 14-07-2025
**Sd/- Civil Judge (Senior Division), SAS Nagar**

---

**(U/o 5 Rule 20 CPC)**
**(Succession Case)**
**In the Court of**
**Sh. Sachin Yadav**
**Addl.Civil Judge (Sr. Divn.), Chandigarh**
CNR No.CHCH02-001798-2025
Next Date: 08.08.2025
Bhagatjit Singh Chawla
Versus
General Public
Petition U/s 372 of Indian Succession Act
Notice to: General Public

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.**08.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 31-05-2025
**Sd/- Addl.Civil Judge (Sr. Divn.), Chandigarh**

---

**(U/o 5 Rule 20 CPC)**
**In the Court of**
**Sh. Ajay**
**Civil Judge Jr. Divn., Chandigarh**
CNR No.CHCH02-001541-2022
Next Date: 08.09.2025
State Bank of India
Versus
Aggarwal Traders
Notice to: 1. Aggarwal Traders Prop. Ritu W/o Mukesh Singla, Saini Tower, Saini Tower Basement Patiala Chowk, Zirakpur, Punjab 2. Ritu Prop. M/s Aggarwal Traders, H.NO. 63, Sham Nagar, Baltana, SAS Nagar, Mohali-140604

In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **08.**09.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 23-05-2025
**Sd/- Civil Judge Jr. Divn., Chandigarh**

## ਬੇਦਖਲੀ ਨੋਟਿਸ

ਮੈਂ, ਬਲਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਪਿੰਡ ਤੇ ਡਾਕਖਾਨਾ ਪੰਡੋਰੀ ਰੁਕਮਾਨ ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਪੁੱਤਰ ਹਰਵਿੰਦਰ ਸਿੰਘ ਉਰਫ ਸੋਨੂੰ ਅਤੇ ਉਸਦੀ ਪਤਨੀ ਗੁਰਪ੍ਰੀਤ ਕੌਰ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹਨ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

## ਨਾਮ ਸੰਬੰਧੀ ਸੂਚਨਾ

ਮੈਂ ਹਰਜੀਤ ਕੌਰ (Harjeet Kaur) ਪਤਨੀ ਅਮਨਦੀਪ ਸਿੰਘ ਪੁੱਤਰੀ ਗੁਰਚਰਨ ਸਿੰਘ ਵਾਸੀ # 125 ਫੇਜ਼-1, ਅਰਬਨ ਅਸਟੇਟ, ਪਟਿਆਲਾ ਬਿਆਨ ਕਰਦੀ ਹਾਂ ਕਿ ਮੇਰੇ ਡਰਾਈਵਿੰਗ ਲਾਇਸੈਂਸ ਵਿੱਚ ਮੇਰਾ ਨਾਮ ਹਰਜੀਤ ਕੌਰ (Harjit Kaur) ਲਿਖਿਆ ਹੋਇਆ ਹੈ। ਜਦਕਿ ਮੇਰਾ ਅਸਲ ਨਾਮ ਹਰਜੀਤ ਕੌਰ (Harjeet Kaur) ਹੈ।

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**In the Court of**
**Ms. Pavleen Singh**
**Additional Civil Judge (Senior Division) Ludhiana**
CNR NO.-PBLD02-013352-2024
Peshi: 29-08-2025
**Publication Notice in Petition under Section 8 of the Guardian and Wards Act**
Ravinder Kaur Bakshi Aged About 40 Years Wd/O Of Sh.Sanjiv Bakshi R/O H. No. 14, Ward No. 40, Near Nanaksar School, Royal Villa Colony, Jawaddi, Punjabi Bagh, Ludhiana, Punjab.
Versus
General Public
Notice to: General Public
Whereas the above named petitioner RAVINDER KAUR BAKSHI W/O SH. SANJIV BAKSHI has filed petition for permission to sell the share of the minors namely Aditya Bakshi S/o Late Sh. Sanjiv Bakshi (DOB 17.04.2007), Hardika Bakshi D/o Late Sh. Sanjiv Bakshi (DOB 07.03.2009) & Ronit Bakshi S/o Late Sh. Sanjiv Bakshi (DOB 23.11.2011) in the property. i.e. property having share to the extent of 1/2 share out of the total property/plot no. 106, 107, measuring 284.72 Sq. Yds, comprised in Khasra no. 7//7/2, 15/1/1, 71//6/3, 7/1, 7/3, 8, Khata no. 49, as per Jamabandi for the year 2014-15, situated at Village Dhanora, Sub-Tehsil Mulana, District Ambala
AND
A property/Flat no. 8-2D, Tower-8, 2nd Floor in project "Umbera Greens" situated at Village Sangowal & Haspal Bangar, Tehsil & District Ludhiana
AND
One Industrial Plot measuring 590 Sq. Yds, comprised in Khasra no. 4//21/2, 4//22/2, 5//4/2, 5//7, 5//14, 5//17, 5//18, 5//23, 5//24, 5//25/2, 6//3/1, 6//4/1, 6//5, 6//6/1, 6//7/1, 7//1, 7//2, 7//9/1, 7//10/1, Khata no. 41/41, as per jamabandi for the year 2011-12, situated at Village Bhagwanpura, Locality known as Bhagwanpura Industry, sub-tehsil Dehlon, District Ludhiana, on the basis of oral and documentary evidence.
This notice is hereby issued to the general public regarding the institution of this petition. If any person has any objection to sell the property of the above said petitioner of the said children, then he/she should appear in the court on 29-08-2025 at 10.00 a.m, either in person or through an authorised agent or lawyer for filing objections failing which the petition shall be decided in accordance with law.
Given under my hand and the seal of the Court, this 09-08-2025.
For details logoto https://highcourtchd.gov.in/?trs-district_notice&district-ludhiana
**Sd/- Additional Civil Judge (Senior Division), Ludhiana**

## ਜਨਤਕ ਸੂਚਨਾ



**ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਅੱਗੇ।**

ਵਿਸ਼ਾ:-ਸਵ. ਜਸਪਾਲ ਸਿੰਘ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 129, ਸੈਕਟਰ 37--, ਚੰਡੀਗੜ੍ਹ (CPL 3068) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 50.00% ਹਿੱਸੇ ਤੱਕ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਜਸਪਾਲ ਸਿੰਘ ਵਪਾਰਕ ਬੂਥ ਨੰਬਰ 129, ਸੈਕਟਰ 37--, ਚੰਡੀਗੜ੍ਹ ਦੇ 50.00% ਹਿੱਸੇ ਤੱਕ ਮਾਲਕ ਹਨ।

ਚਰਨਦੀਪ ਸਿੰਘ ਦੁਆਰਾ GPA/SPA ਮਨਜੀਤ ਕੌਰ ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਜਸਪਾਲ ਸਿੰਘ ਦੀ ਮੌਤ 13.02.2022 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਚਰਨਦੀਪ ਸਿੰਘ - ਪੁੱਤਰ, (2) ਮਨਜੀਤ ਕੌਰ - ਪਤਨੀ

ਹੁਣ, ਚਰਨਦੀਪ ਸਿੰਘ ਨੇ GPA/SPA ਰਾਹੀਂ ਮਨਜੀਤ ਕੌਰ ਨੇ ਵਪਾਰਕ ਬੂਥ ਨੰਬਰ 129, ਸੈਕਟਰ 37--, ਚੰਡੀਗੜ੍ਹ ਦੇ ਸੰਬੰਧ ਵਿੱਚ 10.12.2021 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਸਵਰਗੀ ਜਸਪਾਲ ਸਿੰਘ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 50.00% ਹਿੱਸੇ ਦੀ ਹੱਦ ਤੱਕ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ ?ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਦੇ ਸਮਰਥਨ ਵਿੱਚ) ਇਸਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

---

ਬੈਂਕ ਆਫ ਇੰਡੀਆ Bank of India BOI

## ਜਨਤਕ ਸੂਚਨਾ

07 ਮਾਰਚ 2023 ਨੂੰ ਜਾਰੀ ਕੀਤੇ ਗਏ ਗਜ਼ਟ ਨੋਟੀਫਿਕੇਸ਼ਨ (ਭਾਰਤ ਸਰਕਾਰ) S.O. 1074(E) [F.No.P-12011/12/2022-ES Cell-DOR] ਦੇ ਅਨੁਸਾਰ, ਸਾਰੇ ਗੈਰ-ਮੁਨਾਫ਼ਾ ਸੰਗਠਨ (NPO) ਗਾਹਕਾਂ ਨੂੰ ਆਪਣੇ DARPAN ਪੋਰਟਲ ਰਜਿਸਟਰੇਸ਼ਨ ਵੇਰਵੇ (ਭਾਵ DARPAN ID) ਤੁਰੰਤ ਆਪਣੇ ਘਰ/ਨੇੜਲੇ ਸ਼ਾਖਾ ਵਿੱਚ ਜਮਾਂ ਕਰਾਉਣੇ ਚਾਹੀਦੇ ਹਨ। ਜਿਹੜੇ NPOs ਨੇ ਅਜੇ ਤੱਕ DARPAN ਪੋਰਟਲ 'ਤੇ ਆਪਣੀ ਸੰਸਥਾ ਰਜਿਸਟਰ ਨਹੀਂ ਕੀਤੀ ਹੈ, ਕਿਰਪਾ ਕਰਕੇ https://ngodarpan.gov.in/#/login 'ਤੇ ਜਾ ਕੇ ਤੁਰੰਤ ਰਜਿਸਟਰ ਕਰੋ। ਰੈਗੂਲੇਟਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਦੇ ਨਤੀਜੇ ਵਜੋਂ ਬੈਂਕਿੰਗ ਸੇਵਾਵਾਂ ਵਿੱਚ ਵਿਘਨ ਪੈ ਸਕਦਾ ਹੈ। ਜੇਕਰ ਤੁਹਾਡਾ ਖਾਤਾ NPO ਸ਼੍ਰੇਣੀ ਦੇ ਅਧੀਨ ਨਹੀਂ ਹੈ, ਤਾਂ ਕਿਰਪਾ ਕਰਕੇ ਆਪਣੀ ਘਰ/ਨੇੜਲੇ ਸ਼ਾਖਾ ਵਿੱਚ ਇਸਦੀ ਪੁਸ਼ਟੀ ਕਰਨ ਵਾਲਾ ਇੱਕ ਲਿਖਤੀ ਘੋਸ਼ਣਾ ਪੱਤਰ ਜਮਾਂ ਕਰੋ।

---

# ਸ਼ਿਵ ਮੰਦਿਰ ਅਦਰਸ਼ ਸੇਵਾ ਸਮਿਤੀ ਦਾ ਪੁਨਰਗਠਨ



ਪਟਿਆਲਾ, 14 ਜੁਲਾਈ (ਚ.ਨ.ਸ) - ਬਿਤੇ ਦਿਨੀਂ ਗਲੀ ਨੰ: 18 ਗੁਰੂ ਨਾਨਕ ਨਗਰ ਵਿਖੇ ਮੌਜੂਦ ਸ਼੍ਰੀ ਸ਼ਿਵ ਮੰਦਰ ਨਾਲ ਸੰਬੰਧਤ ਕਮੇਟੀ ਸ਼ਿਵ ਮੰਦਿਰ ਅਦਰਸ਼ ਸੇਵਾ ਸਮਿਤੀ ਦੇ ਪੁਨਰਗਠਨ ਸਬੰਧੀ ਵਿਸ਼ੇਸ਼ ਮੀਟਿੰਗ ਸ੍ਰੀ ਗੁਰਦਿਆਲ ਸਿੰਘ ਚੇਅਰਮੈਨ ਦੀ ਰਹਿਨੁਮਾਈ ਅਧੀਨ ਹੋਈ ਅਤੇ ਹੇਠ ਲਿਖੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ। ਸਰਵਸ਼੍ਰੀ ਗੁਰਦਿਆਲ ਸਿੰਘ ਚੇਅਰਮੈਨ, ਰਾਮ ਸਿੰਘ, ਉਪ ਚੇਅਰਮੈਨ, ਓਮ ਪ੍ਰਕਾਸ਼, ਪ੍ਰਧਾਨ, ਤੇਜਿੰਦਰ ਸਿੰਘ, ਸੀ. ਮੀਤ ਪ੍ਰਧਾਨ, ਮਨੋਹਰ ਲਾਲ, ਪਵਾਰ ਜਨਰਲ ਸਕੱਤਰ, ਰਾਮ ਲੁਬਾਇਆ ਉਪ ਪ੍ਰਧਾਨ, ਪਵਨ ਬਾਂਸਲ, ਸੰਯੁਕਤ ਸਕੱਤਰ ਅਤੇ ਧਰਮਪਾਲ ਮਿੱਤਲ ਸਲਾਹਕਾਰ, ਕ੍ਰਿਸ਼ਨਾ ਪਵਾਰ ਸਟੋਰ ਕੀਪਰ, ਸ਼ੰਮੀ ਕੁਮਾਰ, ਹਰਸ਼ ਵਰਧਨ, ਬਤੌਰ ਕਾ.ਕਾ. ਮੈਂਬਰ ਅਤੇ ਰਾਜੀਵ ਭਾਰਦਵਾਜ ਸਹਾਇਕ ਸਕੱਤਰ ਚੁਣੇ ਗਏ। ਇਸ ਮੌਕੇ ਤੇ ਸਮਿਤੀ ਵੱਲੋਂ ਸ੍ਰੀ ਰਾਜਿੰਦਰ ਕੁਮਾਰ ਅਨੰਦ ਦੀ ਪਤਨੀ ਸ੍ਰੀਮਤੀ ਸਵਰਨਾ ਦੀ ਮੌਤ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ ਤੇ ਬੋਲਦਿਆਂ ਸ੍ਰੀ ਮਨੋਹਰ ਲਾਲ ਪਵਾਰ ਨੇ ਕਿਹਾ ਕਿ ਕਮੇਟੀ ਵਿੱਚ ਕਿਸੇ ਦਾ ਵੀ ਵੱਡਾ ਜਾਂ ਛੋਟਾ ਆਹੁਦਾ ਨਹੀਂ ਹੈ, ਸਾਰੇ ਬਰਾਬਰ ਹਨ। ਸਾਨੂੰ ਸਭ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਾਨੂੰ ਘਰਾਂ ਵਿੱਚ ਬਿਨਾਂ ਨਾਗਾ ਘੱਟੋ ਘੱਟ ਦੋ ਪੰਨੇ ਸ੍ਰੀਮਦ ਭਾਗਵਦ ਗੀਤਾ ਜਾਂ ਸ੍ਰੀ ਰਮਾਇਣ ਜੀ ਦਾ ਪਾਠ ਕਰਨਾ ਚਾਹੀਦਾ। ਅਸੀਂ ਮਜਬੂਤੀ ਨਾਲ ਆਪਣੇ ਸਨਾਤਨ ਧਰਮ ਨਾਲ ਜੁੜੀਏ।

# ਦਸਮੇਸ਼ ਗਰਲਜ਼ ਕਾਲਜ ਦੇ ਬੀ.ਏ. ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ

ਮੁਕੇਰੀਆਂ, 14 ਜੁਲਾਈ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖਸ਼ ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਿਟੀ ਪੱਧਰ ਤੇ ਚੰਗੇ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀ.ਏ. ( ਸਮੈਸਟਰ ਪਹਿਲਾ )ਦੇ ਨਤੀਜਿਆਂ ਵਿੱਚ ਕਾਲਜ ਦੀ ਵਿਦਿਆਰਥਣ ਆਰੂਸ਼ੀ ਨੇ 9.46ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਨੀਤ ਕੌਰ ਅਤੇ ਹਰਸਿਮਰਨ ਪ੍ਰੀਤ ਕੌਰ ਨੇ9.42 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ।

---

**ਵੱਲੋਂ :ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਧਿਕਾਰੀ, ਯੂਟੀ, ਚੰਡੀਗੜ੍ਹ**

## ਜਨਤਕ ਸੂਚਨਾ



ਵਿਸ਼ਾ:- ਮਰਹੂਮ ਕੰਵਰ ਵਿਜੇ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਕਮਰਸ਼ੀਅਲ ਐਸਸੀਓ ਨੰਬਰ 84, ਸੈਕਟਰ 40-ਸੀ, ਚੰਡੀਗੜ੍ਹ (ਸੀਪੀਐਲ 4763) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 25.00% ਹਿੱਸੇ ਤੱਕ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਕੰਵਰ ਵਿਜੇ ਸਿੰਘ ਕਮਰਸ਼ੀਅਲ ਐਸਸੀਓ ਨੰਬਰ 84, ਸੈਕਟਰ 40-ਸੀ, ਚੰਡੀਗੜ੍ਹ ਦੇ 25.00% ਹਿੱਸੇ ਤੱਕ ਮਾਲਕ/ਪੱਟੇਦਾਰ ਹਨ।

ਗਗਨਦੀਪ ਸਿੰਘ, ਨਵਦੀਪ ਸਿੰਘ ਰੰਧਾਵਾ ਵੱਲੋਂ ਇਹ ਸੂਚਨਾ ਦਿੱਤੀ ਗਈ ਹੈ ਕਿ ਸ਼੍ਰੀ/ਸ਼੍ਰੀਮਤੀ ਕੰਵਰ ਵਿਜੇ ਸਿੰਘ 13/01/2025 ਨੂੰ ਮੌਤ

| ਲੜ. | ਕਾਨੂੰਨੀ ਵਾਰਸ(ਾਂ) ਦਾ ਨਾਮ | ਮ੍ਰਿਤਕ ਨਾਲ |
|---|---|---|
| 1 | ਹਰਜੀਤ ਕੌਰ | ਸੁਪਤਨੀ |
| 2 | ਨਵਦੀਪ ਸਿੰਘ ਰੰਧਾਵਾ | ਸਪੁੱਤਰ |
| 3 | ਗਗਨਦੀਪ ਸਿੰਘ | ਸਪੁੱਤਰ |

ਹੁਣ, ਗਗਨਦੀਪ ਸਿੰਘ, ਨਵਦੀਪ ਸਿੰਘ ਰੰਧਾਵਾ ਨੇ 20/06/2012 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਸਵਰਗੀ ਕੰਵਰ ਵਿਜੇ ਸਿੰਘ ਦੁਆਰਾ ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 25.00% ਹਿੱਸੇ ਦੀ ਹੱਦ ਤੱਕ ਕਮਰਸ਼ੀਅਲ ਐਸਸੀਓ ਨੰਬਰ 84, ਸੈਕਟਰ 40-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉਪਰੋਕਤ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਨੂੰ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫ਼ਨਾਮੇ ਨਾਲ ਸਮਰਥਤ) ਪੇਸ਼ ਕਰ ਸਕਦੇ ਹਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ/ਵਿਅਕਤੀਆਂ ਦੇ ਨਾਮ 'ਤੇ ਬਦਲ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

## ਜਨਤਕ ਸੂਚਨਾ



**ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ:- ਕੰਪਨੀ ਦਾ ਨਾਮ ਮੈਸਰਜ਼ ਰਾਜਦੂਤ ਪੇਂਟਸ ਪ੍ਰਾਈਵੇਟ ਲਿਮਿਟਡ ਤੋਂ ਮੈਸਰਜ਼ ਬਰਜਰ ਪੇਂਟਸ ਇੰਡੀਆ ਲਿਮਿਟਡ ਵਿੱਚ ਇਸਦੇ ਡਾਇਰੈਕਟਰਾਂ ਰਾਹੀਂ ਬਦਲੋਂ (1) ਕੁਲਦੀਪ ਸਿੰਘ ਢੀਂਗਰਾ (iii) ਗੁਰਬਚਨ ਸਿੰਘ ਢੀਂਗਰਾ (iii) ਕੰਵਰਦੀਪ ਸਿੰਘ ਢੀਂਗਰਾ (iv) ਰਿਸ਼ਮਾ ਕੌਰ (v) ਅਨੂਪ ਕੁਮਾਰ ਮਿੱਤਲ (vi) ਅਨੂਪ ਹੂਨ (vii) ਸੋਨੂੰ ਹਾਲਨ ਭਸੀਨ (viii) ਅਭਿਜੀਤ ਰਾਏ (ix) ਗੋਪਾਲ ਕ੍ਰਿਸ਼ਨ ਪਿੱਲੈ (x) ਸੁਬੀਰ ਬੋਸ ਐਸ.ਸੀ.ਓ. ਨੰਬਰ 268, ਸੈਕਟਰ 32-ਸੀ. ਚੰਡੀਗੜ੍ਹ ਦੇ ਸਬੰਧ ਵਿੱਚ। (CPL4226)

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਵਜੋਂ ਜਾਣੀ ਜਾਂਦੀ ਇਸ ਦਫ਼ਤਰੀ ਜਾਇਦਾਦ ਦੇ ਰਿਕਾਰਡ ਅਨੁਸਾਰ ਐਸ.ਸੀ.ਓ. ਨੰਬਰ 268, ਸੈਕਟਰ 32-ਸੀ, ਚੰਡੀਗੜ੍ਹ, ਮੈਸਰਜ਼ ਰਾਜਦੂਤ ਪੇਂਟਸ ਪ੍ਰਾਈਵੇਟ ਲਿਮਿਟਡ ਤੋਂ ਮੈਸਰਜ਼ ਬਰਜਰ ਪੇਂਟਸ ਇੰਡੀਆ ਲਿਮਿਟਡ ਦੇ ਨਾਮ 'ਤੇ ਹੈ ਜਿਸ ਵਿੱਚ (1) ਕੁਲਦੀਪ ਸਿੰਘ ਢੀਂਗਰਾ (ii) ਗੁਰਬਚਨ ਸਿੰਘ ਢੀਂਗਰਾ (iii) ਕੰਵਰਦੀਪ ਸਿੰਘ ਢੀਂਗਰਾ (iv) ਰਿਸ਼ਮਾ ਕੌਰ (v) ਅਨੂਪ ਕੁਮਾਰ ਮਿੱਤਲ (vi) ਅਨੂਪ ਹੂਨ (vii) ਸੋਨੂੰ ਹਾਲਨ ਭਸੀਨ (viii) ਅਭਿਜੀਤ ਰਾਏ (ix) ਗੋਪਾਲ ਕ੍ਰਿਸ਼ਨ ਪਿੱਲਈ (x) ਸੁਬੀਰ ਬੋਸ ਡਾਇਰੈਕਟਰ ਹਨ। ਇਹ ਦੱਸਿਆ ਗਿਆ ਹੈ ਕਿ ਹੁਣ ਤੱਕ ਹੇਠ ਲਿਖੇ ਡਾਇਰੈਕਟਰ ਸ਼ਾਮਲ ਹੋਏ ਹਨ:-

| ਲੜੀ ਨੰ. | ਡਾਇਰੈਕਟਰਾਂ ਦੇ ਨਾਮ |
|---|---|
| 1. | ਕੁਲਦੀਪ ਸਿੰਘ ਢੀਂਗਰਾ |
| 2. | ਗੁਰਬਚਨ ਸਿੰਘ ਢੀਂਗਰਾ |
| 3. | ਕੰਵਰਦੀਪ ਸਿੰਘ ਢੀਂਗਰਾ |
| 4. | ਰਿਸ਼ਮਾ ਕੌਰ |
| 5. | ਅਨੂਪ ਕੁਮਾਰ ਮਿੱਤਲ |
| 6. | ਅਨੂਪ ਹੂਨ |
| 7. | ਸੋਨੂੰ ਹਾਲਨ ਭਸੀਨ |
| 8. | ਅਭਿਜੀਤ ਰਾਏ |
| 9. | ਗੋਪਾਲ ਕ੍ਰਿਸ਼ਨ ਪਿੱਲਈ |
| 10. | ਸੁਬੀਰ ਬੋਸ |

ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਪਰੋਕਤ ਜਾਇਦਾਦ ਨੋਟ ਕਰਨ 'ਤੇ ਕੋਈ ਇਤਰਾਜ਼ ਹੈ, ਤਾਂ ਉਕਤ ਕੰਪਨੀ ਦੇ ਡਾਇਰੈਕਟਰ ਹੋਣ ਦੇ ਨਾਤੇ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਇਤਰਾਜ਼ ਦਰਜ ਕਰ ਸਕਦੇ ਹਨ, ਉਕਤ ਕੰਪਨੀ ਵਿੱਚ ਨਵੇਂ ਡਾਇਰੈਕਟਰਾਂ ਦੇ ਨਾਮ ਨੋਟ ਕਰਨ ਵਿੱਚ ਅਸਫਲ ਰਹਿਣ 'ਤੇ ਉਸੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

---

## ਪੰਜਾਬ ਮਿਊਂਸੀਪਲ ਇਨਫਰਾਸਟਰਕਚਰ ਡਿਵੈਲਪਮੈਂਟ ਕੰਪਨੀ (PMIDC)
### ਸਥਾਨਕ ਸਰਕਾਰਾਂ ਵਿਭਾਗ
### ਪੰਜਾਬ ਸਰਕਾਰ

**ਸੱਦਾ ਦੇਣ ਦਾ ਨੋਟਿਸ ਉਦੇਸ਼: "PMIDC ਨੂੰ ਸਟੇਸ਼ਨਰੀ ਵਸਤੂਆਂ ਦੀ ਸਪਲਾਈ"**

ਪੰਜਾਬ ਮਿਊਂਸੀਪਲ ਇਨਫਰਾਸਟਰਕਚਰ ਡਿਵੈਲਪਮੈਂਟ ਕੰਪਨੀ (PMIDC) ਈ-ਟੈਂਡਰਿੰਗ ਵਿਧੀ ਰਾਹੀਂ ਸਟੇਸ਼ਨਰੀ ਵਸਤੂਆਂ ਦਾ ਕਾਰੋਬਾਰ ਕਰਨ ਵਾਲੀਆਂ ਨਾਮਵਰ ਫਰਮਾਂ/ਕੰਪਨੀਆਂ ਤੋਂ ਟੈਂਡਰ ਮੰਗਦੀ ਹੈ। ਹੋਰ ਵੇਰਵਿਆਂ ਵਾਲਾ ਟੈਂਡਰ ਦਸਤਾਵੇਜ਼ https://eproc.punjab.gov.in ਅਤੇ https://pmidc.punjab.gov.in ਤੋਂ 14-07-2025 ਤੱਕ ਡਾਊਨਲੋਡ ਕੀਤਾ ਜਾ ਸਕਦਾ ਹੈ। ਬੋਲੀ ਪ੍ਰਾਪਤ ਕਰਨ ਦੀ ਆਖਰੀ ਮਿਤੀ 07-08-2025 ਸ਼ਾਮ 05:00 ਵਜੇ ਤੱਕ ਹੈ।
(ਨੋਟ: ਟੈਂਡਰ ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।)

ਸਹੀ/-
ਜਨਰਲ ਮੈਨੇਜਰ

**RO.No. PR-Advt. No. 3404/12/2025-26/1147/Datedh CHD 14/07/2025**

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਰਜਿ. ਦਫ਼ਤਰ : ਪੰ: ਰਾ: ਬਿ: ਬੋ: ਹੈੱਡ ਆਫ਼ਿਸ, ਦੀ ਮਾਲ ਪਟਿਆਲਾ-147001)
ਕਾਰਪੋਰੇਟ ਆਈਡੈਂਟੀਫਿਕੇਸ਼ਨ ਨੰਬਰ : (CIN) U40109PB2010SGC033813 (ਮੋਬਾਇਲ ਨੰ: 96461-13039)

ਟੈਂਡਰ ਇਨਕੁਆਰੀ ਨੰ. 11/XEN/CCM/2025-26 ਮਿਤੀ : 14-07-2025

ਵਧੀਕ ਨਿਗਰਾਨ ਇੰਜੀਨੀਅਰ/ਸਿਵਲ ਉਸਾਰੀ ਅਤੇ ਸਾਂਭ ਸੰਭਾਲ ਮੰਡਲ, ਪੰ.ਰ.ਪਾ.ਕਾ.ਲਿਮ. ਅੰਮ੍ਰਿਤਸਰ ਵੱਲੋਂ :-
1. T.ENo. 11/XEN/CCM/2025-26 :- ਵਿਖੇ ਜ਼ੋਨਲ ਗਿਆਨ ਕੇਂਦਰ (ਅੰਮ੍ਰਿਤਸਰ) ਵਿਖੇ ਇੰਟਰਲਾਕ ਟਾਇਲ ਅਤੇ ਹੋਰ ਸਹਾਇਕ ਸਿਵਲ ਉਸਾਰੀ ਦੇ ਕੰਮ ਕਰਨ ਸੰਬੰਧੀ ਸ਼ੌਰਟ ਟਰਮ ਖੁੱਲ੍ਹਾ ਟੈਂਡਰ ਸੱਦਿਆ ਜਾਂਦਾ ਹੈ।
ਨੋਟ : ਕੋਰੀਜੰਡਮ ਅਤੇ ਹੋਰ ਕੋਈ ਸੋਧ ਸੰਬੰਧੀ ਵੇਰਵੇ www.pspcl.in ਤੇ ਵੇਖੇ ਜਾਣ।
C 485 / 25
**Ro No. PR-Advt. No. 1079 / 12 / 2025-26 / 1166 / Dated CHD : 14.07.2025**

---

## ਪੰਜਾਬ ਨੈਸ਼ਨਲ ਬੈਂਕ
.... ਬਿਹਤਰੀ ਲਈ ਸਾਂਝ

ਸ਼ਾਖਾ ਦਫ਼ਤਰ : ਬਗਦਾਦੀ ਗੇਟ, ਫਿਰੋਜ਼ਪੁਰ (345200)

### ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ**, ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ **ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਸੱਦਾ ਦਿੰਦੇ ਹੋਏ ਸਰਫਾਇਸੀ ਐਕਟ 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ (ਾਂ)/ਜ਼ਾਮਨ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ**,ਦੇ ਚਾਰਜ ਨਾਲ ਸੰਬੰਧਤ ਹੋਵੇਗੀ।

**ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਧਿਆਨ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ)/ ਗਿਰਵੀਕਾਰ (ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ: ਵਧਵਾ ਕਰਿਆਨਾ ਸਟੋਰ, ਗੋਬਿੰਦ ਨਗਰ, ਪਿੰਡ ਸਦਰਦੀਨ ਵਾਲਾ, ਡਾਕਖਾਨਾ ਟਿੱਬੀ ਖੁਰਦ, ਤਹਿਸੀਲ ਮਮਦੋਟ, ਜਿਲ੍ਹਾ। ਫਿਰੋਜ਼ਪੁਰ 152001 ਪ੍ਰੋਪਰਾਈਟਰ: ਪਵਨ ਕੁਮਾਰ, ਗੋਬਿੰਦ ਨਗਰ, ਪਿੰਡ ਸਦਰਦੀਨ ਵਾਲਾ, ਪੋ. ਟਿੱਬੀ ਖੁਰਦ, ਤਹਿਸੀਲ ਮਮਦੋਟ, ਜਿਲਾ. ਫਿਰੋਜ਼ਪੁਰ 152001. ਜ਼ਾਮਨ: 1. ਸਰੋਜ ਰਾਣੀ ਪਤਨੀ ਵਿਨੋਦ ਕੁਮਾਰ, ਗੋਬਿੰਦ ਨਗਰ, ਪਿੰਡ ਸਦਰਦੀਨ ਵਾਲਾ, ਡਾਕਖਾਨਾ ਟਿੱਬੀ ਖੁਰਦ, ਤਹਿਸੀਲ ਮਮਦੋਟ, ਜਿਲਾ। ਫਿਰੋਜ਼ਪੁਰ - 152001. 2. ਪ੍ਰੇਮ ਪਤਨੀ ਪਵਨ ਕੁਮਾਰ ਗੋਬਿੰਦ ਨਗਰ, ਪਿੰਡ ਸਦਰਦੀਨ ਵਾਲਾ, ਡਾਕਖਾਨਾ ਟਿੱਬੀ ਖੁਰਦ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ-152001. | 9 ਮਰਲੇ 1 ਸਰਸਾਈ (2478 ਵਰਗ ਫੁੱਟ) ਦੀ ਰਿਹਾਇਸ਼ੀ ਜਾਇਦਾਦ, (1) 4 ਮਰਲੇ 5 ਸਰਸਾਈ, 10 ਮਰਲੇ ਜ਼ਮੀਨ ਦਾ 41/90 ਹਿੱਸਾ, ਨੰਬਰ 12 ਕਿਲ੍ਹਾ ਨੰਬਰ 9/2(0-10) ਵਿਕਰੀ ਡੀਡ ਨੰਬਰ 671 ਮਿਤੀ 29.03.2017 ਦੇ ਅਨੁਸਾਰ। (ii) 4 ਮਰਲੇ 5 ਸਰਸਾਈ, 10 ਮਰਲੇ ਜ਼ਮੀਨ ਦਾ 41/90 ਹਿੱਸਾ, ਨੰਬਰ 12 ਕਿਲ੍ਹਾ ਨੰਬਰ 9/2(0-10) ਵਿਕਰੀ ਡੀਡ ਨੰਬਰ 253 ਮਿਤੀ 12.07.2016 ਦੇ ਅਨੁਸਾਰ, ਪਿੰਡ ਸਦਰਦੀਨ ਵਾਲਾ, ਡਾਕਖਾਨਾ ਟਿੱਬੀ ਖੁਰਦ, ਤਹਿਸੀਲ ਮਮਦੋਟ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਰੋਜ ਬਾਲਾ ਪਤਨੀ ਵਿਨੋਦ ਕੁਮਾਰ ਅਤੇ ਸ਼੍ਰੀਮਤੀ ਪ੍ਰੇਮ ਪਤਨੀ ਪਵਨ ਕੁਮਾਰ ਦੇ ਨਾਮ 'ਤੇ ਸਥਿਤ ਹੈ। | 23.04.2025 | 07.07.2025 | Rs. 13,14,471/- (ਰੁਪਏ ਤੇਰਾਂ ਲੱਖ ਚੌਦਾਂ ਹਜ਼ਾਰ ਚਾਰ ਸੌ ਇਕਹੱਤਰ ਕੇਵਲ) ਜਮ੍ਹਾਂ 30.06.2025 ਤੋਂ ਪ੍ਰਭਾਵੀ ਵਿਆਜ + ਫੀਸਾਂ, ਵਸੂਲੀ ਜੇਕਰ ਕੋਈ ਹਨ। |

ਮਿਤੀ : 14.07.2025 ਸਥਾਨ : ਫਿਰੋਜ਼ਪੁਰ ਅਧਿਕਾਰਤ ਅਧਿਕਾਰੀ

---

## ਭਾਰਤੀ ਥਲ ਸੈਨਾ
## JOIN INDIAN ARMY AS AN OFFICER
**www.joinindianarmy.nic.in**

### ਅਧਿਕਾਰੀ ਇੰਦਰਾਜ

1. ਹੇਠ ਲਿਖੇ ਕੋਰਸਾਂ ਲਈ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ:-
   (a) 66ਵਾਂ ਸ਼ਾਰਟ ਸਰਵਿਸ ਕਮਿਸ਼ਨ (ਟੈਕ) ਪੁਰਸ਼ ਕੋਰਸ ਅਪ੍ਰੈਲ 2026।
   (b) 66ਵਾਂ ਸ਼ਾਰਟ ਸਰਵਿਸ ਕਮਿਸ਼ਨ (ਟੈਕ) ਮਹਿਲਾ ਕੋਰਸ ਅਪ੍ਰੈਲ 2026।

2. ਆਨਲਾਈਨ ਅਰਜ਼ੀਆਂ ਹੇਠ ਲਿਖੇ ਅਨੁਸਾਰ ਖੁੱਲ੍ਹਣਗੀਆਂ:-
   (a) SSC (ਟੈਕ) ਕੋਰਸ - ਪੁਰਸ਼ 16 ਜੁਲਾਈ ਤੋਂ 14 ਅਗਸਤ 2025
   (b) SSCW (ਟੈਕ) ਕੋਰਸ - ਮਹਿਲਾ 16 ਜੁਲਾਈ ਤੋਂ 14 ਅਗਸਤ 2025

### OFFICER ENTRIES

1. Applications are invited for the following courses:-
   (a) 66th Short Service Commission (Tech) Men Course Apr 2026.
   (b) 66th Short Service Commission (Tech) Women Course Apr 2026.

2. Online applications will open as under:-
   (a) SSC (Tech) Course - Men 16 Jul to 14 Aug 2025
   (b) SSCW (Tech) Course - Women 16 Jul to 14 Aug 2025

ਨੋਟ :-
1. ਸੈਨਾ ਵਿਚ ਭਰਤੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਮੁਫ਼ਤ ਹੈ। ਦਲਾਲਾਂ ਤੋਂ ਸਾਵਧਾਨ ਰਹੋ।
2. ਵਿਸਥਾਰਤ ਨੋਟੀਫਿਕੇਸ਼ਨ ਅਤੇ ਜਾਣਕਾਰੀ ਦੇ ਲਈ ਕਿਰਪਾ ਕਰਕੇ www.joinindianarmy.nic.in 'ਤੇ ਜਾਓ।

**Note:-**
1. Recruitment in the Army is totally transparent and free. Beware of touts,
2. For detailed Notification, please visit www.joinindianarmy.nic.in.

CBC 10601/11/0025/2526

---

## ਭਾਰਤੀ ਸੈਨਾ
www.joinindianarmy.nic.in
66ਵਾਂ ਅਲਪ ਸੇਵਾ ਕਮਿਸ਼ਨ (ਤਕਨੀਕੀ) ਮਹਿਲਾ (ਅਪ੍ਰੈਲ 2026)

### ਵਿਸ਼ੇਸ਼ਤਾਵਾਂ

*(ਨਿਮਨ ਦਰਸਾਈ ਜਾਣਕਾਰੀ ਕੇਵਲ ਆਮ ਜਾਗਰੂਕਤਾ ਦੇ ਲਈ ਹੈ ਅਤੇ ਕਾਨੂੰਨੀ ਤੌਰ 'ਤੇ ਅਵੈਧ ਹੈ)*
*(**www.joinindianarmy.nic.in**'ਤੇ ਪ੍ਰਕਾਸ਼ਿਤ ਕੋਰਸ ਅਧਿਸੂਚਨਾ ਇਸ ਕੋਰਸ ਲਈ ਲਾਗੂ ਇਕੋ ਇਕ ਅਧਿਕਾਰਤ ਇਸ਼ਤਿਹਾਰ ਹੈ)*

| ਵਰਗ | ਵੇਰਵੇ | ਅਧਿਸੂਚਨਾ ਪੈਰਾ ਨੰ. |
|---|---|---|
| ਦਾਖਲੇ ਦੀ ਕਿਸਮ | ਸ਼ਾਰਟ ਸਰਵਿਸ ਐਂਟਰੀ (ਤਕਨੀਕੀ) (ਐਸਐਸਸੀਡਬਲਿਯੂ(ਟੀ)-66)ਮਹਿਲਾ | ਪੈਰਾ 1 |
| ਉਮਰ | 01 ਅਪ੍ਰੈਲ 2026 ਨੂੰ 20 ਅਤੇ 27 ਸਾਲ | ਪੈਰਾ 2 |
| ਲਈ ਖੁੱਲ੍ਹਾ | ਕੁਆਰੀ ਮਹਿਲਾ | ਪੈਰਾ 1 |
| ਸਿੱਖਿਆ ਯੋਗਤਾ | ਅਧਿਸੂਚਿਤ ਸਟਰੀਮ ਵਿੱਚ ਇੰਜੀਨੀਅਰਿੰਗ ਡਿਗਰੀ | ਪੈਰਾ 3 |
| ਸਵੀਕਾਰਯੋਗ ਧਾਰਾਵਾਂ | ਸੂਚੀਬੱਧ ਅਨੁਸਾਰ | ਪੈਰਾ 3 |
| ਕਿਵੇਂ ਅਪਲਾਈ ਕਰਨਾ ਹੈ | www.joinindianarmy.nic.in 'ਤੇ ਔਨਲਾਈਨ ਅਰਜ਼ੀ ਦਿਓ | ਪੈਰਾ 11 |
| ਅਰਜ਼ੀ ਵਿੰਡੋ | 16 ਜੁਲਾਈ 2025 ਤੋਂ 14 ਅਗਸਤ 2025 | ਪੈਰਾ 15 |
| ਮੈਡੀਕਲ ਸਟੈਂਡਰਡ/ਪ੍ਰੀਖਿਆ | ਜਿਵੇਂ ਕਿ www.joinindianarmy.nic.in 'ਤੇ ਦਿੱਤਾ ਗਿਆ ਹੈ | ਪੈਰਾ 5 |
| ਚੋਣ ਪ੍ਰਕਿਰਿਆ | ਅਰਜ਼ੀ > ਸ਼ਾਰਟਲਿਸਟਿੰਗ > ਐਸ ਐਸ ਬੀ> ਮੈਡੀਕਲ > ਮੈਰਿਟ ਸੂਚੀ > ਜੁਆਇਨਿੰਗ ਲੈਟਰ | ਪੈਰਾ 4 |
| ਸ਼ਾਰਟਲਿਸਟਿੰਗ ਲਈ ਅੰਕਾਂ ਦੇ ਕੱਟ-ਆਫ% ਦੇ ਪ੍ਰਕਾਸ਼ਨ ਦੀ ਮਿਤੀ | ਸਤੰਬਰ 2025 ਦਾ ਪਹਿਲਾ ਹਫ਼ਤਾ | - |
| ਐਸ ਐਸ ਬੀ ਲਈ ਸੰਭਾਵਿਤ ਮਿਆਦ ਅਤੇ ਤਾਰੀਖਾਂ | ਅਕਤੂਬਰ - ਦਸੰਬਰ 2025 ਦੇ ਵਿਚਕਾਰ ਪੰਜ ਦਿਨਾਂ ਐਸਐਸਬੀ (ਸਤੰਬਰ 2025 ਵਿੱਚ ਦੋ ਹਫ਼ਤਿਆਂ ਲਈ ਖੁੱਲ੍ਹੀਆਂ ਐਸਐਸਬੀ ਤਾਰੀਖਾਂ ਲਈ ਵਿਕਲਪ) | - |
| ਪ੍ਰੀ ਕਮਿਸ਼ਨ ਟ੍ਰੇਨਿੰਗ ਅਕੈਡਮੀ | ਅਫਸਰਜ਼ ਟ੍ਰੇਨਿੰਗ ਅਕੈਡਮੀ, ਗਯਾ, ਬਿਹਾਰ | ਪੈਰਾ 7 |
| ਸਿਖਲਾਈ ਦੀ ਮਿਆਦ | ਅਪ੍ਰੈਲ 2026 ਤੋਂ ਮਾਰਚ 2027 ਤੱਕ 49 ਹਫ਼ਤੇ | ਪੈਰਾ 7 (ਬੀ) |
| ਸਿਖਲਾਈ ਦੌਰਾਨ ਵਜ਼ੀਫ਼ਾ | 56,100 ਰੁਪਏ ਪ੍ਰਤੀ ਮਹੀਨਾ | ਪੈਰਾ 9 |
| ਸਿਖਲਾਈ ਤੋਂ ਬਾਅਦ ਰੈਂਕ | ਲੈਫਟੀਨੈਂਟ | ਪੈਰਾ 9 (ਬੀ) |
| ਕਮਿਸ਼ਨਿੰਗ 'ਤੇ ਤਨਖਾਹ | ਸੀਟੀਸੀ ਲਗਭਗ 17-18 ਲੱਖ ਪ੍ਰਤੀ ਸਾਲ (ਮੁਫ਼ਤ ਮੈਡੀਕਲ ਕਵਰ ਅਤੇ ਇੱਕ ਵਾਰ ਆਪਣੇ ਸ਼ਹਿਰ ਦੀ ਯਾਤਰਾ ਨੂੰ ਛੱਡ ਕੇ) ਸਾਲ) | - |
| ਕਮਿਸ਼ਨ ਦੀ ਕਿਸਮ | ਸ਼ਾਰਟ ਸਰਵਿਸ ਕਮਿਸ਼ਨ | ਪੈਰਾ 6 (ਏ) |
| ਘੱਟੋ-ਘੱਟ ਸ਼ਮੂਲੀਅਤ ਦੀ ਮਿਆਦ | 10 ਸਾਲ | ਪੈਰਾ 7 (ਜੀ) |
| ਵੱਧ ਤੋਂ ਵੱਧ ਸ਼ਮੂਲੀਅਤ ਦੀ ਮਿਆਦ | 14 ਸਾਲ | ਪੈਰਾ 7 (ਜੀ) |
| ਰਿਹਾਈ ਲਈ ਵਿਕਲਪ | ਪਹਿਲਾ - 5 ਸਾਲਾਂ ਬਾਅਦ, ਦੂਜਾ 10 ਸਾਲਾਂ ਬਾਅਦ ਅਤੇ ਤੀਜਾ - 14 ਸਾਲਾਂ ਬਾਅਦ | ਪੈਰਾ 7 (ਜੀ) |
| ਸਥਾਈ ਕਮਿਸ਼ਨ ਲਈ ਵਿਕਲਪ | 10 ਸਾਲਾਂ ਬਾਅਦ | ਪੈਰਾ 7 (ਜੀ) |
| ਕਮਿਸ਼ਨ ਲਈ ਪ੍ਰਾਇਮਰੀ ਹਥਿਆਰ / ਸੇਵਾ | ਇੰਜੀਨੀਅਰਾਂ ਦੇ ਕੋਰ, ਸਿਗਨਲ ਕੋਰ ਅਤੇ ਇਲੈਕਟ੍ਰਾਨਿਕਸ ਅਤੇ ਮਕੈਨੀਕਲ ਇੰਜੀਨੀਅਰਾਂ ਦੇ ਕੋਰ। ਉਮੀਦਵਾਰ ਹੋਰ ਹਥਿਆਰਾਂ/ਸੇਵਾ ਵਿੱਚ ਵੀ ਕਮਿਸ਼ਨ ਪ੍ਰਾਪਤ ਕਰ ਸਕਦੇ ਹਨ | - |
| ਰਿਹਾਈ ਲਾਭ | ਰਿਲੀਜ਼ 'ਤੇ ਸੇਵਾ 'ਤੇ ਨਿਰਭਰ ਕਰਦਾ ਹੈ | - |

CBC 10601/11/0022/2526

# ਜਲ ਸੈਨਾ ਦੇ ਨਵੇਂ ਜੰਗੀ ਜਹਾਜ਼, ਆਈਐਨਐਸ 'ਅਰਨਾਲਾ' ਵਿੱਚ ਕੀ ਹੈ ਖਾਸ ?

ਜੁਗਲ ਪੁਰੋਹਿਤ

ਇੰਡੀਅਨ ਨੇਵੀ ਸ਼ਿਪ (ਆਈਐਨਐਸ) ਅਰਨਾਲਾ ਭਾਰਤ ਦਾ ਨਵਾਂ ਅਤਿ-ਆਧੁਨਿਕ ਸਵਦੇਸ਼ੀ ਜੰਗੀ ਜਹਾਜ਼ ਹੈ। ਪਣਡੁੱਬੀ ਮਾਰਕ ਸਮਰੱਥਾਵਾਂ ਨਾਲ ਲੈਸ, ਇਸ ਜੰਗੀ ਜਹਾਜ਼ ਨੇ ਭਾਰਤੀ ਜਲ ਸੈਨਾ ਵਿੱਚ ਇੱਕ ਮਹੱਤਵਪੂਰਨ ਕੜੀ ਜੋੜੀ ਹੈ। ਅਸੀਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸਵਦੇਸ਼ੀ ਜੰਗੀ ਜਹਾਜ਼ ਸਮੁੰਦਰੀ ਸੁਰੱਖਿਆ ਦੇ ਮਾਮਲੇ ਵਿੱਚ ਮਹੱਤਵਪੂਰਨ ਭੂਮਿਕਾ ਕਿਉਂ ਨਿਭਾਉਣ ਜਾ ਰਿਹਾ ਹੈ।

ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦੀ ਲਗਭਗ 95 ਫ਼ੀਸਦ ਅੰਤਰਰਾਸ਼ਟਰੀ ਵਪਾਰਕ ਆਵਾਜਾਈ ਸਮੁੰਦਰੀ ਮਾਰਗਾਂ ਰਾਹੀਂ ਹੁੰਦੀ ਹੈ।

ਇਨ੍ਹਾਂ ਮਾਰਗਾਂ ਵਿੱਚ ਅਰਬ ਸਾਗਰ, ਬੰਗਾਲ ਦੀ ਖਾੜੀ ਅਤੇ ਹਿੰਦ ਮਹਾਸਾਗਰ ਦੇ ਸਮੁੰਦਰੀ ਖੇਤਰ ਸ਼ਾਮਲ ਹਨ। ਇੰਨਾ ਹੀ ਨਹੀਂ, ਇਨ੍ਹਾਂ ਖੇਤਰਾਂ ਵਿੱਚ ਵਿਸ਼ਵਵਿਆਪੀ ਮੁਕਾਬਲਾ ਵੀ ਤੇਜ਼ ਹੋ ਰਿਹਾ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਭਾਰਤ ਦੀ ਆਰਥਿਕਵਿਵਸਥਾ ਸਮੁੰਦਰੀ ਮਾਰਗ 'ਤੇ ਕਿਸ ਹੱਦ ਤੱਕ ਨਿਰਭਰ ਹੈ।

ਸੁਰੱਖਿਆ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਭਾਰਤ ਦੇ ਸਮੁੰਦਰੀ ਤੱਟ ਦੀ ਲੰਬਾਈ 11 ਹਜ਼ਾਰ ਕਿਲੋਮੀਟਰ ਤੋਂ ਵੱਧ ਹੈ। ਇਸ ਪੂਰੇ ਖੇਤਰ ਵਿੱਚ 200 ਤੋਂ ਵੱਧ ਬੰਦਰਗਾਹਾਂ ਅਤੇ ਕਈ ਤੱਟਵਰਤੀ ਸ਼ਹਿਰ ਮੌਜੂਦ ਹਨ।

ਇਸ ਦੇ ਨਾਲ ਹੀ, ਹਿੰਦ ਮਹਾਸਾਗਰ ਖੇਤਰ ਵਿੱਚ ਚੀਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਦੇ ਵਧਦੇ ਜਲ ਸੈਨਾ ਪ੍ਰਭਾਵ ਨੇ ਵੀ ਭਾਰਤ ਲਈ ਸਮੁੰਦਰੀ ਰਣਨੀਤੀ ਨੂੰ ਹੋਰ ਮਹੱਤਵਪੂਰਨ ਬਣਾ ਦਿੱਤਾ ਹੈ।

ਇਸ ਸਭ ਦੇ ਮੱਦੇਨਜ਼ਰ, ਭਾਰਤ ਵੀ ਆਪਣੀਆਂ ਪਣਡੁੱਬੀਆਂ ਦੀ ਗਿਣਤੀ ਅਤੇ ਜਲ ਸੈਨਾ ਦੀ ਸਮਰੱਥਾ ਵਧਾ ਰਿਹਾ ਹੈ। ਇਸੇ ਰਣਨੀਤਕ ਜ਼ਰੂਰਤ ਦੇ ਤਹਿਤ, ਭਾਰਤੀ ਜਲ ਸੈਨਾ ਨੇ ਹਾਲ ਹੀ ਵਿੱਚ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ ਆਈਐਨਐਸ ਅਰਨਾਲਾ ਨੂੰ ਆਪਣੇ ਬੇੜੇ ਵਿੱਚ ਸ਼ਾਮਲ ਕੀਤਾ ਹੈ।

**ਆਈਐਨਐਸ ਅਰਨਾਲਾ ਦੀ ਵਿਸ਼ੇਸ਼ਤਾ ਕੀ ਹੈ?**

ਆਈਐਨਐਸ ਅਰਨਾਲਾ ਭਾਰਤ ਦਾ ਸਭ ਤੋਂ ਨਵਾਂ ਪਣਡੁੱਬੀ-ਰੋਧੀ (ਐਂਟੀ-ਸਬਮਰੀਨ) ਜੰਗੀ ਜਹਾਜ਼ ਹੈ। ਇਹ ਜੰਗੀ ਜਹਾਜ਼ ਕਈ ਮਾਮਲਿਆਂ 'ਚ ਵਿਸ਼ੇਸ਼ ਹੈ। ਇਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਮੁੰਦਰ ਵਿੱਚ ਘੱਟ ਡੂੰਘਾਈ ਵਾਲੇ ਖੇਤਰਾਂ ਵਿੱਚ ਭਾਵ ਤੱਟ ਦੇ ਨੇੜੇ ਵੀ ਦੁਸ਼ਮਣ ਪਣਡੁੱਬੀਆਂ ਨੂੰ ਲੱਭ ਸਕਦਾ ਹੈ।

ਆਈਐਨਐਸ ਅਰਨਾਲਾ ਵਰਗੇ ਜੰਗੀ ਜਹਾਜ਼ ਦੀ ਜਲ ਸੈਨਾ ਨੂੰ ਕਿੰਨੀ ਲੋੜ ਹੈ, ਇਸ ਗੱਲ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਆਉਣ ਵਾਲੇ ਕੁਝ ਸਾਲਾਂ ਵਿੱਚ, ਭਾਰਤੀ ਜਲ ਸੈਨਾ ਦੇ ਬੇੜੇ ਵਿੱਚ 15 ਹੋਰ ਅਜਿਹੇ ਜੰਗੀ ਜਹਾਜ਼ ਸ਼ਾਮਲ ਕੀਤੇ ਜਾਣਗੇ।

ਰੱਖਿਆ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, 16 ਜਹਾਜ਼ਾਂ ਦੇ ਇਸ ਪ੍ਰੋਜੈਕਟ ਦੀ ਕੁੱਲ ਲਾਗਤ ਬਾਰਾਂ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ।

ਇਹ ਜਹਾਜ਼ ਕੋਲਕਾਤਾ ਦੇ ਗਾਰਡਨ ਰੀਚ ਸ਼ਿਪਬਿਲਡਰਸ ਐਂਡ ਇੰਜੀਨੀਅਰਜ਼ ਲਿਮਿਟਿਡ (ਜੀਆਰਐਸਈਸੀ ਸ਼ਿਪਯਾਰਡ) ਅਤੇ ਕੋਚੀ ਦੇ ਕੋਚੀਨ ਸ਼ਿਪਯਾਰਡ ਵਿੱਚ 'ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ' ਅਧੀਨ ਬਣਾਏ ਜਾ ਰਹੇ ਹਨ।

ਜਿਸ ਦਿਨ ਟੀਮ ਆਈਐਨਐਸ ਅਰਨਾਲਾ ਪਹੁੰਚੀ, ਇਸ 'ਤੇ ਤਾਇਨਾਤ ਜਲ ਸੈਨਾ ਅਧਿਕਾਰੀਆਂ ਅਤੇ ਫੌਜੀਆਂ ਲਈ ਇਹ ਇੱਕ ਆਮ ਦਿਨ ਸੀ। ਜੰਗੀ ਜਹਾਜ਼ 'ਤੇ ਕਈ ਤਰ੍ਹਾਂ ਦੇ ਸਮਾਨ ਲਿਆਂਦੇ ਜਾ ਰਹੇ ਸਨ। ਇਸ ਹਲਚਲ ਅਤੇ ਸ਼ੋਰ-ਸ਼ਰਾਬੇ ਦੇ ਵਿਚਕਾਰ ਅਸੀਂ ਆਈਐਨਐਸ ਅਰਨਾਲਾ ਦੇ ਅੰਦਰ ਗਏ। ਇੱਕ ਜੰਗੀ ਜਹਾਜ਼ ਵਿੱਚ ਵੱਖ-ਵੱਖ ਤਰ੍ਹਾਂ ਦੇ ਸੈਂਸਰ, ਹਥਿਆਰ, ਇੰਜਣ ਅਤੇ ਸੰਚਾਰ ਦੇ ਸਾਧਨ ਆਦਿ ਹੁੰਦੇ ਹਨ। ਇਸ ਲਈ, ਇਸਦੇ ਅੰਦਰ ਤੁਰਨ-ਫਿਰਨ ਲਈ ਜ਼ਿਆਦਾ ਜਗ$ਹਾ ਨਹੀਂ ਹੁੰਦੀ। ਅਸੀਂ ਆਈਐਨਐਸ ਅਰਨਾਲਾ ਵਿੱਚ ਵੀ ਇਹੀ ਚੀਜ਼ ਦੇਖੀ।

ਆਈਐਨਐਸ ਅਰਨਾਲਾ ਦੇ ਅੰਦਰ ਛੇ ਮੰਜ਼ਿਲਾਂ ਹਨ ਅਤੇ ਲੋਕ ਪੌੜੀਆਂ ਦੀ ਮਦਦ ਨਾਲ ਉੱਪਰ-ਹੇਠਾਂ ਜਾਂਦੇ ਹਨ।

**ਆਈਐਨਐਸ ਅਰਨਾਲਾ ਦੇ ਕਮਾਂਡਿੰਗ ਅਫਸਰ ਕੀ ਕਹਿੰਦੇ ਹਨ?**

ਦੁਸ਼ਮਣ ਪਣਡੁੱਬੀਆਂ ਦਾ ਪਤਾ ਲਗਾਉਣ ਲਈ ਇਸ ਜੰਗੀ ਜਹਾਜ਼ ਵਿੱਚ ਕਈ ਤਰ੍ਹਾਂ ਦੇ 'ਸੋਨਾਰ ਸਿਸਟਮ' ਲਗਾਏ ਗਏ ਹਨ। 'ਸੋਨਾਰ' ਦਾ ਅਰਥ ਹੈ - ਸਾਊਂਡ ਨੈਵੀਗੇਸ਼ਨ ਐਂਡ ਰੇਂਜਿੰਗ।



ਇਹ ਇੱਕ ਵਿਸ਼ੇਸ਼ ਤਕਨੀਕ ਹੈ। ਇਸ ਰਾਹੀਂ ਪਾਣੀ ਦੇ ਹੇਠਾਂ ਮੌਜੂਦ ਪਣਡੁੱਬੀਆਂ ਦਾ ਧੁਨੀ ਤਰੰਗਾਂ ਦੀ ਮਦਦ ਨਾਲ ਪਤਾ ਲਗਾਇਆ ਜਾ ਸਕਦਾ ਹੈ। ਇਹ ਬਹੁਤ ਮਹੱਤਵਪੂਰਨ ਹੈ ਕਿਉਂਕਿ ਦੁਸ਼ਮਣ ਪਣਡੁੱਬੀ 'ਤੇ ਹਮਲਾ ਉਦੋਂ ਹੀ ਕੀਤਾ ਜਾ ਸਕਦਾ ਹੈ ਜਦੋਂ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਕਿੱਥੇ ਮੌਜੂਦ ਹੈ।

ਇਸ ਐਂਟੀ-ਸਬਮਰੀਨ ਜੰਗੀ ਜਹਾਜ਼ ਦੀ ਘਾਤਕ ਸਮਰੱਥਾ ਨੂੰ ਸਮਝਣ ਲਈ, ਅਸੀਂ ਆਈਐਨਐਸ ਅਰਨਾਲਾ ਦੇ ਕੈਪਟਨ ਜਾਂ ਕਮਾਂਡਿੰਗ ਅਫਸਰ, ਕਮਾਂਡਰ ਅੰਕਿਤ ਗਰੋਵਰ ਨਾਲ ਗੱਲ ਕੀਤੀ।

ਉਨ੍ਹਾਂ ਦੱਸਿਆ, ਇਸ ਵਿੱਚ ਸਾਡੇ ਕੋਲ ਕਈ ਤਰ੍ਹਾਂ ਦੇ ਐਂਟੀ-ਸਬਮਰੀਨ ਹਥਿਆਰ ਹਨ। ਇਸ ਵਿੱਚ ਸਵਦੇਸ਼ੀ ਰਾਕੇਟ ਲਾਂਚਰ ਹਨ। ਇਹ ਰਾਕੇਟਾਂ ਨਾਲ ਪਣਡੁੱਬੀਆਂ 'ਤੇ ਹਮਲਾ ਕਰਦੇ ਹਨ।

ਇਸ ਜਹਾਜ਼ ਵਿੱਚ ਟਾਰਪੀਡੋ ਟਿਊਬਾਂ ਹਨ ਜਿੱਥੋਂ ਪਣਡੁੱਬੀਆਂ 'ਤੇ ਟਾਰਪੀਡੋ ਫਾਇਰ ਕੀਤੇ ਜਾਣਗੇ। ਸਾਡੇ ਕੋਲ 'ਐਂਟੀ-ਟਾਰਪੀਡੋ ਡੀਕੋਏ ਸਿਸਟਮ' ਵੀ ਹੈ। ਜੇਕਰ ਕੋਈ ਦੁਸ਼ਮਣ ਪਣਡੁੱਬੀ ਇਸ ਜੰਗੀ ਜਹਾਜ਼ 'ਤੇ ਟਾਰਪੀਡੋ ਫਾਇਰ ਕਰਦੀ ਹੈ, ਤਾਂ ਇਹ ਸਿਸਟਮ ਸਾਨੂੰ ਇਸ ਤੋਂ ਬਚਣ ਵਿੱਚ ਮਦਦ ਕਰੇਗਾ।

**ਅਰਨਾਲਾ ਵਿੱਚ ਹੋਰ ਕੀ-ਕੀ ਹੈ?**

ਇਹ ਜੰਗੀ ਜਹਾਜ਼ 77 ਮੀਟਰ ਲੰਬਾ ਹੈ, ਯਾਨੀ ਕਿ ਲਗਭਗ 26 ਮੰਜ਼ਿਲਾ ਇਮਾਰਤ ਦੀ ਉਚਾਈ ਦੇ ਬਰਾਬਰ ਹੈ।

ਜਲ ਸੈਨਾ ਦੇ ਅਨੁਸਾਰ, ਇਸ ਵਿੱਚ 30 ਐਮਐਮ ਸਰਫੇਸ ਗਨ ਹੈ। ਇਹ ਸਤਹਾ ਅਤੇ ਹਵਾ ਤੋਂ ਹੋਣ ਵਾਲੇ ਹਮਲਿਆਂ ਖ਼ਿਲਾਫ਼ ਜਵਾਬੀ ਕਾਰਵਾਈ ਦੇ ਸਮਰੱਥ ਹੈ।

ਅੰਤ ਵਿੱਚ, ਇਸ ਵਿੱਚ ਬਾਰੂਦੀ ਸੁਰੰਗਾਂ ਵਿਛਾਉਣ ਦੀ ਸਮਰੱਥਾ ਵੀ ਹੈ। ਇਸ ਨਾਲ, ਦੁਸ਼ਮਣ ਦੀ ਪਣਡੁੱਬੀ 'ਤੇ ਹਮਲਾ ਕੀਤਾ ਜਾ ਸਕਦਾ ਹੈ।

ਆਈਐਨਐਸ ਅਰਨਾਲਾ ਦੀ ਇੱਕ ਹੋਰ ਵਿਸ਼ੇਸ਼ਤਾ ਹੈ - ਇਸਦਾ ਇੰਜਣ। ਜਲ ਸੈਨਾ ਦੇ ਅਨੁਸਾਰ, ਡੀਜ਼ਲ ਇੰਜਣ ਅਤੇ ਵਾਟਰਜੈੱਟ ਤਕਨਾਲੋਜੀ ਨਾਲ ਚੱਲਣ ਵਾਲਾ ਇਹ ਸਭ ਤੋਂ ਵੱਡਾ ਜੰਗੀ ਜਹਾਜ਼ ਹੈ।

ਇਸਦੇ ਇੰਜਣ ਰੂਮ ਨੂੰ ਨੇੜਿਓਂ ਦੇਖਿਆ। ਇੱਥੇ ਸਾਡੀ ਮੁਲਾਕਾਤ ਮੁਲਾਇਮ ਸਿੰਘ ਨਾਲ ਹੋਈ। ਉਹ ਆਈਐਨਐਸ ਅਰਨਾਲਾ ਦੇ ਚਾਲਕ ਦਲ ਦਾ ਹਿੱਸਾ ਹਨ ਅਤੇ ਇੰਜਣ ਰੂਮ ਦਾ ਕੰਮ ਦੇਖਦੇ ਹਨ।

ਉਨ੍ਹਾਂ ਦੇ ਅਨੁਸਾਰ, ਇਸ ਇੰਜਣ ਦੇ ਤਿੰਨ ਫਾਇਦੇ ਹਨ। ਸਭ ਤੋਂ ਪਹਿਲਾਂ, ਅਜਿਹਾ ਇੰਜਣ ਇਸ ਜੰਗੀ ਜਹਾਜ਼ ਨੂੰ ਤੇਜ਼ ਰਫ਼ਤਾਰ ਦਿੰਦਾ ਹੈ। ਦੂਜਾ, ਇਹ ਇੰਜਣ ਜੰਗੀ ਜਹਾਜ਼ ਦੀ ਦਿਸ਼ਾ ਆਸਾਨੀ ਨਾਲ ਬਦਲਣ ਵਿੱਚ ਵੀ ਮਦਦ ਕਰਦਾ ਹੈ ਅਤੇ ਤੀਜਾ, ਇਸ ਤੋਂ ਘੱਟ ਆਵਾਜ਼ ਆਉਂਦੀ ਹੈ।"

ਉਨ੍ਹਾਂ ਦੱਸਿਆ, ਮਤਲਬ, ਜੇਕਰ ਕੋਈ ਦੁਸ਼ਮਣ ਪਣਡੁੱਬੀ ਨੇੜੇ ਹੋਵੇ ਤਾਂ ਉਹ ਆਈਐਨਐਸ ਅਰਨਾਲਾ ਦੇ ਸ਼ਾਂਤ ਇੰਜਣ ਕਾਰਨ ਇਸਨੂੰ ਆਸਾਨੀ ਨਾਲ ਨਹੀਂ ਫੜ ਸਕੇਗੀ। ਇਸਦੇ ਉਲਟ, ਇਹ ਜੰਗੀ ਜਹਾਜ਼ ਦੁਸ਼ਮਣ ਪਣਡੁੱਬੀ 'ਤੇ ਪਹਿਲਾਂ ਹਮਲਾ ਕਰ ਸਕਦਾ ਹੈ।

ਇਸ ਜੰਗੀ ਜਹਾਜ਼ 'ਤੇ 100 ਤੋਂ ਵੱਧ ਅਧਿਕਾਰੀ ਅਤੇ ਜਵਾਨ ਤਾਇਨਾਤ ਹਨ।

ਇਨ੍ਹਾਂ ਸਾਰਿਆਂ ਲਈ ਜੰਗੀ ਜਹਾਜ਼ 'ਤੇ ਰਹਿਣ, ਖਾਣ-ਪੀਣ ਅਤੇ ਮਨੋਰੰਜਨ ਦੀਆਂ ਸਹੂਲਤਾਂ ਕਿਹੋ ਜਿਹੀਆਂ ਹਨ।

ਕੋਮੋਡੋਰ ਰਜਨੀਸ਼ ਸ਼ਰਮਾ ਇੱਕ ਸੀਨੀਅਰ ਜਲ ਸੈਨਾ ਅਧਿਕਾਰੀ ਹਨ। ਉਹ ਜਲ ਸੈਨਾ ਦੇ ਆਂਧਰਾ ਪ੍ਰਦੇਸ਼ ਖੇਤਰ ਦੇ ਇੰਚਾਰਜ ਹਨ।

ਵਿਸ਼ਾਖਾਪਟਨਮ ਵਿੱਚ ਇੱਕ ਮੁਲਾਕਾਤ ਦੌਰਾਨ ਉਨ੍ਹਾਂ ਕਿਹਾ, ਭਵਿੱਖ ਵਿੱਚ, ਇਨ੍ਹਾਂ 16 ਜਹਾਜ਼ਾਂ ਵਿੱਚੋਂ ਅੱਠ ਪੱਛਮੀ ਤੱਟ 'ਤੇ ਅਤੇ ਅੱਠ ਪੂਰਬੀ ਤੱਟ 'ਤੇ ਤਾਇਨਾਤ ਕੀਤੇ ਜਾਣਗੇ।

ਦਰਅਸਲ, ਇਹ ਜਹਾਜ਼ ਸਾਨੂੰ ਪਾਣੀ ਦੇ ਹੇਠਾਂ ਬਿਹਤਰ ਨਿਗਰਾਨੀ ਕਰਨ ਅਤੇ ਦੁਸ਼ਮਣ ਪਣਡੁੱਬੀਆਂ ਦਾ ਪਤਾ ਲਗਾਉਣ ਦੀ ਬਹੁਤ ਸਮਰੱਥਾ ਦਿੰਦੇ ਹਨ। ਇਹ ਇੱਕ ਅਜਿਹੀ ਸਮਰੱਥਾ ਹੈ ਜੋ ਸਾਨੂੰ ਤੱਟਵਰਤੀ ਖੇਤਰਾਂ ਵਿੱਚ ਆਸਾਨੀ ਨਾਲ ਉਪਲੱਬਧ ਨਹੀਂ ਸੀ।

**'ਅਰਨਾਲਾ' ਨਾਮ ਦੇ ਪਿੱਛੇ ਕੀ ਕਹਾਣੀ ਹੈ?**

ਹਾਲਾਂਕਿ, ਅਸੀਂ ਅਰਨਾਲਾ ਜੰਗੀ ਜਹਾਜ਼ ਵਿਸ਼ਾਖਾਪਟਨਮ ਵਿੱਚ ਦੇਖਿਆ, ਪਰ ਇਸ ਦੀਆਂ ਤਾਰਾਂ ਦੇਸ਼ ਦੀ ਵਿੱਤੀ ਰਾਜਧਾਨੀ ਮੁੰਬਈ ਦੇ ਵਸਈ ਖੇਤਰ ਨਾਲ ਵੀ ਜੁੜੀਆਂ ਹੋਈਆਂ ਹਨ। ਵਸਈ ਦੇ ਨੇੜੇ ਤੱਟ 'ਤੇ ਇੱਕ ਕਿਲ੍ਹਾ ਹੈ। ਇਸਦਾ ਨਾਮ ਅਰਨਾਲਾ ਹੈ।

ਜਲ ਸੈਨਾ ਦੇ ਅਨੁਸਾਰ, ਇਹ ਕਿਲ੍ਹਾ 1737 ਵਿੱਚ ਮਰਾਠਾ ਸਾਮਰਾਜ ਦੌਰਾਨ ਦੁਸ਼ਮਣ ਦੇ ਹਮਲਿਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ।

ਦਰਅਸਲ, ਜਲ ਸੈਨਾ ਕੋਲ ਪਹਿਲਾਂ ਵੀ ਅਰਨਾਲਾ ਨਾਮ ਦਾ ਇੱਕ ਜੰਗੀ ਜਹਾਜ਼ ਸੀ ਪਰ ਇਸਨੂੰ ਕਈ ਸਾਲ ਪਹਿਲਾਂ ਡੀਕਮਿਸ਼ਨ ਕਰ ਦਿੱਤਾ ਗਿਆ ਸੀ।

**ਚੀਨ ਅਤੇ ਪਾਕਿਸਤਾਨ ਦੀ ਜਲ ਸੈਨਾ ਸਮਰੱਥਾ ਕਿੰਨੀ ਹੈ?**

ਪਿਛਲੇ ਸਾਲ, ਅਮਰੀਕੀ ਰੱਖਿਆ ਮੰਤਰਾਲੇ ਨੇ ਇੱਕ ਰਿਪੋਰਟ ਵਿੱਚ ਚੀਨੀ ਜਲ ਸੈਨਾ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਜਲ ਸੈਨਾ ਦੱਸਿਆ ਸੀ। ਉਸ ਰਿਪੋਰਟ ਦੇ ਅਨੁਸਾਰ, ਚੀਨ ਕੋਲ 370 ਤੋਂ ਵੱਧ ਜੰਗੀ ਜਹਾਜ਼ ਅਤੇ ਪਣਡੁੱਬੀਆਂ ਹਨ।

ਇਸੇ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਪਾਕਿਸਤਾਨ ਦੀ ਜਲ ਸੈਨਾ ਦੀ ਤਾਕਤ ਵਧਾਉਣ ਵਿੱਚ ਚੀਨ ਦੀ ਵੱਡੀ ਭੂਮਿਕਾ ਹੈ।

ਸਾਲ 2015 ਵਿੱਚ, ਪਾਕਿਸਤਾਨ ਨੇ ਚੀਨ ਤੋਂ ਅੱਠ ਪਣਡੁੱਬੀਆਂ ਖਰੀਦਣ ਦਾ ਸੌਦਾ ਕੀਤਾ ਸੀ। ਉਨ੍ਹਾਂ ਦੀ ਕੁੱਲ ਕੀਮਤ ਤਿੰਨ ਅਰਬ ਅਮਰੀਕੀ ਡਾਲਰ ਤੋਂ ਵੱਧ ਦੱਸੀ ਜਾਂਦੀ ਹੈ।

ਦਸੰਬਰ 2024 ਵਿੱਚ, ਭਾਰਤੀ ਜਲ ਸੈਨਾ ਦੇ ਮੁਖੀ ਐਡਮਿਰਲ ਦਿਨੇਸ਼ ਤ੍ਰਿਪਾਠੀ ਨੇ ਵੀ ਪਾਕਿਸਤਾਨ ਦੀ ਜਲ ਸੈਨਾ ਦੀਆਂ ਸਮਰੱਥਾਵਾਂ 'ਤੇ ਹੈਰਾਨੀ ਪ੍ਰਗਟ ਕੀਤੀ ਸੀ।

ਰੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸਥਿਤੀ ਵਿੱਚ, ਆਈਐਨਐਸ ਅਰਨਾਲਾ ਵਰਗੇ ਜੰਗੀ ਜਹਾਜ਼ ਭਾਰਤ ਲਈ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਣਗੇ।

**ਮਾਹਰ ਕੀ ਕਹਿੰਦੇ ਹਨ**

ਜਲ ਸੈਨਾ ਵਿੱਚ ਹੈਲੀਕਾਪਟਰ ਪਾਇਲਟ ਰਹਿ ਚੁੱਕੇ ਅਤੇ ਪਣਡੁੱਬੀ ਰੋਧੀ ਰਣਨੀਤੀ ਦੇ ਮਾਹਰ ਕੈਪਟਨ (ਸੇਵਾਮੁਕਤ) ਸਰਬਜੀਤ ਐਸ ਪਰਮਾਰ ਨਾਲ ਗੱਲ ਕੀਤੀ।

ਉਨ੍ਹਾਂ ਦੱਸਿਆ, 1971 ਦੀ ਜੰਗ ਵਿੱਚ, ਪਾਕਿਸਤਾਨ ਦੀ ਗਾਜ਼ੀ ਪਣਡੁੱਬੀ ਵਿਸ਼ਾਖਾਪਟਨਮ ਬੰਦਰਗਾਹ ਦੇ ਬਿਲਕੁਲ ਬਾਹਰ ਪਾਈ ਗਈ ਸੀ। ਇਹ ਦਰਸਾਉਂਦਾ ਹੈ ਕਿ ਅਤੀਤ ਵਿੱਚ ਅਤੇ ਸ਼ਾਇਦ ਭਵਿੱਖ ਦੇ ਸੰਘਰਸ਼ਾਂ ਵਿੱਚ ਵੀ, ਬੰਦਰਗਾਹਾਂ ਅਤੇ ਜਹਾਜ਼ਾਂ ਨੂੰ ਦੁਸ਼ਮਣ ਪਣਡੁੱਬੀਆਂ ਦੁਆਰਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਮੁਤਾਬਕ, ਪਣਡੁੱਬੀਆਂ ਵਿਰੁੱਧ ਜੰਗ ਸਭ ਤੋਂ ਗੁੰਝਲਦਾਰ ਜੰਗਾਂ ਵਿੱਚੋਂ ਇੱਕ ਹੈ।

ਉਹ ਕਹਿੰਦੇ ਹਨ, ਤੁਹਾਡੇ ਤੱਟ ਦੇ ਨੇੜੇ ਦੁਸ਼ਮਣ ਪਣਡੁੱਬੀ ਦੀ ਮੌਜੂਦਗੀ ਦਾ ਮਤਲਬ ਹੈ ਕਿ ਬੇੜੇ ਨੂੰ ਅੱਗੇ ਵਧਣ ਤੋਂ ਪਹਿਲਾਂ ਉਸ ਖ਼ਤਰੇ ਨਾਲ ਨਜਿੱਠਣਾ ਪਵੇਗਾ। ਇਹ ਬੇੜੇ ਦੀਆਂ ਗਤੀਵਿਧੀਆਂ ਨੂੰ ਪ੍ਰਭਾਵਿਤ ਕਰੇਗਾ। ਦੁਸ਼ਮਣ 'ਤੇ ਹਮਲਾ ਕਰਨ ਲਈ ਉਸ ਬੇੜੇ ਲਈ ਬਾਹਰ ਜਾਣ 'ਚ ਮੁਸ਼ਕਲ ਹੋਵੇਗੀ। ਇੱਥੋਂ ਤੱਕ ਕਿ ਬੰਦਰਗਾਹਾਂ ਅਤੇ ਮਾਲ ਦੀ ਆਵਾਜਾਈ ਵਾਲੇ ਜਹਾਜ਼ ਵੀ ਪ੍ਰਭਾਵਿਤ ਹੋਣਗੇ।

ਕੈਪਟਨ (ਸੇਵਾਮੁਕਤ) ਸਰਬਜੀਤ ਕਹਿੰਦੇ ਹਨ, ਪਰ ਜਦੋਂ ਤੁਹਾਡੇ ਕੋਲ ਅਰਨਾਲਾ ਵਰਗਾ ਸਮਰਪਿਤ ਪਣਡੁੱਬੀ-ਰੋਧੀ ਜੰਗੀ ਬੇੜਾ ਹੈ... ਤਾਂ ਇਸਦਾ ਮਤਲਬ ਹੈ ਕਿ ਵੱਡੇ ਜਹਾਜ਼ਾਂ ਨੂੰ ਰੋਕੇ ਬਿਨਾਂ ਇਹ ਦੁਸ਼ਮਣ ਪਣਡੁੱਬੀਆਂ ਨੂੰ ਲੱਭ ਕੇ ਨਸ਼ਟ ਕਰ ਸਕਦਾ ਹੈ।

ਉਨ੍ਹਾਂ ਕਿਹਾ, ਇਹ ਬੇੜੇ ਖਾਸ ਕਰਕੇ ਵੱਡੇ ਜਹਾਜ਼ਾਂ ਨੂੰ ਉਨ੍ਹਾਂ ਦੇ ਮਿਸ਼ਨਾਂ ਨੂੰ ਪੂਰਾ ਕਰਨ ਲਈ ਆਜ਼ਾਦ ਕਰੇਗਾ। ਇਸਦੀ ਮੌਜੂਦਗੀ ਬੰਦਰਗਾਹਾਂ ਨੂੰ ਵੀ ਕਾਰਜਸ਼ੀਲ ਰੱਖੇਗੀ।"

"ਹਾਲਾਂਕਿ, ਜਲ ਸੈਨਾ ਨੇ 16 ਅਜਿਹੇ ਜਹਾਜ਼ਾਂ ਦਾ ਆਰਡਰ ਦਿੱਤਾ ਹੈ। ਇਹ ਜਲ ਸੈਨਾ ਦੁਆਰਾ ਇੱਕੋ ਸਮੇਂ ਦਿੱਤੇ ਗਏ ਸਭ ਤੋਂ ਵੱਡੇ ਆਰਡਰਾਂ ਵਿੱਚੋਂ ਇੱਕ ਹੈ। ਜਲ ਸੈਨਾ ਨੂੰ ਅਜਿਹੇ ਜਹਾਜ਼ਾਂ ਦਾ ਉਤਪਾਦਨ ਜਾਰੀ ਰੱਖਣਾ ਚਾਹੀਦਾ ਹੈ। ਨਾਲ ਹੀ, ਉਨ੍ਹਾਂ ਦੀ ਮੌਜੂਦਗੀ ਹਰ ਸਮੇਂ ਯਕੀਨੀ ਬਣਾਈ ਜਾਣੀ ਚਾਹੀਦੀ ਹੈ।"

# ਸਮੇਂ ਦੀ ਲੋੜ ਬਣਿਆ 'ਡਿਜੀਟਲ ਡੀਟੌਕਸ'

ਜਗਜੀਤ ਸਿੰਘ ਗਣੇਸ਼ਪੁਰ
94655-76022

ਮੌਜੂਦਾ ਸਮੇਂ ਸੂਚਨਾ ਤਕਨੀਕੀ ਸਾਧਨਾਂ ਨੇ ਜਿੱਥੇ ਸਾਡੇ ਲਈ ਗਿਆਨ ਅਤੇ ਸੰਚਾਰ ਦੇ ਨਵੇਂ ਰਾਹ ਖੋਲ੍ਹੇ ਹਨ, ਉੱਥੇ ਹੀ ਇਸ ਦੀ ਹੱਦ ਤੋਂ ਵੱਧ ਵਰਤੋਂ ਪੂਰੀ ਦੁਨੀਆ ਵਿੱਚ ਇੱਕ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਸ ਹੀ ਸੰਦਰਭ ਵਿੱਚ 'ਡਿਜੀਟਲ ਡੀਟੌਕਸ' ਸ਼ਬਦ ਵਰਤਮਾਨ ਸਮੇਂ ਬਹੁਤ ਚਰਚਾ ਵਿੱਚ ਬਣਿਆ ਹੋਇਆ ਹੈ। ਜੇਕਰ ਇਸ ਟਰਮ ਦੇ ਅਰਥਾਂ ਬਾਰੇ ਗੱਲ ਕਰੀਏ ਤਾਂ ਇਸ ਤੋਂ ਭਾਵ ਉਸ ਸਮੇਂ ਦੇ ਅੰਤਰਾਲ ਤੋਂ ਲਿਆ ਜਾਂਦਾ ਹੈ, ਜਦੋਂ ਕੋਈ ਵਿਅਕਤੀ ਜਾਣ-ਬੁੱਝ ਕੇ ਡਿਜੀਟਲ ਉਪਕਰਨਾਂ ਅਤੇ ਆਨਲਾਈਨ ਮੰਚਾਂ ਦੀ ਵਰਤੋਂ ਨੂੰ ਘਟਾਉਂਦਾ ਜਾਂ ਖ਼ਤਮ ਕਰਦਾ ਹੈ, ਤਾਂ ਜੋ ਮਨ ਅਤੇ ਸਰੀਰ ਨੂੰ ਤਕਨੀਕ ਦੀ ਨਿਰੰਤਰ ਉਤੇਜਨਾ ਤੋਂ ਨਿਜਾਤ ਮਿਲ ਸਕੇ। ਇਸ ਵਿੱਚ ਸੋਸ਼ਲ ਮੀਡੀਆ, ਈਮੇਲ, ਸਮਾਰਟ ਫੋਨ, ਕੰਪਿਊਟਰ ਅਤੇ ਇੱਥੋਂ ਤੱਕ ਕਿ ਆਮ ਤੌਰ 'ਤੇ ਇੰਟਰਨੈੱਟ ਤੋਂ ਵੀ ਬਰੇਕ ਲੈਣਾ ਸ਼ਾਮਲ ਹੋ ਸਕਦਾ ਹੈ। ਇਸ ਦਾ ਸਮਾਂ ਹਫ਼ਤੇ ਵਿੱਚ ਇੱਕ ਦਿਨ, ਮਹੀਨੇ ਵਿੱਚ ਇੱਕ ਹਫ਼ਤਾ, ਕਿਸੇ ਵੇਲੇ ਪੂਰਾ ਮਹੀਨਾ ਜਾਂ ਇਸ ਤੋਂ ਵੀ ਵੱਧ ਹੋ ਸਕਦਾ ਹੈ।



ਡਿਜੀਟਲ ਦੁਨੀਆ ਤੋਂ ਭਾਵ ਉਨ੍ਹਾਂ ਸਾਧਨਾਂ ਜਾਂ ਉਪਕਰਨਾਂ ਤੋਂ ਹੈ ਜਿਨ੍ਹਾਂ ਜ਼ਰੀਏ ਅਸੀਂ ਇੰਟਰਨੈੱਟ/ਨੈੱਟਵਰਕ ਉੱਪਰ ਸੰਚਾਰ/ਕੰਮਕਾਜ ਕਰਦੇ ਹਾਂ। ਹੁਣ ਤੁਹਾਡੇ ਮਨ ਅੰਦਰ ਇਹ ਸਵਾਲ ਜ਼ਰੂਰ ਉੱਠਦੇ ਹੋਣਗੇ ਕਿ ਅਜਿਹਾ ਕੀ ਹੋ ਗਿਆ ਕਿ ਸਾਨੂੰ ਇਨ੍ਹਾਂ ਉਪਕਰਨਾਂ/ਸਾਧਨਾਂ ਤੋਂ ਬਗੈਰ ਸਮਾਂ ਬਿਤਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ? ਇਸ ਦੇ ਉੱਤਰ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਸਮੇਂ ਦੁਨੀਆ ਦੇ ਬਹੁਤ ਸਾਰੇ ਅਧਿਐਨਾਂ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ ਕਿ ਦੁਨੀਆ ਦੀ ਇੱਕ ਵੱਡੀ ਗਿਣਤੀ ਇਨ੍ਹਾਂ ਉਪਕਰਨਾਂ ਖ਼ਾਸ ਤੌਰ 'ਤੇ ਸਮਾਰਟ ਫੋਨ, ਸੋਸ਼ਲ ਮੀਡੀਆ ਦੀ ਲਤ ਦਾ ਸ਼ਿਕਾਰ ਹੋ ਗਈ ਹੈ। ਸਵੇਰੇ ਸ਼ਾਮ ਫੋਨ 'ਤੇ ਸੋਸ਼ਲ ਮੀਡੀਆ ਉੱਪਰ ਸਮਾਂ ਬਿਤਾਉਣਾ ਇੱਕ ਆਮ ਵਰਤਾਰਾ ਬਣ ਗਿਆ ਹੈ। ਹੁਣ ਸਾਡੀ ਸਵੇਰ ਸੋਸ਼ਲ ਮੀਡੀਆ ਉੱਪਰ ਉਂਗਲਾਂ ਦੇ ਟੱਚ ਨਾਲ ਹੀ ਸ਼ੁਰੂ ਹੁੰਦੀ ਹੈ ਅਤੇ ਅੱਖਾਂ ਵਿੱਚ ਰਾਤ ਨੂੰ ਨੀਂਦ ਆਉਣ ਤੱਕ ਇਹ ਉਂਗਲਾਂ ਸਮਾਰਟ ਫੋਨ ਉੱਪਰ ਹੀ ਹੁੰਦੀਆਂ ਹਨ, ਜਿਸ ਨਾਲ ਸਾਡੇ ਸਰੀਰ ਅਤੇ ਦਿਮਾਗ ਉੱਪਰ ਕਈ ਨਕਾਰਾਤਮਕ ਪ੍ਰਭਾਵ ਪੈ ਰਹੇ ਹਨ ਜਿਵੇਂ ਤਣਾਅ, ਉਦਾਸੀ, ਚਿੰਤਾ, ਇਕੱਲਾਪਣ, ਨੀਂਦ ਵਿੱਚ ਵਿਘਨ, ਖਾਣ-ਪੀਣ ਦੀਆਂ ਆਦਤਾਂ ਵਿੱਚ ਵਿਗਾੜ, ਆਪਣੇ ਆਲੇ-ਦੁਆਲੇ ਲੋਕਾਂ ਨਾਲ ਘੱਟ ਗੱਲਬਾਤ, ਪੜ੍ਹਾਈ ਅਤੇ ਕੰਮਕਾਜ ਵਿੱਚ ਨੁਕਸਾਨ ਆਦਿ।

ਕਰੋਨਾ ਕਾਲ ਦੌਰਾਨ ਤਾਂ ਇਸ ਦੀ ਵਰਤੋਂ ਹੋਰ ਵੀ ਵਧ ਗਈ ਹੈ। ਜਿਵੇਂ ਕਿਸੇ ਇਨਸਾਨ ਨੂੰ ਨਸ਼ੇ ਦੀ ਲਤ ਲੱਗ ਜਾਂਦੀ ਹੈ ਉਵੇਂ ਹੀ ਅੱਜ ਦੇ ਸਮੇਂ ਬੱਚੇ/ਨੌਜਵਾਨ ਇਨ੍ਹਾਂ ਸਾਧਨਾਂ ਦੀ ਹੱਦ ਤੋਂ ਵੱਧ ਵਰਤੋਂ ਦੀ ਲਤ ਦੇ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਹੀ ਰੁਝਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਡਿਜੀਟਲ ਡੀਟੌਕਸ' ਦਾ ਅਭਿਆਸ ਅੱਜ-ਕੱਲ੍ਹ ਦੁਨੀਆ ਦੇ ਕਈ ਦੇਸ਼ਾਂ ਵਿੱਚ ਹੋ ਰਿਹਾ ਹੈ ਤਾਂ ਕਿ ਇਨ੍ਹਾਂ ਡਿਜੀਟਲ ਸਾਧਨਾਂ ਦੀ ਵਰਤੋਂ ਵਿੱਚ ਸੰਤੁਲਨ ਬਣਾ ਕੇ ਰੱਖਿਆ ਜਾ ਸਕੇ। ਪਿਛਲੇ ਸਮੇਂ ਦੌਰਾਨ ਦੁਨੀਆ ਦੇ ਬਹੁਤ ਸਾਰੇ ਸਕੂਲਾਂ ਵਿੱਚ ਇਹ ਪ੍ਰਯੋਗ ਵੱਡੇ ਪੱਧਰ ਉੱਪਰ ਹੋਏ ਹਨ। ਅਸੀਂ ਅਜਿਹਾ ਵੀ ਕਹਿ ਸਕਦੇ ਹਾਂ ਕਿ ਡਿਜੀਟਲ ਡੀਟੌਕਸ ਆਪਣੇ ਤੋਂ ਦੂਰ ਹੁੰਦੇ ਲੋਕਾਂ/ਰਿਸ਼ਤਿਆਂ/ਸ਼ੌਕਾਂ/ਦਿਲਚਸਪੀਆਂ/ਕੁਦਰਤ ਨਾਲ ਦੁਬਾਰਾ ਇਕਮਿਕ ਹੋਣ ਦਾ ਇੱਕ ਸਾਰਥਕ ਉਪਰਾਲਾ ਹੈ। ਡੀਟੌਕਸ ਤੁਹਾਨੂੰ ਆਫਲਾਈਨ ਸ਼ੌਕਾਂ ਨੂੰ ਦੁਬਾਰਾ ਖੋਜਣ, ਕੁਦਰਤ ਵਿੱਚ ਵਧੇਰੇ ਸਮਾਂ ਬਿਤਾਉਣ, ਕਿਤਾਬਾਂ ਪੜ੍ਹਨ, ਕਸਰਤ ਕਰਨ ਜਾਂ ਦੋਸਤਾਂ ਅਤੇ ਪਰਿਵਾਰ ਨਾਲ ਆਹਮੋ-ਸਾਹਮਣੇ ਗੱਲਬਾਤ ਵਿੱਚ ਸ਼ਾਮਲ ਹੋਣ ਵਿੱਚ ਮਦਦ ਕਰ ਸਕਦਾ ਹੈ। ਇੱਕ ਰਿਪੋਰਟ ਅਨੁਸਾਰ ਔਸਤਨ ਬਾਲਗ ਹੁਣ ਤੋਂ ਦੋ ਦਹਾਕੇ ਪਹਿਲਾਂ ਦੇ ਮੁਕਾਬਲੇ ਆਪਣੇ ਦੋਸਤਾਂ ਨਾਲ 70 ਫ਼ੀਸਦੀ ਘੱਟ ਸਮਾਂ ਬਿਤਾਉਂਦਾ ਹੈ। ਡਿਜੀਟਲ ਉਪਕਰਨ ਸੰਪਰਕ ਜ਼ਰੂਰ ਪ੍ਰਦਾਨ ਕਰਦੇ ਹਨ, ਪਰ ਇਸ ਵਿੱਚ ਅਨੁਭਵ ਦੇ ਕੁਝ ਹਿੱਸੇ ਗਾਇਬ ਹੁੰਦੇ ਹਨ, ਜਿਵੇਂ ਕਿ ਵਿਅਕਤੀਗਤ ਸੰਪਰਕ ਦੀ ਖ਼ੁਸ਼ੀ ਅਤੇ ਦੂਜਿਆਂ ਵਿੱਚ ਵਿਸ਼ਵਾਸ ਜੋ ਆਨਲਾਈਨ ਪ੍ਰਾਪਤ ਕਰਨਾ ਮੁਸ਼ਕਲ ਹੁੰਦਾ ਹੈ।

'ਨਿਊ ਯਾਰਕ ਟਾਈਮਜ਼' ਵਿੱਚ ਛਪੇ ਇੱਕ ਲੇਖ ਵਿੱਚ 'ਸੈਨ ਡਿਏਗੋ ਯੂਨੀਵਰਸਿਟੀ' ਦੇ ਮਨੋਵਿਗਿਆਨ ਦੇ ਪ੍ਰੋਫੈਸਰ ਅਤੇ 'ਆਈ-ਜੇਨ' (I-Gen) ਕਿਤਾਬ (ਜਿਹੜੀ ਕਿ ਸਮਾਰਟ ਫੋਨ ਯੁੱਗ ਵਿੱਚ ਵੱਡੀ ਹੋ ਰਹੀ ਨਵੀਂ ਪੀੜ੍ਹੀ ਬਾਰੇ ਹੈ) ਦੇ ਲੇਖਕ ਜੀਨ ਟਵਾਂਗੇ ਆਪਣੀ ਸਲਾਹ ਦਿੰਦੇ ਹੋਏ, ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਬਾਲਗਾਂ ਅਤੇ ਕਿਸ਼ੋਰਾਂ ਨੂੰ ਆਪਣਾ ਸਮਾਰਟ ਫੋਨ ਰਾਤ ਨੂੰ ਸੌਣ ਵਾਲੇ ਕਮਰੇ ਵਿੱਚ ਨਹੀਂ ਰੱਖਣਾ ਚਾਹੀਦਾ। ਜੇ ਹੋ ਸਕੇ ਤਾਂ ਚਾਰਜਿੰਗ ਸੁਵਿਧਾ ਵੀ ਕਮਰੇ ਤੋਂ ਬਾਹਰ ਹੀ ਹੋਵੇ। ਇਸ ਪ੍ਰਕਾਰ ਅਸੀਂ ਇਹ ਆਖ ਸਕਦੇ ਹਾਂ ਕਿ ਸੂਚਨਾ ਤਕਨੀਕ ਸਾਧਨ ਮੌਜੂਦਾ ਸਮੇਂ ਸਾਡੀ ਲੋੜ ਬਣ ਚੁੱਕੇ ਹਨ, ਪ੍ਰੰਤੂ ਅਜਿਹਾ ਵੀ ਨਹੀਂ ਹੋਣਾ ਚਾਹੀਦਾ ਕਿ ਅਸੀਂ ਇਨ੍ਹਾਂ ਦੀ ਵਰਤੋਂ ਸਾਰਾ-ਸਾਰਾ ਦਿਨ ਕਰਦੇ ਹੋਏ ਇਨ੍ਹਾਂ ਵਿੱਚ ਹੀ ਗਵਾਚੇ ਰਹੀਏ ਤੇ ਅਸਲ ਦੁਨੀਆ ਨਾਲੋਂ ਟੁੱਟ ਕੇ ਅਜਿਹੇ ਮੁਕਾਮ ਉੱਪਰ ਪਹੁੰਚ ਜਾਈਏ ਜਿੱਥੇ ਸਾਡੇ ਆਪਣੇ, ਕੁਦਰਤ, ਸਾਡੀ ਦਿਲਚਸਪੀਆਂ ਸਾਥੋਂ ਦੂਰ ਹੋ ਜਾਣ ਅਤੇ ਅਸੀਂ ਇਨ੍ਹਾਂ ਦੀ ਸੰਗਤ ਦਾ ਰੰਗ ਹੀ ਨਾ ਮਾਣ ਸਕੀਏ, ਨਤੀਜੇ ਵਜੋਂ ਤਣਾਅ ਕਾਰਨ ਸਾਡੀ ਸਿਹਤ ਉੱਪਰ ਬਹੁਤ ਬੁਰਾ ਅਸਰ ਪੈ ਰਿਹਾ ਹੈ, ਸੋ ਸਾਨੂੰ ਇਨ੍ਹਾਂ ਸਾਧਨਾਂ ਦੀ ਸੰਜਮ ਨਾਲ ਸੁਚੱਜੀ ਵਰਤੋਂ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਹੀ ਲੜੀ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਅੱਜ ਦੀ ਦੌੜ-ਭੱਜ ਅਤੇ ਡਿਜੀਟਲ ਦੁਨੀਆ ਤੋਂ ਅੰਤਰਾਲ ਲੈਣ ਲਈ ਡਿਜੀਟਲ ਡੀਟੌਕਸ ਵਿਧੀ ਇੱਕ ਵਧੀਆ ਚੋਣ ਹੋ ਸਕਦੀ ਹੈ।

ਡਿਜੀਟਲ ਡੀਟੌਕਸ ਕਿਵੇਂ ਕਰੀਏ:

ਸੀਮਾਵਾਂ ਨਿਰਧਾਰਤ ਕਰੋ: ਆਪਣੇ ਡੀਟੌਕਸ ਦੀ ਲੰਬਾਈ ਚੁਣੋ (ਜਿਵੇਂ ਕਿ ਕੁਝ ਘੰਟੇ, ਇੱਕ ਪੂਰਾ ਦਿਨ ਜਾਂ ਇੱਕ ਹਫ਼ਤਾ ਵੀ)। ਇਸ ਬਾਰੇ ਸਪੱਸ਼ਟ ਸੀਮਾਵਾਂ ਨਿਰਧਾਰਤ ਕਰੋ ਕਿ ਤੁਸੀਂ ਕਿਹੜੇ ਡਿਵਾਈਸਾਂ ਅਤੇ ਪਲੇਟਫਾਰਮਾਂ ਤੋਂ ਪਰਹੇਜ਼ ਕਰੋਗੇ। ਉਦਾਹਰਨ ਵਜੋਂ ਤੁਸੀਂ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਤ ਕਰਨ ਦਾ ਫ਼ੈਸਲਾ ਕਰ ਸਕਦੇ ਹੋ, ਪਰ ਫਿਰ ਵੀ ਕੰਮ ਲਈ ਕੰਪਿਊਟਰ ਦੀ ਵਰਤੋਂ ਕਰ ਸਕਦੇ ਹੋ।

ਨੋਟੀਫਿਕੇਸ਼ਨ ਬੰਦ ਕਰੋ: ਆਪਣੇ ਫੋਨ, ਈਮੇਲ ਅਤੇ ਐਪਸ 'ਤੇ ਸਾਰੀਆਂ ਗ਼ੈਰ-ਜ਼ਰੂਰੀ ਸੂਚਨਾਵਾਂ ਨੂੰ ਅਯੋਗ ਕਰੋ। ਇਹ ਤੁਹਾਡੀ ਡਿਵਾਈਸ ਨੂੰ ਲਗਾਤਾਰ ਚੈੱਕ ਕਰਨ ਦੇ ਲਾਲਚ ਨੂੰ ਘਟਾ ਦੇਵੇਗਾ।



ਤਕਨਾਲੋਜੀ ਦੀ ਧਿਆਨ ਨਾਲ ਵਰਤੋਂ ਕਰੋ: ਜੇਕਰ ਤੁਸੀਂ ਕੰਮ ਜਾਂ ਨਿੱਜੀ ਕਾਰਨਾਂ ਕਰਕੇ ਡਿਵਾਈਸਾਂ ਤੋਂ ਪੂਰੀ ਤਰ੍ਹਾਂ ਡਿਸਕਨੈਕਟ ਨਹੀਂ ਕਰ ਸਕਦੇ ਤਾਂ ਉਨ੍ਹਾਂ ਸਾਧਨਾਂ ਦੀ ਵਰਤੋਂ ਕਰੋ ਜੋ ਤੁਹਾਡੀ ਵਰਤੋਂ ਨੂੰ ਟਰੈਕ ਕਰਦੇ ਹਨ ਜਾਂ ਤੁਹਾਡੇ ਫੋਨ ਜਾਂ ਈਮੇਲ ਦੀ ਜਾਂਚ ਕਰਨ ਲਈ ਖ਼ਾਸ ਸਮਾਂ ਨਿਰਧਾਰਤ ਕਰਦੇ ਹਨ।

ਆਫਲਾਈਨ ਗਤੀਵਿਧੀਆਂ ਵਿੱਚ ਸ਼ਾਮਲ ਹੋਵੋ: ਉਹ ਸਮਾਂ ਜੋ ਤੁਸੀਂ ਆਮ ਤੌਰ 'ਤੇ ਆਨਲਾਈਨ ਬਿਤਾਉਂਦੇ ਹੋ, ਉਨ੍ਹਾਂ ਗਤੀਵਿਧੀਆਂ ਨਾਲ ਭਰੋ ਜਿਨ੍ਹਾਂ ਵਿੱਚ ਸਕਰੀਨ ਸ਼ਾਮਲ ਨਹੀਂ ਹੁੰਦੀ ਜਿਵੇਂ ਕਿ ਪੜ੍ਹਨਾ, ਖਾਣਾ ਪਕਾਉਣਾ, ਕਸਰਤ ਕਰਨਾ, ਧਿਆਨ ਕਰਨਾ ਜਾਂ ਅਜ਼ੀਜ਼ਾਂ ਨਾਲ ਸਮਾਂ ਬਿਤਾਉਣਾ।

ਡਿਵਾਈਸ-ਫ ?ਰੀ ਜ਼ੋਨ ਸੈੱਟ ਕਰੋ: ਆਪਣੇ ਘਰ ਵਿੱਚ ਖ਼ਾਸ ਖੇਤਰ ਬਣਾਓ ਜਿੱਥੇ ਡਿਜੀਟਲ ਡਿਵਾਈਸਾਂ ਦੀ ਇਜਾਜ਼ਤ ਨਹੀਂ ਹੈ, ਜਿਵੇਂ ਕਿ ਡਾਇਨਿੰਗ ਟੇਬਲ ਜਾਂ ਬੈੱਡਰੂਮ। ਇਹ ਤੁਹਾਡੇ ਫੋਨ ਜਾਂ ਲੈਪਟਾਪ ਦੀ ਵਰਤੋਂ ਕਰਨ ਦੇ ਲਾਲਚ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ ਜਦੋਂ ਤੁਹਾਨੂੰ ਆਰਾਮ ਕਰਨਾ ਚਾਹੀਦਾ ਹੈ।

ਹੌਲੀ-ਹੌਲੀ ਡੀਟੌਕਸ: ਜੇਕਰ ਇੱਕ ਪੂਰਾ ਡੀਟੌਕਸ ਬਹੁਤ ਜ਼ਿਆਦਾ ਮਹਿਸੂਸ ਹੁੰਦਾ ਹੈ ਤਾਂ ਇਸ ਦੀ ਸ਼ੁਰੂਆਤ ਥੋੜ੍ਹੇ ਸਮੇਂ ਨਾਲ ਕਰੋ। ਉਦਾਹਰਨ ਵਜੋਂ ਦਿਨ ਵਿੱਚ ਇੱਕ ਘੰਟੇ ਲਈ ਆਪਣੇ ਸੋਸ਼ਲ ਮੀਡੀਆ ਦੀ ਵਰਤੋਂ ਨੂੰ ਸੀਮਤ ਕਰਕੇ ਸ਼ੁਰੂ ਕਰੋ ਤੇ ਫਿਰ ਇਸ ਸਮੇਂ ਨੂੰ ਵਧਾਉਣ ਦੀ ਕੋਸ਼ਿਸ਼ ਕਰੋ।

ਤਕਨਾਲੋਜੀ ਨਾਲ ਆਪਣੇ ਰਿਸ਼ਤੇ ਦਾ ਮੁੜ ਮੁਲਾਂਕਣ ਕਰੋ: ਆਪਣੇ ਡੀਟੌਕਸ ਦੌਰਾਨ ਇਸ ਗੱਲ 'ਤੇ ਵਿਚਾਰ ਕਰਨ ਦਾ ਮੌਕਾ ਲਓ ਕਿ ਤੁਸੀਂ ਡਿਵਾਈਸਾਂ 'ਤੇ ਕਿੰਨਾ ਸਮਾਂ ਬਿਤਾਉਂਦੇ ਹੋ ਅਤੇ ਕੀ ਇਹ ਸਿਹਤਮੰਦ ਜਾਂ ਸੰਤੁਲਿਤ ਹੈ। ਇਹ ਤੁਹਾਨੂੰ ਤਕਨਾਲੋਜੀ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਲੰਬੇ ਸਮੇਂ ਦੇ ਬਦਲਾਅ ਕਰਨ ਲਈ ਅਗਵਾਈ ਕਰ ਸਕਦਾ ਹੈ।

ਜੇਕਰ ਤੁਹਾਨੂੰ ਡਿਸਕਨੈਕਟ ਕਰਨਾ ਮੁਸ਼ਕਲ ਲੱਗਦਾ ਹੈ, ਤਾਂ ਇਸ ਨੂੰ ਕਿਸੇ ਦੋਸਤ ਜਾਂ ਪਰਿਵਾਰਕ ਮੈਂਬਰ ਨਾਲ ਕਰਨ ਦੀ ਕੋਸ਼ਿਸ਼ ਕਰੋ। ਖ਼ਾਸ ਟੀਚੇ ਨਿਰਧਾਰਤ ਕਰੋ: "ਮੈਂ ਸਕਰੀਨਾਂ ਤੋਂ ਬਚਾਂਗਾ" ਕਹਿਣ ਦੀ ਬਜਾਏ, "ਮੈਂ 24 ਘੰਟੇ ਸੋਸ਼ਲ ਮੀਡੀਆ ਦੀ ਵਰਤੋਂ ਨਹੀਂ ਕਰਾਂਗਾ' ਜਾਂ 'ਮੈਂ ਸੌਣ ਤੋਂ ਇੱਕ ਘੰਟਾ ਪਹਿਲਾਂ ਆਪਣੇ ਫੋਨ ਦੀ ਵਰਤੋਂ ਬੰਦ ਕਰ ਦਿਆਂਗਾ' ਵਰਗੇ ਖ਼ਾਸ ਟੀਚੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ। ਜੇਕਰ ਤੁਸੀਂ ਡੀਟੌਕਸ ਦੀ ਯੋਜਨਾ ਬਣਾ ਰਹੇ ਹੋ ਤਾਂ ਦੋਸਤਾਂ ਅਤੇ ਪਰਿਵਾਰ ਨੂੰ ਪਹਿਲਾਂ ਹੀ ਦੱਸੋ, ਖ਼ਾਸ ਕਰਕੇ ਜੇ ਤੁਸੀਂ ਕੁਝ ਸਮੇਂ ਲਈ ਪਹੁੰਚ ਤੋਂ ਬਾਹਰ ਹੋਣ ਦੀ ਉਮੀਦ ਕਰਦੇ ਹੋ।

ਡਿਜੀਟਲ ਡੀਟੌਕਸ ਤੁਹਾਡੇ ਦਿਮਾਗ ਨੂੰ ਆਰਾਮ ਕਰਨ ਅਤੇ ਰੀਚਾਰਜ ਕਰਨ ਦਾ ਮੌਕਾ ਦਿੰਦਾ ਹੈ, ਬਰੇਕ ਤੋਂ ਬਾਅਦ ਤੁਹਾਡੇ ਅੰਦਰਲੇ ਰਚਨਾਤਮਕ ਪੱਖ ਨੂੰ ਬਾਹਰ ਲਿਆਉਣ ਵਿੱਚ ਸਹਾਇਤਾ ਕਰਦਾ ਹੈ। ਇਸ ਦੇ ਹੋਰ ਵੀ ਫਾਇਦੇ ਹਨ ਜਿਵੇਂ;

ਬਿਹਤਰ ਮਾਨਸਿਕ ਸਿਹਤ: ਚਿੰਤਾ, ਤਣਾਅ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਘਟਾਉਂਦਾ ਹੈ। ਸੋਸ਼ਲ ਮੀਡੀਆ 'ਤੇ ਤੁਲਨਾ ਅਤੇ FOMO (ਗੁੰਮ ਜਾਣ ਦਾ ਡਰ) ਦੇ ਚੱਕਰ ਨੂੰ ਤੋੜਦਾ ਹੈ।

ਨੀਂਦ ਦੀ ਗੁਣਵੱਤਾ ਵਿੱਚ ਸੁਧਾਰ: ਨੀਲੀ ਰੋਸ਼ਨੀ ਦੇ ਸੰਪਰਕ ਨੂੰ ਘਟਾਉਂਦਾ ਹੈ, ਜਿਸ ਨਾਲ ਤੁਹਾਨੂੰ ਜਲਦੀ ਸੌਣ ਵਿੱਚ ਮਦਦ ਮਿਲਦੀ ਹੈ। ਡੂੰਘੀ, ਵਧੇਰੇ ਆਰਾਮਦਾਇਕ ਨੀਂਦ ਨੂੰ ਉਤਸ਼ਾਹਿਤ ਕਰਦਾ ਹੈ।

ਮਜ਼ਬੂਤ ਰਿਸ਼ਤੇ: ਅਸਲ ਆਹਮੋ-ਸਾਹਮਣੇ ਗੱਲਬਾਤ ਨੂੰ ਉਤਸ਼ਾਹਿਤ ਕਰਦਾ ਹੈ। ਪਰਿਵਾਰ ਅਤੇ ਦੋਸਤਾਂ ਨਾਲ ਗੁਣਵੱਤਾ ਵਾਲਾ ਸਮਾਂ ਵਧਾਉਂਦਾ ਹੈ।

ਉਤਪਾਦਕਤਾ: ਭਟਕਣਾਵਾਂ ਨੂੰ ਘੱਟ ਕਰਦਾ ਹੈ। ਤੁਹਾਨੂੰ ਕੰਮਾਂ ਜਾਂ ਪੜ੍ਹਾਈ 'ਤੇ ਬਿਹਤਰ ਢੰਗ ਨਾਲ ਧਿਆਨ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।

ਰਚਨਾਤਮਕਤਾ ਅਤੇ ਮਾਨਸਿਕਤਾ ਵਿੱਚ ਵਾਧਾ: ਤੁਹਾਡੇ ਦਿਮਾਗ ਨੂੰ ਸੁਤੰਤਰ ਅਤੇ ਰਚਨਾਤਮਕ ਢੰਗ ਨਾਲ ਸੋਚਣ ਲਈ ਜਗ ?ਹਾ ਦਿੰਦਾ ਹੈ। ਵਰਤਮਾਨ ਪਲ ਵਿੱਚ ਜਿਊਣ ਲਈ ਉਤਸ਼ਾਹਿਤ ਕਰਦਾ ਹੈ।

ਬਿਹਤਰ ਸਰੀਰਕ ਸਿਹਤ: ਸਕਰੀਨ ਸਮੇਂ ਤੋਂ ਅੱਖਾਂ ਦੇ ਦਬਾਅ ਅਤੇ ਗਰਦਨ/ਪਿੱਠ ਦੇ ਦਰਦ ਨੂੰ ਘਟਾਉਂਦਾ ਹੈ। ਸਰੀਰਕ ਗਤੀਵਿਧੀ ਅਤੇ ਬਾਹਰੀ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਦਾ ਹੈ।

ਅੱਜ ਦੇ ਸੰਸਾਰ ਵਿੱਚ ਸੰਤੁਲਿਤ ਅਤੇ ਸੰਪੂਰਨ ਜੀਵਨ ਬਣਾਈ ਰੱਖਣ ਲਈ ਸਕਰੀਨਾਂ ਅਤੇ ਡਿਜੀਟਲ ਉਪਕਰਨਾਂ ਤੋਂ ਸਮਾਂ ਕੱਢਣਾ ਜ਼ਰੂਰੀ ਹੈ। ਭਾਵੇਂ ਇਹ ਕੁਝ ਘੰਟਿਆਂ ਲਈ ਹੋਵੇ ਜਾਂ ਲੰਬੇ ਸਮੇਂ ਲਈ ਡਿਜੀਟਲ ਭਟਕਣਾਵਾਂ ਤੋਂ ਡਿਸਕਨੈਕਟ ਕਰਨਾ ਤੁਹਾਨੂੰ ਅਸਲ ਦੁਨੀਆ ਨਾਲ ਦੁਬਾਰਾ ਜੁੜਨ, ਉਤਪਾਦਕਤਾ ਅਤੇ ਮਾਨਸਿਕਤਾ ਨੂੰ ਬਹਾਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ। ਸੋ, ਸਕਰੀਨ ਤੋਂ ਦੂਰ ਰਹਿਣ ਦੀਆਂ ਖ਼ੁਸ਼ੀਆਂ ਨੂੰ ਮਾਣਨ ਲਈ ਸਾਨੂੰ ਸਾਰਿਆਂ ਨੂੰ ਹੀ ਡਿਜੀਟਲ ਡੀਟੌਕਸ ਹਫ਼ਤੇ ਵਿੱਚ ਇੱਕ ਦਿਨ ਜ਼ਰੂਰ ਅਜ਼ਮਾਉਣਾ ਚਾਹੀਦਾ ਹੈ।


੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**ਪੰਜਾਬ ਐਂਡ ਸਿੰਧ ਬੈਂਕ** (ਭਾਰਤ ਸਰਕਾਰ ਦਾ ਅਦਾਰਾ)
**PUNJAB & SIND BANK** (A GOVT. OF INDIA UNDERTAKING)
ਪੀ.ਐਸ.ਬੀ — ਜਿਥੇ ਸੇਵਾ ਹੀ ਜੀਵਨ ਦਾ ਢੰਗ ਹੈ
ਜ਼ੋਨਲ ਦਫ਼ਤਰ : ਹੁਸ਼ਿਆਰਪੁਰ

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 29-07-2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ (10 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ)**
**ਬੋਲੀ ਲਗਾਉਣ ਤੋਂ ਪਹਿਲਾਂ ਨਿਲਾਮੀ ਦੇ ਸਮੇਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਈਐਮਡੀ ਜਮ੍ਹਾਂ ਕੀਤੀ ਜਾਵੇਗੀ ਅਤੇ ਜਾਇਦਾਦ ਆਈਡੀ ਨਾਲ ਲਿੰਕ/ਮੈਪ ਕੀਤੀ ਜਾਵੇਗੀ**

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, ਦੇ ਅਧੀਨ ਬੈਂਕ ਕੋਲ ਬੰਦੀ ਅਚੱਲ ਸੰਪੱਤੀਆਂ ਦੀ ਵਿਕਰੀ। ਜਿਥੇ ਕਿ, **ਪੰਜਾਬ ਐਂਡ ਸਿੰਧ ਬੈਂਕ** ਦੇ ਅਧਿਕਾਰਤ ਅਧਿਕਾਰੀ ਨੇ ਨਿਮਨ ਦਰਸਾਏ ਅਨੁਸਾਰ ਬੈਂਕ ਦੇ ਬਕਾਇਆਂ ਜਮ੍ਹਾਂ ਵਿਆਜ ਦੀ ਪੂਰਤੀ ਲਈ **"ਜਿਵੇਂ ਹੈ ਜਿਥੇ ਹੈ ਆਧਾਰ ਅਤੇ ਜਿਵੇਂ ਹੈ ਜੋ ਹੈ ਆਧਾਰ"** 'ਤੇ ਸੰਪੱਤੀ ਨੂੰ ਵੇਚਣ ਦੇ ਅਧਿਕਾਰ ਸਮੇਤ ਨਿਮਨਲਿਖਤ ਕਰਜ਼ ਖਾਤੇ ਵਿਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੀ ਧਾਰਾ 13 (2) ਅਧੀਨ ਜਾਰੀ ਸੂਚਨਾ ਦੀ ਨਿਰੰਤਰਤਾ ਵਿਚ ਨਿਮਨਲਿਖਤ ਸੰਪੱਤੀਆਂ ਦਾ ਕਬਜ਼ਾ ਲੈ ਲਿਆ ਹੈ ਅਤੇ ਜਿਥੇ ਕਿ ਬਕਾਇਆਂ ਦੇ ਪੁਨਰ ਭੁਗਤਾਨ ਵਿਚ ਅਸਫਲ ਰਹਿਣ ਦੇ ਸਿੱਟੇ ਵਜੋਂ ਨਿਮਨ ਹਸਤਾਖ਼ਰੀ ਨੇ ਦਰਸਾਈ ਸੰਪੱਤੀ ਦੀ ਵਿਕਰੀ ਦੁਆਰਾ ਦਰਸਾਏ ਕਾਨੂੰਨ ਦੀ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਬੈਂਕ ਦੇ ਬਕਾਇਆਂ ਦੀ ਪੂਰਤੀ ਦਾ ਉਦੇਸ਼ ਰੱਖਦੇ ਹਨ। ਵਿਕਰੀ ਵੈਬ ਪੋਰਟਲ **https://www.baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ।

**ਕਿਸੇ ਵੀ ਪੁੱਛਗਿਛ ਲਈ ਸ਼ਾਖਾ ਪ੍ਰਬੰਧਕ ਨਾਲ ਸੰਪਰਕ ਕਰੋ**

ਅਚੱਲ ਸੰਪੱਤੀ ਦੇ ਵੇਰਵੇ

| ਲ. ਨੰ. | ਖਾਤੇ ਦਾ ਨਾਮ ਅਤੇ ਬੈਂਕ ਸ਼ਾਖਾ | ਮੰਗ ਸੂਚਨਾ ਦੀ ਮਿਤੀ/ਕੁੱਲ ਵਸੂਲੀਯੋਗ ਰਕਮ | ਸੁਰੱਖਿਅਤ ਅਸਾਸੇ ਦੇ ਵੇਰਵੇ | ਕਬਜ਼ੇ ਦੀ ਸਥਿਤੀ (ਭੌਤਿਕ/ਸੰਕੇਤਕ) | ਰਾਖਵੀਂ ਕੀਮਤ (ਰੁ.) / ਬਿਆਨਾ ਰਕਮ ਰੁ.) / ਬੋਲੀ ਵਾਧਾ ਰਕਮ (ਰੁ.) | ਬਿਆਨਾ ਰਕਮ ਦੀ ਆਖ਼ਰੀ ਮਿਤੀ ਅਤੇ ਸਮਾਂ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ ਦਾ ਨਾਮ, ਸੰਪਰਕ ਨੰਬਰ ਅਤੇ ਈਮੇਲ ਆਈਡੀ | ਕਿਊਆਰ ਸੰਪੱਤੀ ਤਸਵੀਰ | ਕਿਊਆਰ ਸੰਪੱਤੀ ਸਥਾਨ | ਕਿਊਆਰ ਸਰਵਿਸ ਪ੍ਰੋਵਾਈਡਰ |
|---|---|---|---|---|---|---|---|---|---|---|
| 1. | ਰੋਪੜ<br>1. ਮੈਸ. ਡੀਐਸਐਲ ਪਾਵਰ (ਪੀ.) ਲਿਮ. ਸੀ-190, ਫੇਜ਼-6 ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010, ਪੰਜਾਬ, ਰਾਹੀਂ ਇਸਦੇ ਨਿਰਦੇਸ਼ਕ ਸ੍ਰੀ ਨਰਿੰਦਰ ਸਿੰਘ (ਕਰਜ਼ਦਾਰ), 2. ਸ੍ਰੀ ਨਰਿੰਦਰ ਸਿੰਘ, ਸਪੁੱਤਰ ਸ੍ਰੀ ਆਤਮਾ ਸਿੰਘ, ਵਾਸੀ 421-422, ਫੇਜ਼-1, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010, (ਜ਼ਾਮਨ) ਸ੍ਰੀ ਆਤਮਾ ਸਿੰਘ ਸਪੁੱਤਰ ਸ੍ਰੀ ਦਯਾ ਸਿੰਘ, ਵਾਸੀ 421-422, ਫੇਜ਼-1, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010, (ਜ਼ਾਮਨ) 4. ਸ੍ਰੀਮਤੀ ਪਰਮਿੰਦਰ ਕੌਰ ਸੁਪਤਨੀ ਸ੍ਰੀ ਨਰਿੰਦਰ ਸਿੰਘ ਵਾਸੀ 421-422, ਫੇਜ਼-1, ਫੋਕਲ ਪੁਆਇੰਟ, ਲੁਧਿਆਣਾ, ਪੰਜਾਬ-141010, (ਜ਼ਾਮਨ) | 12.08.2011<br>ਰੁ. 2,36,12,840.00, 31.07.2011 ਨੂੰ ਜਮ੍ਹਾਂ ਇਸ 'ਤੇ ਭਾਵੀ ਵਿਆਜ ਅਤੇ ਫੀਸਾਂ | 1. ਨਰਿੰਦਰ ਸਿੰਘ ਸਪੁੱਤਰ ਆਤਮਾ ਸਿੰਘ ਦੇ ਨਾਮ 'ਤੇ ਦਰਜ ਵਿਕਰੀ ਡੀਡ ਵਸੀਕਾ ਨੰ. 17513 ਮਿਤੀ 25.10.1990 ਦੇ ਅਨੁਸਾਰ ਹਰੇਕ ਦੇ ਫੇਜ਼-1 ਅਰਬਨ ਅਸਟੇਟ ਢੰਡਾਰੀ ਕਲਾਂ, ਲੁਧਿਆਣਾ ਵਿਖੇ ਸਥਿਤ 500 ਵਰਗ ਗਜ਼ ਮਾਪ ਵਾਲੀ ਸੰਪੱਤੀ ਮਕਾਨ ਨੰ. 422 ਦੇ ਸਾਰੇ ਭਾਗ ਅਤੇ ਹਿੱਸੇ।<br>2. ਆਤਮਾ ਸਿੰਘ ਸਪੁੱਤਰ ਦਯਾ ਸਿੰਘ ਦੇ ਨਾਮ 'ਤੇ ਦਰਜ ਵਿਕਰੀ ਡੀਡ ਵਸੀਕਾ ਨੰ. 14383 ਮਿਤੀ 18.05.1990 ਦੇ ਅਨੁਸਾਰ ਹਰੇਕ ਦੇ ਫੇਜ਼-1 ਅਰਬਨ ਅਸਟੇਟ ਢੰਡਾਰੀ ਕਲਾਂ, ਲੁਧਿਆਣਾ ਵਿਖੇ ਸਥਿਤ 500 ਵਰਗ ਗਜ਼ ਮਾਪ ਵਾਲੀ ਸੰਪੱਤੀ ਮਕਾਨ ਨੰ. 421 ਦੇ ਸਾਰੇ ਭਾਗ ਅਤੇ ਹਿੱਸੇ। | ਭੌਤਿਕ | 3,37,000,00.00<br>33,70,000.00<br>40,000.00 | 28.07.2025 ਨੂੰ ਸ਼ਾਮ 04.00 ਵਜੇ ਤੱਕ/29.07.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 4.00 ਵਜੇ ਤੱਕ | ਸ੍ਰੀ ਸੰਜੇ ਕੁਮਾਰ ਸ਼ਰਮਾ, ਮੁੱਖ ਪ੍ਰਬੰਧਕ, ਮੋ. : 8287748889 ਈਮੇਲ :sanjay.sharma@psb.co.in | | | |

ਨਿਯਮ ਅਤੇ ਸ਼ਰਤਾਂ: ਈ-ਨਿਲਾਮੀ "ਜਿਵੇਂ ਹੈ ਜਿਵੇਂ ਹੈ" ਅਤੇ "ਜਿਵੇਂ ਹੈ ਜਿਵੇਂ ਹੈ" "ਜੋ ਵੀ ਹੈ" ਅਤੇ "ਬਿਨਾਂ ਕਿਸੇ ਵਸੀਲੇ ਦੇ" ਆਧਾਰ 'ਤੇ ਆਯੋਜਿਤ ਕੀਤੀ ਜਾ ਰਹੀ ਹੈ। (1) ਅਧਿਕਾਰਤ ਅਧਿਕਾਰੀ ਦੀ ਬਿਹਤਰੀਨ ਜਾਣਕਾਰੀ ਅਤੇ ਜਾਣਕਾਰੀ ਅਨੁਸਾਰ, ਕਿਸੇ ਵੀ ਜਾਇਦਾਦ 'ਤੇ ਕੋਈ ਬੋਝ ਨਹੀਂ ਹੈ। ਬਕਾਇਆ, ਨਿਲਾਮੀ 'ਤੇ ਰੱਖੇ ਗਏ ਸੰਪਤੀ ਦਾ ਸਿਰਲੇਖ ਅਤੇ ਦਾਅਵੇ/ਅਧਿਕਾਰ/ਬਕਾਏ/ਉਨ੍ਹਾਂ ਦੀ ਬੋਲੀ ਜਮਹਾ ਕਰਨ ਤੋਂ ਪਹਿਲਾਂ ਇਹ ਨਹੀਂ ਬਣਦਾ ਹੈ ਅਤੇ ਨਾ ਹੀ ਇਸ ਨੂੰ ਕਿਸੇ ਵੀ ਪ੍ਰਤੀਬੱਧਤਾ ਜਾਂ ਬੈਂਕ ਦੀ ਕੋਈ ਪ੍ਰਤੀਨਿਧਤਾ ਮੰਨਿਆ ਜਾਵੇਗਾ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰ/ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 3. ਦਿਲਚਸਪੀ ਰੱਖਣ ਵਾਲੇ ਬੋਲੀਕਾਰ ਵੈੱਬ ਪੋਰਟਲ https://www.baanknet.com ਰਾਹੀਂ ਆਪਣਾ ਈਐਮਡੀ ਜਮਹਾਂ ਕਰਾਉਣਗੇ (ਯੂਜ਼ਰ ਆਈਡੀ ਅਤੇ ਪਾਸਵਰਡ https://baanknet.com 'ਤੇ ਲਾਗਇਨ ਆਈਡੀ ਅਤੇ ਪਾਸਵਰਡ ਰਾਹੀਂ ਨਾਮ ਰਜਿਸਟਰ ਕਰਕੇ ਮੁਫ਼ਤ ਪ੍ਰਾਪਤ ਕੀਤਾ ਜਾ ਸਕਦਾ ਹੈ। (4) ਵੈਬ ਪੋਰਟਲ ਵਿੱਚ ਬੋਲੀਕਾਰਾਂ ਦੁਆਰਾ ਰਜਿਸਟਰੇਸ਼ਨ ਤੋਂ ਬਾਅਦ, ਇੱਛੁਕ ਬੋਲੀਕਾਰ ਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਅਪਲੋਡ ਕਰਨ ਦੀ ਲੋੜ ਹੈ। ਬੋਲੀ ਦੇ ਦਸਤਾਵੇਜ਼ ਜਮਾ ਕਰਨ ਦੀ ਆਖਰੀ ਮਿਤੀ ਅਤੇ ਸਮੇਂ ਤੋਂ ਪਹਿਲਾਂ, ਜਿਵੇਂ ਕਿ (1) NEFT/RTGS ਚਲਾਨ ਦੀ ਕਾਪੀ, (2) ਰਿਹਾਇਸ਼ੀ ਸਬੂਤ/ਪਛਾਣ ਦੀ ਕਾਪੀ (KYC) ਜਿਵੇਂ ਕਿ ਵੋਟਰ ਆਈਡੀ ਸਰਟੀਫਿਕੇਟ/ਡਰਾਈਵਿੰਗ ਲਾਇਸੈਂਸ/ਪਾਸਪੋਰਟ ਆਦਿ ਨੂੰ ਦੁਬਾਰਾ ਲੋਡ ਕੀਤਾ ਜਾ ਸਕਦਾ ਹੈ 5. ਇੱਛੁਕ ਬੋਲੀਕਾਰ ਜਿਨ੍ਹਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਬਣਾਉਣ, ਬੋਲੀ ਦੇ ਦਸਤਾਵੇਜ਼ ਜਮਾ ਕਰਨ ਲਈ ਡਾਟਾ ਅਪਲੋਡ ਕਰਨ, ਆਨਲਾਈਨ ਪ੍ਰਸਪਰ ਬੋਲੀ ਆਦਿ 'ਤੇ ਸਿਖਲਾਈ/ਪ੍ਰਦਰਸ਼ਨ ਵਿਚ ਸਹਾਇਤਾ ਦੀ ਲੋੜ ਹੈ, ਉਹ support.baanknet@psballiance.com ਸੰਪਰਕ ਨੰਬਰ +91-9291220220 'ਤੇ ਸੰਪਰਕ ਕਰ ਸਕਦੇ ਹਨ। (6) ਈ-ਨਿਲਾਮੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਸਿਰਫ਼ ਵੈਧ ਆਈਡੀ/ਪਾਸਵਰਡ ਅਤੇ NEFT/RTGS ਰਾਹੀਂ ਬਿਆਨਾ ਰਕਮ ਦੇ ਭੁਗਤਾਨ ਦੀ ਪੁਸ਼ਟੀ ਵਾਲੇ ਖਰੀਦਦਾਰ ਹੀ ਈ-ਨਿਲਾਮੀ ਪ੍ਰਕਿਰਿਆ ਵਿਚ ਭਾਗ ਲੈਣ। ਹੋਰ ਵੇਰਵਿਆਂ ਲਈ ਕਿਰਪਾ ਕਰਕੇ https//www.bankeauctions.com ਅਤੇ ਬੈਂਕਾਂ ਦੀ ਵੈੱਬਸਾਈਟ https//www.psbindia.com 'ਤੇ ਜਾਓ ਅਤੇ ਸਬੰਧਤ ਸ਼ਾਖਾਵਾਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ। 6. ਰਿਜ਼ਰਵ ਕੀਮਤ ਦੇ 10% ਦੀ ਬਿਆਨਾ ਰਕਮ (M/s.PSB Alliance Pvt. Ltd.) (ਸੰਪਰਕ ਨੰ.7046612345/6354910172/8291220220/9892219848, 8160205051, ਈਮੇਲ : support.baanknet@psballiance.com/portal) ਦੇ ਈ-ਵੈਲੇਟ ਵਿਚ ਸਿੱਧੇ ਤੌਰ 'ਤੇ ਜਮ੍ਹਾਂ ਕੀਤੀ ਜਾਵੇ ਜਾਂ ਦਰਸਾਏ ਚਲਾਨ ਵਿਚ ਦਰਸਾਏ ਵੇਰਵਿਆਂ ਅਨੁਸਾਰ ਖਾਤੇ ਵਿਚ ਆਰਟੀਜੀਐਸ/ਐਨਈਐਫਟੀ ਰਾਹੀਂ ਚਲਾਨ ਦੇ ਸੰਚਾਲਨ ਰਾਹੀਂ ਬਿਆਨਾ ਰਕਮ ਜਮ੍ਹਾਂ ਕੀਤੀ ਜਾ ਸਕਦੀ ਹੈ। i) ਬਿਆਨਾ ਰਕਮ ਦੀ ਰਕਮ ਦਾ ਭੁਗਤਾਨ ਕਰਨ ਤੋਂ ਬਾਅਦ, ਇੱਛੁਕ ਬੋਲੀਕਾਰਾਂ ਨੂੰ ਹੇਠਾਂ ਦਿੱਤੇ ਦਸਤਾਵੇਜ਼ਾਂ/ਵੇਰਵਿਆਂ ਦੀ ਇੱਕ ਕਾਪੀ ਉਕਤ ਦਰਸਾਏ ਪੰਜਾਬ ਐਂਡ ਸਿੰਧ ਬੈਂਕ ਜ਼ੋਨਲ ਦਫ਼ਤਰ ਹੁਸ਼ਿਆਰਪੁਰ ਵਿਖੇ ਦਸਤੀ ਜਾਂ ਈਮੇਲ ਦੁਆਰਾ ਜਮ੍ਹਾਂ ਕਰਨਾ ਹੋਵੇਗਾ। ii) ਪੈਨ ਕਾਰਡ, ਪਛਾਣ ਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਉਤਾਰੇ। ਫਿਰ ਵੀ, ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਨ ਵੇਲੇ ਬੈਂਕ ਵਿਚ ਇਹ ਮੂਲ ਦਸਤਾਵੇਜ਼ ਪੇਸ਼ ਕਰਨੇ ਹੋਣਗੇ। iii) ਬੋਲੀਕਾਰ ਦਾ ਨਾਮ, ਸੰਪਰਕ ਨੰਬਰ, ਪਤਾ, ਈਮੇਲ ਆਈ.ਡੀ. iv) ਬੋਲੀਕਾਰ ਦਾ ਖਾਤੇ ਦੇ ਵੇਰਵੇ ਬਿਆਨਾ ਰਕਮ ਆਨਲਾਈਨ ਰਿਫੰਡ ਬੋਲੀਕਾਰ ਦਾ ਖਾਤਾ ਵੇਰਵੇ। 7. ਸੰਪੱਤੀ/ਆਂ ਉਪਰ ਕੋਈ ਵੀ ਦੇਣਦਾਰੀ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹੈ।
ਨੋਟ: ਉਪਰੋਕਤ ਸੰਪਤੀਆਂ ਦਾ ਮਾਪ, ਹਾਲਾਂਕਿ, ਨਿਲਾਮੀ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਸਾਈਟ 'ਤੇ ਬੋਲੀਕਾਰਾਂ ਦੁਆਰਾ ਅਤੇ ਮਾਲ ਅਧਿਕਾਰੀਆਂ ਦੇ ਰਿਕਾਰਡ ਤੋਂ ਵੀ ਤਸਦੀਕ ਕੀਤਾ ਜਾਣਾ ਚਾਹੀਦਾ ਹੈ।

**ਖਾਤੇ ਦਾ ਵੇਰਵਾ, ਜਿਸ ਵਿਚ ਆਰਟੀਜੀਐਸ/ਐਨਈਐਫਟੀ ਰਾਹੀਂ ਬਿਆਨਾ ਰਕਮ ਉਪਰੰਤ ਬਕਾਇਆ ਰਕਮ ਜਮ੍ਹਾਂ ਕਰਨੀ ਹੈ, ਖਾਤੇ ਦਾ ਨਾਮ ਐਨਈਐਫਟੀ ਇਨਵਰਡ ਐਸਟੀਪੀ ਪਾਰਕਿੰਗ ਖਾਤਾ, ਖਾਤਾ ਨੰਬਰ 80275040070003, ਆਈਐਫਐਸਸੀ ਕੋਡ : ਪੀਐਸਆਈਬੀ0008027**

ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਕੋਈ ਦੇਣਦਾਰੀ ਨਹੀਂ

**ਸਰਫਾਇਸੀ ਐਕਟ 2002 ਦੇ ਨਿਯਮ 8 (6) ਅਧੀਨ ਵਿਧਾਨਕ ਵਿਕਰੀ ਸੂਚਨਾ**

**ਕਰਜ਼ਦਾਰਾਂ/ਜ਼ਾਮਨਾਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਈ-ਨਿਲਾਮੀ ਦੀ ਮਿਤੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫ਼ਲ ਰਹਿਣ 'ਤੇ ਸੰਪੱਤੀ/ਵਾਹਨ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲੀ ਜਾਵੇਗੀ।**

ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਕੋਈ ਦੇਣਦਾਰੀ ਨਹੀਂ

ਮਿਤੀ : 15.07.2025 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ 'ਚ ਰਹੋ


ਬੈਂਕ ਆਫ ਇੰਡੀਆ Bank of India BOI

ਮੁੱਲਾਂਪੁਰ ਗਰੀਬਦਾਸ, ਐਸਏਐਸ ਨਗਰ, ਮੋਹਾਲੀ (ਲੁਧਿਆਣਾ ਜ਼ੋਨ)

### ਸੋਨੇ ਦੀ ਨਿਲਾਮੀ ਦਾ ਨੋਟਿਸ

ਹੇਠਾਂ ਦੱਸੇ ਗਏ ਕਰਜ਼ਦਾਰਾਂ ਨੇ ਸੋਨੇ ਦੇ ਗਹਿਣਿਆਂ ਦੇ ਬਦਲੇ ਸੋਨੇ ਦਾ ਕਰਜ਼ਾ ਲਿਆ ਹੈ ਅਤੇ ਰਜਿਸਟਰਡ ਨੋਟਿਸਾਂ/ਕਾਨੂੰਨੀ ਨੋਟਿਸਾਂ ਦੇ ਬਾਵਜੂਦ ਸਮੇਂ ਸਿਰ ਕਰਜ਼ੇ ਦੀ ਰਕਮ ਵਾਪਸ ਨਹੀਂ ਕੀਤੀ। ਇਸ ਸਬੰਧ ਵਿੱਚ ਅਸੀਂ 29.07.2025 (ਮੰਗਲਵਾਰ) ਨੂੰ ਸਵੇਰੇ 11.00 ਵਜੇ ਤੋਂ ਸ਼ਾਮ 5:00 ਵਜੇ ਤੱਕ ਬੈਂਕ ਆਫ਼ ਇੰਡੀਆ, ਮੁੱਲਾਂਪੁਰ ਗਰੀਬਦਾਸ, ਮੋਹਾਲੀ ਵਿਖੇ ਸੋਨੇ ਦੀ ਨਿਲਾਮੀ ਕਰ ਰਹੇ ਹਾਂ। ਜਿਹੜੇ ਲੋਕ ਸੋਨੇ ਦੀ ਨਿਲਾਮੀ ਵਿੱਚ ਹਿੱਸਾ ਲੈਣ ਦੇ ਇੱਛੁਕ ਹਨ, ਉਨ੍ਹਾਂ ਨੂੰ ਨਿਲਾਮੀ ਸ਼ੁਰੂ ਹੋਣ ਤੋਂ ਪਹਿਲਾਂ ਸ਼ਾਖਾ ਵਿੱਚ ਬੋਲੀ ਦੀ ਰਕਮ ਵਜੋਂ 10,000/- ਰੁਪਏ ਜਮ੍ਹਾ ਕਰਵਾਉਣੇ ਪੈਣਗੇ। ਇਹ ਜਿਵੇਂ ਹੈ, ਉੱਥੇ ਹੀ ਹੈ।
ਬੈਂਕ ਨੂੰ ਨਿਲਾਮੀ ਦੀ ਮਿਤੀ ਬਦਲਣ/ਨਿਲਾਮੀ ਨੂੰ ਰੋਕਣ/ਨਿਲਾਮੀ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਹੈ। ਬੈਂਕ ਨੂੰ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਬੋਲੀ ਨੂੰ ਰੱਦ ਕਰਨ ਜਾਂ ਸਵੀਕਾਰ ਕਰਨ ਦਾ ਪੂਰਾ ਵਿਵੇਕ ਹੈ।
ਨਿਲਾਮੀ ਕਰਨ ਤੋਂ ਬਾਅਦ ਜੇਕਰ ਕਰਜ਼ਾ ਖਾਤੇ ਵਿੱਚ ਕੋਈ ਪੈਸਾ ਬਚਦਾ ਹੈ, ਤਾਂ ਬੈਂਕ ਉਧਾਰ ਲੈਣ ਵਾਲੇ ਵਿਰੁੱਧ ਅਦਾਲਤ ਵਿੱਚ ਉਸਦੀ ਵਸੂਲੀ ਲਈ ਕੇਸ ਦਾਇਰ ਕਰੇਗਾ।

| ਲੜੀ ਨੰ. | ਕਰਜ਼ਦਾਰ | ਕਰਜ਼ਦਾਰ ਦਾ ਨਾਮ ਅਤੇ ਪਤਾ | ਸੋਨੇ ਦਾ ਕੁੱਲ ਵਜ਼ਨ | ਕੁੱਲ ਬਕਾਇਆ |
|---|---|---|---|---|
| 1. | ਸ੍ਰੀ ਹਰਮੇਸ਼ ਸਿੰਘ | ਮਕਾਨ ਨੰ. 55, ਪਿੰਡ ਮਲਖ ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-140901 | 3.300 | ਰੁ. 0.15 ਲੱਖ ਸਮੇਤ ਯੂਸੀਆਈ ਜਮ੍ਹਾਂ ਹੋਰ ਖਰਚੇ ਮਿਤੀ 13.01.2025 ਤੋਂ ਪ੍ਰਭਾਵੀ |

ਮਿਤੀ : 15.07.2025 ਸਥਾਨ : ਮੋਹਾਲੀ ਅਧਿਕਾਰਤ ਅਧਿਕਾਰੀ



ਬੈਂਕ ਆਫ ਬੜੌਦਾ Bank of Baroda

ਸ਼ਾਖਾ : ਆਰ ਓ ਐਸਏਆਰਬੀ ਜਲੰਧਰ ਖੇਤਰ, 24, ਪਹਿਲੀ ਮੰਜ਼ਿਲ, ਵਿਜੇ ਨਗਰ, ਫੁੱਟਬਾਲ ਚੌਕ ਜਲੰਧਰ ਫੋਨ : 0181-5057857
E-mail: SARJAL@bankofbaroda.com

ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)
(ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਨਾਲ ਪੜ੍ਹੀ ਜਾਣ ਵਾਲੀ ਅੰਤਿਕਾ 4 ਦੇ ਅਨੁਸਾਰ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀਆਂ ਨੂੰ **ਮੰਗ ਸੂਚਨਾ** ਜਾਰੀ ਕੀਤੀਆਂ ਸਨ।
ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਖਾਤਾ ਅਤੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਭੌਤਿਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਕਰਜ਼ਦਾਰ: ਮੈਸਰਜ਼ ਸ਼੍ਰੀ ਰਾਮ ਕੋਟਿੰਗ ਐਂਡ ਕੈਮੀਕਲਜ਼ ਦੁਆਰਾ ਪ੍ਰੋਪਰਾਈਟਰ ਹਿਮਾਂਸ਼ੂ ਮਿੱਟੂ ਪੁੱਤਰ ਡੰਕੇਸ਼ਵਰ ਮਿੱਟੂ, ਡੰਕੇਸ਼ਵਰ ਮਿੱਟੂ ਪੁੱਤਰ ਲਾਜਪਤ ਰਾਜ, ਸ਼੍ਰੀਮਤੀ ਪਰਵੀਨ ਮਿੱਟੂ ਪੁੱਤਰ ਦਾਨਕੇਸ਼ਵਰ ਮਿੱਟੂ , ਸਾਰੇ ਨਿਵਾਸੀ ਮਕਾਨ ਨੰ: 28, ਗ੍ਰੀਨ ਐਵੇਨਿਊ, ਮਕਸੂਦਾਂ, ਜਲੰਧਰ, ਪੰਜਾਬ-144008 | ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ ਜਿਸ ਵਿੱਚ ਮਕਾਨ ਨੰਬਰ 28, ਗ੍ਰੀਨ ਐਵੇਨਿਊ, ਮਕਸੂਦਾਂ ਨੇੜੇ, ਨਾਗਰਾ ਦੇ ਹਿੱਸੇ 'ਤੇ ਸਥਿਤ ਜ਼ਮੀਨ ਅਤੇ ਇਮਾਰਤ ਦੀ ਨਿਰੰਤਰ ਸੁਰੱਖਿਆ ਸ਼ਾਮਲ ਹੈ, ਜਿਸਦੀ ਮਾਪ 15 ਮਰਲੇ 30 ਵਰਗ ਫੁੱਟ (62.75' x 50') ਹੈ, ਜੋ ਕਿ ਖਸਰਾ ਨੰਬਰ 138, ਖੇਵਟ ਖਤੌਨੀ ਨੰਬਰ 160/252 ਹਦਬਸਤ ਨੰਬਰ 158 ਵਿੱਚ ਸਾਲ 2007-08 ਮਿਤੀ 22.03.2012 ਲਈ ਜਮ ?ਹਾਂਬੰਦੀ ਅਨੁਸਾਰ ਸ਼ਾਮਲ ਹੈ। ਪੂਰਬ: ਐਚ ਨੰਬਰ 27, ਪੱਛਮ: ਮਕਾਨ ਨੰਬਰ 28 ਏ, ਉੱਤਰ: ਸੜਕ, ਦੱਖਣ: ਦੂਜਿਆਂ ਦਾ ਪਲਾਟ ਹੈ। | 05.04.2023 | 11.07.2025 | Rs. 43,45,564.08 30.12.2025 ਦੇ ਅਨੁਸਾਰ, ਠੇਕਾ ਦਰ 'ਤੇ ਅਗਲੇਰੇ ਵਿਆਜ ਸਮੇਤ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤਾਂ, ਫੀਸਾਂ ਅਤੇ ਖਰਚੇ। |

ਮਿਤੀ : 14.07.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ


# 35 ਪੰਚਾਂ ਲਈ ਜ਼ਿਮਨੀ ਚੋਣ 27 ਨੂੰ



ਫਤਹਿਗੜ੍ਹ ਸਾਹਿਬ, 14 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) : ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਪੰਚਾਇਤਾਂ ਦੀਆਂ ਉਪ-ਚੋਣਾਂ ਦੇ ਸ਼ਡਿਊਲ ਅਨੁਸਾਰ ਜ਼ਿਲ੍ਹੇ ਵਿੱਚ ਪੰਚਾਂ ਦੀਆਂ ਖਾਲੀ ਪਈਆਂ 35 ਸੀਟਾਂ ਲਈ ਚੋਣ 27 ਜੁਲਾਈ ਨੂੰ ਹੋਣਗੀਆਂ। ਚੋਣ ਕਮਿਸ਼ਨ ਅਨੁਸਾਰ ਵੋਟਿੰਗ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਬੈਲਟ ਪੇਪਰਾਂ ਰਾਹੀਂ ਹੋਵੇਗੀ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਸ੍ਰੀ ਸੁਰਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੰਚਾਂ ਦੀਆਂ ਚੋਣਾਂ ਲਈ ਨਾਮਜ਼ਦਗੀਆਂ 17 ਜੁਲਾਈ ਤੱਕ ਭਰੀਆਂ ਜਾਣਗੀਆਂ ਅਤੇ ਨਾਮਜ਼ਦਗੀਆਂ ਦੀ ਪੜਤਾਲ 18 ਜੁਲਾਈ ਨੂੰ ਕੀਤੀ ਜਾਵੇਗੀ ਤੇ ਕਾਗਜ਼ ਵਾਪਸ ਲੈਣ ਦੀ ਆਖ਼ਰੀ ਮਿਤੀ 19 ਜੁਲਾਈ ਹੈ ਅਤੇ ਵੋਟਿੰਗ 27 ਜੁਲਾਈ ਨੂੰ ਹੋਵੇਗੀ। ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਨੇ ਦੱਸਿਆ ਕਿ ਬਲਾਕ ਖੇੜਾ ਅਧੀਨ ਪੈਂਦੇ ਪਿੰਡ ਦੁਫੇੜਾ ਦੇ ਵਾਰਡ ਨੰ.5, ਗੋਲੂ ਵਾਰਡ ਨੰ.1, ਮਹਿਮੂਦਪੁਰ ਵਾਰਡ ਨੰ.1, ਪਤਾਰਸੀ ਕਲਾਂ ਵਾਰਡ ਨੰ.5, ਭੈਰੋਪੁਰ ਵਾਰਡ ਨੰ.2, ਬਲਾੜਾ ਮੰਦਿਰ ਵਾਰਡ ਨੰ.1, ਭੁਆ ਖੇੜੀ ਵਾਰਡ ਨੰ.3 ਵਿੱਚ ਖਾਲੀ ਪਈਆਂ ਪੰਚਾਂ ਦੀਆਂ ਚੋਣਾਂ ਹੋਣੀਆਂ ਹਨ। ਬਲਾਕ ਖੇੜਾ ਲਈ ਨਾਮਜ਼ਦਗੀਆਂ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਅੱਤੇਵਾਲੀ ਕਮਰਾ ਨੰ.5 ਵਿਖੇ ਭਰੀਆਂ ਜਾਣਗੀਆਂ। ਇਸੇ ਤਰ੍ਹਾਂ ਬਲਾਕ ਅਮਲੋਹ ਦੇ ਪਿੰਡ ਜੱਲੋਵਾਲ ਦੇ ਵਾਰਡ ਨੰ.3, ਬੜੈਚਾਂ ਵਾਰਡ ਨੰ 7, ਮਛਰਾਏ ਕਲਾਂ ਵਾਰਡ ਨੰ.5, ਭਾਂਬਰੀ ਵਾਰਡ ਨੰ.2 ਅਤੇ 5, ਮੁੱਢੜੀਆਂ ਵਾਰਡ ਨੰ.3, ਸਲਾਨਾ ਦਾਰਾ ਸਿੰਘ ਵਾਲਾ ਵਾਰਡ ਨੰ.3, ਅੰਨੀਆਂ ਵਾਰਡ ਨੰ.3 ਵਿੱਚ ਖਾਲੀ ਪਈਆਂ ਪੰਚਾਂ ਦੀਆਂ ਸੀਟਾਂ ਲਈ ਚੋਣਾਂ ਹੋਣਗੀਆਂ ਇਨ੍ਹਾਂ ਲਈ ਨਾਮਜ਼ਦਗੀਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ)ਅਮਲੋਹ ਵਿਖੇ ਭਰੀਆਂ ਜਾਣਗੀਆਂ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਬਲਾਕ ਸਰਹਿੰਦ ਦੀਆਂ ਨਾਮਜ਼ਦਗੀਆਂ ਦਫਤਰ ਨਗਰ ਕੌਂਸਲ ਸਰਹਿੰਦ-ਫਤਹਿਗੜ੍ਹ ਸਾਹਿਬ ਵਿਖੇ ਭਰੀਆਂ ਜਾਣਗੀਆਂ ਅਤੇ ਪਿੰਡ ਮਾਜਰੀ ਨੀਥੇਵਾਲ ਵਾਰਡ ਨੰ.1,2,3,4 ਅਤੇ 5, ਮੁੱਲਾਂਪੁਰ ਖੁਰਦ ਵਾਰਡ ਨੰ.5, ਬੀਬੀਪੁਰ ਵਾਰਡ ਨੰ.1 ਅਤੇ, ਮੁੱਲਾਂਪੁਰ ਕਲਾਂ ਵਾਰਡ ਨੰ.1,2,3 ਅਤੇ 4, ਰਜਿੰਦਰ ਨਗਰ ਵਾਰਡ ਨੰ.3, ਵਜੀਰ ਨਗਰ ਵਾਰਡ ਨੰ.2 ਅਤੇ 3 ਲਈ ਜਿਮਨੀ ਚੋਣਾਂ ਹੋਣਗੀਆਂ ਅਤੇ ਬਲਾਕ ਬਸੀ ਪਠਾਣਾਂ ਦੇ ਪਿੰਡ ਕੱਲਮਮਾਜਰਾ ਵਾਰਡ ਨੰ. 1,2,3 ਅਤੇ 5 ਲਈ ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਸੀ ਪਠਾਣਾਂ ਵਿਖੇ ਨਾਮਜ਼ਦਗੀਆਂ ਭਰੀਆਂ ਜਾਣਗੀਆਂ ਅਤੇ ਬਲਾਕ ਖਮਾਣੋਂ ਦੇ ਪਿੰਡ ਠੀਕਰੀਵਾਲਾ ਵਾਰਡ ਨੰ.4 ਵਿੱਚ ਖਾਲੀ ਪਈ ਪੰਚ ਦੀ ਅਸਾਮੀ ਲਈ ਚੋਣਾਂ ਹੋਣਗੀਆਂ ਅਤੇ ਦਫਤਰ ਉਪ ਮੰਡਲ ਮੈਜਿਸਟਰੇਟ ਖਮਾਣੋਂ ਦੇ ਕਮਰਾ ਨੰ 114 ਵਿਖੇ ਨਾਮਜ਼ਦਗੀਆਂ ਭਰੀਆਂ ਜਾਣਗੀਆਂ। ਵੋਟਾਂ ਦੀ ਗਿਣਤੀ ਵੋਟਾਂ ਵਾਲੇ ਦਿਨ ਹੀ ਸ਼ਾਮ ਨੂੰ ਪੋਲਿੰਗ ਸਟੇਸ਼ਨਾਂ 'ਤੇ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਸਰਪੰਚ ਦੀ ਕੋਈ ਵੀ ਜਿਮਨੀ ਚੋਣ ਨਹੀਂ ਹੋਵੇਗੀ ਜਦਕਿ ਪੰਚਾਂ ਦੀਆਂ 35 ਸੀਟਾਂ ਲਈ ਉਪ ਚੋਣਾਂ ਕਰਵਾਈਆਂ ਜਾਣਗੀਆਂ।


ਇੰਡੀਅਨ ਬੈਂਕ Indian Bank ਇਲਾਹਾਬਾਦ ALLAHABAD

ਸ਼ਾਖਾ ਦਫ਼ਤਰ : 42, ਚੌਕ ਫਰੀਦ, ਕੱਟੜਾ ਸ਼ੇਰ ਸਿੰਘ, ਅੰਮ੍ਰਿਤਸਰ ਪੰਜਾਬ 143001

### ਮੰਗ ਸੂਚਨਾ

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ (ਸਰਫਾਇਸੀ) ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰ/ਜ਼ਾਮਨ/ਰੱਖਿਅਕਾਂ ਨੇ ਹੇਠਾਂ ਦੱਸੀ ਗਈ ਰਕਮ ਜਿਵੇਂ ਕਿ ਬੁੱਕ ਬੈਲੇਂਸ + MOI, ਹੇਠਾਂ ਦੱਸੀ ਗਈ ਮਿਤੀ ਤੋਂ ਮੁੜ ਅਦਾਇਗੀ ਦੀ ਮਿਤੀ ਤੱਕ ਸਹਿਮਤ ਦਰ 'ਤੇ ਹੋਰ ਵਿਆਜ ਸਮੇਤ, ਕਰਜ਼ਿਆਂ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ। ਬੈਂਕ ਨੇ ਐਕਟ ਦੇ ਤਹਿਤ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਬਕਾਇਆ ਰਕਮ ਵਾਪਸ ਕਰਨ ਲਈ ਕਿਹਾ ਗਿਆ ਹੈ ਅਤੇ ਸਪੀਡ ਪੋਸਟ ਦੁਆਰਾ ਤੁਹਾਨੂੰ ਭੇਜਿਆ ਗਿਆ ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤਾ ਗਿਆ ਹੈ, ਇਸਦੀ ਇੱਕ ਕਾਪੀ ਹੇਠਾਂ ਦੱਸੇ ਗਏ ਪਤੇ 'ਤੇ ਚਿਪਕਾਈ ਗਈ ਹੈ:-

| ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਨਾਮ | ਗਿਰਵੀ ਦੇ ਵੇਰਵੇ | ਐਨਪੀਏ ਦੀ ਮਿਤੀ | ਸੂਚਨਾ ਦੀ ਮਿਤੀ | ਬਕਾਇਆ ਰਕਮ (ਸੂਚਨਾ ਦੀ ਮਿਤੀ ਅਨੁਸਾਰ) |
|---|---|---|---|---|
| (1) ਨਿਸ਼ਾਨ ਸਿੰਘ ਪੁੱਤਰ ਸ਼. ਦੀਦਾਰ ਸਿੰਘ (ਕਰਜ਼ਦਾਰ/ਗਿਰਵੀਕਾਰ), ਵਾਸੀ ਪਲਾਟ ਨੰਬਰ 131, ਕੋਟਮੀਤ ਸਿੰਘ, ਤਰਫ ਮਹਿਲ-2, ਸੁਲਤਾਨਵਿੰਡ, ਸਬ-ਅਰਬਨ ਤਰਨਤਾਰਨ ਰੋਡ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ 143001 (2) ਸ਼੍ਰੀਮਤੀ ਕੁਲਵੰਤ ਕੌਰ ਸੁਪਤਨੀ ਨਿਸ਼ਾਨ ਸਿੰਘ (ਸਹਿ-ਕਰਜ਼ਦਾਰ/ਗਿਰਵੀਕਾਰ), ਵਾਸੀ ਪਲਾਟ ਨੰ. 131, ਕੋਟਮੀਤ ਸਿੰਘ, ਤਰਫ ਮਹਿਲ-2, ਸੁਲਤਾਨਵਿੰਡ, ਸਬ-ਅਰਬਨ ਤਰਨਤਾਰਨ ਰੋਡ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ 143001 (3) ਸ਼੍ਰੀ ਨਵਦੀਪ ਸਿੰਘ ਪੁੱਤਰ ਸ਼੍ਰੀ ਬਲਬੀਰ ਸਿੰਘ (ਜ਼ਾਮਨ), ਵਾਸੀਮਕਾਨ ਨੰ: ਐਲ-2/1258, ਸੁਲਤਾਨਵਿੰਡ ਰੋਡ, ਗਲੀ ਨੰ. 12, ਗੁਰਨਾਮ ਨਗਰ, ਅੰਮ੍ਰਿਤਸਰ, ਪੰਜਾਬ-143001 | ਰਕਬਾ ਕੋਟ ਮੀਤ ਸਿੰਘ, ਤਰਫ਼ ਮਹਿਲ-2, ਸੁਲਤਾਨਵਿੰਡ, ਸਬ-ਅਰਬਨ, ਤਰਨਤਾਰਨ ਰੋਡ, ਅੰਮ੍ਰਿਤਸਰ ਦੇ ਖੇਤਰ ਵਿੱਚ ਸਥਿਤ ਪਲਾਟ ਨੰਬਰ 131 ਮਿਨ, ਖਸਰਾ ਨੰਬਰ 4663 ਮਿਨ, ਐਚਬੀ ਨੰਬਰ 373 ਵਾਲੀ ਰਿਹਾਇਸ਼ੀ ਜਾਇਦਾਦ ਦੇ ਬਰਾਬਰ ਗਿਰਵੀਨਾਮੇ ਦੇ ਸਾਰੇ ਹਿੱਸੇ ਅਤੇ ਪਾਰਸਲ, 100 ਵਰਗ ਗਜ਼ ਦੀ ਮਾਲਕੀ ਡੀਡ, ਸਬ-ਰਜਿਸਟਰਾਰ ਅੰਮ੍ਰਿਤਸਰ ਦੇ ਦਫ਼ਤਰ ਵਿੱਚ ਰਜਿਸਟਰਡ ਹੈ। ਦਸਤਾਵੇਜ਼ -ਨੰਬਰ 2036, ਕਿਤਾਬ ਨੰਬਰ 1, ਜਿਲਦ ਨੰਬਰ 15085, ਸਫਾ ਨੰਬਰ 4647, ਮਿਤੀ 08.06.2018 ਸ਼੍ਰੀ ਨਿਸ਼ਾਨ ਸਿੰਘ ਅਤੇ ਸ਼੍ਰੀਮਤੀ ਕੁਲਵੰਤ ਕੌਰ ਦੇ ਨਾਮ 'ਤੇ। ਜਾਇਦਾਦ / ਹੱਦਾਂ ਦੇ ਭੌਤਿਕ ਵੇਰਵੇ:- ਟਾਈਟਲ ਡੀਡ ਦੇ ਅਨੁਸਾਰ ਉੱਤਰ: ਗਲੀ 16' ਚੌੜੀ; ਦੱਖਣ: ਪਲਾਟ ਨੰਬਰ 132; ਪੂਰਬ: ਗਲੀ 16' ਚੌੜੀ; ਪੱਛਮ: ਪਲਾਟ ਨੰਬਰ 131 ਦਾ ਬਾਕੀ ਹਿੱਸਾ ਸ਼੍ਰੀਮਤੀ ਦੀ ਘੱਟੋ-ਘੱਟ ਮਾਲਕੀ। ਬਲਵਿੰਦਰ ਕੌਰ। EVR ਦੇ ਅਨੁਸਾਰ - ਉੱਤਰ: ਪਲਾਟ ਨੰਬਰ 131 ਦਾ ਬਾਕੀ ਹਿੱਸਾ ਸ਼੍ਰੀਮਤੀ ਬਲਵਿੰਦਰ ਕੌਰ ਦੀ ਘੱਟੋ-ਘੱਟ ਮਾਲਕੀ; ਦੱਖਣ: ਗਲੀ 16' ਚੌੜੀ; ਪੂਰਬ: ਗਲੀ 16' ਚੌੜੀ; ਪੱਛਮ: ਪਲਾਟ ਨੰਬਰ 132। | 11.05.2025 | 12.05.2025 | ਮਿਤੀ 11.05.2025 ਅਨੁਸਾਰ ਰੁ. 14,20,243/- ਸਮੇਤ ਇਸ ਮਿਤੀ ਤੋਂ ਵਿਆਜ ਭੁਗਤਾਨ ਹੋਣ ਦੀ ਮਿਤੀ ਤੱਕ |

ਬਦਲਵੇਂ ਨੋਟਿਸ ਦੀ ਸੇਵਾ ਲਈ ਕਦਮ ਚੁੱਕੇ ਜਾ ਰਹੇ ਹਨ। ਉਪਰੋਕਤ ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ, ਜਿਸ ਵਿੱਚ ਅਸਫਲ ਰਹਿਣ 'ਤੇ ਬੈਂਕ ਉੱਪਰ ਦੱਸੇ ਗਏ ਸੁਰੱਖਿਅਤ ਸੰਪਤੀਆਂ ਦੇ ਵਿਰੁੱਧ ਐਕਟ ਦੀ ਧਾਰਾ 13 (4) ਦੇ ਤਹਿਤ ਆਪਣੇ ਲਾਗੂ ਕਰਨ ਦੇ ਅਧਿਕਾਰਾਂ ਦੀ ਵਰਤੋਂ ਕਰੇਗਾ।
ਭਾਰਤੀ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਗਏ ਸੰਪਤੀ ਵਰਗੀਕਰਣ ਨਾਲ ਸਬੰਧਤ ਨਿਰਦੇਸ਼ਾਂ/ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕਰਜ਼ਾ ਖਾਤੇ ਨੂੰ ਗੈਰ-ਪ੍ਰਦਰਸ਼ਨ ਕਰਨ ਵਾਲੀ ਸੰਪਤੀ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।
ਇਹ ਨੋਟਿਸ ਸੁਰੱਖਿਅਤ ਲੈਣਦਾਰ ਨੂੰ ਉਪਲਬਧ ਕਿਸੇ ਵੀ ਹੋਰ ਅਧਿਕਾਰ/ਉਪਾਅ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।
ਹੇਠਾਂ ਹਸਤਾਖਰ ਕਰਨ ਵਾਲਾ ਬੈਂਕ ਦਾ ਇੱਕ ਅਧਿਕਾਰਤ ਅਧਿਕਾਰੀ ਹੈ ਜੋ ਇਸ ਨੋਟਿਸ ਨੂੰ ਜਾਰੀ ਕਰਨ ਅਤੇ ਉਪਰੋਕਤ ਧਾਰਾ 13 ਦੇ ਤਹਿਤ ਸ਼ਕਤੀਆਂ ਦੀ ਵਰਤੋਂ ਕਰਨ ਲਈ ਹੈ।
ਅਸੀਂ SARFAESI ਐਕਟ ਦੀ ਧਾਰਾ 13(8) ਦੇ ਉਪਬੰਧਾਂ ਅਤੇ ਉੱਥੇ ਨਿਯਮਾਂ ਦੇ ਢਾਂਚੇ ਵੱਲ ਧਿਆਨ ਖਿੱਚਦੇ ਹਾਂ ਜੋ ਪ੍ਰਤੀਭੂਤੀਆਂ ਉੱਤੇ ਛੁਟਕਾਰਾ ਪਾਉਣ ਦੇ ਤੁਹਾਡੇ ਅਧਿਕਾਰਾਂ ਨਾਲ ਸੰਬੰਧਿਤ ਹਨ।
ਇਹ ਨੋਟਿਸ ਬੈਂਕ ਦੇ DRT/DRAT/ਅਦਾਲਤ ਦੇ DRT/RO ਸਾਹਮਣੇ ਮੌਜੂਦਾ ਸਮੇਂ ਵਿੱਚ ਲੰਬਿਤ ਕਾਰਵਾਈਆਂ ਨੂੰ ਅੱਗੇ ਵਧਾਉਣ ਅਤੇ ਪ੍ਰਾਪਤ/ਪ੍ਰਾਪਤ ਕੀਤੇ ਜਾਣ ਵਾਲੇ ਆਦੇਸ਼/ਫਰਮਾਨ ਨੂੰ ਲਾਗੂ ਕਰਨ ਦੇ ਅਧਿਕਾਰ ਨੂੰ ਪ੍ਰਭਾਵਿਤ ਕੀਤੇ ਬਿਨਾਂ ਜਾਰੀ ਕੀਤਾ ਜਾਂਦਾ ਹੈ।

ਮਿਤੀ : 14.07.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ



# ਪੰਜਾਬ ਸਰਕਾਰ ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ/ਬੰਦ ਹੋਣ ਦੀ ਮਿਤੀ | ਰਕਮ/ਈ.ਐਮ.ਡੀ. (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, (ਸੀ ਐਂਡ ਐਮ) ਡਿਵੀਜ਼ਨ, ਗੁਰਦਾਸਪੁਰ | ਪਿੰਡ ਭਾਲੋਵਾਲੀ ਬਲਾਕ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਿਹਤ ਅਤੇ ਤੰਦਰੁਸਤੀ ਕੇਂਦਰ ਦੀ ਉਸਾਰੀ | 14/07/2025 29/07/2025 | 55.00 Thousand | 9914124342 xenprdgsp@gmail.com |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.3, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਅੰਮ੍ਰਿਤਸਰ | ਅਜਨਾਲਾ ਵਿੱਚ ਸੇਵਾ ਕੇਂਦਰ ਦੀ ਮੁੜ ਸਥਾਪਨਾ ਪੱਟੀ ਮਨਸੂਰ ਸੁਲਤਾਨਵਿੰਡ ਵਿਖੇ ਸੇਵਾ ਕੇਂਦਰ ਦੀ ਸਥਾਪਨਾ ਅਸਤਰ | 15/07/2025 29/07/2025 | 0.58 Lac | 8283828197 xencw2amritsar@gmail.com |
| 3. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਬਠਿੰਡਾ | 1. ਐਮਸੀ ਮੌੜ ਗਰੁੱਪ 1 ਤੋਂ 10 ਦੇ ਅਧਿਕਾਰ ਖੇਤਰ ਵਿਚ ਪੈਂਦੇ ਵੱਖ-ਵੱਖ ਐਲਆਰ ਦਾ ਮਜ਼ਬੂਤੀਕਰਨ, ਮੁਰੰਮਤ। 2. ਜ਼ਿਲ੍ਹਾ ਬਠਿੰਡਾ ਵਿਚ ਮਾਈਸਰ ਖਾਨਾ ਵਿਖੇ ਪੀਐਚਸੀ ਦਾ ਨਿਰਮਾਣ। | 14/07/2025 04/08/2025 | 64.42 Lac | 9988118880 xenbtiprovl@gmail.com |
| 4. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰ. 2. ਤਰਨ ਤਾਰਨ | ਡਬਲਯੂਐਸਐਸ ਭਾਈਲ ਢਾਈਵਾਲਾ ਬਲਾਕ ਚੋਹਲਾ ਸਾਹਿਬ ਵਿਖੇ ਟੀ/ਵੈੱਲ, ਓਐਚਐਸਆਰ, ਸਿਵਲ ਵਰਕ, ਆਦਿ 150.79 ਲੱਖ ਰੁਪਏ | 15/07/2025 30/07/2025 | 3.02 Lac | 7277211111 eedwssdiv2tt@yahoo.com |
| 5. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਸੀ ਐਂਡ ਐਮ ਡਿਵੀਜ਼ਨ, ਹੁਸ਼ਿਆਰਪੁਰ | ਪਿੰਡ ਬੱਸੀ ਹਸਤ ਖਾਨ, ਚੋਹਲ, ਰਾਜਪੁਰ ਭਾਈਆਂ ਬਲਾਕ ਹੁਸ਼ਿਆਰਪੁਰ-2, ਰਾਕਰੀ (ਦਾਤਾਰਪੁਰ) ਬਲਾਕ-ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੇਵਾ ਕੇਂਦਰਾਂ ਨੂੰ ਦੁਬਾਰਾ ਖੋਲ੍ਹਣਾ ਅਤੇ ਨਵੀਨੀਕਰਨ। | 15/07/2025 28/07/2025 | 35.40 Thousand | 9814056538 xenprhsp@gmail.com |
| 6. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.1, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਹੁਸ਼ਿਆਰਪੁਰ | ਮੁਰੰਮਤ ਪ੍ਰੋਗਰਾਮ 2022-23, 2023-24 ਅਤੇ 2024-25 ਅਧੀਨ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਜੋ ਮਾਰਕੀਟ ਕਮੇਟੀ ਹੁਸ਼ਿਆਰਪੁਰ (ਵਿਧਾਨ ਸਭਾ ਹਲਕਾ ਉੜਮੁੜ) ਵਿੱਚ ਪੈਂਦੀ ਹੈ (ਇੱਕ ਸਾਲ ਦੀ ਨੁਕਸ ਦੇਣਦਾਰੀ ਦੀ ਮਿਆਦ - ਸੜਕ ਦੀ 4 ਸਾਲ ਦੀ ਦੇਖਭਾਲ) ਸਮੂਹ ਨੰਬਰ 2। | 14/07/2025 04/08/2025 | 11.58 Lac | 9855575543 eecd1hsrpurpwdpb@gmail.com |
| 7. | ਡਿਵੀਜ਼ਨਲ ਮਿੱਟੀ ਸੰਭਾਲ ਅਫਸਰ, ਐਸ.ਬੀ.ਐਸ. ਨਗਰ | ਪਿੰਡ ਭੱਦੀ, ਕਟਵੇਅਰ ਅਟਲ ਮਜ਼ਾਰਾ, ਤਹਿਸੀਲ ਬਲਾਚੌਰ, ਜ਼ਿਲ੍ਹਾ ਐਸਬੀਐਸ ਨਗਰ ਵਿੱਚ ਪੱਥਰ ਦੀ ਚਿਣਾਈ ਪਾਣੀ ਰੀਚਾਰਜਿੰਗ ਢਾਂਚੇ ਦੀ ਉਸਾਰੀ, ਸਿਲਟ ਡਿਟੈਂਸ਼ਨ ਢਾਂਚੇ, ਰਿਟੇਨਿੰਗ ਵਾਲ ਅਤੇ ਕਰੇਟ ਵਾਇਰ ਢਾਂਚੇ ਦੀ ਉਸਾਰੀ। | 12/07/2025 23/07/2025 | 1.00 Lac | 9463171862 dsco.dswc.sbsnagar@punjab.gov.in |
| 8. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਰੂਪਨਗਰ | 1. ਪਿੰਡ ਕਟਲੀ ਵਿਖੇ ਕਾਇਆਕਿੰਗ ਅਤੇ ਕੈਨੋਇੰਗ ਸੈਂਟਰ ਵਿਖੇ ਨਵੇਂ ਸ਼ੈੱਡ ਦੀ ਉਸਾਰੀ। 2, ਡਿਪਟੀ ਸੀਈਓ ਜ਼ਿਲ੍ਹਾ ਪ੍ਰੀਸ਼ਦ ਰੂਪਨਗਰ ਦੇ ਕਮਰੇ ਦੀ ਮੁਰੰਮਤ ਅਤੇ ਨਵੀਨੀਕਰਨ। 3. ਪਿੰਡ ਭਲੀਆਂ ਵਿਖੇ ਐਚ.ਡਬਲਯੂ.ਸੀ. ਦੀ ਸਥਾਪਨਾ। | 15/07/2025 29/07/2025 | 1.41 Lac | 9814056538 xenprdropar@yahoo.com |
| 9. | ਕਾਰਜਕਾਰੀ ਇੰਜੀਨੀਅਰ, ਲੇਹਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | ਮਾਈਨਰ ਨੰਬਰ 1 ਬੁਢਲਾਡਾ ਦੇ ਓਲੇਟ 18350/TL ਅਤੇ ਬੁਢਲਾਡਾ ਸ਼ਾਖਾ ਦੇ ਆਉਟਲੈਟ 23185/R ਦੇ ਵਾਟਰ ਕੋਰਸਾਂ ਦੀ ਪੁਨਰ ਉਸਾਰੀ। | 11/07/2025 01/08/2025 | 4.30 Lac | 9646407185 XENIBLEHAL@GMAIL.COM |
| 10. | ਕਾਰਜਕਾਰੀ ਇੰਜੀਨੀਅਰ, ਐਸ.ਪੀ.ਕੇ. ਡੈਮ ਅਤੇ ਆਈ.ਐਚ.ਆਰ. ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਸ਼ਾਹਪੁਰਕੰਡੀ ਡੈਮ ਦੇ ਨੇੜੇ ਖੇਤਰ ਦੀ ਲੈਂਡਸਕੇਪਿੰਗ, ਵਿਜ਼ਟਰ ਸਹੂਲਤਾਂ ਸਮੇਤ ਸੁਹਜ ਵਿਕਾਸ ਲਈ ਸਲਾਹਕਾਰ ਦੀ ਨਿਯੁਕਤੀ | 15/07/2025 05/08/2025 | 50.00 Thousand | 9780007798 spkdam1@gmail.com |
| 11. | ਕਾਰਜਕਾਰੀ ਇੰਜੀਨੀਅਰ, ਮਾਨਸਾ ਨਹਿਰ ਅਤੇ ਭੂਮੀਗਤ ਜਲ ਵਿਭਾਗ, WRD ਪੰਜਾਬ, ਜਵਾਹਰਕੇ (ਮਾਨਸਾ) | ਉੱਦਤ ਸ਼ਾਖਾ ਦੇ ਆਰਡੀ 61940/L 'ਤੇ ਮਾਈਨਰ ਨੰਬਰ 5 ਆਰਡੀ 0-10535 ਦੀ ਮੁਰੰਮਤ | 09/07/2025 23/07/2025 | 1.45 Lac | 9501100208 eecnl.dwr.mns@punjab.gov.in |
| 12. | ਮੈਡੀਕਲ ਸੁਪਰਡੈਂਟ, ਸਰਕਾਰੀ ਰਾਜਿੰਦਰਾ ਹਸਪਤਾਲ, ਪਟਿਆਲਾ | ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਲਈ ਤਰਲ ਮੈਡੀਕਲ ਆਕਸੀਜਨ ਦਾ ਰੇਟ ਕੰਟਰੈਕਟ | 15/07/2025 05/08/2025 | 5.00 Lac | 1752212542 RAJINDRAHOSPITAL@YAHOO.COM |
| 13. | ਕਾਰਜਕਾਰੀ ਇੰਜੀਨੀਅਰ, ਫਲੈਕਟਰੀਕਲ ਵਿਭਾਗ, PWD (B&R) ਸ਼ਾਖਾ, ਅੰਮ੍ਰਿਤਸਰ | ਅਜਨਾਲਾ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ ਵਿੱਚ ਮੌਜੂਦਾ ਰਵਾਇਤੀ ਫਿਟਿੰਗ ਨੂੰ ਐਲਈਡੀ ਫਿਟਿੰਗ ਨਾਲ ਬਦਲਣਾ, | 29/07/2025 29/07/2025 | 0.41 Thousand | 9914184800 electricalasr@yahoo.in |
| 14. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, PWD (B&R) ਸ਼ਾਖਾ, ਫਰੀਦਕੋਟ | ਐਸ/ਆਰ ਸਦੀਉ-ਜੰਡ ਸਾਹਿਬ-ਕਾਨਿਆਂਵਾਲੀ ਰੋਡ ਆਰਡੀ 0.00 ਤੋਂ 11.50 ਕਿਲੋਮੀਟਰ (ਇੱਕ ਸਾਲ ਦੀ ਡਿਲੈਕਟ ਦੇਣਦਾਰੀ ਮਿਆਦ) (2 ਸਾਲ ਤੋਂ 3 ਸਾਲ ਦੀ ਦੇਖਭਾਲ | 14/07/2025 04/08/2025 | 7.24 Lac | 9888706887 eepdfdtpwdpb@gmail.com |
| 15. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰ.1, PWD (B&R) ਸ਼ਾਖਾ, ਤਰਨ ਤਾਰਨ ਅੰਮ੍ਰਿਤਸਰ ਵਿਖੇ | ਜ਼ਿਲ੍ਹਾ ਤਰਨਤਾਰਨ ਦੇ ਐਮਸੀ ਖਡੂਰ ਸਾਹਿਬ ਵਿੱਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਜਿਸ ਵਿੱਚ (05 ਸਾਲ ਦੀ ਦੇਖਭਾਲ ਸਰਕਟ ਨੰਬਰ 1 ਤੋਂ 7) ਸ਼ਾਮਲ ਹੈ | 14/07/2025 28/07/2025 | 48.04 Lac | 9417025026 xenc1amritsar@yahoo.com |
| 16. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ. 2. ਪਟਿਆਲਾ | ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ ਅਕਾਦਮਿਕ ਬਲਾਕ, ਲੜਕੇ ਅਤੇ ਲੜਕੀਆਂ ਦੇ ਹੋਸਟਲ ਦੀਆਂ ਏਬੀਆਰਐਸ ਅਤੇ ਹੋਰ ਸੰਬੰਧਿਤ ਜਨਤਕ ਸਿਹਤ ਸੇਵਾਵਾਂ ਦੇ ਨਿਰਮਾਣ ਲਈ ਸੰਤੁਲਨ ਕਾਰਜ। (ਪੰਜਾਬ) | 15/07/2025 22/07/2025 | 94.62 Thousand | 9888775107 xenrws_pta@yahoo.co.in |
| 17. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰ.2 ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਲੁਧਿਆਣਾ | ਐਮ.ਸੀ. ਦੋਰਾਹਾ (ਗਰੁੱਪ ਨੰ. 5) ਵਿਖੇ ਮਜ਼ਬੂਤੀਕਰਨ/ਮੁਰੰਮਤ ਪ੍ਰੋਗਰਾਮ 2022-23, 2023-24, 2024-25 (1 ਸਾਲ ਡੀਐਲਪੀ + 4 ਸਾਲ ਰੱਖ ਰਖਾਅ) ਦੇ ਅਧੀਨ ਦੱਖਣੀ ਬਾਈਪਾਸ ਤੋਂ ਬਿਲਾਸਪੁਰ ਤੱਕ ਦਾ ਮਜ਼ਬੂਤੀਕਰਨ/ਮੁਰੰਮਤ। | 16/07/2025 05/08/2025 | 6.59 Lac | 9115795355 eecd3ldnpwdpb@gmail.com |
| 18. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ, ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਰੂਪਨਗਰ | ਜ਼ਿਲ੍ਹਾ ਰੂਪਨਗਰ ਵਿੱਚ ਐਮ.ਸੀ. ਰੂਪਨਗਰ ਅਤੇ ਐਮ.ਸੀ. ਸ੍ਰੀ ਆਨੰਦਪੁਰ ਸਾਹਿਬ ਵਿੱਚ ਵੱਖ-ਵੱਖ ਲਿੰਕ ਸੜਕਾਂ ਦਾ ਐਸ/ਆਰ | 15/07/2025 05/08/2025 | 11.62 Lac | 9779970088 pwdropar@yahoo.co.in |
| 19. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਸੰਗਰੂਰ | ਪ੍ਰੋਵਿੰਸ਼ੀਅਲ ਡਿਵੀਜ਼ਨ ਪੀ.ਡਬਲਯੂ.ਡੀ. ਬੀ ਐਂਡ ਆਰ ਸੰਗਰੂਰ ਦੇ ਅਧਿਕਾਰ ਖੇਤਰ ਅਧੀਨ ਐਮ.ਸੀ. ਸੰਗਰੂਰ, ਸੁਨਾਮ, ਭਵਾਨੀਗੜ੍ਹ, ਚੀਮਾ ਅਤੇ ਲਹਿਰਾ ਵਿੱਚ ਵੱਖ-ਵੱਖ ਐਲ/ਆਰ ਦੀ ਵਿਸ਼ੇਸ਼ ਮੁਰੰਮਤ ਲਈ 06 ਨੰਬਰ ਸੜਕੀ ਕੰਮ। | 14/07/2025 21/08/2025 | 88.00 Lac | 9888079005 xenprovincialsangrur@yahoo.com |
| 20. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ (ਸੀ ਐਂਡ ਐਮ) ਡਿਵੀਜ਼ਨ, ਅੰਮ੍ਰਿਤਸਰ | ਪਿੰਡ ਭੰਗਾਲੀ ਕਲਾਂ ਬਲਾਕ ਮਜੀਠਾ ਵਿਖੇ ਐਚ.ਡਬਲਯੂ.ਸੀ. ਦਾ ਨਿਰਮਾਣ। | 14/07/2025 28/07/2025 | 0.68 Lac | 9914124342 xenpanchaytirajamritsar@yahoo.in |
| 21. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ ਨੰ. 2. ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਪਟਿਆਲਾ | ਸੁਰੱਖਿਆ ਪ੍ਰੋਗਰਾਮ 2022-23, 2023-24 ਅਤੇ 2024-25 ਅਧੀਨ ਲਿੰਕ ਸੜਕ ਜੀ.ਟੀ. ਸੜਕ ਤੋਂ ਭਗਰਾਣਾ (5.50 ਮੀਟਰ ਚੌੜੀ) ਦੀ ਵਿਸ਼ੇਸ਼ ਮੁਰੰਮਤ ਐਮ.ਸੀ. ਰਾਜਪੁਰਾ ਜ਼ਿਲ੍ਹੇ ਵਿੱਚ 5 ਸਾਲਾਂ ਦੇ ਰੁਟੀਨ ਰੱਖ-ਰਖਾਅ ਸਮੇਤ। ਪਟਿਆਲਾ। | 14/07/2025 04/08/2025 | 6.57 Lac | 9988588515 eepd2ptapwdpb@gmail.com |
| 22. | ਕਾਰਜਕਾਰੀ ਇੰਜੀਨੀਅਰ, ਰਾਸ਼ਟਰੀ ਰਾਜਮਾਰਗ ਵਿਭਾਗ, ਪੀ.ਡਬਲਯੂ.ਡੀ (ਬੀ ਐਂਡ ਆਰ) ਸ਼ਾਖਾ, ਐਸ.ਏ.ਐਸ. ਨਗਰ | ਡੇਰਾਬੱਸੀ-ਮੁਬਾਰਿਕਪੁਰ ਰੋਡ (ODR-03) ਅਤੇ ਮੁਬਾਰਕਪੁਰ-ਰਾਮਗੜ੍ਹ ਰੋਡ (ODR-06) 'ਤੇ ਹੈੱਡ 5054 RB-10 ਅਧੀਨ ਪ੍ਰਤੀ ਕੋਟ ਪ੍ਰਦਾਨ ਕਰਨਾ। | 17/07/2025 06/08/2025 | 20.22 Lac | 9815545801 eecwdmohpwdpb@gmail.com |
| 23. | ਸੀਨੀਅਰ ਮੈਡੀਕਲ ਅਫ਼ਸਰ (ਇੰਚਾਰਜ), ਸਿਵਲ ਹਸਪਤਾਲ, ਬਰਨਾਲਾ | ਕੰਟੀਨ ਸੀਐਚ ਹਸਪਤਾਲ ਬਰਨਾਲਾ ਲਈ ਇੱਕ ਸਾਲ ਲਈ ਟੈਂਡਰ। | 13/07/2025 23/07/2025 | 2.00 Percentage | 9814931161 ch.bnl@punjab.gov.in |
| 24. | ਕਾਰਜਕਾਰੀ ਇੰਜੀਨੀਅਰ, ਨਿਕਾਸੀ-ਸਹਿ-ਖੁਦਾਈ ਮੰਡਲ, ਰੂਪਨਗਰ | 1680 ਤੋਂ 2670 ਅਤੇ 3000 ਤੋਂ 4410 ਮੀਟਰ ਵਾਇਆ ਕਨੇਟ 200 ਫੁੱਟ ਚੌੜਾਈ ਅਤੇ ਬੰਨ੍ਹਾਂ ਦੀ ਮਜ਼ਬੂਤੀ 2025 ਦੇ ਹੜ੍ਹਾਂ ਤੋਂ ਖਿਜਰਪੁਰ ਤੋਂ ਬੇਲਾ ਤੱਕ ਪਿੰਡਾਂ ਦੀ ਰੱਖਿਆ ਅਤੇ ਸਰਪਲੱਸ ਦੇ ਨਿਪਟਾਰੇ ਲਈ ਵਿਸ਼ੇਸ਼ਤਾਵਾਂ ਡਿਜ਼ਾਈਨ ਕਰਨ ਲਈ। | 09/07/2025 30/07/2025 | 2.60 Lac | 7009178007 xenminingropar@gmail.com |
| 25. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸਵੱਛਤਾ ਮੰਡਲ ਨੰ. 1, ਅੰਮ੍ਰਿਤਸਰ | ਸਾਰੇ ਰੀਟਰੋਫਿਟਡ ਪਲਾਂਟਾਂ ਨੂੰ ਬਦਲਣ ਲਈ ਏਅਰਪ ਦਾ ਅਪਗ੍ਰੇਡੇਸ਼ਨ ਓਐਚਐਸਆਰ ਤੋਂ ਪ੍ਰੀ-ਓਐਚਐਸਆਰ ਤੱਕ ਸਾਰੇ ਰੀਟਰੋਫਿਟਡ ਪਲਾਂਟਾਂ ਨੂੰ ਬਦਲਣਾ ਆਈਓਟੀ ਪਲੇਟਫਾਰਮ ਦਾ ਲਾਗੂ ਕਰਨਾ ਅਤੇ ਆਰਸੈਨਿਕ ਅਤੇ ਆਇਰਨ ਫਿਲਟਰ ਮੀਡੀਆ ਨੂੰ ਡਬਲਯੂ/ਐਸ ਸਕੀਮਾਂ 'ਤੇ ਬਦਲਣਾ ਗੋਰੀ ਨੰਗਲ, ਬੁੱਢਾ ਥੇਹ ਅਤੇ ਚੱਕ ਕਮਲ ਖਾਨ ਜ਼ਿਲ੍ਹਾ ਅੰਮ੍ਰਿਤਸਰ (4215 ਦੇ ਅਧੀਨ) | 15/07/2025 31/07/2025 | 0.90 Lac | 9872672747 xenrws_1asr@yahoo.com |
| 26. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਡਿਵੀਜ਼ਨ, ਬਠਿੰਡਾ | ਪਿੰਡ ਬਾਜਕ, ਜ਼ਿਲ੍ਹਾ ਬਠਿੰਡਾ ਵਿਖੇ ਪੀਹਲ ਪ੍ਰੋਜੈਕਟ ਅਧੀਨ ਇਮਾਰਤ ਦਾ ਨਿਰਮਾਣ। | 10/07/2025 25/07/2025 | 0.19 Lac | 9646001663 xenprbti@gmail.com |
| 27. | ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਡਿਵੀਜ਼ਨ, ਡਬਲਯੂ.ਆਰ.ਡੀ., ਪੰਜਾਬ, ਫਰੀਦਕੋਟ | 1) ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਵਿਭਾਗ, ਫਰੀਦਕੋਟ ਦੇ ਦਫ਼ਤਰ ਦੀ ਇਮਾਰਤ ਦੀ ਉਸਾਰੀ ਲਈ ਅਨੁਮਾਨ | 14/07/2025 04/08/2025 | 19.63 Lac | 9464687517 xencanalfdk2022@gmail.com |
| 28. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ. (ਸੀ ਐਂਡ ਐਮ) ਡਿਵੀਜ਼ਨ, ਸੰਗਰੂਰ | ਜ਼ਿਲ੍ਹਾ ਸੰਗਰੂਰ ਦੇ ਬਲਾਕ ਸੁਨਾਮ ਦੇ ਵੱਖ-ਵੱਖ ਪਿੰਡਾਂ ਵਿੱਚ ਖੇਡ ਮੈਦਾਨਾਂ ਦਾ ਨਿਰਮਾਣ | 11/07/2025 11/08/2025 | 23.86 Lac | 9780020165 xenprsangrur@yahoo.in |
| 29. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਨੰ.2, ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਕਪੂਰਥਲਾ | ਸੁਲਤਾਨਪੁਰ ਲੋਧੀ-ਫੱਤੂਢੀਂਗ ਸੜਕ (ਐਮ.ਡੀ.ਆਰ.-49) ਕਿਲੋਮੀਟਰ 17.00 ਤੋਂ ਕਿਲੋਮੀਟਰ 34.40 ਜ਼ਿਲ੍ਹਾ ਕਪੂਰਥਲਾ 'ਤੇ ਫਿਸਲਣ ਦੀ ਮੁਰੰਮਤ | 16/07/2025 31/07/2025 | 0.73 Lac | 9781404284 eecd2kptpwdpb@gmail.com |
| 30. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਲੁਧਿਆਣਾ | ਲਿੰਕ ਰੋਡ ਗੜ੍ਹੀ ਫਾਜ਼ਿਲ ਤੋਂ ਮੱਤੇਵਾੜਾ ਪੁਲ (ਲੰਬਾਈ 0.60 ਕਿਲੋਮੀਟਰ) ਦੀ ਨਵੀਂ ਉਸਾਰੀ | 14/07/2025 28/07/2025 | 34.85 Thousand | 8146100632 eepdldnpwdpb@gmail.com |
| 31. | ਕਾਰਜਕਾਰੀ ਇੰਜੀਨੀਅਰ, ਉਸਾਰੀ ਡਿਵੀਜ਼ਨ ਪੀ.ਡਬਲਯੂ.ਡੀ. (ਬੀ ਐਂਡ ਆਰ) ਸ਼ਾਖਾ, ਸਰਹਿੰਦ | ਐਮ.ਸੀ. ਸਰਹਨੀਦ ਵਿੱਚ ਪੰਜ ਸਾਲ ਦੀ ਦੇਖਭਾਲ (1 ਸਾਲ ਦੀ ਨੁਕਸ ਦੇਣਦਾਰੀ ਮਿਆਦ ਅਤੇ 4 ਸਾਲ ਦੀ ਦੇਖਭਾਲ) ਸਮੇਤ ਐਸ/ਆਰ ਲਿੰਕ ਸੜਕ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਗੋਬਿੰਦਗੜ੍ਹ ਤੱਕ | 14/07/2025 04/08/2025 | 5.63 Lac | 9814506842 eecdsirhindpwdpb@gmai.com |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, eproc.punjab.gov.in, www.eproc.punjab.gov.in, www.pbrdp.gov.in, www.rajindrahospitalpatiala.com, eproc.punjab.gov.n, health.punjab.gov.in
RO No. PR-Advt. No.: 1001/12/2025-26/1173/Dated CHD: 14/7/2025

RO Number: 1001/12/2025-26/1173



ਕੇਨਰਾ ਬੈਂਕ ਭਾਰਤ ਸਰਕਾਰ ਦਾ ਅਦਾਰਾ Canara Bank (A Govt. of India Undertaking) ਸਿੰਡਿਕੇਟ Syndicate

## ਈ-ਨਿਲਾਮੀ ਵਿਕਰੀ ਸੂਚਨਾ

ਈਆਰਐਮਬੀ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਐਡਵੈਂਚਰ ਨਮਸਤੇ ਚੌਕ, ਕਰਨਾਲ,
ਅਧਿਕਾਰਤ ਅਧਿਕਾਰੀ :- ਸ਼੍ਰੀ ਰਣਜੀਤ ਕੁਮਾਰ, (ਮੋ.) : 85728-16290, ਮੇਲ ਆਈਡੀ : cb6290@canarabank.com

### ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 6 (2) 8 (6) ਅਤੇ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ/ਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਧੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਰਵਿਸ ਪ੍ਰਵਾਈਡਰ ਮੈਸ. ਪੀਐਸਬੀ ਅਲਾਇੰਸ (**Baanknet**), (8291220220), ਈਮੇਲ : **support.BAANKNET@psballiance.com** ਰਾਹੀਂ ਵੈਬਸਾਈਟ **https://baanknet.com/** ਦੁਆਰਾ ਪ੍ਰਬੰਧਿਤ ਈ-ਨਿਲਾਮੀ ਵਿਚ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ।

**ਲੜੀ ਨੰ. 01 ਦੇ ਲਈ ਈ-ਨਿਲਾਮੀ ਦੀ ਮਿਤੀ : 31.07.2025 ਨੂੰ (ਦੁਪਹਿਰ 12.30 ਵਜੇ ਤੋਂ ਬਾ.ਦੁ. 01.30 ਵਜੇ)**
**ਲੜੀ ਨੰ. 01 ਦੇ ਲਈ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 30.07.2025 ਨੂੰ ਸ਼ਾਮ 5.00 ਵਜੇ ਤੱਕ**
**ਲੜੀ ਨੰ. 02 ਦੇ ਲਈ ਈ-ਨਿਲਾਮੀ ਦੀ ਮਿਤੀ : 19.08.2025 ਨੂੰ (ਦੁਪਹਿਰ 12.30 ਵਜੇ ਤੋਂ ਬਾ.ਦੁ. 01.30 ਵਜੇ)**
**ਲੜੀ ਨੰ. 02 ਦੇ ਲਈ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 18.08.2025 ਨੂੰ ਸ਼ਾਮ 5.00 ਵਜੇ ਤੱਕ**
(ਵਿਕਰੀ ਖਤਮ ਹੋਣ ਤੱਕ ਹਰੇਕ 5 ਮਿੰਟਾਂ ਦੀ ਮਿਆਦ ਦੇ ਅਸੀਮਿਤ ਵਾਧੇ ਸਮੇਤ)

| ਲ. ਨੰ. | ਸ਼ਾਖਾ ਦਾ ਨਾਮ/ਕਰਜ਼ਦਾਰ (ਾਂ)/ਜ਼ਾਮਨ (ਾਂ) ਦਾ ਨਾਮ ਅਤੇ ਪਤਾ | ਸੰਪੱਤੀ/ਆਂ ਦਾ ਸੰਖੇਪ ਵੇਰਵਾ | ਨਿਰਧਾਰਤ ਮਿਤੀ ਨੂੰ ਕੁੱਲ ਦੇਣਦਾਰੀਆਂ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. 'ਚ) | ਖਾਤਾ ਨੰਬਰ ਦੇ ਵੇਰਵੇ / ਆਈਐਫਐਸਸੀ ਕੋਡ / ਕਬਜ਼ੇ ਦੀ ਕਿਸਮ |
|---|---|---|---|---|---|---|
| 1 | ਮੈਸਰਜ਼ ਯੂਰੋ ਟਰੀ (ਕਰਜ਼ਾਦਾਰ) ਪਤਾ:- ਦੂਜੀ ਮੰਜ਼ਿਲ, ਯੂਨੀਸਿਟੀ ਬਿਜ਼ਨਸ ਪਾਰਕ ਜ਼ੀਰਕਪੁਰ, ਐਸਏਐਸ ਨਗਰ, ਮੋਹਾਲੀ, ਪੰਜਾਬ - 160102 ਸ਼੍ਰੀ ਮਿਤਾਂਸ਼ੂ ਗਰਗ ਪੁੱਤਰ ਸ਼੍ਰੀ ਸੰਦੀਪ ਗਰਗ (ਭਾਈਵਾਲ) ਪਤਾ:- ਮਕਾਨ ਨੰ. 176, ਹਿੱਲ ਵਿਊ ਕਲੋਨੀ, ਢਕੋਲੀ ਮੋਹਾਲੀ, ਪੰਜਾਬ - 160104 ਸ਼੍ਰੀ ਹਰਪ੍ਰੀਤ ਸਿੰਘ ਘੁੰਮਣ ਪੁੱਤਰ ਸ਼੍ਰੀ ਅਮਰਜੀਤ ਸਿੰਘ (ਭਾਈਵਾਲ) ਪਤਾ:- ਮਕਾਨ ਨੰ. 8, ਜੀਐਫ, ਕਿਸ਼ਨਪੁਰਾ, ਐਸਏਐਸ ਨਗਰ ਮੋਹਾਲੀ, ਪੰਜਾਬ-140603 | ਵਪਾਰਕ ਦਫ਼ਤਰ/ਯੂਨਿਟ ਨੰ. 203, ਦੂਜੀ ਮੰਜ਼ਿਲ, 1316 ਵਰਗ ਫੁੱਟ ਦੇ ਸਾਰੇ ਭਾਗ ਅਤੇ ਹਿੱਸੇ। ਖੇਵਟ/ਖੌਤੌਨੀ ਨੰ: 100/1/103, ਖਸਰਾ ਨੰ: 663/590/196(2-9), 592/197 (1-3-10), ਕਿੱਤੀ 2, ਕੁੱਲ ਮਾਪ 3 ਬਿਘੇ 12 ਬਿਸਵਾਸ 10 ਬਿਸਵਾਂਸ, 4058 ਹਿੱਸੇ ਦੇ ਅਧੀਨ ਸ਼ਾਮਲ ਹਨ। ਪਿੰਡ ਢਕੋਲੀ, ਯੂਨੀਸਿਟੀ ਬਿਜ਼ਨਸ ਪਾਰਕ, ਨੇੜੇ ਹੋਟਲ ਮਾਰਕ ਰੋਇਲ, ਕਾਲਕਾ ਹਾਈਵੇ, ਜ਼ਿਲ੍ਹਾ ਐਸ.ਏ.ਐਸ. ਨਗਰ ਤਹਿਸੀਲ ਜ਼ੀਰਕਪੁਰ, ਮੋਹਾਲੀ ਪੰਜਾਬ 160102 ਵਿਖੇ ਸਥਿਤ ਹੈਡਬਸਟ ਨੰ. ਮਿਤਾਂਸ਼ੂ ਗਰਗ ਪੁੱਤਰ ਸ. ਸੰਦੀਪ ਗਰਗ | ਮੰਗ ਸੂਚਨਾ ਦੀ ਮਿਤੀ 07.04.2023 ਨੂੰ ਕੁੱਲ ਦੇਣਦਾਰੀਆਂ : ਰੁ. 49,25,301.24 ਜਮ੍ਹਾਂ ਅਗਲੇਰਾ ਵਿਆਜ ਅਤੇ ਹੋਰ ਫੀਸਾਂ (ਮਨਫੀ ਵਸੂਲੀ, ਜੇਕਰ ਕੋਈ ਹੈ) | Rs. 44,96,000/- | Rs. 4,49,600/- | 209272434 / CNRB0006290 / ਭੌਤਿਕ ਕਬਜ਼ਾ |
| 2 | 1. ਸ਼੍ਰੀ ਦਵਿੰਦਰ ਕੁਮਾਰ ਪੁੱਤਰ ਸ਼੍ਰੀ ਪ੍ਰੇਮ ਕੁਮਾਰ (ਮੈਸਰਜ਼ ਸ਼ਿਵਾ ਸਰਜੀਕਲ ਇਕੁਇਪਮੈਂਟਸ ਦਾ ਕਰਜ਼ਦਾਰ ਅਤੇ ਪ੍ਰੋਪ.) ਪਤਾ (i)- ਫਲੈਟ ਨੰਬਰ 29, ਸ਼੍ਰੀ ਦੇਵਾਜੀ ਰੈਜ਼ੀਡੈਂਸੀ, ਕਿਸ਼ਨਪੁਰਾ ਜ਼ੀਰਕਪੁਰ, ਡੇਰਾਬੱਸੀ, ਐਸਏਐਸ ਨਗਰ-140604। ਪਤਾ (ii)- ਦੁਕਾਨ 0 ਨੰ 4, ਗਰਾਊਂਡ ਫਲੋਰ, ਗੁਣਜੀਵਨ ਵਿਹਾਰ, ਢਕੋਲੀ, ਜ਼ੀਰਕਪੁਰ -140603। 2. ਸ਼੍ਰੀਮਤੀ ਤੇਜਿੰਦਰ ਕੌਰ ਸੁਪਤਨੀ ਸ਼੍ਰੀ ਦਵਿੰਦਰ ਕੁਮਾਰ (ਐਮ/ਐਸ ਐਸਐਸ ਮੈਡੀਕਲ ਉਪਕਰਣਾਂ ਦਾ ਸਹਿ-ਕਰਜ਼ਦਾਰ ਅਤੇ ਪ੍ਰੋਪ) ਪਤਾ (i)- ਫਲੈਟ ਨੰਬਰ 29, ਸ਼੍ਰੀ ਦੇਵਾਜੀ ਰੈਜ਼ੀਡੈਂਸੀ, ਕਿਸ਼ਨਪੁਰਾ ਜ਼ੀਰਕਪੁਰ, ਡੇਰਾਬੱਸੀ, ਐਸਏਐਸ ਨਗਰ-140604. ਪਤਾ (ii)- ਐਸ.ਸੀ.ਓ.-9, ਪਹਿਲੀ ਮੰਜ਼ਿਲ, ਜ਼ੀਰਕਪੁਰ, ਮੋਹਾਲੀ-140603 | ਜਾਇਦਾਦ ਦਾ EMT, ਪਲਾਟ ਨੰ. ਵਿੱਚ ਇੱਕ ਰਿਹਾਇਸ਼ੀ ਜਾਇਦਾਦ ਪਹਿਲੀ ਮੰਜ਼ਿਲ। 29, ਜਿਸ ਵਿੱਚ 640 ਵਰਗ ਫੁੱਟ ਦਾ ਖੇਤਰਫਲ ਹੈ, ਦੇਵਾਜੀ ਰੈਜ਼ੀਡੈਂਸੀ ਪਿੰਡ ਕਿਸ਼ਨਪੁਰਾ, ਐਮਸੀ ਅਤੇ ਸਬ-ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ (ਪੀਬੀ) ਵਿਖੇ ਸਥਿਤ ਹੈ, ਜੋ ਕਿ ਖਸਰਾ ਨੰਬਰ 155(4-0), 156(4-0), 157(1-10), ਕਿੱਟੇ 3, ਵੀਡੀਓ ਖੇਵਟ/ਖਟੋਨੀ ਨੰਬਰ 1 ਵਿੱਚ ਸ਼ਾਮਲ ਜ਼ਮੀਨ 'ਤੇ ਬਣਿਆ ਹੈ। 41/43, ਜਿਸ ਵਿੱਚ ਉਪਰੋਕਤ ਮੰਜ਼ਿਲ 0 ਵਿੱਘਾ 0 ਬਿਸਵਾ 15 ਬਿਸਵਾਸੀ ਦਾ ਹਿੱਸਾ ਹੈ ਭਾਵ ਕੁੱਲ ਜ਼ਮੀਨ ਦਾ 15/3800 ਹਿੱਸਾ 9 ਵਿੱਘਾ 10 ਬਿਸਵਾ (1/3 ਹਿੱਸਾ ਜਿਸ ਵਿੱਚ 37.40 ਵਰਗ ਗਜ਼ 112.22 ਵਰਗ ਗਜ਼ ਸ਼ਾਮਲ ਹੈ) ਦੇਵਾਜੀ ਰੈਜ਼ੀਡੈਂਸੀ ਪਿੰਡ ਕਿਸ਼ਨਪੁਰਾ, ਐਮਸੀ ਅਤੇ ਸਬ ਤਹਿਸੀਲ ਜ਼ੀਰਕਪੁਰ, ਤਹਿਸੀਲ ਡੇਰਾ ਬੱਸੀ, ਜ਼ਿਲ੍ਹਾ ਐਸਏਐਸ ਨਗਰ, (ਪੰਜਾਬ), "ਹੱਦਬਸਤ ਨੰਬਰ 54" ਵਿਖੇ ਸਥਿਤ ਹੈ। ਸਾਲ 2016-2017 ਲਈ ਨਕਲ ਜਮ ?ਹਾਂਬੰਦੀ ਅਨੁਸਾਰ, ਵਿਕਰੀ ਡੀਡ ਨੰਬਰ 2018-19/13/1/3556 ਮਿਤੀ 02.11.2018 ਅਨੁਸਾਰ ਜਾਇਦਾਦ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ:- ਉੱਤਰ-ਪ੍ਰਵੇਸ਼ ਦੁਆਰ/ਆਮ ਖੇਤਰ/ਫਲੈਟ ਨੰਬਰ 30-ਐਫਐਫ, ਦੱਖਣ-ਖਾਲੀ ਪਲਾਟ, ਪੂਰਬ-ਹੋਰ ਫਲੈਟ, ਉੱਤੇ ਵੈਸਟ-ਐਪ੍ਰੋਚ ਰੋਡ। | ਮੰਗ ਸੂਚਨਾ ਦੀ ਮਿਤੀ 19.02.2024 ਨੂੰ ਕੁੱਲ ਦੇਣਦਾਰੀਆਂ : ਰੁ. 20,39,936.00/- ਜਮ੍ਹਾਂ ਅਗਲੇਰਾ ਵਿਆਜ ਅਤੇ ਹੋਰ ਫੀਸਾਂ (ਮਨਫੀ ਵਸੂਲੀ, ਜੇਕਰ ਕੋਈ ਹੈ) | Rs. 29,00,000.00/- | Rs. 2,90,000.00/- | 209272434 / CNRB0006290 / ਸੰਕੇਤਕ ਕਬਜ਼ਾ |

**ਹੋਰ ਨਿਯਮ ਅਤੇ ਸ਼ਰਤਾਂ :**

**ਹੋਰ ਨਿਯਮ ਅਤੇ ਸ਼ਰਤਾਂ :-**
ੳ. ਨਿਲਾਮੀ/ਬੋਲੀ ਵੈਬਸਾਈਟ **https://BAANKNET.com** ਰਾਹੀਂ **"ਆਨਲਾਈਨ ਇਲੈਕਟ੍ਰੋਨਿਕ ਬੋਲੀ"** ਰਾਹੀਂ ਹੀ ਕੀਤੀ ਜਾਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਈ-ਨਿਲਾਮੀ ਵਿਕਰੀ ਪ੍ਰਕਿਰਿਆਵਾਂ ਵਿਚ ਭਾਗ ਲੈਣ ਤੋਂ ਪਹਿਲਾਂ ਵਿਸਥਾਰਿਤ ਨਿਯਮਾਂ ਦੇ ਲਈ ਵੈਬਸਾਈਟ ਦੇਖ ਲੈਣ।
ਅ. ਸੰਪੱਤੀ ਦੀ ਜਾਂਚ **ਸੰਪੱਤੀ ਨੰ. 01 ਦੇ ਲਈ** 28.07.2025 **ਅਤੇ ਸੰਪੱਤੀ ਨੰ. 02 ਦੇ ਲਈ** 12.08.2025 ਨੂੰ **ਅਧਿਕਾਰਤ ਅਧਿਕਾਰੀ** ਤੋਂ ਅਗਾਊਂ ਪ੍ਰਵਾਨਗੀ ਲੈ ਕੇ ਕੀਤੀ ਜਾ ਸਕਦੀ ਹੈ।
ੲ. ਸੰਪੱਤੀ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਤੀਜੀ ਧਿਰ ਦੇ ਕਿਸੇ ਵੀ ਦਾਅਵੇ/ਅਧਿਕਾਰ/ਬਕਾਇਆਂ ਦੇ ਲਈ ਕਿਸੇ ਵੀ ਰੂਪ ਵਿਚ ਜੁਆਬਦੇਹ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਤਸੱਲੀ ਲਈ ਸੰਪੱਤੀ ਨਾਲ ਸਬੰਧਤ ਸਾਰੇ ਪੱਖਾਂ ਦੀ ਪੂਰਨ ਪੜਤਾਲ ਕਰ ਲੈਣੀ ਚਾਹੀਦੀ ਹੈ। ਬੋਲੀਕਾਰ ਨੂੰ ਉਨ੍ਹਾਂ ਦੇ ਆਪਣੇ ਹਿੱਤ ਵਿਚ ਸਲਾਹ ਦਿੱਤੀ ਜਾਂਦੀ ਹੈ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਆਪਣੀ ਤਸੱਲੀ ਲਈ ਸਬੰਧਤ ਅਧਿਕਾਰੀਆਂ ਤੋਂ ਸਵਾਲ ਅਧੀਨ ਅਚੱਲ ਸੁਰੱਖਿਅਤ ਅਸਾਸੇ ਦੇ ਆਕਾਰ/ਰਕਬੇ ਸਮੇਤ ਸੁਰੱਖਿਅਤ ਅਸਾਸਿਆਂ ਨਾਲ ਸਬੰਧਤ ਮਾਲਕੀ ਅਤੇ ਹੋਰ ਵੇਰਵਿਆਂ ਦੀ ਸੱਚਾਈ ਬਾਰੇ ਖੁਦ ਦੀ ਤਸੱਲੀ ਕਰ ਲੈਣ ਅਤੇ ਹੋਰ ਬਕਾਇਆਂ/ਦੇਣਦਾਰੀਆਂ/ਬੋਝ ਬਾਰੇ ਵੀ ਯਕੀਨੀ ਬਣਾ ਲੈਣ। ਖਰੀਦਦਾਰ ਕਿਸੇ ਬਾਅਦ ਦੀ ਮਿਤੀ ਨੂੰ ਇਸ ਸਬੰਧ ਵਿਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਿਆਂ ਖਿਲਾਫ਼ ਕੋਈ ਵੀ ਦਾਅਵਾ ਕਰਨ ਦੇ ਹੱਕਦਾਰ ਨਹੀਂ ਹੋਣਗੇ।
ਸ. ਕਿਸੇ ਵੀ ਰਕਮ ਦੇ ਭੁਗਤਾਨ ਵਿਚ ਕਿਸੇ ਵੀ ਕੁਤਾਹੀ ਦੀ ਸੂਰਤ ਵਿਚ ਜਾਂ ਜੇਕਰ ਉਕਤ ਦਰਸਾਈ ਸਮਾਂ ਹੱਦ ਦੇ ਅੰਦਰ ਖਰੀਦਦਾਰ/ਬੋਲੀਕਾਰ ਦੇ ਪੱਖ ਤੋਂ ਕੁਤਾਹੀ ਦੇ ਕਾਰਨ ਵਿਕਰੀ ਮੁਕੰਮਲ ਨਹੀਂ ਹੁੰਦੀ ਹੈ ਤਾਂ ਬੈਂਕ ਆਪਣੀ ਪੂਰਨ ਮਰਜ਼ੀ 'ਤੇ ਉਦੋਂ ਤੱਕ ਖਰੀਦਦਾਰ/ਬੋਲੀਕਾਰ ਵੱਲੋਂ ਅਦਾ ਕੀਤੀ ਸਾਰੀ ਰਕਮ ਨੂੰ ਜ਼ਬਤ ਕਰਨ ਅਤੇ ਸੁਰੱਖਿਅਤ ਅਸਾਸੇ (ਆਂ) ਨੂੰ ਦੁਬਾਰਾ ਵਿਕਰੀ 'ਤੇ ਪਾਉਣ ਦਾ ਹੱਕਦਾਰ ਹੋਵੇਗਾ। ਅੱਗੇ ਬੈਂਕ ਵੱਲੋਂ ਅਜਿਹੀ ਪੁਨਰ ਵਿਕਰੀ ਦੇ ਸਬੰਧ ਵਿਚ ਲਾਗੂ ਸਾਰੀਆਂ ਲਾਗਤਾਂ, ਖਰਚੇ ਦੋਸ਼ੀ ਖਰੀਦਦਾਰ ਵੱਲੋਂ ਉਠਾਏ ਅਤੇ ਅਦਾ ਕੀਤੇ ਜਾਣਗੇ।
ਹ. ਸੰਪੱਤੀ ਉਸ ਕੀਮਤ 'ਤੇ ਵੇਚੀ ਜਾਵੇਗੀ ਜੋ ਰਾਖਵੀਂ ਕੀਮਤ ਨਾਲੋਂ ਵੱਧ ਹੋਵੇ ਅਤੇ ਭਾਗੀਦਾਰ ਬੋਲੀਕਾਰ ਨਿਲਾਮੀ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਵਿਚ ਹੋਰ ਸੁਧਾਰ ਕਰ ਸਕਦੇ ਹਨ।
ਕ. ਰਾਖਵੀਂ ਕੀਮਤ ਦੇ 10% ਦੀ ਬਿਆਨਾ ਰਕਮ ਰਾਸ਼ੀ **ਸੰਪੱਤੀ ਨੰ. 01 ਦੇ ਲਈ** 30.07.2025 **ਅਤੇ ਸੰਪੱਤੀ ਨੰ. 02 ਦੇ ਲਈ** 18.08.2025 **ਨੂੰ ਸ਼ਾਮ** 05.00 **ਵਜੇ ਤੱਕ** ਜਾਂ ਪਹਿਲਾਂ ਦਰਸਾਏ ਚਲਾਨ ਵਿਚ ਦਰਸਾਏ ਖਾਤਾ ਵੇਰਵਿਆਂ ਵਿਚ **ਆਰਟੀਜੀਐਸ/ਐਨਈਐਫਟੀ** ਰਾਹੀਂ ਬਿਆਨਾ ਰਕਮ ਜਮ੍ਹਾਂ ਕਰਨ ਲਈ ਚਲਾਨ ਦੇ ਸੰਚਾਲਨ ਦੁਆਰਾ ਜਾਂ ਸਿੱਧੇ ਮੈਸ. ਪੀਐਸਸੀ ਅਲਾਇੰਸ ਪ੍ਰਾਈਵੇਟ ਲਿਮਟਿਡ (Baanknet) ਪੋਰਟਲ ਦੇ ਈ-ਵੈਲੇਟ ਵਿਚ ਜਮ੍ਹਾਂ ਕੀਤੀ ਜਾਵੇਗੀ।
ਖ਼. ਇੱਛੁਕ ਬੋਲੀਕਾਰਾਂ ਕੋਲ ਜਾਇਜ਼ ਡਿਜੀਟਲ ਹਸਤਾਖ਼ਰ ਪ੍ਰਮਾਣ ਪੱਤਰ ਅਤੇ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਡਿਜੀਟਲ ਹਸਤਾਖ਼ਰ ਦੇ ਸਬੰਧ ਵਿਚ ਵੇਰਵਿਆਂ ਦੇ ਲਈ ਕਿਰਪਾ ਕਰਕੇ ਵੈਬਸਾਈਟ https://baanknet.com/ ਰਾਹੀਂ ਸਰਵਿਸ ਪ੍ਰੋਵਾਈਡਰ ਮੈਸ. ਪੀਐਸਸੀ ਅਲਾਇੰਸ (Baanknet), ਹੈਲਪ ਡੈਸਕ ਨੰਬਰ (8291220220), **ਈ-ਮੇਲ : support.baanknet@psballiance.com** 'ਤੇ ਸੰਪਰਕ ਕਰਨ।
ਗ. ਬਿਆਨਾ ਰਕਮ ਰਾਸ਼ੀ ਦੇ ਭੁਗਤਾਨ ਉਪਰੰਤ ਇੱਛੁਕ ਬੋਲੀਕਾਰਾਂ ਨੂੰ **ਦਸਤੀ ਜਾਂ ਈਮੇਲ ਦੁਆਰਾ ਕੇਨਰਾ ਬੈਂਕ, ਏਆਰਐਮ ਸ਼ਾਖਾ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਡਿਵੈਂਚਰ, ਨਮਸਤੇ ਚੌਕ, ਕਰਨਾਲ ਵਿਖੇ ਸੰਪੱਤੀ ਨੰ. 01 ਦੇ ਲਈ** 30.07.2025 **ਅਤੇ ਸੰਪੱਤੀ ਨੰ. 02 ਦੇ ਲਈ** 18.08.2025 **ਨੂੰ ਸ਼ਾਮ** 5.00 **ਵਜੇ ਤੱਕ** ਜਾਂ ਪਹਿਲਾਂ ਨਿਮਨ ਲਿਖਤ ਦਸਤਾਵੇਜ਼/ਵੇਰਵਿਆਂ ਦਾ ਉਤਾਰਾ ਦਸਤੀ ਜਾਂ ਈਮੇਲ ਦੁਆਰਾ ਜਮ੍ਹਾਂ ਕਰਨਾ ਹੋਵੇਗਾ :
1) ਆਰਟੀਜੀਐਸ/ਐਨਈਐਫਟੀ ਰਾਹੀਂ ਅਦਾ ਕੀਤੀ ਗਈ ਬਿਆਨਾ ਰਕਮ ਰਾਸ਼ੀ ਦੇ ਲਈ ਡਿਮਾਂਡ ਡਰਾਫਟ/ਭੁਗਤਾਨ ਆਦੇਸ਼, ਯੂ.ਟੀ.ਆਰ. ਨੰਬਰ ਸਮੇਤ ਪਹੁੰਚ ਰਸੀਦ।
2) ਪੈਨ ਕਾਰਡ, ਪਛਾਣ ਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਉਤਾਰੇ। ਫਿਰ ਵੀ, ਸਫਲ ਬੋਲੀਕਾਰ ਨੂੰ ਬੋਲੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਦੇ ਸਮੇਂ ਬੈਂਕ ਨੂੰ ਮੂਲ ਰੂਪ ਵਿਚ ਇਹ ਦਸਤਾਵੇਜ਼ ਪੇਸ਼ ਕਰਨੇ ਹੋਣਗੇ।
3) ਬੋਲੀਕਾਰ ਦਾ ਨਾਮ, ਸੰਪਰਕ ਨੰਬਰ, ਪਤਾ, ਈ-ਮੇਲ ਆਈ.ਡੀ.।
4) ਬਿਆਨਾ ਰਕਮ ਦੇ ਆਨਲਾਈਨ ਰੀਫੰਡ ਲਈ ਬੋਲੀਕਾਰ ਦੇ ਖਾਤਾ ਵੇਰਵੇ।
ਘ. ਇੱਛੁਕ ਬੋਲੀਕਾਰਾਂ ਨੂੰ ਪੋਰਟਲ **https://baanknet.com/** 'ਤੇ ਆਪਣੇ ਨਾਂਵਾਂ ਦਾ ਪੰਜੀਕਰਨ ਕਰਨਾ ਹੋਵੇਗਾ ਅਤੇ ਮੁਫ਼ਤ ਵਿਚ ਯੂਜ਼ਰ ਆਈ.ਡੀ. ਅਤੇ ਪਾਸਵਰਡ ਹਾਸਲ ਕਰਨੇ ਹੋਣਗੇ। ਇੱਛੁਕ ਬੋਲੀਕਾਰ ਸਰਵਿਸ ਪ੍ਰੋਵਾਈਡਰ **ਮੈਸ. ਪੀਐਸਸੀ ਅਲਾਇੰਸ (Baanknet) ਹੈਲਪ ਡੈਸਕ ਨੰਬਰ** (8291220220), **(ਈ-ਮੇਲ : support.baanknet@psballiance.com) ਅਤੇ ਸ਼੍ਰੀ ਅਨਿਮੇਸ਼ ਜੈਨ,** ਮੋਬਾ. 7046612345 **ਵੈਬਸਾਈਟ https://baanknet.com/** ਰਾਹੀਂ **ਈਮੇਲ (ਈਮੇਲ : animesh@procure247.com)** ਈ-ਨਿਲਾਮੀ 'ਤੇ ਆਨਲਾਈਨ ਸਿਖਲਾਈ ਹਾਸਲ ਕਰ ਸਕਦੇ ਹਨ।
ਙ. ਅਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਗਈ ਜਮ੍ਹਾਂ ਬਿਆਨਾ ਰਕਮ ਉਨ੍ਹਾਂ ਨੂੰ ਰੀਫੰਡ ਕਰ ਦਿੱਤੀ ਜਾਵੇਗੀ। ਬਿਆਨਾਂ ਰਕਮ 'ਤੇ ਕੋਈ ਵਿਆਜ ਲਾਗੂ ਨਹੀਂ ਹੋਵੇਗਾ।
ਚ. ਨਿਲਾਮੀ ਉਕਤ ਦਰਸਾਏ ਅਨੁਸਾਰ ਰਾਖਵੀਂ ਕੀਮਤ 'ਤੇ ਸ਼ੁਰੂ ਹੋਵੇਗਾ। ਬੋਲੀਕਾਰ **ਰੁ.** 50,000/- ਦੇ ਗੁਣਾਂਕ ਵਿਚ ਆਪਣੀਆਂ ਪੇਸ਼ਕਸ਼ਾਂ ਵਿਚ ਸੁਧਾਰ ਕਰਨਗੇ। ਬੋਲੀਕਾਰ ਜੋ **'ਆਨਲਾਈਨ'** ਨਿਲਾਮੀ ਦੇ ਬੰਦ ਹੋਣ 'ਤੇ ਸਭ ਤੋਂ ਉਚੀ ਬੋਲੀ (ਰਾਖਵੀਂ ਕੀਮਤ ਤੋਂ ਘੱਟ ਨਹੀਂ) ਪੇਸ਼ ਕਰੇਗਾ, ਉਸ ਨੂੰ ਸਫਲ ਬੋਲੀਕਾਰ ਵਜੋਂ ਐਲਾਨਿਆ ਜਾਵੇਗਾ। ਵਿਕਰੀ ਦੀ ਪੁਸ਼ਟੀ ਸਫਲ ਬੋਲੀਕਾਰ ਦੇ ਪੱਖ ਵਿਚ ਕੀਤੀ ਜਾਵੇਗੀ, ਜੋ ਕਿ ਸੁਰੱਖਿਅਤ ਕਰਜ਼ਦਾਤਾ ਵੱਲੋਂ ਪੁਸ਼ਟੀ ਨਾਲ ਸਬੰਧਤ ਹੈ।
ਛ. ਸਫਲ ਬੋਲੀਕਾਰ ਖੁਦ ਨੂੰ ਸਫਲ ਬੋਲੀਕਾਰ ਵਜੋਂ ਐਲਾਨੇ ਜਾਣ 'ਤੇ ਤੁਰੰਤ ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸਮੇਤ) ਦਾ 25% ਜਮ੍ਹਾਂ ਕਰੇਗਾ ਅਤੇ ਬਕਾਇਆ ਸੁਰੱਖਿਅਤ ਕਰਜ਼ਦਾਤਾ ਵੱਲੋਂ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰੇਗਾ। ਇਹ ਰਕਮ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ, ਏਆਰਐਮ ਸ਼ਾਖਾ ਦੇ ਪੱਖ ਵਿਚ ਡਿਮਾਂਡ ਡਰਾਫਟ ਦੇ ਮਾਧਿਅਮ ਦੁਆਰਾ ਜਮ੍ਹਾਂ ਕੀਤੀ ਜਾਵੇਗੀ ਜਾਂ ਕੇਨਰਾ ਬੈਂਕ, ਏਆਰਐਮ ਸ਼ਾਖਾ, **ਖਾਤਾ ਨੰਬਰ** 209272434, **ਆਈਐਫਐਸਸੀ ਕੋਡ : ਸੀਐਨਆਰਬੀ**0006290 ਦੇ ਖਾਤੇ ਵਿਚ ਕ੍ਰੈਡਿਟ ਲਈ ਆਰਟੀਜੀਐਸ/ਐਨਈਐਫਟੀ/ਫੰਡ ਟਰਾਂਸਫਰ ਰਾਹੀਂ ਜਮ੍ਹਾਂ ਕੀਤੀ ਜਾਵੇਗੀ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਅਦਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕੀਤੀ ਰਕਮ ਬਿਨਾਂ ਕਿਸੇ ਸੂਚਨਾ ਤੋਂ ਅਧਿਕਾਰਤ ਅਧਿਕਾਰੀ ਵੱਲੋਂ ਜ਼ਬਤ ਕਰ ਲਈ ਜਾਵੇਗੀ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ 'ਤੇ ਪਾਉਣ ਲਈ ਰੱਖ ਲਿਆ ਜਾਵੇਗਾ।
ਜ. ਰੁ. 50.00 ਲੱਖ (ਰੁਪਏ ਪੰਜਾਹ ਲੱਖ) ਅਤੇ ਵੱਧ ਦੀ ਵਿਕਰੀ ਵਸੂਲੀ ਦੇ ਲਈ ਸਫ਼ਲ ਬੋਲੀਕਾਰ ਨੂੰ ਵਿਕਰੀ ਵਸੂਲੀ 'ਤੇ 1% ਦੀ ਦਰ 'ਤੇ ਟੀਡੀਐਸ ਦੀ ਕਟੌਤੀ ਕਰਨੀ ਹੋਵੇਗੀ ਅਤੇ ਟੀਡੀਐਸ ਪ੍ਰਮਾਣ ਪੱਤਰ ਦੀ ਮੂਲ ਰਸੀਦ ਬੈਂਕ ਨੂੰ ਪੇਸ਼ ਕਰਨੀ ਹੋਵੇਗੀ।
ਝ. ਕਨਵੇਐਂਸ, ਸਟੈਂਪ ਡਿਊਟੀ/ਜੀਐਸਟੀ/ਪੰਜੀਕਰਨ ਫੀਸਾਂ ਆਦਿ ਸਬੰਧੀ ਸਾਰੇ ਖਰਚੇ ਕੇਵਲ ਸਫਲ ਬੋਲੀਕਾਰ ਵੱਲੋਂ ਚੁੱਕੇ ਜਾਣਗੇ।
ਞ. ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮਾਂ ਵਿਚ ਤਬਦੀਲੀ ਕਰਨ ਜਾਂ ਇਸ ਨੂੰ ਮੁਲਤਵੀ/ਰੱਦ ਕਰਨ ਦਾ ਹੱਕ ਰਾਖਵਾਂ ਹੈ।
ਟ. ਬੋਲੀਕਾਰ ਜਿਨ੍ਹਾਂ ਕੋਲ ਇੰਟਰਨੈਟ ਦੀ ਪਹੁੰਚ ਨਹੀਂ ਹੈ ਪਰ ਜੋ ਈ-ਨਿਲਾਮੀ ਵਿਚ ਭਾਗ ਲੈਣ ਦੇ ਇੱਛੁਕ ਹਨ, ਦੇ ਮਾਮਲੇ ਵਿਚ ਉਹ ਸਬੰਧਤ ਸਰਕਲ ਦਫ਼ਤਰ ਜਾਂ ਕੇਨਰਾ ਬੈਂਕ, ਏਆਰਐਮਬੀ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਡਿਵੈਂਚਰ, ਨਮਸਤੇ ਚੌਕ, ਕਰਨਾਲ, ਜੋ ਕਿ ਸੁਵਿਧਾ ਕੇਂਦਰ ਵਜੋਂ ਲੋੜੀਂਦੇ ਪ੍ਰਬੰਧ ਕਰਨਗੇ, ਕੋਲ ਪਹੁੰਚ ਕਰ ਸਕਦੇ ਹਨ।
ਠ. ਹੋਰ ਵੇਰਵਿਆਂ ਲਈ ਕਿਸੇ ਵੀ ਕੰਮ ਵਾਲੇ ਦਿਨ ਨੂੰ ਦਫ਼ਤਰੀ ਘੰਟਿਆਂ ਦੌਰਾਨ ਸ੍ਰੀ ਰਣਜੀਤ ਕੁਮਾਰ ਮੁੱਖ ਪ੍ਰਬੰਧਕ, ਕੇਨਰਾ ਬੈਂਕ, ਅਸੈਟ ਰਿਕਰਵੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ), ਕਰਨਾਲ ਫੋਨ ਨੰ. 0184-4041820, 85728-16290, ਈ-ਮੇਲ ਆਈਡੀ : cb6290@canarabank.com ਜਾਂ **ਸਰਵਿਸ ਪ੍ਰੋਵਾਈਡਰ BAANKNET (ਮੈਸ਼ ਪੀਐਸਬੀ ਅਲਾਇੰਸ ਪ੍ਰਾ. ਲਿਮ.)** (ਸੰਪਰਕ ਨੰਬਰ 7046612345/6354910172/8291220220/98922/19848/8160205051, ਈਮੇਲ : support.BAANKNET@psballiance.com) ਰਾਹੀਂ ਸੰਪਰਕ ਕਰੋ।

**ਵਿਸ਼ੇਸ਼ ਹਦਾਇਤ/ਚੇਤਾਵਨੀ**
ਬੋਲੀਕਾਰਾਂ ਵੱਲੋਂ ਉਨ੍ਹਾਂ ਦੇ ਆਪਣੇ ਹਿੱਤ ਵਿਚ ਆਖਰੀ ਮਿੰਟਾਂ/ਸਕਿੰਟਾਂ ਵਿਚ ਬੋਲੀ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਨਾ ਤਾਂ ਕੇਨਰਾ ਬੈਂਕ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕਰੀਕਾਰ ਦੇ ਵੱਲੋਂ ਕਿਸੇ ਤਰੁੱਟੀ/ਅਸਫਲਤਾ (ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ। ਅਜਿਹੀ ਅਚਨਚੇਤ ਸਥਿਤੀ ਨੂੰ ਟਾਲਣ ਦੇ ਸਬੰਧ ਵਿਚ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਬਿਜਲੀ ਸਪਲਾਈ ਅਤੇ ਜੋ ਵੀ ਅਜਿਹਾ ਲੋੜੀਂਦਾ ਹੋਵੇ ਵਰਗੇ ਲੋੜੀਂਦੇ ਪ੍ਰਬੰਧ/ਵਿਕਲਪ ਬਣਾ ਕੇ ਰੱਖਣ ਤਾਂ ਜੋ ਉਹ ਅਜਿਹੀ ਅਚਨਚੇਤੀ ਸਥਿਤੀ ਨਾਲ ਨਜਿੱਠਣ ਦੇ ਸਮਰਥ ਹੋਣ ਅਤੇ ਸਫਲਤਾਪੂਰਵਕ ਨਿਲਾਮੀ ਵਿਚ ਭਾਗ ਲੈ ਸਕਣ।

ਸਰਫਾਇਸੀ ਐਕਟ 2002 ਦੇ ਅਧੀਨ 15/30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ

ਮਿਤੀ : 14.07.2025 ਸਥਾਨ : ਪੰਚਕੂਲਾ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਮੀਂਹ ਦੇ ਮੌਸਮ 'ਚ ਨਹੀਂ ਖਾਣੇ ਚਾਹੀਦੇ ਇਹ ਫ਼ਲ



ਮੀਂਹ ਦਾ ਮੌਸਮ ਜਿੱਥੇ ਠੰਡਕ ਅਤੇ ਤਾਜ਼ਗੀ ਲੈ ਕੇ ਆਉਂਦਾ ਹੈ, ਉੱਥੇ ਹੀ ਇਹ ਸਿਹਤ ਸੰਬੰਧੀ ਕਈ ਚੁਣੌਤੀਆਂ ਵੀ ਖੜੀਆਂ ਕਰ ਦਿੰਦਾ ਹੈ। ਵਿਸ਼ੇਸ਼ ਤੌਰ 'ਤੇ ਪੇਟ ਦੀਆਂ ਬੀਮਾਰੀਆਂ ਜਿਵੇਂ ਕਿ ਡਾਇਰੀਆ, ਐਸਿਡਿਟੀ ਅਤੇ ਇਨਫੈਕਸ਼ਨ ਆਮ ਹੋ ਜਾਂਦੇ ਹਨ। ਅਜਿਹੇ 'ਚ ਕੁਝ ਫਲ ਅਜਿਹੇ ਹੁੰਦੇ ਹਨ ਜੋ ਸਧਾਰਣ ਤੌਰ ਤੇ ਲਾਭਕਾਰੀ ਮੰਨੇ ਜਾਂਦੇ ਹਨ ਪਰ ਮੀਂਹ ਦੇ ਮੌਸਮ 'ਚ ਇਹ ਪੇਟ ਦੀ ਸਮੱਸਿਆ ਵਧਾ ਸਕਦੇ ਹਨ।

**ਤਰਬੂਜ ਅਤੇ ਖਰਬੂਜਾ :** ਇਹ ਦੋਵੇਂ ਫਲ ਹਾਈਡਰੇਟ ਕਰਨ ਵਾਲੇ ਹਨ ਪਰ ਮੀਂਹ ਦੇ ਮੌਸਮ 'ਚ ਇਹ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਜ਼ਿਆਦਾ ਪਾਣੀ ਵਾਲੇ ਫਲ ਮੀਂਹ ਦੇ ਸਮੇਂ 'ਚ ਪਾਚਨ 'ਚ ਮੁਸ਼ਕਿਲ ਪੈਦਾ ਕਰ ਸਕਦੇ ਹਨ।

**ਅੰਗੂਰ :** ਅੰਗੂਰ ਮੀਂਹ ਦੇ ਮੌਸਮ 'ਚ ਇਹ ਜਲਦੀ ਫੰਗਸ ਜਾਂ ਬੈਕਟੀਰੀਆ ਨਾਲ ਪ੍ਰਭਾਵਿਤ ਹੋ ਜਾਂਦੇ ਹਨ। ਖਾਸ ਕਰਕੇ ਬਿਨਾ ਧੋਤੇ ਹੋਏ ਅੰਗੂਰ ਖਾਣ ਨਾਲ ਪੇਟ ਦੀ ਇਨਫੈਕਸ਼ਨ ਹੋ ਸਕਦੀ ਹੈ।

**ਨਾਸ਼ਪਤੀ :** ਨਾਸ਼ਪਤੀ ਨੂੰ ਮੀਂਹ ਦੇ ਮੌਸਮ 'ਚ ਇਹ ਹਜ਼ਮ ਕਰਨਾ ਥੋੜ੍ਹਾ ਔਖਾ ਹੋ ਸਕਦਾ ਹੈ, ਜਿਸ ਕਰਕੇ ਗੈਸ ਦੀ ਸਮੱਸਿਆ ਹੋ ਸਕਦੀ ਹੈ।

**ਮੌਸਮ ਅਨੁਸਾਰ ਚੋਣ ਹੈ ਜ਼ਰੂਰੀ :** ਜਿੱਥੇ ਫਲ ਸਿਹਤ ਲਈ ਲਾਭਕਾਰੀ ਹਨ, ਉੱਥੇ ਉਨ੍ਹਾਂ ਦੀ ਵਰਤੋਂ ਮੌਸਮ ਦੇ ਅਨੁਸਾਰ ਕਰਨਾ ਵੀ ਜ਼ਰੂਰੀ ਹੈ। ਮੀਂਹ ਦੇ ਸਮੇਂ 'ਚ ਤਾਜ਼ੇ, ਚੰਗੀ ਤਰ੍ਹਾਂ ਧੋਤੇ ਹੋਏ ਅਤੇ ਘਰ 'ਚ ਕੱਟੇ ਹੋਏ ਫਲ ਹੀ ਵਰਤੋ। ਸੜੇ-ਗਲੇ ਜਾਂ ਬਾਜ਼ਾਰ 'ਚ ਕਈ ਘੰਟੇ ਪਏ ਫਲ ਖਾਣ ਤੋਂ ਪਰਹੇਜ਼ ਕਰੋ।

**ਨਤੀਜਾ :** ਮੀਂਹ ਦੇ ਮੌਸਮ 'ਚ ਪੇਟ ਸੰਬੰਧੀ ਸਮੱਸਿਆਵਾਂ ਆਮ ਹੁੰਦੀਆਂ ਹਨ। ਅਜਿਹੇ ਕੁਝ ਵਿਸ਼ੇਸ਼ ਫਲਾਂ ਦੀ ਵਰਤੋਂ ਸੰਭਲ ਕੇ ਕਰਨੀ ਚਾਹੀਦੀ ਹੈ। ਸਾਵਧਾਨੀ ਅਤੇ ਸਹੀ ਜਾਣਕਾਰੀ ਰਾਹੀਂ ਤੁਸੀਂ ਆਪਣੇ ਪਰਿਵਾਰ ਦੀ ਸਿਹਤ ਨੂੰ ਬਚਾ ਸਕਦੇ ਹੋ।




ਪਾਰਲੀਮੈਂਟ ਦਾ ਮੌਨਸੂਨ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਸ੍ਰੀ ਓਮ ਬਿਰਲਾ ਵਿਧਾਨ ਸਭਾ ਸਪੀਕਰ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ ਚੇਅਰਮੈਨ ਚੜ੍ਹਦੀਕਲਾ ਗਰੁੱਪ ਆਫ਼ ਮੀਡੀਆ ਅਤੇ ਸ੍ਰ. ਅੰਮ੍ਰਿਤਪਾਲ ਸਿੰਘ ਡਾਇਰੈਕਟਰ ਚੜ੍ਹਦੀਕਲਾ ਟਾਈਮ ਟੀ.ਵੀ. ਦਿੱਲੀ ਨਾਲ ਵਿਸ਼ੇਸ਼ ਤੌਰ 'ਤੇ ਸਪੈਸ਼ਲ ਮੁੱਦਿਆਂ 'ਤੇ ਗੱਲਬਾਤ ਕਰਦੇ ਹੋਏ।

# ਦੋਵਾਂ ਤਖ਼ਤਾਂ ਵਿਚਕਾਰ ਵਿਵਾਦ ਖ਼ਤਮ ਹੋਇਆ, ਬਣੀ ਸਹਿਮਤੀ

ਪਟਨਾ, 14 ਜੁਲਾਈ (ਚ.ਨ.ਸ.) : ਪਿਛਲੇ ਕਈ ਦਿਨਾਂ ਤੋਂ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਕੁਝ ਫੈਸਲਿਆਂ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ, ਜੋ ਅੱਜ ਉਸ ਸਮੇਂ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਮਤਾ ਪਾਸ ਕੀਤਾ ਕਿ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਗਿਆਨੀ ਗੁਰਦਿਆਲ ਸਿੰਘ ਦੀ ਸੇਵਾ ਤੇ ਪਿਛਲੇ ਸਮੇਂ ਵਿੱਚ ਲਗਾਈ ਗਈ ਪਾਬੰਦੀ ਹਟਾ ਦਿੱਤੀ ਗਈ ਹੈ ਅਤੇ ਇਸ ਦੇ ਨਾਲ ਹੀ ਸਾਬਕਾ ਜਥੇਦਾਰ ਰਣਜੀਤ ਸਿੰਘ ਨੂੰ ਪ੍ਰਬੰਧਕ ਕਮੇਟੀ ਵਿਰੁੱਧ ਅਦਾਲਤੀ ਕੇਸ ਤੁਰੰਤ ਵਾਪਸ ਲੈਣ, ਕਮੇਟੀ ਨਾਲ ਬੈਠ ਕੇ ਆਪਣਾ ਬਕਾਇਆ ਲੈਣ ਅਤੇ ਮੀਡੀਆ ਵਿੱਚ ਕਿਸੇ ਵੀ ਤਰ੍ਹਾਂ ਦਾ ਬਿਆਨ ਨਾ ਦੇਣ ਦਾ ਹੁਕਮ ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਹੋਰ ਸਾਰੇ ਫੈਸਲੇ ਵੀ ਵਾਪਸ ਲੈ ਲਏ ਗਏ, ਜਿਸ ਤੋਂ ਬਾਅਦ ਤਖ਼ਤ ਪਟਨਾ ਸਾਹਿਬ ਵਿਖੇ ਗਿਆਨੀ ਬਲਦੇਵ ਸਿੰਘ ਦੀ ਪ੍ਰਧਾਨਗੀ ਹੇਠ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਹੋਈ, ਜਿਸ ਵਿੱਚ ਸਪੱਸ਼ਟ ਤੌਰ ਤੇ ਕਿਹਾ ਗਿਆ ਕਿ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਸਥਾਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੂਰੀ ਮਹਾਨਤਾ ਹੈ। ਇਸ ਦੇ ਨਾਲ ਹੀ ਤਖ਼ਤ ਪਟਨਾ ਸਾਹਿਬ ਤੋਂ ਪੰਥਕ ਹਿੱਤਾਂ ਅਤੇ ਸੰਪਰਦਾ ਵਿੱਚ ਏਕਤਾ ਲਈ ਲਏ ਗਏ ਫੈਸਲੇ ਵੀ ਵਾਪਸ ਲਏ ਜਾਂਦੇ ਹਨ।

# ਮਹਿਲਾ ਵਿਸ਼ਵ ਕੱਪ : ਦਿਵਿਆ, ਹੰਪੀ ਆਖ਼ਰੀ-16 ਵਿੱਚ ਪੁੱਜੇ

ਬਾਟੂਮੀ , 14 ਜੁਲਾਈ (ਚ.ਨ.ਸ.) : ਮਹਿਲਾ ਗ੍ਰੈਂਡਮਾਸਟਰ ਦਿਵਿਆ ਦੇਸ਼ਮੁਖ ਅਤੇ ਦੇਸ਼ ਦੀ ਪਹਿਲੀ ਗ੍ਰੈਂਡਮਾਸਟਰ ਬਣਨ ਵਾਲੀ ਮਹਿਲਾ ਖਿਡਾਰਨ ਕੋਨੇਰੂ ਹੰਪੀ ਨੇ ਉਲਟ ਅੰਦਾਜ ਨਾਲ 6945 ਮਹਿਲਾ ਵਿਸ਼ਵ ਕੱਪ ਸ਼ਤਰੰਜ



ਟੂਰਨਾਮੈਂਟ ਦੇ ਆਖਰੀ-16 ਵਿੱਚ ਜਗ੍ਹਾ ਬਣਾਈ। ਦਿਵਿਆ ਨੂੰ ਆਖਰੀ 16 ਵਿੱਚ ਪਹੁੰਚਣ ਲਈ ਅੱਧੇ ਅੰਕ ਦੀ ਲੋੜ ਸੀ, ਜੋ ਉਸਨੇ ਸਰਬੀਆ ਦੀ ਟੀਓਡੋਰਾ ਇੰਜ਼ਾਕ ਵਿਰੁੱਧ ਡਰਾਅ ਖੇਡ ਕੇ ਪ੍ਰਾਪਤ ਕੀਤਾ, ਪਰ ਹੰਪੀ ਨੂੰ ਪੋਲੈਂਡ ਦੀ ਕੁਲੋਨ ਕਲਾਉਡੀਆ ਨੂੰ ਹਰਾਉਣ ਲਈ ਸਖ਼ਤ ਮਿਹਨਤ ਕਰਨੀ ਪਈ। ਜਿੱਥੇ ਦੋ ਭਾਰਤੀ ਖਿਡਾਰਨਾਂ ਨੇ ਆਖਰੀ 16 ਵਿੱਚ ਆਪਣੀ ਜਗ੍ਹਾ ਪੱਕੀ ਕਰ ਲਈ ਹੈ, ਉੱਥੇ ਹੀ ਤਿੰਨ ਹੋਰ ਭਾਰਤੀ ਖਿਡਾਰਨਾਂ ਡੀ ਹਰਿਕਾ, ਵੰਤਿਕਾ ਅਗਰਵਾਲ ਅਤੇ ਆਰ ਵੈਸ਼ਾਲੀ ਵੀ ਆਖਰੀ-16 ਵਿੱਚ ਜਗ੍ਹਾ ਬਣਾ ਸਕਦੀਆਂ ਹਨ, ਪਰ ਇਹ ਸਭ ਟਾਈਬ੍ਰੇਕਰ ਵਿੱਚ ਉਨ੍ਹਾਂ ਦੇ ਪ੍ਰਦਰਸ਼ਨ 'ਤੇ ਨਿਰਭਰ ਕਰੇਗਾ। ਗ੍ਰੈਂਡਮਾਸਟਰ ਹਰਿਕਾ ਨੇ ਗ੍ਰੀਸ ਦੇ ਸੋਲਾਕੀਡੋ ਸਟਾਵਰੋਲਾ ਨਾਲ ਲਗਾਤਾਰ ਡਰਾਅ ਖੇਡ ਕੇ ਪ੍ਰੀ-ਕੁਆਰਟਰ ਫਾਈਨਲ ਦੀ ਦੌੜ ਵਿੱਚ ਆਪਣੇ ਆਪ ਨੂੰ ਬਰਕਰਾਰ ਰੱਖਿਆ, ਜਦੋਂ ਕਿ ਵਾਂਤਿਕਾ ਪਹਿਲੇ ਦੌਰ ਵਿੱਚ ਰੂਸ ਦੀ ਕੈਟੇਰੀਨਾ ਲਾਗਨੋ ਤੋਂ ਜਿੱਤ ਤੋਂ ਬਾਅਦ ਦੂਜੇ ਦੌਰ ਵਿੱਚ ਹਾਰ ਗਈ ਅਤੇ ਸਕੋਰ ਬਰਾਬਰ ਕਰ ਦਿੱਤਾ। ਇਸ ਮੁਕਾਬਲੇ ਦੇ ਜੇਤੂ ਨੂੰ 50,000 ਅਮਰੀਕੀ ਡਾਲਰ ਦੀ ਇਨਾਮੀ ਰਾਸ਼ੀ ਮਿਲੇਗੀ। ਇਸ ਤੋਂ ਇਲਾਵਾ, ਚੋਟੀ ਦੇ ਤਿੰਨ ਖਿਡਾਰੀ ਅਗਲੇ ਕੈਂਡੀਡੇਟਸ ਟੂਰਨਾਮੈਂਟ ਲਈ ਕੁਆਲੀਫਾਈ ਕਰਨਗੇ।

# ਸਾਇਨਾ ਨੇਹਵਾਲ ਨੇ ਪਤੀ ਪਾਰੂਪੱਲੀ ਕਸ਼ਯੱਪ ਤੋਂ ਵੱਖ ਹੋਣ ਦਾ ਕੀਤਾ ਐਲਾਨ, ਬਹੁਤ ਸੋਚਣ ਦੇ ਬਾਅਦ ਦੋਵਾਂ ਨੇ ਲਿਆ ਫ਼ੈਸਲਾ

ਨਵੀਂ ਦਿੱਲੀ, 14 ਜੁਲਾਈ (ਚ.ਨ.ਸ.): ਭਾਰਤੀ ਬੈਡਮਿੰਟਨ ਪਲੇਅਰ ਸਾਇਨਾ ਨੇਹਵਾਲ ਨੇ ਐਤਵਾਰ ਦੇਰ ਰਾਤ ਆਪਣੇ ਪਤੀ ਤੇ ਬੈਡਮਿੰਟਨ ਪਲੇਅਰ ਪਾਰੂਪੱਲੀ ਕਸ਼ਯੱਪ ਤੋਂ ਵੱਖ ਹੋਣ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਇੰਸਟਾਗ੍ਰਾਮ 'ਤੇ ਸਟੋਰੀ ਵਿਚ ਲਿਖਿਆ-ਬਹੁਤ ਸੋਚ-ਵਿਚਾਰ ਦੇ ਬਾਅਦ ਕਸ਼ਯੱਪ ਤੇ ਮੈਂ ਵੱਖ ਹੋਣ ਦਾ ਫੈਸਲਾ ਲਿਆ ਹੈ। ਸਾਇਨਾ ਨੇ ਲਿਖਿਆ ਜ਼ਿੰਦਗੀ ਕਦੇ-ਕਦੇ ਸਾਨੂੰ ਵੱਖ-ਵੱਖ ਦਿਸ਼ਾਵਾਂ ਵਿਚ ਲੈ ਜਾਂਦੀ ਹੈ। ਅਸੀਂ ਇਕ-ਦੂਜੇ ਲਈ ਸ਼ਾਂਤੀ ਤਰੱਕੀ ਤੇ ਉਭਰਨਾ ਚੁਣ ਰਹੇ ਹਾਂ। ਮੈਂ ਉਨ੍ਹਾਂ ਨਾਲ ਸਾਰੀਆਂ ਯਾਦਾਂ ਲਈ ਧੰਨਵਾਦੀ ਹਾਂ ਤੇ ਅੱਗੇ ਲਈ ਸ਼ੁੱਭਕਾਮਨਾਵਾਂ ਦਿੰਦੀ ਹਾਂ। ਸਾਡੀ ਨਿਜਤਾ ਨੂੰ ਸਮਝਣ ਤੇ ਉਸ ਦਾ ਸਨਮਾਨ ਕਰਨ ਲਈ ਧੰਨਵਾਦ।ਸਾਇਨਾ ਨੇਹਵਾਲ ਨੇ 14 ਦਸੰਬਰ 2018 ਨੂੰ ਕਸ਼ਯੱਪ ਪਾਰੂਪੱਲੀ



ਨਾਲ ਲਵ ਮੈਰਿਜ ਕੀਤੀ ਸੀ। ਦੋਵੇਂ 2007 ਤੋਂ ਰਿਲੇਸ਼ਨਸ਼ਿਪ ਵਿਚ ਸਨ। ਹਾਲਾਂਕਿ 2005 ਤੋਂ ਇਕ-ਦੂਜੇ ਨੂੰ ਜਾਣਦੇ ਸੀ। ਆਪਣੇ ਕਰੀਅਰ ਦੀ ਸ਼ੁਰੂਆਤੀ ਦਿਨਾਂ ਵਿਚ ਦੋਵੇਂ ਹੈਦਰਾਬਾਦ ਦੇ ਪੁਲੇਲਾ ਗੋਪੀਚੰਦ ਅਕੈਡਮੀ ਵਿਚ ਇਕੱਠੇ ਟ੍ਰੇਨਿੰਗ ਕਰਦੇ ਸਨ। ਸਾਇਨਾ ਨੇ ਹੈਦਰਾਬਾਦ ਵਿਚ ਪੀ. ਕਸ਼ਯੱਪ ਨਾਲ ਉਨ੍ਹਾਂ ਦੇ ਘਰ 'ਤੇ ਵਿਆਹ ਕੀਤਾ ਸੀ। ਇਸ ਵਿਚ ਸਿਰਫ ਪਰਿਵਾਰ ਤੇ ਕਰੀਬੀ ਦੋਸਤ ਸ਼ਾਮਲ ਹੋਏ ਸਨ। ਦੋਵਾਂ ਨੇ 16 ਦਸੰਬਰ 2018 ਨੂੰ ਹੈਦਰਾਬਾਦ ਦੇ ਨੋਵੋਟੇਲ ਹੋਲ ਵਿਚ ਆਪਣੇ ਵਿਆਹ ਦੀ ਰਿਸੈਪਸ਼ਨ ਪਾਰਟੀ ਦਿੱਤੀ ਸੀ।ਹਰਿਆਣਾ ਦੀ ਰਹਿਣ ਵਾਲੀ ਸਾਇਨਾ ਨੇਹਵਾਲ ਓਲੰਪਿਕ ਮੈਡਲ ਜਿੱਤਣ ਵਾਲੀ ਪਹਿਲੀ ਭਾਰਤੀ ਬੈਡਮਿੰਟਨ ਖਿਡਾਰੀ ਹੈ। ਉਨ੍ਹਾਂ ਨੇ ਲੰਡਨ ਓਲੰਪਿਕ-2012 ਵਿਚ ਭਾਰਤ ਨੂੰ ਕਾਂਸੇ ਦਾ ਤਮਗਾ ਦਿਵਾਇਆ ਸੀ। ਉਹ 2015 ਵਿਚ ਵੂਮੈਨਸ ਸਿੰਗਲਸ ਰੈਂਕਿੰਗ ਵਿਚ ਵਰਲਡ ਨੰਬਰ-1 ਪਲੇਅਰ ਰਹਿ ਚੁੱਕੀ ਹੈ। ਸਾਇਨਾ ਬੈਡਮਿੰਟਨ ਵਿਚ ਵਰਲਡ ਨੰਬਰ-1 ਰੈਂਕ ਹਾਸਲ ਕਰਨ ਵਾਲੀ ਇਕੋ-ਇਕ ਮਹਿਲਾ ਭਾਰਤੀ ਖਿਡਾਰੀ ਹੈ। ਉਹ 3 ਓਲੰਪਿਕ ਗੇਮਸ ਵਿਚ ਭਾਰਤ ਦੀ ਅਗਵਾਈ ਕਰ ਚੁੱਕੀ ਹੈ। ਸਾਇਨਾ ਨੇ 2010 ਤੇ 2018 ਦੇ ਕਾਮਨਵੈਲਥ ਗੇਮਸ ਵਿਚ ਗੋਲਡ ਮੈਡਲ ਜਿੱਤਿਆ ਸੀ। ਸਾਇਨਾ ਨੇ 2008 ਵਿਚ ਬੈਡਮਿੰਟਨ ਵਰਲਡ ਫੈਡਰੇਸ਼ਨ ਵਿਸ਼ਵ ਜੂਨੀਅਰ ਚੈਂਪੀਅਨਸ਼ਿਪ ਜਿੱਤ ਕੇ ਸੁਰਖੀਆਂ ਬਟੋਰੀਆਂ ਸਨ। ਉਸੇ ਸਾਲ ਉਨ੍ਹਾਂ ਨੇ ਪਹਿਲੀ ਵਾਰ ਓਲੰਪਿਕ ਵਿਚ ਹਿੱਸਾ ਲਿਆ। ਉਹ ਓਲੰਪਿਕ ਕੁਆਰਟਰ ਫਾਈਨਲ ਵਿਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ।

# ਅਲਕਾਰਾਜ਼ 'ਤੇ ਜਿੱਤ ਨੇ ਵਿੰਬਲਡਨ ਖ਼ਿਤਾਬ ਨੂੰ ਖਾਸ ਬਣਾਇਆ: ਸਿਨਰ

ਲੰਡਨ, 14 ਜੁਲਾਈ (ਚ.ਨ.ਸ.) : ਯਾਨਿਕ ਸਿਨਰ ਹਰ ਕੀਮਤ 'ਤੇ ਵਿੰਬਲਡਨ ਖਿਤਾਬ ਜਿੱਤਣਾ ਚਾਹੁੰਦਾ ਸੀ, ਭਾਵੇਂ ਉਸਦਾ ਵਿਰੋਧੀ ਫਾਈਨਲ ਵਿੱਚ ਕੋਈ ਵੀ ਹੋਵੇ, ਪਰ ਹੁਣ ਉਸਨੇ ਮੰਨਿਆ ਹੈ ਕਿ ਕਾਰਲੋਸ ਅਲਕਾਰਾਜ਼ ਉੱਤੇ ਜਿੱਤ ਨੇ ਇਸਨੂੰ ਖਾਸ ਬਣਾ ਦਿੱਤਾ ਹੈ। ਵਿਸ਼ਵ ਦੇ ਨੰਬਰ ਇੱਕ ਸਿਨਰ ਨੇ ਐਤਵਾਰ ਨੂੰ ਇੱਥੇ ਫਾਈਨਲ ਵਿੱਚ ਦੋ ਵਾਰ ਦੇ ਜੇਤੂ ਅਲਕਾਰਾਜ਼ ਨੂੰ 4-6, 6-4, 6-4, 6-4 ਨਾਲ ਹਰਾ ਕੇ ਪਹਿਲੀ ਵਾਰ ਵਿੰਬਲਡਨ ਚੈਂਪੀਅਨ ਬਣਨ ਦਾ ਮਾਣ ਪ੍ਰਾਪਤ ਕੀਤਾ। ਸਿਨਰ ਨੇ ਮੈਚ ਤੋਂ ਬਾਅਦ ਕਿਹਾ, ਇਸਦਾ ਬਹੁਤ ਮਤਲਬ ਹੁੰਦਾ ਹੈ ਕਿਉਂਕਿ ਜਦੋਂ ਤੁਸੀਂ ਕਿਸੇ ਤੋਂ ਇੰਨੀ ਵਾਰ ਹਾਰਦੇ ਹੋ, ਤਾਂ ਇਹ ਆਸਾਨ ਨਹੀਂ ਹੁੰਦਾ। ਸਿਨਰ ਨੇ ਪਹਿਲਾਂ ਅਲਕਾਰਾਜ਼ ਵਿਰੁੱਧ ਲਗਾਤਾਰ ਪੰਜ ਮੈਚ ਹਾਰੇ ਸਨ ਅਤੇ ਪਿਛਲੇ ਮਹੀਨੇ ਫ੍ਰੈਂਚ ਓਪਨ ਫਾਈਨਲ ਵਿੱਚ ਖੇਡੇ ਗਏ ਮੈਚ ਤੋਂ ਵੱਧ ਨਿਰਾਸ਼ਾਜਨਕ ਕੁਝ ਵੀ ਨਹੀਂ ਸੀ। ਸਿਨਰ ਨੇ ਉਸ ਮੈਚ ਵਿੱਚ ਦੋ ਸੈੱਟਾਂ ਦੀ ਬੜ੍ਹਤ ਬਣਾਈ, ਫਿਰ ਤਿੰਨ ਚੈਂਪੀਅਨਸ਼ਿਪ ਅੰਕ ਪ੍ਰਾਪਤ ਕੀਤੇ ਪਰ



ਅੰਤ ਵਿੱਚ ਪੰਜ ਘੰਟੇ ਅਤੇ 29 ਮਿੰਟ ਤੱਕ ਚੱਲੇ ਮੈਚ ਵਿੱਚ ਪੰਜ ਸੈੱਟਾਂ ਵਿੱਚ ਹਾਰ ਗਿਆ। ਸਿਨਰ ਨੇ ਕਿਹਾ, ਮੈਂ ਹਮੇਸ਼ਾ ਕਾਰਲੋਸ ਨੂੰ ਆਪਣਾ ਆਦਰਸ਼ ਮੰਨਦਾ ਹਾਂ, ਕਿਉਂਕਿ ਅੱਜ ਵੀ ਮੈਨੂੰ ਲੱਗਦਾ ਹੈ ਕਿ ਉਹ ਕੁਝ ਚੀਜ਼ਾਂ ਮੇਰੇ ਨਾਲੋਂ ਬਿਹਤਰ ਕਰ ਰਿਹਾ ਸੀ। ਇਸ ਲਈ ਅਸੀਂ ਇਸ 'ਤੇ ਕੰਮ ਕਰਾਂਗੇ ਅਤੇ ਆਪਣੇ ਆਪ ਨੂੰ ਤਿਆਰ ਕਰਾਂਗੇ, ਕਿਉਂਕਿ ਅਸੀਂ ਦੁਬਾਰਾ ਇੱਕ ਦੂਜੇ ਦਾ ਸਾਹਮਣਾ ਕਰਾਂਗੇ। ਅਲਕਾਰਾਜ਼ ਨੇ ਕਿਹਾ ਕਿ ਦੋਵਾਂ ਵਿਚਕਾਰ ਮੁਕਾਬਲਾ ਟੈਨਿਸ ਲਈ ਚੰਗਾ ਹੈ। ਉਸਨੇ ਕਿਹਾ, ਮੈਂ ਉਸ ਨਾਲ ਇਹ ਮੁਕਾਬਲਾ ਕਰਕੇ ਸੱਚਮੁੱਚ ਖੁਸ਼ ਹਾਂ। ਇਹ ਸਾਡੇ ਲਈ ਅਤੇ ਟੈਨਿਸ ਲਈ ਬਹੁਤ ਵਧੀਆ ਹੈ।

# ਅਦਿਤੀ 28ਵੇਂ ਸਥਾਨ 'ਤੇ ਰਹੀ, ਗ੍ਰੇਸ ਕਿਮ ਨੇ ਖ਼ਿਤਾਬ ਜਿੱਤਿਆ

ਐਕਸ-ਲੇਸ-ਬੈਂਸ , 14 ਜੁਲਾਈ (ਚ.ਨ.ਸ.): ਭਾਰਤੀ ਗੋਲਫਰ ਅਦਿਤੀ ਅਸ਼ੋਕ ਫਾਈਨਲ ਰਾਊਂਡ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ ਅਤੇ ਦੋ ਓਵਰ 73 ਦਾ ਸਕੋਰ ਕਰਕੇ ਇੱਥੇ ਅਮੁੰਡੀ ਈਵੀਅਨ ਚੈਂਪੀਅਨਸ਼ਿਪ ਵਿੱਚ ਬਰਾਬਰੀ ਤੇ 28ਵੇਂ ਸਥਾਨ ਤੇ ਰਹੀ। ਅਦਿਤੀ ਦਾ ਕੁੱਲ ਸਕੋਰ 279 ਅੰਡਰ ਸੀ। ਉਹ ਚੋਟੀ ਦੇ 10 ਖਿਡਾਰੀਆਂ ਵਿੱਚ ਜਗ੍ਹਾ ਨਹੀਂ ਬਣਾ ਸਕੀ ਪਰ ਉਸਨੇ ਇਸ ਮੁਕਾਬਲੇ ਵਿੱਚ ਆਪਣਾ ਦੂਜਾ ਸਰਵੋਤਮ ਪ੍ਰਦਰਸ਼ਨ ਕੀਤਾ।ਉਹ ਇੱਕ ਸਾਲ ਪਹਿਲਾਂ ਇਸ ਮੁਕਾਬਲੇ ਵਿੱਚ ਬਰਾਬਰੀ ਤੇ 17ਵੇਂ ਸਥਾਨ 'ਤੇ ਸੀ। ਅਦਿਤੀ ਨੇ ਲਗਾਤਾਰ ਨੌਂ ਪਾਰਸ ਨਾਲ ਸ਼ੁਰੂਆਤ ਕੀਤੀ ਅਤੇ ਫਿਰ ਲਗਾਤਾਰ ਚਾਰ ਬੋਗੀ ਕੀਤੀਆਂ, ਜਿਸ ਨਾਲ ਚੋਟੀ ਦੇ 10



ਵਿੱਚ ਜਗ੍ਹਾ ਬਣਾਉਣ ਦੀਆਂ ਉਸਦੀ ਉਮੀਦਾਂ ਤੇ ਪਾਣੀ ਫਿਰ ਗਿਆ। ਉਸਨੇ 17ਵੇਂ ਅਤੇ 18ਵੇਂ ਹੋਲ ਤੇ ਬਰਡੀ ਲਗਾ ਕੇ ਵਾਪਸੀ ਕੀਤੀ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਇਸ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀ ਦੂਜੀ ਭਾਰਤੀ ਖਿਡਾਰਨ ਦੀਕਸ਼ਾ ਡਾਗਰ ਕੱਟ ਵਿੱਚ ਜਗ੍ਹਾ ਨਹੀਂ ਬਣਾ ਸਕੀ। ਆਸਟ੍ਰੇਲੀਆ ਦੀ ਗ੍ਰੇਸ ਕਿਮ ਨੇ ਈਵੀਅਨ ਰਿਜ਼ੋਰਟ ਗੋਲਫ ਕਲੱਬ ਵਿੱਚ ਪਲੇਆਫ ਵਿੱਚ ਵਿਸ਼ਵ ਨੰਬਰ ਦੋ ਜੀਨੋ ਥਿਟਿਕੁਲ ਨੂੰ ਹਰਾ ਕੇ ਆਪਣਾ ਪਹਿਲਾ ਵੱਡਾ ਖਿਤਾਬ ਜਿੱਤਿਆ।

# ਭਰਤੀ ਕਮੇਟੀ ਨੇ ਭਰਤੀ ਮੁਹਿੰਮ ਦੇ ਅੰਤਿਮ ਪੜਾਅ ਦਾ ਐਲਾਨ ਕੀਤਾ

ਚੰਡੀਗੜ੍ਹ, 14 ਜੁਲਾਈ, (ਅੰਮ੍ਰਿਤਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਦੀ ਪੁਨਰਗਠਨ ਪ੍ਰਕਿਰਿਆ ਦੇ ਹਿੱਸੇ ਵਜੋਂ, 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਠਿਤ ਭਰਤੀ ਕਮੇਟੀ ਨੇ ਮੈਂਬਰਸ਼ਿਪ ਦੇ ਪਹਿਲੇ ਪੜਾਅ ਨੂੰ ਸਫਲਤਾਪੂਰਵਕ ਪੂਰਾ ਕਰ ਲਿਆ ਹੈ। ਹੁਣ, ਪਾਰਟੀ ਪ੍ਰਧਾਨ ਦੀ ਚੋਣ ਤੋਂ ਪਹਿਲਾਂ, ਜ਼ਿਲ੍ਹਾ ਅਤੇ ਰਾਜ ਪੱਧਰੀ ਡੈਲੀਗੇਟਾਂ ਦੀ ਚੋਣ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ।ਕਮੇਟੀ ਨੇ ਅਪੀਲ ਕੀਤੀ ਹੈ ਕਿ ਸਿਰਫ਼ ਉਹ ਸਰਕਲ ਡੈਲੀਗੇਟ ਜਿਨ੍ਹਾਂ ਨੇ ਮੈਂਬਰਸ਼ਿਪ ਕਾਪੀ ਭਰੀ ਹੈ, ਉਹ ਹੀ ਨਿਰਧਾਰਤ ਮਿਤੀ ਅਤੇ ਸਮੇਂ ਤੇ ਆਪਣੇ-ਆਪਣੇ ਹਲਕੇ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ, ਤਾਂ ਜੋ ਚੋਣ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਵਰਕਰਾਂ ਦੀ ਰਾਏ ਅਨੁਸਾਰ ਹੋਵੇ। ਕੋਈ ਹੋਰ ਵਿਅਕਤੀ ਇਨ੍ਹਾਂ ਮੀਟਿੰਗਾਂ ਵਿੱਚ ਸ਼ਾਮਲ ਨਹੀਂ ਹੋ ਸਕੇਗਾ।

ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਭਰਤੀ ਕਮੇਟੀ ਦੇ ਮੈਂਬਰਾਂ- ਸਰਦਾਰ ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਇਕਬਾਲ ਸਿੰਘ ਝੂੰਦਾ, ਜਥੇਦਾਰ ਸੰਤਾ ਸਿੰਘ ਉਮੈਦਪੁਰ ਅਤੇ ਬੀਬੀ ਸਤਵੰਤ ਕੌਰ ਨੇ ਸੰਗਤ ਦਾ ਉਨ੍ਹਾਂ ਨੂੰ ਮਿਲੇ ਪਿਆਰ ਅਤੇ ਸਮਰਥਨ ਲਈ ਧੰਨਵਾਦ ਕੀਤਾ।

ਡੈਲੀਗੇਟ ਚੋਣਾਂ ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ:

ਬੀਬੀ ਸਤਵੰਤ ਕੌਰ ਦਾ ਕਾਰਜਕ੍ਰਮ:
23 ਜੁਲਾਈ (ਬੁੱਧਵਾਰ) : ਡੇਰਾ ਬਾਬਾ ਨਾਨਕ, ਸ੍ਰੀ ਹਰਗੋਬਿੰਦਪੁਰ, ਦੀਨਾਨਗਰ, ਪਠਾਨਕੋਟ, ਸੁਜਾਨਪੁਰ, ਭੋਆ।
24 ਜੁਲਾਈ (ਸ਼ੁੱਕਰਵਾਰ) : ਬਟਾਲਾ, ਫਤਿਹਗੜ੍ਹ ਚੂੜੀਆਂ, ਕਾਦੀਆਂ
25 ਜੁਲਾਈ (ਵੀਰਵਾਰ): ਖਡੂਰ ਸਾਹਿਬ, ਜੰਡਿਆਲਾ ਗੁਰੂ, ਬਾਬਾ ਬਕਾਲਾ
26-27 ਜੁਲਾਈ (ਸ਼ਨੀਵਾਰ-ਐਤਵਾਰ): ਸ੍ਰੀ ਅੰਮ੍ਰਿਤਸਰ ਸ਼ਹਿਰ ਦੀਆਂ ਸਾਰੀਆਂ ਸੀਟਾਂ
28 ਜੁਲਾਈ (ਸੋਮਵਾਰ) : ਅਜਨਾਲਾ, ਅਟਾਰੀ, ਰਾਜਾਸਾਂਸੀ, ਮਜੀਠਾ
29 ਜੁਲਾਈ (ਮੰਗਲਵਾਰ): ਖੇਮਕਰਨ, ਪੱਟੀ, ਤਰਨਤਾਰਨ - ਇਸ ਨਾਲ ਮਾਝਾ ਜ਼ੋਨ ਮੁਕੰਮਲ ਹੋ ਜਾਵੇਗਾ ।

ਸਰਦਾਰ ਮਨਪ੍ਰੀਤ ਸਿੰਘ ਇਆਲੀ ਦਾ ਕਾਰਜਕ੍ਰਮ:
22 ਜੁਲਾਈ : ਦਾਖਾ, ਗਿੱਲ
23 ਜੁਲਾਈ: ਜਗਰਾਉਂ, ਰਾਏਕੋਟ, ਧਰਮਕੋਟ
24 ਜੁਲਾਈ : ਨਿਹਾਲ ਸਿੰਘ ਵਾਲਾ, ਬਾਘਾਪੁਰਾਣਾ, ਸ. ਮੋਗਾ
25 ਜੁਲਾਈ: ਸ੍ਰੀ ਅਨੰਦਪੁਰ ਸਾਹਿਬ, ਰੋਪੜ, ਚਮਕੌਰ ਸਾਹਿਬ
26 ਜੁਲਾਈ: ਖਰੜ, ਮੋਹਾਲੀ, ਡੇਰਾਬੱਸੀ
27 ਜੁਲਾਈ: ਲੁਧਿਆਣਾ ਸ਼ਹਿਰ
28 ਜੁਲਾਈ: ਪਾਇਲ, ਖੰਨਾ, ਸਮਰਾਲਾ, ਸਾਹਨੇਵਾਲ

ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦਾ ਪ੍ਰੋਗਰਾਮ:
23 ਜੁਲਾਈ: ਸ਼ਾਹਕੋਟ, ਨਕੋਦਰ, ਫਿਲੌਰ
24 ਜੁਲਾਈ: ਗੜ੍ਹਸ਼ੰਕਰ, ਚੱਬੇਵਾਲ, ਹੁਸ਼ਿਆਰਪੁਰ
25 ਜੁਲਾਈ: ਆਦਮਪੁਰ, ਕਰਤਾਰਪੁਰ, ਜਲੰਧਰ ਛਾਉਣੀ
26 ਜੁਲਾਈ : ਜਲੰਧਰ ਸ਼ਹਿਰ
28 ਜੁਲਾਈ : ਭੁਲੱਥ, ਕਪੂਰਥਲਾ, ਸੁਲਤਾਨਪੁਰ ਲੋਧੀ
29 ਜੁਲਾਈ : ਦਸੂਹਾ, ਮੁਕੇਰੀਆਂ, ਟਾਂਡਾ, ਸ਼ਾਮਚੁਰਾਸੀ
30 ਜੁਲਾਈ: ਫਗਵਾੜਾ, ਬੰਗਾ, ਨਵਾਂਸ਼ਹਿਰ, ਬਲਾਚੌਰ

ਜਥੇਦਾਰ ਇਕਬਾਲ ਸਿੰਘ ਝੂੰਦਾਂ ਦਾ ਪ੍ਰੋਗਰਾਮ:
21 ਜੁਲਾਈ : ਅਮਰਗੜ੍ਹ, ਮਾਲੇਰਕੋਟਲਾ
22 ਜੁਲਾਈ: ਧੂਰੀ, ਸੰਗਰੂਰ, ਸੁਨਾਮ
23 ਜੁਲਾਈ : ਦਿੜਬਾ, ਲਹਿਰਾਗਾਗਾ
24 ਜੁਲਾਈ: ਰਾਜਪੁਰਾ, ਘਨੌਰ, ਨਾਭਾ
25 ਜੁਲਾਈ : ਅਮਲੋਹ, ਸ੍ਰੀ ਫਤਹਿਗੜ੍ਹ ਸਾਹਿਬ, ਬੱਸੀ ਪਠਾਣਾਂ
26 ਜੁਲਾਈ: ਸਨੌਰ, ਪਟਿਆਲਾ ਦਿਹਾਤੀ ਅਤੇ ਸ਼ਹਿਰੀ
28 ਜੁਲਾਈ : ਬੁਢਲਾਡਾ, ਸਰਦੂਲਗੜ੍ਹ, ਮਾਨਸਾ
29 ਜੁਲਾਈ: ਭਦੌੜ, ਬਰਨਾਲਾ, ਮਹਿਲਕਲਾਂ
30 ਜੁਲਾਈ : ਸਮਾਣਾ, ਸੁਤਰਾਣ

ਜਥੇਦਾਰ ਸੰਤਾ ਸਿੰਘ ਉਮੈਦਪੁਰ ਦਾ ਪ੍ਰੋਗਰਾਮ:
25 ਜੁਲਾਈ: ਗਿੱਦੜਬਾਹਾ, ਮਲੋਟ, ਲੰਬੀ, ਗੁਰੂਹਰਸਹਾਏ, ਫਿਰੋਜ਼ਪੁਰ ਸ਼ਹਿਰੀ ਅਤੇ ਦਿਹਾਤੀ।
26 ਜੁਲਾਈ: ਜਲਾਲਾਬਾਦ, ਅਬੋਹਰ, ਬੱਲੂਆਣਾ, ਜ਼ੀਰਾ
27 ਜੁਲਾਈ : ਫਰੀਦਕੋਟ, ਕੋਟਕਪੂਰਾ, ਜੈਤੋ
28 ਜੁਲਾਈ : ਭੁੱਚੋ ਮੰਡੀ, ਰਾਮਪੁਰਾ, ਮੌੜ, ਤਲਵੰਡੀ, ਬਠਿੰਡਾ ਦਿਹਾਤੀ ਅਤੇ ਅਰਬਨ

ਅੰਤ ਵਿੱਚ, ਭਰਤੀ ਕਮੇਟੀ ਨੇ ਦੁਹਰਾਇਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਨ੍ਹਾਂ ਨੂੰ ਪ੍ਰਾਪਤ ਹੋਏ ਹੁਕਮਾਂ ਨੂੰ ਵਰਕਰਾਂ ਦੀ ਪੂਰੀ ਇਮਾਨਦਾਰੀ, ਸਮਰਪਣ ਅਤੇ ਵਿਸ਼ਵਾਸ ਨਾਲ ਲਾਗੂ ਕੀਤਾ ਜਾਵੇਗਾ।

# ਰਾਸ਼ਟਰਪਤੀ ਨੇ ਏਮਜ਼, ਭੁਵਨੇਸ਼ਵਰ ਦੇ ਗ੍ਰੇਸ ਕਨਵੋਕੇਸ਼ਨ ਸਮਾਰੋਹ ਵਿੱਚ ਸ਼ਿਰਕਤ ਕੀਤੀ

ਭੁਵਨੇਸ਼ਵਰ, 14 ਜੁਲਾਈ, (ਅੰਮ੍ਰਿਤਪਾਲ ਸਿੰਘ) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ, ਨੇ ਅੱਜ (14 ਜੁਲਾਈ, 2025) ਨੂੰ ਓਡੀਸ਼ਾ ਦੇ ਭੁਵਨੇਸ਼ਵਰ ਵਿਖੇ ਏਮਜ਼, ਭੁਵਨੇਸ਼ਵਰ ਦੇ ਪੰਜਵੇਂ ਕਨਵੋਕੇਸ਼ਨ ਸਮਾਰੋਹ ਵਿੱਚ ਸ਼ਿਰਕਤ ਕੀਤੀ।ਇਸ ਮੌਕੇ ਤੇ ਬੋਲਦਿਆਂ, ਰਾਸ਼ਟਰਪਤੀ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਏਮਜ਼, ਭੁਵਨੇਸ਼ਵਰ, ਪਿਛਲੇ 12 ਸਾਲਾਂ ਵਿੱਚ ਕਾਫ਼ੀ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਮਰੀਜ਼ਾਂ ਦੀ ਦੇਖਭਾਲ ਹੋਵੇ, ਡਾਕਟਰੀ ਖੋਜ ਹੋਵੇ ਜਾਂ ਸਮਾਜ ਭਲਾਈ ਗਤੀਵਿਧੀਆਂ, ਇਸ ਸੰਸਥਾ ਨੇ ਬਹੁਤ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ ਅਤੇ ਓਡੀਸ਼ਾ ਅਤੇ ਗੁਆਂਢੀ ਰਾਜਾਂ ਜਿਵੇਂ ਕਿ ਪੱਛਮੀ ਬੰਗਾਲ, ਛੱਤੀਸਗੜ੍ਹ, ਝਾਰਖੰਡ ਅਤੇ ਹੋਰਾਂ ਦੇ ਲੋਕਾਂ ਦਾ ਦਿਲ ਜਿੱਤਿਆ ਹੈ।ਰਾਸ਼ਟਰਪਤੀ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਵਿਸ਼ਵ ਸਿਹਤ ਸੰਗਠਨ ਨੇ ਸਰਜੀਕਲ ਯੰਤਰ ਅਤੇ ਇਮਪਲਾਂਟ ਰੀਪ੍ਰੋਸੈਸਿੰਗ ਵਿੱਚ ਉੱਚ ਮਿਆਰਾਂ ਨੂੰ ਬਣਾਈ ਰੱਖਣ ਲਈ ਏਮਜ਼, ਭੁਵਨੇਸ਼ਵਰ ਦੀ ਉੱਤਮਤਾ ਨੂੰ ਏਸ਼ੀਆ ਸੇਫ ਸਰਜੀਕਲ ਇਮਪਲਾਂਟ ਕੰਸੋਰਟੀਅਮ ਕਿਯੂ.ਆਈ.ਪੀ. ਪੁਰਸਕਾਰ ਨਾਲ ਮਾਨਤਾ ਦਿੱਤੀ ਹੈ। ਸੰਸਥਾ ਨੂੰ ਲਗਾਤਾਰ ਪੰਜ ਸਾਲਾਂ ਤੋਂ ਬੇਮਿਸਾਲ ਸਫਾਈ ਅਤੇ ਹੋਰ ਹਸਪਤਾਲ ਸੇਵਾਵਾਂ ਲਈ ਰਾਸ਼ਟਰੀ ਕਾਇਆਕਲਪਾ ਪੁਰਸਕਾਰ ਵੀ




ਪ੍ਰਾਪਤ ਹੋਇਆ ਹੈ।ਰਾਸ਼ਟਰਪਤੀ ਨੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਾਪਿਤ ਏਮਜ਼, ਨਵੀਨਤਮ ਮੈਡੀਕਲ ਵਿਗਿਆਨ ਅਤੇ ਤਜਰਬੇਕਾਰ ਡਾਕਟਰਾਂ ਰਾਹੀਂ ਸਿਹਤ ਸੰਭਾਲ ਪ੍ਰਦਾਨ ਕਰ ਰਹੇ ਹਨ। ਇਨ੍ਹਾਂ



ਸੰਸਥਾਵਾਂ ਵਿੱਚ ਲੋਕਾਂ ਨੂੰ ਘੱਟ ਕੀਮਤ ਤੇ ਮਿਆਰੀ ਡਾਕਟਰੀ ਸਹੂਲਤਾਂ ਮਿਲ ਰਹੀਆਂ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਏਮਜ਼ ਦੀ ਸਫਲਤਾ ਦੇ ਕਾਰਨ ਭਾਰਤ ਦੁਨੀਆ ਵਿੱਚ ਇੱਕ ਮੋਹਰੀ ਸਿਹਤ ਸੰਭਾਲ ਸਥਾਨ ਬਣ ਜਾਵੇਗਾ।ਰਾਸ਼ਟਰਪਤੀ ਨੇ ਕਿਹਾ ਕਿ ਮੈਡੀਕਲ ਵਿਗਿਆਨ ਵਿੱਚ ਖੋਜ ਇਲਾਜ ਨੂੰ ਆਸਾਨ ਬਣਾ ਰਹੀ ਹੈ। ਕਈ ਮਹਾਂਮਾਰੀਆਂ ਦਾ ਵਾਪਰਨਾ ਘੱਟ ਗਿਆ ਹੈ। ਚੇਚਕ, ਕੋੜ੍ਹ, ਪੋਲੀਓ, ਤਪਦਿਕ ਆਦਿ ਵਰਗੀਆਂ ਬਿਮਾਰੀਆਂ ਦਾ ਬੋਝ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਇਸ ਲਈ ਡਾਕਟਰ, ਖੋਜਕਰਤਾ, ਸਿਹਤ ਅਤੇ ਸਮਾਜਿਕ ਕਰਮਚਾਰੀ ਅਤੇ ਸਰਕਾਰਾਂ ਪ੍ਰਸ਼ੰਸਾ ਦੇ ਹੱਕਦਾਰ ਹਨ।

# ਸੁਰੱਖਿਅਤ ਤੇ ਕਾਨੂੰਨੀ ਜਾਣਕਾਰੀ ਲੈਣ ਲਈ ਨੁੱਕੜ ਨਾਟਕ ਕਰਵਾਇਆ

ਚੰਡੀਗੜ੍ਹ, 14 ਜੁਲਾਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਸੰਚਾਰ ਬਿਊਰੋ, ਚੰਡੀਗੜ੍ਹ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ (ਪੀਓਈ), ਚੰਡੀਗੜ੍ਹ, ਵਿਦੇਸ਼ ਮੰਤਰਾਲੇ ਦੇ ਸਹਿਯੋਗ ਨਾਲ ਅੱਜ ਪਾਸਪੋਰਟ ਸੇਵਾ ਕੇਂਦਰ, ਇੰਡਸਟਰੀਅਲ ਏਰੀਆ, ਫੇਜ਼ 2, ਚੰਡੀਗੜ੍ਹ ਦੇ ਨੇੜੇ ਇੱਕ ਨੁੱਕੜ ਨਾਟਕ ਦਾ ਆਯੋਜਨ ਕੀਤਾ।ਸੁਰਕਸ਼ਿਤ ਜਾਣ, ਪ੍ਰਸ਼ਿਕਸ਼ਤ ਜਾਣ ਥੀਮ 'ਤੇ ਅਧਾਰਿਤ ਇਸ ਨੁੱਕੜ ਨਾਟਕ ਦਾ ਉਦੇਸ਼ ਪਾਸਪੋਰਟ ਬਿਨੈਕਾਰਾਂ ਅਤੇ ਪਾਸਪੋਰਟ ਧਾਰਕਾਂ ਵਿੱਚ ਵਿਦੇਸ਼ਾਂ ਵਿੱਚ ਰੋਜ਼ਗਾਰ ਲਈ ਸੁਰੱਖਿਅਤ ਅਤੇ ਕਾਨੂੰਨੀ ਜਾਣਕਾਰੀ, ਵਿਦੇਸ਼ ਮੰਤਰਾਲੇ ਦੇ ਪ੍ਰਮੁੱਖ ਈ-ਮਾਈਗ੍ਰੇਟ ਪੋਰਟਲ ਦੀ ਉਪਯੋਗਤਾ ਅਤੇ ਵਿਦੇਸ਼ਾਂ ਵਿੱਚ ਰੋਜ਼ਗਾਰ, ਵਰਕ ਵੀਜ਼ਾ ਅਤੇ ਵਰਕ ਪਰਮਿਟ ਹਾਸਲ ਕਰਦੇ ਸਮੇਂ ਧਿਆਨ ਵਿੱਚ ਰੱਖਣ ਯੋਗ ਗੱਲਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਇਕੱਠੇ ਹੋਏ ਦਰਸ਼ਕਾਂ ਨੂੰ ਜਾਗਰੂਕਤਾ ਸੰਬਧੀ ਪੈਂਫਲੇਟਸ ਵੀ ਵੰਡੇ ਗਏ।

ਜਾਗਰੂਕਤਾ ਫੈਲਾਉਣ ਲਈ ਆਉਣ ਵਾਲੇ ਮਹੀਨਿਆਂ ਵਿੱਚ ਕੇਂਦਰੀ ਸੰਚਾਰ ਬਿਊਰੋ ਦੇ ਸਹਿਯੋਗ ਨਾਲ ਖੇਤਰ ਦੇ ਵਿਭਿੰਨ ਹਿੱਸਿਆ ਵਿੱਚ ਅਜਿਹੇ ਹੋਰ ਨਾਟਕ ਆਯੋਜਿਤ ਕੀਤੇ ਜਾਣਗੇ। ਪ੍ਰੋਟੈਕਟੋਰੇਟ ਦੁਹਰਾਉਂਦਾ ਹੈ ਕਿ ਕੋਈ ਵੀ ਏਜੰਟ ਜਾਂ ਏਜੰਸੀ ਵਿਦੇਸ਼ ਮੰਤਰਾਲੇ ਤੋਂ ਵੈਧ ਲਾਇਸੈਂਸ ਤੋਂ ਬਿਨਾਂ ਭਾਰਤੀ ਨਾਗਰੀਕਾਂ ਨੂੰ ਵਿਦੇਸ਼ਾਂ ਵਿੱਚ ਰੋਜ਼ਗਾਰ ਲਈ ਭਰਤੀ ਨਹੀਂ ਕਰ ਸਕਦੀ ਹੈ ਜਾਂ ਭਾਰਤ ਦੇ ਬਾਹਰ ਕਿਸੇ ਵੀ ਦੇਸ਼ ਵਿੱਚ ਵਿਦੇਸ਼ੀ ਰੋਜ਼ਗਾਰ, ਵਰਕ ਵੀਜ਼ਾ, ਵਰਕ ਪਰਮਿਟ, ਰੋਜ਼ਗਾਰ ਵੀਜ਼ਾ ਦੀ ਪੇਸ਼ਕਸ਼ ਕਰਨ ਵਾਲੇ ਕਿਸੇ ਵੀ ਇਲੈਕਟ੍ਰੌਨਿਕ ਜਾਂ ਪ੍ਰਿੰਟ ਮਾਧਿਅਮ ਰਾਹੀਂ ਇਸ਼ਤਿਹਾਰ ਨਹੀਂ ਦੇ ਸਕਦੇ ਹਨ। ਬਿਨਾ ਲਾਇਸੈਂਸ ਤੋਂ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਇਮੀਗ੍ਰੇਸ਼ਨ ਐਕਟ, 1983 ਦੀ ਉਲੰਘਣਾ ਹੈ ਅਤੇ ਇੱਕ ਸਜ਼ਾਯੋਗ ਅਪਰਾਧ ਹੈ।ਇੱਛੁਕ ਪ੍ਰਵਾਸੀਆਂ, ਖਾਸ ਕਰਕੇ ਨੌਜਵਾਨਾਂ ਦਰਮਿਆਨ ਜਾਗਰੂਕਤਾ ਲਿਆਉਣ ਲਈ, ਮੌਜੂਦਾ ਸਮੇਂ ਵਿੱਚ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ, ਚੰਡੀਗੜ੍ਹ ਦੇ ਅਧਿਕਾਰਤ ਸੋਸ਼ਲ ਮੀਡੀਆ ਚੈਨਲਾਂ 'ਤੇ ਇੱਕ ਡਿਜੀਟਲ ਜਾਗਰੂਕਤਾ ਅਭਿਯਾਨ ਵੀ ਚੱਲ ਰਿਹਾ ਹੈ।

# ਪ੍ਰਸ਼ਾਸਕ ਹਰ ਬੁੱਧਵਾਰ ਨੂੰ ਯੂਟੀ ਸਕੱਤਰੇਤ ਵਿਖੇ ਜਨਤਕ ਸੁਣਵਾਈ ਕਰਨਗੇ

ਚੰਡੀਗੜ੍ਹ, 14 ਜੁਲਾਈ (ਅੰਮ੍ਰਿਤਪਾਲ ਸਿੰਘ) : ਸ੍ਰੀ ਗੁਲਾਬ ਚੰਦ ਕਟਾਰੀਆ, ਪ੍ਰਸ਼ਾਸਕ, ਯੂਟੀ ਚੰਡੀਗੜ੍ਹ ਨੇ ਫੈਸਲਾ ਕੀਤਾ ਹੈ ਕਿ ਉਹ ਹਰ ਬੁੱਧਵਾਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:30 ਵਜੇ ਤੱਕ ਯੂਟੀ ਸਕੱਤਰੇਤ, ਸੈਕਟਰ-9, ਚੰਡੀਗੜ੍ਹ ਵਿਖੇ ਆਮ ਜਨਤਾ ਨੂੰ ਮਿਲਣਗੇ।ਜਨਤਕ ਸੁਣਵਾਈ ਤੋਂ ਪਹਿਲਾਂ, ਪ੍ਰਸ਼ਾਸਕ ਸਵੇਰੇ 9:30 ਵਜੇ ਤੋਂ 10:00 ਵਜੇ ਤੱਕ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਨਗੇ ਤਾਂ ਜੋ ਪਿਛਲੀ ਸੁਣਵਾਈ ਦੌਰਾਨ ਪ੍ਰਾਪਤ ਹੋਏ ਜਨਤਕ ਹਵਾਲਿਆਂ ਤੇ ਕੀਤੀ ਗਈ ਕਾਰਵਾਈ ਦੀ ਸਮੀਖਿਆ ਕੀਤੀ ਜਾ ਸਕੇ।ਜੋ ਨਾਗਰਿਕ ਪ੍ਰਸ਼ਾਸਕ ਨੂੰ ਮਿਲਣਾ ਚਾਹੁੰਦੇ ਹਨ, ਉਹ ਆਪਣੀਆਂ ਪ੍ਰਤੀਨਿਧਤਾਵਾਂ ਈਮੇਲ ਪਤੇ admr-chd@nic.in 'ਤੇ ਭੇਜ ਸਕਦੇ ਹਨ। ਇਸ ਤੋਂ ਇਲਾਵਾ, ਦਿਲਚਸਪੀ ਰੱਖਣ ਵਾਲੇ ਵਿਅਕਤੀ ਆਪਣੀਆਂ ਪ੍ਰਤੀਨਿਧਤਾਵਾਂ ਭੌਤਿਕ ਰੂਪ ਵਿੱਚ ਹੇਠ ਲਿਖੇ ਦਫ਼ਤਰਾਂ ਵਿੱਚ ਵੀ ਜਮ੍ਹਾਂ ਕਰਵਾ ਸਕਦੇ ਹਨ।

ਅੰਡਰ ਸੈਕਟਰੀ ਦਾ ਦਫ਼ਤਰ, ਪੰਜਾਬ ਰਾਜ ਭਵਨ, ਸੈਕਟਰ-6, ਚੰਡੀਗੜ੍ਹ;

ਅੰਡਰ ਸੈਕਟਰੀ ਦਾ ਦਫ਼ਤਰ, ਗ੍ਰਹਿ ਵਿਭਾਗ, ਯੂਟੀ ਸਕੱਤਰੇਤ, ਸੈਕਟਰ-9, ਚੰਡੀਗੜ੍ਹ।

ਪ੍ਰਸ਼ਾਸਕ ਨਾਲ ਮੀਟਿੰਗਾਂ ਸਿਰਫ਼ ਪਹਿਲਾਂ ਤੋਂ ਨਿਰਧਾਰਤ ਸਮੇਂ ਤੇ ਹੀ ਕੀਤੀਆਂ ਜਾਣਗੀਆਂ।

# ਹਰਿਆਣਾ ਰਾਜ ਪੱਧਰੀ ਬੈਂਕਰ ਕਮੇਟੀ ਨੇ ਵਿੱਤੀ ਸਮਾਵੇਸ਼ ਯੋਜਨਾਵਾਂ ਤਹਿਤ ਤਿੰਨ ਮਹੀਨੇ ਦੀ ਮੁਹਿੰਮ ਸ਼ੁਰੂ ਕੀਤੀ

ਚੰਡੀਗੜ੍ਹ, 14 ਜੁਲਾਈ, (ਅੰਮ੍ਰਿਤਪਾਲ ਸਿੰਘ) : ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੇ ਵਿੱਤੀ ਸੇਵਾਵਾਂ ਵਿਭਾਗ ਦੁਆਰਾ ਸ਼ੁਰੂ ਕੀਤੀ ਗਈ ਦੇਸ਼ ਵਿਆਪੀ ਤਿੰਨ ਮਹੀਨੇ ਦੀ ਮੁਹਿੰਮ ਦੇ ਹਿੱਸੇ ਵਜੋਂ, ਜਨਰਲ ਮੈਨੇਜਰ ਸ਼੍ਰੀ ਲਲਿਤ ਤਨੇਜਾ ਦੀ ਕਨਵੀਨਰਸ਼ਿਪ ਹੇਠ ਰਾਜ ਪੱਧਰੀ ਬੈਂਕਰਜ਼ ਕਮੇਟੀ (ਐਸਐਲਬੀਸੀ), ਹਰਿਆਣਾ ਨੇ ਫਲੈਗਸ਼ਿਪ ਵਿੱਤੀ ਯੋਜਨਾ ਦੇ ਤਹਿਤ ਸੰਤੁਸ਼ਟੀ ਪ੍ਰਾਪਤ ਕਰਨ ਲਈ ਰਾਜ ਭਰ ਵਿੱਚ ਇੱਕ ਤੀਬਰ ਮੁਹਿੰਮ ਸ਼ੁਰੂ ਕੀਤੀ ਹੈ।1 ਜੁਲਾਈ 2025 ਤੋਂ 30 ਸਤੰਬਰ 2025 ਤੱਕ ਚੱਲਣ ਵਾਲੀ ਇਸ ਮੁਹਿੰਮ ਦਾ ਉਦੇਸ਼ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਅਤੇ ਅਟਲ ਪੈਨਸ਼ਨ ਯੋਜਨਾ ਸਮੇਤ ਪ੍ਰਮੁੱਖ ਸਮਾਜਿਕ ਸੁਰੱਖਿਆ ਯੋਜਨਾਵਾਂ ਅਧੀਨ ਸਾਰੇ ਯੋਗ ਵਿਅਕਤੀਆਂ ਨੂੰ ਲਿਆਉਣਾ ਹੈ। ਇਸ ਤੋਂ ਇਲਾਵਾ, ਇਹ ਕੈਂਪ ਬੈਂਕਿੰਗ ਸੇਵਾਵਾਂ ਤੋਂ ਵਾਂਝੇ ਬਾਲਗਾਂ ਲਈ ਪੀਐਮਜੇਡੀਵਾਈ (ਪ੍ਰਧਾਨ ਮੰਤਰੀ ਜਨ ਧਨ ਯੋਜਨਾ) ਖਾਤੇ ਖੋਲ੍ਹਣ ਦੀ ਸਹੂਲਤ ਵੀ ਪ੍ਰਦਾਨ ਕਰਨਗੇ।



# ਜ਼ਿਲ੍ਹਾ ਪੱਧਰੀ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਦੂਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ



ਗੁਰਦਾਸਪੁਰ 14 ਜੁਲਾਈ ( ਜਸਵਿੰਦਰ ਸਿੰਘ ) ਜ਼ਿਲ੍ਹਾ ਪੱਧਰੀ ਸ਼ੂਟਿੰਗ ਚੈਂਪੀਅਨਸ਼ਿਪ ਦਾ ਆਯੋਜਨ ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਵਿਖੇ 11 ਜੁਲਾਈ 2025 ਤੋਂ 12 ਜੁਲਾਈ 2025 ਤੱਕ ਕੀਤਾ ਗਿਆ। ਇਸ ਮੁਕਾਬਲੇ ਵਿੱਚ ਦੂਨ ਇੰਟਰਨੈਸ਼ਨਲ ਸਕੂਲ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਮੁਕਾਬਲੇ ਦੌਰਾਨ:ਅੰਸ਼ਪ੍ਰੀਤ ਸਿੰਘ, ਧਰਿਤੀ, ਹਰਸੀਰਤ ਕੌਰ, ਬੰਨੀਪ੍ਰੀਤ, ਮਨਸੀਰਤ, ਸਾਈਨਪ੍ਰੀਤ, ਸੁਖਮੀਤ ਕੌਰ ਅਤੇ ਹਰਗੁਨਪ੍ਰੀਤ ਨੇ ਸੋਨ ਤਗਮੇ ਜਿੱਤੇ ਜੋਰਾਵਰ ਸਿੰਘ, ਸਕਸਮ ਸ਼ਰਮਾ, ਗੁਰਕੀਰਤ, ਸਮਰਵੀਰ, ਲਵਲੀਨ, ਸਹਜਪ੍ਰੀਤ, ਅੰਸ਼ਮੀਤ, ਸਹਜਤਾਜ ਅਤੇ ਆਧਿਆ ਨੇ ਚਾਂਦੀ ਦੇ ਤਗਮੇ ਹਾਸਲ ਕੀਤੇ ਏਕਮਜੀਤ ਸਿੰਘ, ਪ੍ਰਭਨੂਰ, ਇਸਪ੍ਰੀਤ, ਅਭਿਰਾਜ ਠਾਕੁਰ, ਏਕਸ਼ਾਨ, ਸੋਨਮਪ੍ਰੀਤ, ਗੁਰਨਿਮਰਤ, ਸਰਗੁਣ ਜੋਤ, ਅਕਸ਼ਰਾ ਅਤੇ ਸੋਨਮ ਨੇ ਕਾਂਸੀ ਦੇ ਤਗਮੇ ਆਪਣੇ ਨਾਮ ਕੀਤੇ ਇਨ੍ਹਾਂ ਸ਼ਾਨਦਾਰ ਪ੍ਰਦਰਸ਼ਨਾਂ ਦੀ ਬਦੌਲਤ ਦੂਨ ਇੰਟਰਨੈਸ਼ਨਲ ਸਕੂਲ ਦੀ ਟੀਮ ਮੁਕਾਬਲੇ ਵਿੱਚ ਪਹਿਲੀ ਰਨਰ ਅਪ ਰਹੀ ਇਸ ਮੌਕੇ ਸਕੂਲ ਦੇ ਡਾਇਰੈਕਟਰ ਸਰਦਾਰ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਊਸ਼ਾ ਸ਼ਰਮਾ ਜੀ ਨੇ ਕੋਚ ਸਰਦਾਰ ਮਨਦੀਪ ਸਿੰਘ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਹਨਾਂ ਦੇ ਚਮਕਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ

# ਰੋਟਰੀ ਕਲੱਬ ਵੱਲੋਂ 71ਵਾਂ ਖ਼ੂਨਦਾਨ ਕੈਂਪ 203 ਯੂਨਿਟ ਖ਼ੂਨ ਇਕੱਤਰ



ਭਵਾਨੀਗੜ੍ਹ, 14 ਜੁਲਾਈ (ਅਮਨਦੀਪ ਸਿੰਘ ਮਾਝਾ) ਰੋਟਰੀ ਕਲੱਬ ਭਵਾਨੀਗੜ੍ਹ ਵੱਲੋਂ ਸਾਬਕਾ ਰੋਟਰੀ ਕਲੱਬ ਗਵਰਨਰ ਡਾਕਟਰ ਹਰਬੰਸ ਪਾਠਕ ਦੀ ਯਾਦ ਵਿੱਚ 71ਵਾਂ ਖ਼ੂਨਦਾਨ ਕੈਂਪ ਭਵਾਨੀਗੜ੍ਹ ਟਰੱਕ ਯੂਨੀਅਨ ਵਿੱਚ ਲਗਾਇਆ ਗਿਆ। ਇਹ ਕੈਂਪ ਕਲੱਬ ਦੇ ਪ੍ਰਧਾਨ ਈਸ਼ਵਰ ਬਾਂਸਲ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ ਅਤੇ ਰਾਜਿੰਦਰਾ ਹਸਪਤਾਲ ਦੀ ਟੀਮ ਦੇ ਸਹਿਯੋਗ ਨਾਲ ਰਿਕਾਰਡ 203 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।ਕੈਂਪ ਦੌਰਾਨ ਸੰਗਰੂਰ ਦੀ ਵਿਧਾਇਕ ਨਰਿੰਦਰ ਕੌਰ ਭਰਾਜ਼ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੀ। ਉਨ੍ਹਾਂ ਨੇ ਰੋਟਰੀ ਕਲੱਬ ਦੇ ਕੰਮਾਂ ਦੀ ਸਲਾਹਨਾ ਕੀਤੀ ਅਤੇ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਟਰੱਕ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਵਿੱਕੀ ਬਾਜਵਾ ਅਤੇ ਉਨ੍ਹਾਂ ਦੀ ਟੀਮ ਨੇ ਕੈਂਪ ਦੀ ਸਫ਼ਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਰੋਟਰੀ ਕਲੱਬ ਦੇ ਪ੍ਰਧਾਨ ਐਡਵੋਕੇਟ ਈਸ਼ਵਰ ਬਾਂਸਲ ਨੇ ਕਿਹਾ ਕਿ ਕਲੱਬ ਭਵਿੱਖ ਵਿੱਚ ਵੀ ਸਮਾਜ ਸੇਵਾ ਦੇ ਅਜਿਹੇ ਕਾਰਜ ਜਾਰੀ ਰੱਖੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਅਤੇ ਕਲੱਬ ਦੀ ਪੂਰੀ ਟੀਮ ਸਮਾਜ ਸੇਵਾ ਲਈ ਹਮੇਸ਼ਾ ਤਤਪਰ ਰਹੇਗੀ। ਇਸ ਮੌਕੇ ਤੇ ਸਾਬਕਾ ਰੋਟਰੀ ਗਵਰਨਰ ਧਰਮਵੀਰ ਗਰਗ ਨੇ ਸਾਰੇ ਕਲੱਬ ਮੈਂਬਰਾਂ ਅਤੇ ਖ਼ੂਨਦਾਨ ਕਰਨ ਵਾਲੇ ਡੋਨਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਅਮਿਤ ਗੋਇਲ ਸਕੱਤਰ, ਨਵੀ ਵਰਮਾ ਖਜ਼ਾਨਚੀ, ਸੰਜੀਵ ਗਰਗ ਸੰਜੇ ਸਾਬਕਾ ਪ੍ਰਧਾਨ, ਭਗਵੰਤ ਸਿੰਘ ਖਰੇ, ਪ੍ਰਦੀਪ ਮਿੱਤਲ, ਅਨਿਲ ਕਾਂਸਲ, ਵਰਿੰਦਰ ਮਿੱਤਲ, ਸ਼ੁਨੀਲ ਮਿੱਤਲ, ਐਡਵੋਕੇਟ ਸੰਜੀਵ ਗੋਇਲ, ਸਤੀਸ਼ ਗਰਗ ਹੈਪੀ, ਰਾਜਿੰਦਰ ਸੁਖਿਜਾ, ਡਾ: ਉਮੇਸ ਪਾਹਵਾ, ਲਵਪ੍ਰੀਤ ਸਿੰਘ ਸਾਰੇ ਕਲੱਬ ਮੈਂਬਰ, ਮਨਦੀਪ ਸਿੰਘ ਲੱਖੇਵਾਲ, ਜਗਸੀਰ ਝਨੇੜੀ ਚੇਅਰਮੈਨ ਮਾਰਕਿਟ ਕਮੇਟੀ, ਪ੍ਰਦੀਪ ਮਿੱਤਲ ਪ੍ਰਧਾਨ ਆੜਤੀ ਐਸੋਸੀਏਸ਼ਨ, ਵਿਪਨ ਕੁਮਾਰ ਸ਼ਰਮਾ, ਜਸਪਾਲ ਸਿੰਘ ਸਰਪੰਚ ਮੱਟਰਾਂ ਸਮੇਤ ਵੱਡੀ ਗਿਣਤੀ 'ਚ ਪਤਵੰਤੇ ਮੌਜੂਦ ਸਨ।

# ਬੀਕੇਯੂ ਡਕੌਂਦਾ ਵੱਲੋਂ ਬਲਕਾਰ ਸਿੰਘ ਡਕੌਂਦਾ ਦੀ 15ਵੀਂ ਬਰਸੀ ਮਨਾਈ



ਭਵਾਨੀਗੜ੍ਹ, 14 ਜੁਲਾਈ (ਅਮਨਦੀਪ ਸਿੰਘ ਮਾਝਾ) ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਬਾਨੀ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਦੀ 15ਵੀਂ ਬਰਸੀ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਦੀ ਅਗਵਾਈ ਹੇਠ ਮਨਾਈ ਗਈ। ਗੁਰਮੀਤ ਸਿੰਘ ਭੱਟੀਵਾਲ ਤੋਂ ਇਲਾਵਾ ਜਿਲ੍ਹਾ ਪ੍ਰਧਾਨ ਕਰਮ ਸਿੰਘ ਬਲਿਆਲ, ਬਲਾਕ ਪ੍ਰਧਾਨ ਚਮਕੌਰ ਸਿੰਘ ਭੱਟੀਵਾਲ, ਗੁਰਜੀਤ ਸਿੰਘ ਝਨੇੜੀ, ਗੁਰਮੇਲ ਸਿੰਘ ਭੜੋ, ਜਰਨੈਲ ਸਿੰਘ ਘਰਾਚੋਂ, ਗੁਰਧਿਆਨ ਸਿੰਘ ਭੱਟੀਵਾਲ, ਲੱਖਾ ਸਿੰਘ ਕਪਿਆਲ ਆਦਿ ਆਗੂ ਹਾਜ਼ਰ ਹੋਏ। ਡੇਰਾ ਬਾਬਾ ਆਤਮਾ ਨੰਦ ਜੀ ਪੋਥੀ ਵਾਲਿਆਂ ਦੇ ਅਸਥਾਨ ਭਵਾਨੀਗੜ੍ਹ ਵਿਖੇ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਗੁਰਮੀਤ ਸਿੰਘ ਭੱਟੀਵਾਲ ਨੇ ਆਖਿਆ ਕਿ ਬਲਕਾਰ ਸਿੰਘ ਡਕੌਂਦਾ ਦੇ ਸੁਪਨਿਆਂ ਨੂੰ ਪੂਰਾ ਕੀਤਾ ਜਾਵੇਗਾ।

# ਪੰਜਾਬੀਆਂ ਦੀ ਅਵਾਜ ਚੁੱਕਣ ਵਾਲਿਆਂ ਨੂੰ ਜੇਲ ਸੁੱਟ ਰਹੀ ਹੈ ਪੰਜਾਬ ਸਰਕਾਰ : ਭਾਈ ਤਰਸੇਮ ਸਿੰਘ



ਧੂਰੀ, 14 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਅਕਾਲੀ ਦਲ ਵਾਰਸ ਪੰਜਾਬ ਦੇ ਆਗੂ ਅਤੇ ਸਾਂਸਦ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਪਿਤਾ ਭਾਈ ਤਰਸੇਮ ਸਿੰਘ ਖ਼ਾਲਸਾ ਨੇ ਅੱਜ ਸਥਾਨਕ ਧੂਰੀ ਪਿੰਡ ਵਿਖੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਮੌਜੂਦਾ ਹਾਲਾਤਾਂ ਨੇ ਅੱਤਵਾਦ ਮੁੜ ਯਾਦ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਿਹੜਾ ਵੀ ਵਿਅਕਤੀ ਪੰਜਾਬ, ਪੰਜਾਬੀਅਤ ਦੀ ਗੱਲ ਕਰਦਾ ਹੈ ਤਾਂ ਜਾਂ ਤਾਂ ਉਸਦਾ ਝੂਠਾ ਪੁਲਿਸ ਮੁਕਾਬਲਾ ਕਰ ਦਿੱਤਾ ਹੈ ਜਾਂ ਉਸਤੇ ਦੇਸ਼ ਵਿਰੋਧੀ ਐਕਟ ਲਗਾ ਕੇ ਜੇਲਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਵੀ ਪੰਜਾਬ, ਪੰਜਾਬੀਅਤ ਦੀ ਗੱਲ ਕੀਤੀ ਸੀ, ਪਰ ਸਰਕਾਰ ਨੇ ਉਸਨੂੰ ਵੀ ਜੇਲ੍ਹ ਵਿੱਚ ਸੁੱਟ ਦਿੱਤਾ, ਪਰ ਪੰਜਾਬ ਦੇ ਅਣਖੀ ਲੋਕਾਂ ਨੇ ਉਸਨੂੰ ਸਭ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਸਾਂਸਦ ਬਣਾ ਕੇ ਮਾਣ ਬਖ਼ਸ਼ਿਆ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਸਿੱਖ ਅਤੇ ਸਿੱਖ ਕੌਮ ਦੀ ਹੋਂਦ ਨੂੰ ਖਤਰਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਸ ਪੰਜਾਬ ਵੱਲੋਂ ਪੰਜਾਬ ਦੇ ਘਰ ਘਰ ਜਾ ਕੇ ਜੱਥੇਬੰਦੀ ਦਾ ਪ੍ਰਚਾਰ ਕੀਤਾ ਜਾਵੇਗਾ, ਕਿਉਂਕਿ ਅੱਜ ਪੰਜਾਬ ਨੂੰ ਪੰਜਾਬ ਹਿਤੈਸ਼ੀ ਪਾਰਟੀ ਦੀ ਲੋੜ ਹੈ। ਉਨ੍ਹਾ ਕਿਹਾ ਕਿ ਜੱਥੇਬੰਦੀ ਪੰਜਾਬ ਦੀਆਂ ਲੋਕਾਂ ਦੀਆਂ ਉਮੀਦਾਂ ਅਤੇ ਆਸਾਂ ਤੇ ਖਰ੍ਹਾ ਉਤਰੇਗੀ। ਇਸ ਮੌਕੇ ਪਾਰਟੀ ਕੋਆਡੀਨੇਟਰ ਪਰਮਜੀਤ ਸਿੰਘ ਜੌਹਲ, ਗੁਰਪਾਲ ਸਿੰਘ ਧੂਰੀ ਪਿੰਡ ਅਤੇ ਰਾਜਵੀਰ ਸਿੰਘ ਜਵੰਧਾ ਸਮੇਤ ਹੋਰ ਵੀ ਹਾਜ਼ਰ ਸਨ।

# ਪ੍ਰਸ਼ਾਸਨ ਵੱਲੋਂ ਇੱਕ ਸਰਪੰਚ ਅਤੇ 39 ਪੰਚਾਂ ਦੀ ਚੋਣ ਲਈ ਤਿਆਰੀਆਂ ਸ਼ੁਰੂ

## ਨਾਮਜ਼ਦਗੀਆਂ 17 ਜੁਲਾਈ ਤੱਕ ਲਈਆਂ ਜਾਣਗੀਆਂ, ਵੋਟਾਂ 27 ਜੁਲਾਈ ਨੂੰ

ਸ਼ਹੀਦ ਭਗਤ ਸਿੰਘ ਨਗਰ, 14 ਜੁਲਾਈ: (ਸੁਖਦੇਵ ਸਿੰਘ ਉੜਾਪੜ) : ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲੇ ਵਿੱਚ ਇੱਕ ਸਰਪੰਚ ਅਤੇ 39 ਪੰਚਾਂ ਦੀਆਂ ਖਾਲੀ ਪਈਆਂ ਸੀਟਾਂ 'ਤੇ ਚੋਣਾਂ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਹੋਣ ਉਪਰੰਤ ਜ਼ਿਲਾ ਪ੍ਰਸ਼ਾਸਨ ਨੇ ਸੁਚੱਜੇ ਢੰਗ ਨਾਲ ਚੋਣ ਅਮਲ ਨੇਪਰੇ ਚਾੜ੍ਹਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਰਪੱਖ ਅਤੇ ਸ਼ਾਂਤਮਈ ਢੰਗ ਨਾਲ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਸਾਰੇ ਬਲਾਕਾਂ ਵਿੱਚ ਰਿਟਰਨਿੰਗ ਅਤੇ ਸਹਾਇਕ ਰਿਟਰਨਿੰਗ ਅਧਿਕਾਰੀਆਂ ਦੀ ਤਾਇਨਾਤੀ ਕੀਤੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਬਲਾਕ ਬਲਾਚੌਰ ਦੇ ਪਿੰਡ ਖੇਵੇਵਾਲ ਵਿਖੇ ਸਰਪੰਚ ਦੀ ਖਾਲੀ ਆਸਾਮੀ ਲਈ ਸੜੋਆ ਵਿਖੇ ਤਾਇਨਾਤ ਖੇਤੀਬਾੜੀ ਅਧਿਕਾਰੀ ਨਿਤਿਨ ਨੂੰ ਰਿਟਰਨਿੰਗ ਅਧਿਕਾਰੀ ਲਾਇਆ ਗਿਆ ਹੈ। ਇਸ ਦੇ ਨਾਲ ਹੀ ਬਲਾਚੌਰ ਬਲਾਕ ਵਿੱਚ ਪੈਂਦੀ ਗ੍ਰਾਮ ਪੰਚਾਇਤ ਨਿਊ ਮਝੋਟ ਦੇ ਵਾਰਡ ਨੰਬਰ 1 ਅਤੇ 2, ਭਾਨੇਵਾਲ ਦੇ ਵਾਰਡ ਨੰਬਰ 2, ਬੂਥਗੜ੍ਹ ਦੇ ਵਾਰਡ ਨੰਬਰ 1, ਦੁੱਗਰੀ ਬੇਟ ਦੇ ਵਾਰਡ ਨੰਬਰ 3, ਕਾਠਗੜ੍ਹ ਖੁਰਦ ਦੇ ਵਾਰਡ ਨੰਬਰ ਇੱਕ ਅਤੇ ਚਾਰ ਤੋਂ ਇਲਾਵਾ ਸੋਭਹੂਵਾਲ ਦੇ ਵਾਰਡ ਨੰਬਰ 3 ਵਿਖੇ ਪੰਚਾਂ ਦੀ ਚੋਣ ਲਈ ਲੈਕਚਰਾਰ ਵਰਿੰਦਰ ਸਿੰਘ ਬੰਗਾ ਨੂੰ ਸਹਾਇਕ ਰਿਟਰਨਿੰਗ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਸੜੋਆ ਦੀ ਪੰਚਾਇਤ ਚਾਂਦਪੁਰ ਰੁੜਕੀ ਖੁਰਦ ਦੇ ਵਾਰਡ ਨੰਬਰ 7, ਨਿਊ ਮਾਲੇਵਾਲ ਦੇ ਵਾਰਡ ਨੰਬਰ 2 ਤੇ 3 ਅਤੇ ਚੂਚੇਵਾਲ ਦੇ ਵਾਰਡ ਨੰਬਰ 1 ਵਿਖੇ ਪੰਚੀ ਦੀ ਚੋਣ ਲਈ ਖੇਤੀਬਾੜੀ ਅਧਿਕਾਰੀ ਸੁਰਿੰਦਰ ਕੁਮਾਰ ਨੂੰ ਰਿਟਰਨਿੰਗ ਅਧਿਕਾਰੀ ਅਤੇ ਸਹਾਇਕ ਪ੍ਰੋਫੈਸਰ ਰਮਨਦੀਪ ਸਿੰਘ ਨਾਹਰ ਨੂੰ ਸਹਾਇਕ ਰਿਟਰਨਿੰਗ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ। ਇਸੇ ਤਰ੍ਹਾਂ ਬਲਾਕ ਨਵਾਂਸ਼ਹਿਰ ਦੀਆਂ ਪੰਚਾਇਤਾਂ ਬਾਗ ਦੇ ਵਾਰਡ ਨੰਬਰ 1, ਛੋਕਰਾਂ ਦੇ ਵਾਰਡ ਨੰਬਰ 4, ਗਾਕੇਵਾਲ ਦੇ ਵਾਰਡ ਨੰਬਰ 7, ਨਿਆਮਤਪੁਰ ਦੇ ਵਾਰਡ ਨੰਬਰ 2, ਸਨਾਵਾ ਦੇ ਵਾਰਡ ਨੰਬਰ 7, ਕਰਿਆਮ ਦੇ ਵਾਰਡ ਨੰਬਰ 6, ਮਹਾਲੋਂ ਦੇ ਵਾਰਡ ਨੰਬਰ 7, ਦੁਰਗਾਪੁਰ ਦੇ ਵਾਰਡ ਨੰਬਰ 4 ਅਤੇ ਸ਼ਮਸਪੁਰ ਦੇ ਵਾਰਡ ਨੰਬਰ 3 ਲਈ ਖੇਤੀਬਾੜੀ ਵਿਕਾਸ ਅਫਸਰ ਰਜਿੰਦਰ ਪਾਲ ਨੂੰ ਰਿਟਰਨਿੰਗ ਅਧਿਕਾਰੀ ਅਤੇ ਲੈਕਚਰਾਰ ਦਵਿੰਦਰ ਕੁਮਾਰ ਨੂੰ ਸਹਾਇਕ ਰਿਟਰਨਿੰਗ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ। ਬਲਾਕ ਬੰਗਾ ਦੀ ਪੰਚਾਇਤ ਲਧਾਣਾ ਝਿੱਕਾ ਦੇ ਵਾਰਡ ਨੰਬਰ 2, ਅਟਾਰੀ ਦੇ ਵਾਰਡ ਨੰਬਰ 2 ਅਤੇ ਘੁਮਾਣ ਦੇ ਵਾਰਡ ਨੰਬਰ 3 ਲਈ ਪ੍ਰਿੰਸੀਪਲ ਨਰਿੰਦਰ ਪਾਲ ਸਿੰਘ ਨੂੰ ਰਿਟਰਨਿੰਗ ਅਧਿਕਾਰੀ ਅਤੇ ਜੂਨੀਅਰ ਇੰਜੀਨੀਅਰ ਅਮਰਜੀਤ ਸਿੰਘ ਨੂੰ ਸਹਾਇਕ ਰਿਟਰਨਿੰਗ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ। ਬਲਾਕ ਔੜ ਦੀ ਪੰਚਾਇਤ ਤਲਵੰਡੀ ਸਿੱਬੂ ਦੇ ਵਾਰਡ ਨੰ 1, ਮੱਲਾਂ ਬੇਦੀਆਂ ਦੇ ਵਾਰਡ ਨੰਬਰ 2,4, 5 ਅਤੇ 6, ਪਿੰਡ ਮੱਲ ਦਿੱਤਾ ਦੇ ਵਾਰਡ ਨੰਬਰ 5, ਰਤਨਾਣਾ ਦੇ ਵਾਰਡ ਨੰਬਰ 1,2,3 ਅਤੇ 5, ਬਰਨਾਲਾ ਖੁਰਦ ਦੀ ਪੰਚਾਇਤ ਦੇ ਵਾਰਡ ਨੰਬਰ 2, 3, 4 ਅਤੇ 5 ਲਈ ਪ੍ਰਿੰਸੀਪਲ ਕੁਲਵਿੰਦਰ ਸਿੰਘ ਬੇਦੀ ਨੂੰ ਰਿਟਰਨਿੰਗ ਅਧਿਕਾਰੀ ਅਤੇ ਲੈਕਚਰਾਰ ਸਤਨਾਮ ਸਿੰਘ ਨੂੰ ਸਹਾਇਕ ਰਿਟਰਨਿੰਗ ਅਧਿਕਾਰੀ ਨਾਮਜ਼ਦ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਪੰਚਾਇਤਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਜਾਰੀ ਸਮਾਂ ਸਾਰਨੀ ਅਨੁਸਾਰ ਨਾਮਜ਼ਦਗੀਆਂ ਦਾਖਲ ਕਰਨ ਦੀ ਪ੍ਰਕਿਰਿਆ 14 ਜੁਲਾਈ ਤੋਂ ਸ਼ੁਰੂ ਹੋ ਕੇ 17 ਜੁਲਾਈ ਤੱਕ ਰਹੇਗੀ । ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲ ਕੀਤੀਆਂ ਜਾ ਸਕਣਗੀਆਂ ਜਿਨ੍ਹਾਂ ਦੀ ਪੜਤਾਲ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਾਂ 27 ਜੁਲਾਈ ਨੂੰ ਪੈਣਗੀਆਂ ਅਤੇ ਵੋਟਿੰਗ ਪੂਰੀ ਹੋਣ ਤੋਂ ਤੁਰੰਤ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਹੀ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਅਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ। ਪਹਿਲੇ ਦਿਨ ਕੋਈ ਨਾਮਜ਼ਦਗੀ ਨਹੀਂ : ਜ਼ਿਲਾ ਪ੍ਰਸ਼ਾਸਨ ਵੱਲੋਂ ਪੰਚਾਇਤੀ ਚੋਣਾਂ ਲਈ ਤਾਇਨਾਤ ਨੋਡਲ ਅਧਿਕਾਰੀ ਭੌਂ ਸੰਭਾਲ ਅਧਿਕਾਰੀ ਕ੍ਰਿਸ਼ਨ ਦੁੱਗਲ ਨੇ ਦੱਸਿਆ ਕਿ ਨਾਮਜ਼ਦਗੀਆਂ ਦੇ ਪਹਿਲੇ ਦਿਨ 14 ਜੁਲਾਈ ਨੂੰ ਕੋਈ ਨਾਮਜ਼ਦਗੀ ਦਾਖ਼ਲ ਨਹੀਂ

# ਗਿਣੀ ਮਿਥੀ ਸਾਜਸ਼ ਤਹਿਤ ਹਿੰਦੂ ਵਪਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹੈ:ਪੰਕਜ ਕ੍ਰਿਪਾਲ



ਗੜ੍ਹਸ਼ੰਕਰ 14 ਜੁਲਾਈ ( ਅਜਮੇਰ ਸਿੰਘ ਭਨੋਟ)ਮੰਦਰ ਮਾਤਾ ਵੈਸ਼ਣੋ ਦੇਵੀ ਦੀਪ ਕਲੋਨੀ ਗੜ੍ਹਸ਼ੰਕਰ ਵਿਖੇ ਵੱਖ ਵੱਖ ਹਿੰਦੂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਪੰਕਜ ਕਿ$ਪਾਲ ਐਡਵੋਕੇਟ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਪੰਜਾਬ ਵਿੱਚ ਲਗਾਤਾਰ ਵੱਧ ਰਹੇ ਗੈਂਗਸਟਰ ਵਾਦ ਤੇ ਚਿੰਤਾ ਪ੍ਰਗਟਾਈ ਗਈ। ਇਸ ਮੌਕੇ ਬੋਲਦਿਆਂ ਪੰਕਜ ਕਿ$ਪਾਲ ਨੇ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਗੈਂਗਸਟਰਾਂ ਵਲੋਂ ਹਿੰਦੂ ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਫਿਰੌਤੀ ਨਾਂ ਮਿਲਣ ਤੇ ਹਿੰਦੂ ਵਪਾਰੀਆਂ ਦੇ ਕਤਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗਿਣੀ ਮਿਥੀ ਸਾਜਸ਼ ਤਹਿਤ ਹਿੰਦੂ ਵਪਾਰੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਾਜਾਇਜ਼ ਅਸਲਾ ਲਗਾਤਾਰ ਵੱਧਦਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦੋ ਸਾਲਾਂ ਵਿੱਚ ਗੜ੍ਹਸ਼ੰਕਰ ਸਬ ਡਵੀਜ਼ਨ ਵਿੱਚ 18 ਕਤਲ ਹੋਏ ਹਨ, ਜੋ ਕਿ ਗੰਭੀਰ ਮੁੱਦਾ ਹੈ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਬੋਲਦਿਆਂ ਪੰਜਾਬ ਵਿੱਚ ਹਿੰਦੂ ਵਰਗ ਨੂੰ ਘੱਟ ਗਿਣਤੀ ਵਰਗ ਨਾਮਜ਼ਦ ਕਰਨ ਦੀ ਮੰਗ ਕੀਤੀ, ਹਿੰਦੂ ਮੰਦਰਾਂ ਨੂੰ ਸਰਕਾਰ ਵਲੋਂ ਆਰਥਿਕ ਸਹਾਇਤਾ ਦੇਣ ਅਤੇ ਅੱਤਵਾਦ ਦੌਰਾਨ ਮਾਰੇ ਗਏ 35 ਹਜ਼ਾਰ ਨਿਰਦੋਸ਼ਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ। ਇਸ ਮੌਕੇ ਚੇਤਨ ਕੁਮਾਰ, ਪੰਕਜ ਸ਼ੋਗੀ, ਰਾਜੇਸ਼ ਗੁਪਤਾ, ਇੰਦਰਜੀਤ ਗੋਗਨਾ, ਬਲਰਾਮ ਨਈਅਰ, ਸਤੀਸ਼ ਸੋਨੀ, ਪ$ਣਵ ਕ੍ਰਿਪਾਲ, ਡਾ ਸੋਨੀ ਕੁਮਾਰ, ਸੁਰਿੰਦਰ ਰਾਣਾ, ਜੈਦੇਵ ਰਾਣਾ, ਅਸ਼ਵਨੀ ਸ਼ੀਲਾ, ਅਮਰਜੀਤ, ਪਵਨ ਕੁਮਾਰ, ਰਾਜਾ, ਆਦਿ ਹਾਜ਼ਰ ਹੋਏ।

# ਦਸਮੇਸ਼ ਗਰਲਜ਼ ਕਾਲਜ ਦੇ ਬੀ.ਏ. ਸਮੈਸਟਰ ਪਹਿਲਾ ਦਾ ਨਤੀਜਾ ਰਿਹਾ ਸ਼ਾਨਦਾਰ।

ਮੁਕੇਰੀਆਂ,14 ਜੁਲਾਈ * ਧਰਮ ਚੰਦ ) ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖਸ਼ ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਟੀ ਪੱਧਰ ਤੇ ਚੰਗੇ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀ.ਏ. ( ਸਮੈਸਟਰ ਪਹਿਲਾ )ਦੇ ਨਤੀਜਿਆਂ ਵਿੱਚ ਕਾਲਜ ਦੀ ਵਿਦਿਆਰਥਣ ਆਰੂਸ਼ੀ ਨੇ 9.46ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਅਨੀਤ ਕੌਰ ਅਤੇ ਹਰਸਿਮਰਨ ਪ੍ਰੀਤ ਕੌਰ ਨੇ9.42 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ।ਗੁਰਵਿੰਦਰ ਕੌਰ ਨੇ9.08 ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ।ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸਮੂਹ ਸਟਾਫ਼, ਵਿਦਿਆਰਥਣਾਂ ਅਤੇ ਮਾਪਿਆਂ ਨੂੰ ਮੁਬਾਰਕ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਨਵਾਂ ਬੇਅਦਬੀ ਬਿੱਲ 'ਆਪ' ਸਰਕਾਰ ਦਾ ਸਭ ਤੋਂ ਵੱਡਾ ਸਿਆਸੀ ਡਰਾਮਾ : ਬ੍ਰਹਮਪੁਰਾ

## ਸੱਤਾ ਲਈ 'ਆਪ' ਨੇ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਬੇਅਦਬੀ ਮੁੱਦੇ ਦੀ ਕੀਤੀ ਦੁਰਵਰਤੋਂ



ਤਰਨ ਤਾਰਨ 14 ਜੁਲਾਈ 2025: ( )ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ ਨੇ ਬੇਅਦਬੀ ਦੇ ਅਤਿ ਸੰਵੇਦਨਸ਼ੀਲ ਮੁੱਦੇ 'ਤੇ ਕੂੜ ਪ੍ਰਚਾਰ ਕਰਕੇ ਨਾ ਸਿਰਫ਼ ਸੱਤਾ ਹਾਸਲ ਕੀਤੀ, ਸਗੋਂ ਇਨਸਾਫ਼ ਦੀ ਅਸਲ ਪ੍ਰਕਿਰਿਆ ਨੂੰ ਵੀ ਲੀਹੋਂ ਲਾਹਿਆ। ਉਨ੍ਹਾਂ ਕਿਹਾ ਕਿ ਹੁਣ ਆਪਣੀ ਤਿੰਨ ਸਾਲਾਂ ਦੀ ਨਾਕਾਮੀ 'ਤੇ ਪਰਦਾ ਪਾਉਣ ਲਈ 'ਆਪ' ਸਰਕਾਰ ਬੇਅਦਬੀ ਬਿੱਲ ਦਾ ਨਵਾਂ ਸਿਆਸੀ ਡਰਾਮਾ ਕਰ ਰਹੀ ਹੈ।ਸ੍ਰ. ਬ੍ਰਹਮਪੁਰਾ ਨੇ ਕਿਹਾ, 2015 ਦੀਆਂ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਬੇਹੱਦ ਦੁਖਦਾਈ ਸਨ ਅਤੇ ਇਨ੍ਹਾਂ ਦਾ ਦਰਦ ਅੱਜ ਵੀ ਹਰ ਪੰਜਾਬੀ ਦੇ ਦਿਲ ਵਿੱਚ ਹੈ। ਸਾਡੀ ਸਰਕਾਰ ਨੇ ਉਸ ਵੇਲੇ ਤੁਰੰਤ ਕਾਨੂੰਨੀ ਪ੍ਰਕਿਰਿਆ ਅਨੁਸਾਰ ਜਾਂਚ ਲਈ ਐੱਸ.ਆਈ.ਟੀ. ਦਾ ਗਠਨ ਕਰਕੇ ਕਾਰਵਾਈ ਆਰੰਭ ਦਿੱਤੀ ਸੀ। ਪਰ ਉਸ ਸਮੇਂ ਦੀ ਵਿਰੋਧੀ ਧਿਰ, ਖਾਸ ਕਰਕੇ ਆਮ ਆਦਮੀ ਪਾਰਟੀ ਨੇ, ਪੰਥ ਦੇ ਦਰਦ ਵਿੱਚ ਸ਼ਰੀਕ ਹੋਣ ਦੀ ਬਜਾਏ, ਇਸਨੂੰ ਸਿਆਸੀ ਲਾਹਾ ਲੈਣ ਦਾ ਮੌਕਾ ਸਮਝਿਆ।ਉਨ੍ਹਾਂ ਨੇ ਦੋਸ਼ ਲਾਇਆ, ਆਪ ਨੇ ਸੱਚ ਨੂੰ ਸਾਹਮਣੇ ਆਉਣ ਦੇਣ ਦੀ ਬਜਾਏ, ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਇੱਕ ਝੂਠਾ ਅਤੇ ਗੁੰਮਰਾਹਕੁੰਨ ਬਿਰਤਾਂਤ ਸਿਰਜਿਆ। ਉਨ੍ਹਾਂ ਨੇ ਪੰਜਾਬ ਦੇ ਭੋਲੇ-ਭਾਲੇ ਲੋਕਾਂ ਅਤੇ ਸਿੱਖ ਸੰਗਤ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਦੋਸ਼ੀ ਉਹ ਜਾਣਦੇ ਹਨ ਅਤੇ '24 ਘੰਟਿਆਂ' ਵਿੱਚ ਸਲਾਖਾਂ ਪਿੱਛੇ ਸੁੱਟ ਦੇਣਗੇ। ਉਨ੍ਹਾਂ ਦੇ ਇਸ ਕੂੜ ਪ੍ਰਚਾਰ ਨੇ ਜਾਂਚ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਅਤੇ ਇਨਸਾਫ਼ ਦੇ ਰਾਹ ਵਿੱਚ ਰੋੜਾ ਬਣੇ।ਸ੍ਰ. ਬ੍ਰਹਮਪੁਰਾ ਨੇ 'ਆਪ' ਸਰਕਾਰ ਦੀ ਮੌਜੂਦਾ ਕਾਰਗੁਜ਼ਾਰੀ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ, ਹੁਣ ਉਨ੍ਹਾਂ ਦੀ ਆਪਣੀ ਸਰਕਾਰ ਨੂੰ ਤਿੰਨ ਸਾਲ ਹੋ ਗਏ ਹਨ। ਜੇ ਉਨ੍ਹਾਂ ਦੇ ਦੋਸ਼ਾਂ ਵਿੱਚ ਰੱਤੀ ਭਰ ਵੀ ਸੱਚਾਈ ਸੀ, ਤਾਂ ਉਹ ਅੱਜ ਤੱਕ ਇੱਕ ਵੀ ਸਬੂਤ ਕਿਉਂ ਨਹੀਂ ਪੇਸ਼ ਕਰ ਸਕੇ? ਉਨ੍ਹਾਂ ਦੇ ਆਪਣੇ ਹੱਥਾਂ ਵਿੱਚ ਸਾਰੀਆਂ ਜਾਂਚ ਏਜੰਸੀਆਂ ਹਨ, ਫ਼?ਰ ਵੀ ਕੋਈ ਨਤੀਜਾ ਨਹੀਂ ਨਿਕਲਿਆ। ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਉਨ੍ਹਾਂ ਦਾ ਇੱਕੋ-ਇੱਕ ਮਕਸਦ ਅਕਾਲੀ ਦਲ ਨੂੰ ਬਦਨਾਮ ਕਰਕੇ ਸੱਤਾ ਹਾਸਲ ਕਰਨਾ ਸੀ, ਨਾ ਕਿ ਇਨਸਾਫ਼ ਦਿਵਾਉਣਾ।ਉਨ੍ਹਾਂ ਕਿਹਾ ਕਿ ਇਹ ਨਵਾਂ ਬਿੱਲ 'ਆਪ' ਸਰਕਾਰ ਵੱਲੋਂ ਆਪਣੀ ਨਾਕਾਮੀ ਨੂੰ ਕਬੂਲ ਕਰਨ ਦੇ ਬਰਾਬਰ ਹੈ। ਜਦੋਂ ਉਹ ਆਪਣੇ ਕੀਤੇ ਵਾਅਦੇ ਅਨੁਸਾਰ ਦੋਸ਼ੀਆਂ ਨੂੰ ਨਹੀਂ ਫੜ ਸਕੇ, ਤਾਂ ਹੁਣ ਉਹ ਇੱਕ ਨਵਾਂ ਕਾਨੂੰਨ ਲਿਆ ਕੇ ਵਿਸ਼ਾ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬਿੱਲ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਇੱਕ ਕੋਝੀ ਚਾਲ ਤੋਂ ਵੱਧ ਕੁਝ ਨਹੀਂ ਹੈ।ਸ੍ਰ. ਬ੍ਰਹਮਪੁਰਾ ਨੇ ਅੰਤ ਵਿੱਚ ਕਿਹਾ, ਅਸੀਂ ਇਸ ਬਿੱਲ ਨੂੰ ਰੱਦ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਸਰਕਾਰ ਨਵੇਂ ਡਰਾਮੇ ਕਰਨ ਦੀ ਬਜਾਏ, ਪੰਜਾਬ ਦੇ ਲੋਕਾਂ ਨੂੰ ਸਪੱਸ਼ਟ ਦੱਸੇ ਅਤੇ ਤੁਰੰਤ ਇੱਕ ਵਾਈਟ ਪੇਪਰ ਜਾਰੀ ਕਰੇ ਕਿ 'ਆਪ' ਨੇ ਆਪਣੇ ਝੂਠੇ ਦੋਸ਼ਾਂ ਦੇ ਆਧਾਰ 'ਤੇ ਤਿੰਨ ਸਾਲਾਂ ਵਿੱਚ ਕੀ ਜਾਂਚ ਕੀਤੀ ਹੈ? ਸ਼੍ਰੋਮਣੀ ਅਕਾਲੀ ਦਲ ਅਸਲ ਇਨਸਾਫ਼ ਲਈ ਵਚਨਬੱਧ ਹੈ, ਜਿਸਦੇ ਰਾਹ ਵਿੱਚ 'ਆਪ' ਨੇ ਸਿਆਸਤ ਕਰਕੇ ਰੁਕਾਵਟ ਪਾਈ ਸੀ।

## ਬਲਾਕ ਮੂਨਕ ਦੇ ਦਿਹਾਤੀ ਖੇਤਰਾਂ ਵਿੱਚ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਏਗੀ ਮੋਬਾਈਲ ਮੈਡੀਕਲ ਯੂਨਿਟ

ਮੂਨਕ, 14 ਜੁਲਾਈ (ਸਮਸ਼ੇਰ ਸਿੰਘ ਭੁਟਾਲ) : ਪੰਜਾਬ ਸਰਕਾਰ ਦਿਹਾਤੀ ਖੇਤਰਾਂ ਵਿੱਚ ਵਸਦੇ ਲੋਕਾਂ ਨੂੰ ਵੀ ਸ਼ਹਿਰੀ ਤਰਜ਼ 'ਤੇ ਸਿਹਤ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਪਿੰਡਾਂ ਦੇ ਨਿਵਾਸੀਆਂ ਨੂੰ ਉਨ੍ਹਾਂ ਦੇ ਘਰਾਂ ਨਜ਼ਦੀਕ ਵੱਖ-ਵੱਖ ਮੈਡੀਕਲ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਮੁਫ਼ਤ ਮੋਬਾਈਲ ਮੈਡੀਕਲ ਬੱਸ ਚਲਾਈ ਜਾਂਦੀ ਹੈ, ਜੋ ਹਰ ਮਹੀਨੇ ਵੱਖ-ਵੱਖ ਬਲਾਕਾਂ ਵਿੱਚ ਜਾ ਕੇ ਲੋਕਾਂ ਦੀ ਸਿਹਤ ਸੁਰੱਖਿਆ ਲਈ ਆਪਣਾ ਯੋਗਦਾਨ ਪਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਸ਼੍ਰੀ ਸੰਜੈ ਕਾਮਰਾ ਨੇ ਦੱਸਿਆ ਕਿ ਇਹ ਮੋਬਾਈਲ ਮੈਡੀਕਲ ਯੂਨਿਟ 15 ਜੁਲਾਈ ਨੂੰ ਪਿੰਡ ਸ਼ਾਹਪੁਰ ਖੇੜੀ, 16 ਜੁਲਾਈ ਨੂੰ ਗੋਬਿੰਦਪੁਰਾ ਜਵਾਹਰਵਾਲਾ, 17 ਜੁਲਾਈ ਨੂੰ ਸ਼ਾਦੀਹਰੀ, 18 ਜੁਲਾਈ ਨੂੰ ਭੂਟਾਲ ਕਲਾਂ, 19 ਜੁਲਾਈ ਨੂੰ ਘੋੜੇਨਾਬ, 21 ਜੁਲਾਈ ਨੂੰ ਚੋਟੀਆਂ, 22 ਜੁਲਾਈ ਨੂੰ ਗਿੱਦੜਾਣੀ, 23 ਜੁਲਾਈ ਨੂੰ ਬਖੋਰਾ ਕਲਾਂ, 24 ਜੁਲਾਈ ਨੂੰ ਸੰਗਤਪੁਰਾ, 25 ਜੁਲਾਈ ਨੂੰ ਬਖੋਰਾ ਖੁਰਦ, 26 ਜੁਲਾਈ ਨੂੰ ਬਿਰਧ ਆਸ਼ਰਮ ਮਸਤੂਆਣਾ ਸਾਹਿਬ ਅਤੇ ਬਹਾਦਰਪੁਰ, 28 ਜੁਲਾਈ ਨੂੰ ਭਾਈ ਕੀ ਪਿਸ਼ੌਰ, 29 ਜੁਲਾਈ ਨੂੰ ਰੋੜੇਵਾਲ, 30 ਜੁਲਾਈ ਨੂੰ ਅੜਕਵਾਸ ਅਤੇ 31 ਜੁਲਾਈ ਨੂੰ ਜਲੂਰ ਵਿਖੇ ਜਾਵੇਗੀ। ਸਿਵਲ ਸਰਜਨ ਨੇ ਕਿਹਾ ਕਿ ਮੋਬਾਈਲ ਮੈਡੀਕਲ ਬੱਸ ਵੱਲੋਂ ਆਮ ਚੈਕਅੱਪ ਤੋਂ ਇਲਾਵਾ ਐਕਸ-ਰੇਅ, ਈ.ਸੀ.ਜੀ. ਤੇ ਐਚ.ਬੀ., ਸ਼ੂਗਰ ਆਦਿ ਦੇ ਟੈਸਟ ਵੀ ਕੀਤੇ ਜਾਂਦੇ ਹਨ। ਉਹਨਾਂ ਦੱਸਿਆ ਇਸ ਯੂਨਿਟ ਦੁਆਰਾ ਮੁਫ਼ਤ ਵਿੱਚ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

# ਓ.ਐਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਲਾਂ



ਧੂਰੀ, 14 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਅੱਜ ਸਥਾਨਕ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਵਿਖੇ ਹਲਕਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਇਸ ਦੌਰਾਨ ਨਾਗਰਿਕਾਂ ਦੀਆਂ ਮੁਸ਼ਕਲਾਂ ਧੀਰਜ ਨਾਲ ਸੁਣਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਮੌਕੇ 'ਤੇ ਹੀ ਸੰਬੰਧਤ ਅਧਿਕਾਰੀਆਂ ਨੂੰ ਹੁਕਮ ਜਾਰੀ ਕੀਤੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਜ਼ਮੀਨੀ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ। ਧੂਰੀ ਹਲਕੇ ਦੀ ਹਰ ਇੱਕ ਗਲੀ, ਪਿੰਡ ਅਤੇ ਸ਼ਹਿਰੀ ਖੇਤਰ ਦਾ ਚਹੁੰਮੁਖੀ ਵਿਕਾਸ ਕਰਵਾਉਣਾ ਸਰਕਾਰ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਧੂਰੀ ਦੇ ਵਿਕਾਸ ਲਈ ਫੰਡਾਂ ਦੀ ਕਦੇ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕਰਦਿਆਂ ਤਜਵੀਜ਼ਾਂ ਰਿਪੋਰਟਾਂ ਮੰਗੀਆਂ ਅਤੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਹਰ ਕੰਮ ਨਿਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ। ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਗੱਲਾਂ ਨੂੰ ਤੁਰੰਤ ਹੱਲ ਕਰਨ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ।ਧੂਰੀ ਵਿਕਾਸ ਮੰਚ ਵੱਲੋਂ ਉਪ ਚੇਅਰਮੈਨ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਵਾਈਸ ਚੇਅਰਮੈਨ ਅਭਿਨਵ ਗੋਇਲ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ ਦੀ ਅਗਵਾਈ ਹੇਠ ਵਫ਼ਦ ਨੇ ਵੀ ਉਨ੍ਹਾਂ ਨਾਲ ਮੁਲਾਕਾਤ ਕੀਤੀ। ਵਫ਼ਦ ਵੱਲੋਂ ਧੂਰੀ ਦੇ ਸਿਵਲ ਹਸਪਤਾਲ ਵਿਖੇ ਡਾਇਲਅਸਿਸ ਮਸ਼ੀਨ ਲਗਾਉਣ ਦੀ ਮੰਗ ਕੀਤੀ ਗਈ, ਜਿਸ ਤੇ ਓ.ਐਸ.ਡੀ. ਸੁੱਖੀ ਨੇ ਭਰੋਸਾ ਦਿਵਾਇਆ ਕਿ ਇਹ ਮੰਗ ਮੁੱਖ ਮੰਤਰੀ ਤੱਕ ਪਹੁੰਚਾਈ ਜਾਵੇਗੀ ਅਤੇ ਜਲਦੀ ਇਸ ਸੰਬੰਧੀ ਕਾਰਵਾਈ ਹੋਏਗੀ।ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬ ਲਘੂ ਉਦਯੋਗ ਵਿਕਾਸ ਨਿਗਮ ਦੇ ਅਧਿਕਾਰੀ ਅਤੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਅਮਰਦੀਪ ਸਿੰਘ ਧਾਂਦਰਾ, ਐਡਵੋਕੇਟ ਹੈਪੀ ਗਰਗ, ਅਮਨ ਖਾਂ ਘਨੌਰੀ, ਗੋਬਿੰਦ ਲੋਹਟ, ਹਰਪ੍ਰੀਤ ਸਿੰਘ ਗਿੱਲ ਆਦਿ ਹਾਜ਼ਰ ਸਨ।

# ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਅਚਾਨਕ ਨਿਰੀਖਣ ਕੀਤਾ

## ਮਿਡ-ਡੇਅ ਮੀਲ ਦੀਆਂ ਬੇਨਿਯਮੀਆਂ 'ਤੇ ਸਖ਼ਤ ਨਿਰਦੇਸ਼ ਕੀਤੇ ਜਾਰੀ



ਅੰਮ੍ਰਿਤਸਰ14 ਜੁਲਾਈ (ਗੁਰਦਿਆਲ ਸਿੰਘ) :ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਸ਼੍ਰੀ ਵਿਜੇ ਦੱਤ ਨੇ ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਗੁਮਟਾਲਾ ਖੇਤਰ ਅਤੇ ਫਤਿਹਗੜ੍ਹ ਚੂੜੀਆਂ ਰੋਡ ਦੇ ਨਾਲ ਸਥਿਤ ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਾਨਕ ਨਿਰੀਖਣ ਕੀਤਾ। ਇਸ ਨਿਰੀਖਣ ਦਾ ਉਦੇਸ਼ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਧੀਨ ਭਲਾਈ ਯੋਜਨਾਵਾਂ ਦੇ ਜ਼ਮੀਨੀ ਲਾਗੂਕਰਨ ਦਾ ਮੁਲਾਂਕਣ ਕਰਨਾ ਸੀ।ਨਿਰੀਖਣ ਦੌਰਾਨ, ਇਹ ਪਾਇਆ ਗਿਆ ਕਿ ਮਿਡ-ਡੇਅ ਮੀਲ ਖਾਣਾ ਪਕਾਉਣ ਵਾਲਾ ਸਟਾਫ ਨਿਰਧਾਰਤ ਡਰੈੱਸ ਕੋਡ - ਜਿਸ ਵਿੱਚ ਸਿਰ ਦੀਆਂ ਟੋਪੀਆਂ, ਐਪਰਨ ਅਤੇ ਦਸਤਾਨੇ ਸ਼ਾਮਲ ਹਨ - ਦੀ ਪਾਲਣਾ ਨਹੀਂ ਕਰ ਰਿਹਾ ਸੀ ਅਤੇ ਨਾ ਹੀ ਉਹ ਬੁਨਿਆਦੀ ਸਫਾਈ ਮਿਆਰਾਂ ਨੂੰ ਬਣਾਈ ਰੱਖ ਰਹੇ ਸਨ।ਸ਼੍ਰੀ ਦੱਤ ਨੇ ਸਕੂਲ ਪ੍ਰਸ਼ਾਸਨ ਨੂੰ ਸਖ਼ਤ ਤਾੜਨਾ ਕੀਤੀ ਅਤੇ ਉਨ੍ਹਾਂ ਨੂੰ ਤੁਰੰਤ ਸਾਰੇ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭੋਜਨ ਤਿਆਰ ਕਰਨ ਵਿੱਚ ਸ਼ਾਮਲ ਸਟਾਫ ਨੂੰ ਭੋਜਨ ਸੁਰੱਖਿਆ ਅਤੇ ਸਫਾਈ ਪ੍ਰੋਟੋਕੋਲ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ, ਅਤੇ ਉਨ੍ਹਾਂ ਦੀ ਸਿਹਤ ਜਾਂਚ ਨਿਯਮਤ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਖਾਣਾ ਪਕਾਉਣ ਅਤੇ ਪਰੋਸਣ ਦੀ ਪੂਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਸਫਾਈ ਬਣਾਈ ਰੱਖੀ ਜਾਣੀ ਚਾਹੀਦੀ ਹੈ।ਸ਼੍ਰੀ ਦੱਤ ਨੇ ਸਕੂਲਾਂ ਨੂੰ ਹਦਾਇਤ ਕੀਤੀ ਕਿ ਉਹ ਭੋਜਨ ਜਾਂਚ ਰਜਿਸਟਰਾਂ ਨੂੰ ਸਹੀ ਢੰਗ ਨਾਲ ਰੱਖਣ, ਸਾਫ਼ ਅਤੇ ਪੌਸ਼ਟਿਕ ਭੋਜਨ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੀ ਨਿਯਮਤ ਸਿਹਤ ਜਾਂਚ ਨੂੰ ਯਕੀਨੀ ਬਣਾਉਣ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਨਿੱਜੀ ਤੌਰ 'ਤੇ ਗੱਲਬਾਤ ਕੀਤੀ, ਖਾਣੇ ਦੀ ਗੁਣਵੱਤਾ ਅਤੇ ਸੁਆਦ ਬਾਰੇ ਫੀਡਬੈਕ ਲਿਆ, ਅਤੇ ਇੱਥੋਂ ਤੱਕ ਕਿ ਖਾਣੇ ਦਾ ਖੁਦ ਮੁਲਾਂਕਣ ਕਰਨ ਲਈ ਉਨ੍ਹਾਂ ਦੇ ਮਿਡ-ਡੇਅ ਮੀਲ ਵਿੱਚ ਵੀ ਸ਼ਾਮਲ ਹੋਏ।ਇੱਕ ਹੋਰ ਮੁੱਦਾ ਕਈ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਵਿੱਚ ਟੀਡੀਐਸ (ਕੁੱਲ ਘੁਲਣਸ਼ੀਲ ਠੋਸ ਪਦਾਰਥ) ਦੇ ਪੱਧਰ ਵਿੱਚ ਅਸੰਤੁਲਨ ਦਾ ਦੇਖਿਆ ਗਿਆ।ਸ਼੍ਰੀ ਦੱਤ ਨੇ ਸਕੂਲ ਅਧਿਕਾਰੀਆਂ ਨੂੰ ਤੁਰੰਤ ਸਬੰਧਤ ਵਿਭਾਗ ਨੂੰ ਸ਼ਾਮਲ ਕਰਨ ਅਤੇ ਸਾਰੇ ਬੱਚਿਆਂ ਲਈ ਸੁਰੱਖਿਅਤ ਪੀਣ ਵਾਲੇ ਪਾਣੀ ਨੂੰ ਯਕੀਨੀ ਬਣਾਉਣ ਲਈ ਨਿਯਮਤ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ।ਇਹ ਵੀ ਪਾਇਆ ਗਿਆ ਕਿ ਬਹੁਤ ਸਾਰੇ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਸ਼ਿਕਾਇਤ ਅਤੇ ਹੈਲਪਲਾਈਨ ਨੰਬਰ ਪ੍ਰਦਰਸ਼ਿਤ ਨਹੀਂ ਕੀਤਾ ਗਿਆ ਸੀ।ਸ਼੍ਰੀ ਦੱਤ ਨੇ ਹਰ ਸੰਸਥਾ ਵਿੱਚ ਹੈਲਪਲਾਈਨ ਨੰਬਰ 9876764545 ਨੂੰ ਸਪੱਸ਼ਟ ਤੌਰ 'ਤੇ ਪ੍ਰਦਰਸ਼ਿਤ ਕਰਨ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ, ਤਾਂ ਜੋ ਲਾਭਪਾਤਰੀ ਲੋੜ ਪੈਣ 'ਤੇ ਸਿੱਧੇ ਤੌਰ 'ਤੇ ਸ਼ਿਕਾਇਤਾਂ ਦਰਜ ਕਰ ਸਕਣ।ਸ਼੍ਰੀ ਵਿਜੇ ਦੱਤ ਨੇ ਦੁਹਰਾਇਆ ਕਿ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਨਾਲ ਸਬੰਧਤ ਯੋਜਨਾਵਾਂ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਯੁੱਧ ਨਸ਼ਿਆਂ ਵਿਰੁੱਧ ਦੇ ਦੂਸਰੇ ਪੜਾਅ ਦੀ ਤਿਆਰੀ ਲਈ ਸੋਨੀਆ ਮਾਨ ਵੱਲੋਂ ਪੁਲਿਸ ਪ੍ਰਸ਼ਾਸਨ ਨਾਲ ਮੀਟਿੰਗ

ਅੰਮ੍ਰਿਤਸਰ 14 ਜੁਲਾਈ (ਗੁਰਦਿਆਲ ਸਿੰਘ)ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤੇ ਦੂਜੇ ਪੜਾਅ ਦੀ ਤਿਆਰੀ ਲਈ ਨਸ਼ਾ ਮੁੱਕਤੀ ਮੋਰਚਾ ਦੇ ਆਗੂ ਮੈਡਮ ਸੋਨੀਆ ਮਾਨ ਨੇ ਨਸ਼ੇ ਦੇ ਖਾਤਮੇ ਲਈ ਪੁਲਿਸ ਅਤੇ ਪ੍ਰਸ਼ਾਸਨ ਦਾ ਸਾਥ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਅਮਨਦੀਪ ਕੌਰ, ਏਡੀਸੀਪੀ ਸ਼੍ਰੀਮਤੀ ਪਲਵਿੰਦਰ ਕੌਰ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਜਿਲ੍ਹਾ ਇੰਚਾਰਜ ਨਸ਼ਾ ਮੁੱਕਤੀ ਮੋਰਚਾ ਅੰਮ੍ਰਿਤਸਰ ਸਹਿਰੀ ਸ੍ਰੀ ਦੀਕਸ਼ਿਤ ਧਵਨ ਅਤੇ ਪਾਰਟੀ ਦੇ ਹੋਰ ਆਗੂ ਵੀ ਉਹਨਾਂ ਨਾਲ ਸਨ । ਇਸ ਮੀਟਿੰਗ ਵਿੱਚ ਵਾਰਡ ਪੱਧਰ ਉੱਤੇ ਡਿਫੈਂਸ-ਕਮੇਟੀਆਂ ਬਨਾਉਣ ਬਾਰੇ ਵਿਚਾਰ ਕੀਤਾ ਗਿਆ। ਸੋਨੀਆ ਮਾਨ ਨੇ ਕਿਹਾ ਕਿ ਸ਼ਹਿਰਾਂ ਵਿੱਚ ਬਣ ਰਹੀਆਂ ਇਹਨਾਂ ਕਮੇਟੀਆਂ ਲਈ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਲੋਕਾਂ ਦਾ ਸਾਥ ਲਿਆ ਜਾਵੇ ਅਤੇ ਜੋ ਵੀ ਵਿਅਕਤੀ ਨਸ਼ੇ ਦੇ ਖਾਤਮੇ ਲਈ ਸਰਕਾਰ ਦਾ ਸਾਥ ਦੇਣਾ ਚਾਹੁੰਦਾ ਹੈ ਉਹ ਇਹਨਾਂ ਕਮੇਟੀਆਂ ਵਿੱਚ ਬਤੌਰ ਮੈਂਬਰ ਲਿਆ ਜਾਵੇਗਾ। ਉਨਾਂ ਕਿਹਾ ਕਿ ਬਹੁਤ ਹੀ ਜ਼ਲਦੀ ਇੰਨਾ ਡਿਫੈਂਸ ਕਮੇਟੀਆਂ ਦਾ ਗਠਨ ਜਮੀਨੀ ਪੱਧਰ ਤੇ ਕੀਤਾ ਜਾਵੇਗਾ। ਇਸ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ , ਇਸ ਡਿਫੈਂਸ ਕਮੇਟੀਆਂ ਵਿੱਚ ਆਮ ਲੋਕਾਂ ਦੀ ਸ਼ਾਮੂਲੀਅਤ ਨੂੰ ਵੱਧ ਤੋਂ ਵੱਧ ਯਕੀਨੀ ਬਣਿਆ ਜਾਵੇਗਾ ,ਤਾਂ ਕਿ ਇਸ ਨਾਲ ਨਸ਼ੇ ਰੂਪੀ ਕੋਹੜ ਨੂੰ ਜੜ੍ਹ ਤੋਂ ਇਸ ਗੁਰੂ ਰਾਮਦਾਸ ਜੀ ਦੀ ਨਗਰੀ ਵਿੱਚੋ ਖਤਮ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਮੈਡਮ ਸਾਹਨੀ ਨੇ ਉਹਨਾਂ ਨੂੰ ਪੂਰਾ ਭਰੋਸਾ ਦਿੱਤਾ ਕਿ ਉਹ ਨਸ਼ੇ ਦੇ ਖਾਤਮੇ ਲਈ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦਾ ਸਾਥ ਦੇਣਗੇ ਅਤੇ ਅਧਿਕਾਰੀ ਉਹਨਾਂ ਨਾਲ ਇਸ ਮੁਹਿੰਮ ਵਿੱਚ ਨਿਰੰਤਰ ਡਟ ਕੇ ਕੰਮ ਕਰਨਗੇ।

# ਰਾਮਪੁਰਾ ਫੂਲ ਹਲਕੇ ਦੇ 29 ਪਿੰਡਾਂ ਚ ਖੇਡ ਮੈਦਾਨ ਬਣਾਉਣ ਲਈ 7ਕਰੋੜ ਦੀ ਗਰਾਂਟ ਜਾਰੀ

## ਨੌਜਵਾਨਾਂ ਚ ਸਿਹਤਮੰਦ ਰੁਝਾਨ ਪੈਦਾ ਕਰਨ ਲਈ ਮਦਦਗਾਰ ਹੋਣਗੇ ਇਹ ਮੈਦਾਨ: ਵਿਧਾਇਕ ਸਿੱਧੂ



ਰਾਮਪੁਰਾ ਫੂਲ, 14ਜੁਲਾਈ (ਮਨਪ੍ਰੀਤ ਮਿੰਟੂ) ਪੰਜਾਬ ਦੇ ਪਿੰਡਾਂ ਚ ਆਲੀਸ਼ਾਨ ਖੇਡ ਮੈਦਾਨ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਕੀਤੇ ਫੈਸਲੇ ਨੇ ਰਾਮਪੁਰਾ ਫੂਲ ਹਲਕੇ ਅੰਦਰ ਵੀ ਅਸਰ ਦਿਖਾਇਆ ਹੈ। ਯੋਜਨਾ ਦੇ ਇਸ ਪਹਿਲੇ ਪੜਾਅ ਵਿੱਚ ਹਲਕੇ ਦੇ 29 ਪਿੰਡਾਂ ਅੰਦਰ ਉੱਚ ਪਾਏ ਦੇ ਖੇਡ ਮੈਦਾਨ ਬਣਾਉਣ ਲਈ 7 ਕਰੋੜ ਰੁਪਏ ਦੇ ਕਰੀਬ ਗਰਾਂਟ ਜਾਰੀ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਹਲਕੇ ਦੇ ਪਿੰਡ ਘੰਡਾਬੰਨਾ ਨੂੰ 48 ਲੱਖ ਦੇ ਕਰੀਬ ਗਰਾਂਟ ਦੇਣ ਦਾ ਫੈਸਲਾ ਹੋਇਆ ਹੈ, ਜਿੱਥੇ 3 ਏਕੜ ਜ਼ਮੀਨ ਵਿਚ ਖੇਡ ਮੈਦਾਨ ਬਣਾਇਆ ਜਾਣਾ ਹੈ। ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਇਸ ਪ੍ਰਾਜੈਕਟ ਤੇ ਜਲਦ ਹੀ ਕੰਮ ਸ਼ੁਰੂ ਕਰ ਦਿੱਤਾ ਜਾਣਾ ਹੈ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਅੰਦਰੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਪੂਰੇ ਜ਼ੋਰ ਨਾਲ ਸ਼ੁਰੂ ਕੀਤੀ ਹੋਈ ਹੈ,ਜਿਸਦੇ ਚੰਗੇ ਅਤੇ ਅਸਰਦਾਰ ਨਤੀਜੇ ਸਾਹਮਣੇ ਆ ਰਹੇ ਹਨ। ਇਹ ਵੀ ਕਿ ਪਿਛਲੇ 5/6 ਮਹੀਨਿਆਂ ਵਿਚ ਹੀ ਰਾਮਪੁਰਾ ਫੂਲ ਹਲਕੇ ਸਮੇਤ ਪੂਰੇ ਪੰਜਾਬ ਅੰਦਰੋਂ ਹੈਰੋਇਨ ('ਚਿੱਟੇ') ਦੀ ਰਿਕਾਰਡ ਤੋੜ ਰਿਕਵਰੀ ਹੋਈ ਹੈ ਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਭਾਜੜਾਂ ਪਈਆਂ ਹੋਈਆਂ ਹਨ। ਇਸਤੋਂ ਇਲਾਵਾ ਨਸ਼ੇ ਤੋਂ ਪੀੜਤ ਨੌਜਵਾਨਾਂ ਦੇ ਇੱਕ ਵੱਡੇ ਹਿੱਸੇ ਦਾ ਇਲਾਜ ਕਰਵਾਇਆ ਜਾ ਰਿਹਾ ਹੈ ਤਾਂ ਜ਼ੋ ਉਹ ਵੀ ਮੁੱਖ ਧਾਰਾ ਚ ਸ਼ਾਮਲ ਹੋ ਸਕਣ। ਵਿਧਾਇਕ ਨੇ ਇਹ ਵੀ ਕਿਹਾ ਕਿ ਪੂਰੇ ਪੰਜਾਬ ਦੇ ਇੱਕ ਇੱਕ ਪਿੰਡ ਵਿੱਚ ਖੇਡ ਮੈਦਾਨ ਦੀ ਸਥਾਪਨਾ ਵੀ ਨਸ਼ਾ ਮੁਕਤੀ ਲਈ ਇੱਕ ਤਕੜਾ ਉਪਰਾਲਾ ਸਾਬਤ ਹੋਵੇਗੀ। ਉਹਨਾਂ ਦੱਸਿਆ ਕਿ ਇਹਨਾਂ ਖੇਡ ਮੈਦਾਨਾਂ ਚ ਕੋਚਿੰਗ ਦੇਣ ਲਈ ਵੀ ਸੂਬਾ/ਦੇਸ਼ ਪੱਧਰ ਦੇ ਰ ਖਿਡਾਰੀਆਂ ਨੂੰ ਕੋਚ ਵਜੋਂ ਨਿਯੁਕਤ ਕੀਤਾ ਜਾਵੇਗਾ। ਵਿਧਾਇਕ ਨੇ ਕਿਹਾ ਕਿ ਨਸ਼ਿਆਂ ਵੱਲ ਖਿੱਚੇ ਨੌਜਵਾਨ ਜਦ ਆਪਣੇ ਪਿੰਡਾਂ ਦੇ ਖੇਡ ਮੈਦਾਨਾਂ ਚ ਦਸਤਕ ਦੇਣਗੇ ਤਾਂ ਰੰਗਲਾ ਪੰਜਾਬ ਮੁੜ ਧੜਕੇਗਾ।

# ਗਲੋਬਲ ਡਿਸਕਵਰੀ ਸਕੂਲ ਵਿਖੇ ਸਿਖਲਾਈ ਪ੍ਰੋਗਰਾਮ ਆਯੋਜਿਤ



ਰਾਮਪੁਰਾ ਫੂਲ,14 ਜੁਲਾਈ (ਮਨਪ੍ਰੀਤ ਮਿੰਟੂ)ਸਿੱਖਿਆ ਨੂੰ 21ਵੀਂ ਸਦੀ ਦੇ ਅਨੁਸਾਰ ਅਨੁਕੂਲ ਕਰਨ ਦੇ ਹੁਨਰਾਂ ਦੇ ਸਮਰੱਥ ਬਣਾਉਣ ਦੇ ਉਦੇਸ਼ ਨਾਲ, ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਨਾਗਪਾਲ ਦੀ ਅਗਵਾਈ ਹੇਠ, ਸੀ.ਬੀ.ਐਸ.ਈ. ਦੁਆਰਾ ਮਾਨਤਾ ਪ੍ਰਾਪਤ ਸਰਾਫ ਐਡੂਬੀਕਨ ਗਲੋਬਲ ਡਿਸਕਵਰੀ ਸਕੂਲ, ਰਾਮਪੁਰਾ ਫੂਲ ਵਿਖੇ ਸਕੂਲ ਅਧਿਆਪਕਾਂ ਲਈ ਵੱਖ-ਵੱਖ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਗਏ।ਸਕੂਲ ਵਿੱਚ ਮਾਨਸਿਕ ਸਿਹਤ ਅਤੇ ਤੰਦਰੁਸਤੀ, ਸੰਪੂਰਨ ਅਤੇ ਬਹੁ-ਅਨੁਸ਼ਾਸਨੀ ਸਿੱਖਿਆ, ਕਲਾਸਰੂਮ ਪ੍ਰਬੰਧਨ, ਸੰਚਾਰ ਹੁਨਰ ਅਤੇ ਅੰਤਰ-ਵਿਅਕਤੀਗਤ ਹੁਨਰ, 21ਵੀਂ ਸਦੀ ਦੇ ਹੁਨਰਾਂ ਲਈ ਸਿੱਖਿਆ ਸ਼ਾਸਤਰ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਗਏ। ਸਿਖਲਾਈ ਦੌਰਾਨ, ਅਧਿਆਪਕਾਂ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਅਨੁਭਵੀ ਸਿੱਖਿਆ ਦੇ ਤਰੀਕਿਆਂ ਤੋਂ ਜਾਣੂੰ ਕਰਵਾਇਆ ਗਿਆ।ਸਕੂਲ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਕਿਹਾ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਇੱਕ ਚੰਗਾ ਨਾਗਰਿਕ ਬਣਾਉਣ, ਉਨ੍ਹਾਂ ਦਾ ਮਾਰਗਦਰਸ਼ਨ ਕਰਨ ਅਤੇ ਉਨ੍ਹਾਂ ਨੂੰ ਇੱਕ ਉੱਜਵਲ ਭਵਿੱਖ ਦੇਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਇਸ ਕਾਰਨ ਸਕੂਲ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਨਾਗਪਾਲ ਨੇ ਕਿਹਾ ਕਿ ਇਹ ਸਿਖਲਾਈਆਂ ਅਧਿਆਪਕਾਂ ਨੂੰ ਆਤਮ-ਵਿਸ਼ਵਾਸੀ ਅਤੇ ਕਰਤੱਵਪੂਰਨ ਵੀ ਬਣਾਉਂਦੀਆਂ ਹਨ।

## ਸਕੂਲ ਨੂੰ ਏ.ਸੀ. ਕੀਤਾ ਭੇਟ




ਭਵਾਨੀਗੜ੍ਹ, 14 ਜੁਲਾਈ (ਅਮਨਦੀਪ ਸਿੰਘ ਮਾਝਾ): ਸਰਕਾਰੀ ਪ੍ਰਾਇਮਰੀ ਸਕੂਲ ਮਾਝੀ ਵਿਖੇ ਇੱਕ ਬਹੁਤ ਹੀ ਸਾਦਾ ਅਤੇ ਪ੍ਰਭਾਵਸ਼ਾਲੀ ਸਮਾਗਮ ਰੱਖਿਆ ਗਿਆ। ਇਸ ਸਮਾਗਮ ਵਿੱਚ ਪਹੁੰਚੇ ਮਲਕੀਤ ਸਿੰਘ ਟਿਵਾਣਾ ਅਤੇ ਗੁਰਜਿੰਦਰ ਸਿੰਘ ਭੜੀਵਾਲੇ ਪਰਿਵਾਰ ਵੱਲੋਂ ਆਪਣੇ ਸਵਰਗੀ ਦਾਦਾ ਸਾਧੂ ਸਿੰਘ ਦੀ ਯਾਦ ਵਿੱਚ ਸਕੂਲ ਦੇ ਬੱਚਿਆਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਦੋ ਟਨ ਸਮਰੱਥਾ ਵਾਲਾ ਏ ਸੀ ਭੇਂਟ ਕੀਤਾ ਗਿਆ। ਸਕੂਲ ਦੇ ਮੁੱਖ ਅਧਿਆਪਕ ਅੰਮ੍ਰਿਤਪਾਲ ਸਿੰਘ ਕੁਲਰੀਆਂ ਨੇ ਟਿਵਾਣਾ ਪਰਿਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਸਮਾਗਮ ਵਿੱਚ ਐਸਐਮਸੀ ਕਮੇਟੀ ਦੇ ਚੇਅਰਮੈਨ ਜਸਪਾਲ ਸਿੰਘ, ਜਗਦੇਵ ਸਿੰਘ ਵਰਮਾ, ਮਹਿੰਦਰ ਸਿੰਘ ਸਾਬਕਾ ਸਰਪੰਚ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਕਿਸਾਨ ਯੂਨੀਅਨ ਉਗਰਾਹਾਂ ਨੇ ਪਿੰਡ ਇਕਾਈਆਂ ਦੀ ਕੀਤੀ ਚੋਣ



ਦਿੜ੍ਹਬਾ ਮੰਡੀ, 14 ਜੁਲਾਈ (ਸੁਖਵਿੰਦਰ ਸਿੰਘ ਵਿਰਕ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦਿੜ੍ਹਬਾ ਬਲਾਕ ਵੱਲੋਂ ਆਉਣ ਵਾਲੇ ਸੰਘਰਸ਼ਾਂ ਨੂੰ ਲੈ ਕੇ ਵੱਡੀ ਲਾਮਬੰਦੀ ਕੀਤੀ ਜਾ ਰਹੀ ਹੈ,ਪਿੰਡ ਇਕਾਈਆਂ ਦੀਆ ਚੋਣਾਂ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ,ਇਸ ਲੜੀ ਤਹਿਤ ਪਿੰਡ ਇਕਾਈ ਸਮੂੰਰਾਂ ਅਤੇ ਢੰਡਿਆਲ ਦੀ ਚੋਣ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਅਤੇ ਸੀਨੀਅਰ ਮੀਤ ਪ੍ਰਧਾਨ ਹਰਬੰਸ ਸਿੰਘ ਦਿੜ੍ਹਬਾ ਦੀ ਅਗਵਾਈ ਹੇਠ ਕੀਤੀ ਗਈ ਇਸ ਮੌਕੇ ਬਲਾਕ ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ,ਹਰਜੀਤ ਸਿੰਘ ਮਹਿਲਾਂ ਅਤੇ ਅਮਨਦੀਪ ਸਿੰਘ ਮਹਿਲਾਂ,ਜੋਗਿੰਦਰ ਸਿੰਘ ਖੇੜੀ,ਮਿਸ਼ਰਾ ਸਿੰਘ ਨਿਹਾਲਗੜ੍ਹ ਵੀ ਮੌਜੂਦ ਸਨ ਬਲਾਕ ਦਿੜ੍ਹਬਾ ਦੇ ਆਗੂਆਂ ਨੇ ਕਿਹਾ ਕਿ ਪੁਲਿਸ ਵਿਰੋਧੀ ਜਬਰ ਨੂੰ ਲੈ ਕੇ 25 ਜੁਲਾਈ ਨੂੰ ਸੰਯੁਕਤ ਮੋਰਚੇ ਦੇ ਸੱਦੇ ਤੇ ਸੰਗਰੂਰ ਡੀ ਸੀ ਹੈੱਡ ਕੁਆਰਟਰ 'ਤੇ ਧਰਨਾ ਦੇ ਕੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰਾਂ ਅਤੇ ਕਿਸਾਨਾਂ ਤੇ ਤਸ਼ੱਦਦ ਕਰਨਾ ਬੰਦ ਕਰੇ ਗਿਰਫਤਾਰ ਕੀਤੇ ਮਜ਼ਦੂਰਾਂ,ਕਿਸਾਨਾਂ ਨੂੰ ਫੌਰੀ ਰਿਹਾਅ ਕੀਤਾ ਜਾਵੇ ਪਿੰਡ ਇਕਾਈ ਸਮੂੰਰਾਂ ਦੇ ਪ੍ਰਧਾਨ ਗੁਲਾਬ ਸਿੰਘ,ਸੀਨੀਅਰ ਉਪ ਪ੍ਰਧਾਨ ਕਰਨੈਲ,ਜਨਰਲ ਸਕੱਤਰ ਸਤਿਨਾਮ ਸਿੰਘ,ਖਜ਼ਾਨਚੀ ਚਰਨ ਸਿੰਘ ਅਤੇ ਪ੍ਰੈਸ ਸਕੱਤਰ ਅਮਨਦੀਪ ਸਿੰਘ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ ਅਤੇ ਇਸਤਰੀ ਵਿੰਗ ਦੇ ਹਰਤੇਜ ਕੌਰ ਪ੍ਰਧਾਨ ਚੁਣਿਆ ਗਿਆ। ਪਿੰਡ ਇਕਾਈ ਢੰਡਿਆਲ ਦੇ ਜਗਮੇਲ ਸਿੰਘ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ,ਜਨਰਲ ਸਕੱਤਰ ਤਰਸੇਮ ਸਿੰਘ,ਸੀਨੀਅਰ ਮੀਤ ਪ੍ਰਧਾਨ ਸੀਤਾ ਸਿੰਘ ਖਜ਼ਾਨਚੀ ਗੁਰਪਿਆਰ ਸਿੰਘ ਅਤੇ ਇਸਤਰੀ ਵਿੰਗ ਦੇ ਪ੍ਰਧਾਨ ਲਾਭ ਕੌਰ,ਸੀਨੀਅਰ ਮੀਤ ਪ੍ਰਧਾਨ ਜਸਵੰਤ ਕੌਰ,ਜਨਰਲ ਸਕੱਤਰ ਬਲਵੀਰ ਕੌਰ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ।

## ਮਲੂਕਾ ਦੀ ਅਗਵਾਈ 'ਚ ਲੱਗ ਰਹੇ ਕੈਂਪਾ ਨੂੰ ਲੈ ਕੇ ਲੋਕ ਉਤਸ਼ਾਹਿਤ



ਭਗਤਾ ਭਾਈ ਕਾ, 14 ਜੁਲਾਈ (ਸਵਰਨ ਸਿੰਘ ਭਗਤਾ):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਲੋੜਵੰਦ ਲੋਕਾਂ ਲਈ ਆਰੰਭ ਕੀਤੀਆਂ ਲੋਕ ਭਲਾਈ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ'ਚ ਪਿੰਡਾਂ ਵਿੱਚ ਲਾਗੂ ਕਰਨ ਲਈ ਲਾਏ ਜਾ ਰਹੇ ਕੈਂਪਾਂ ਨੂੰ ਲੈ ਕੇ ਲੋਕਾਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ,ਇਹ ਦਾਅਵਾ ਭਾਜਪਾ ਦੇ ਸੀਨੀਅਰ ਆਗੂ ਸਾਬਕਾ ਚੇਅਰਮੈਨ ਗੁਰਪ੍ਰੀਤ ਸਿੰਘ ਮਲੂਕਾ ਨੇ ਕੋਇਰ ਸਿੰਘ ਵਾਲਾ ਵਿਖੇ ਲਗਾਏ ਕੈਂਪ ਦੌਰਾਨ ਕੀਤਾ। ਜ਼ਿਕਰਯੋਗ ਹੈ ਕੇ ਕੇਂਦਰੀ ਯੋਜਨਾਵਾਂ ਨੂੰ ਜਮੀਨੀ ਪੱਧਰ ਤੇ ਲਾਗੂ ਕਰਨ ਲਈ ਗੁਰਪ੍ਰੀਤ ਮਲੂਕਾ ਦੀ ਅਗਵਾਈ'ਚ ਹਲਕਾ ਰਾਮਪੁਰਾ ਫੂਲ ਦੇ ਪਿੰਡਾਂ ਚ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਮਲੂਕਾ ਨੇ ਕਿਹਾ ਹਲਕਾ ਫੂਲ ਦੇ ਪਿੰਡਾਂ ਚ ਲੱਗਣ ਵਾਲੇ ਕੈਂਪਾਂ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਸੈਂਕੜੇ ਲੋਕਾਂ ਨੂੰ ਲਾਭਪਾਤਰੀ ਕਾਰਡ ਮੌਕੇ ਤੇ ਹੀ ਬਣਾ ਕੇ ਜਾਰੀ ਕੀਤੇ ਗਏ ਹਨ। ਉਹਨਾਂ ਕਿਹਾ ਕਿ ਕੈਂਪਾਂ'ਚ ਲੋਕਾਂ ਦੀ ਆਮਦ ਦਿਨੋਂ ਦਿਨ ਵੱਧ ਰਹੀ ਹੈ ਕੋਇਰ ਸਿੰਘ ਵਾਲਾ ਵਿਖੇ ਅੱਜ 100 ਦੇ ਕਰੀਬ ਲੋੜਵੰਦ ਲੋਕਾਂ ਨੂੰ ਮੌਕੇ 'ਤੇ ਹੀ ਕਾਰਡ ਜਾਰੀ ਕਰ ਦਿੱਤੇ ਗਏ ਹਨ। ਮਲੂਕਾ ਨੇ ਕਿਹਾ ਕਿ ਆਪਣੀ ਲੋੜ ਤੇ ਯੋਗਤਾ ਅਨੁਸਾਰ ਲੋਕ ਹੁਣ ਇੰਨਾਂ ਯੋਜਨਾਵਾਂ ਦਾ ਲਾਭ ਲੈ ਸਕਦੇ ਹਨ ਅਤੇ ਲੋਕਾਂ ਨੂੰ ਖੱਜਲ-ਖੁਆਰ ਹੋਣ ਤੋਂ ਰੋਕਣ ਲਈ ਹੀ ਭਾਜਪਾ ਇਹ ਕੈਂਪ ਲਾ ਰਹੀ ਹੈ। ਲੋਕ ਭਾਜਪਾ ਦੀਆਂ ਨੀਤੀਆਂ ਤੋਂ ਸੰਤੁਸ਼ਟ ਨਜ਼ਰ ਆ ਰਹੇ ਹਨ ਮਲੂਕਾ ਨੇ ਕਿਹਾ ਕੇ ਲੋੜਵੰਦ ਲੋਕਾਂ ਦੀ ਹਰ ਲੋੜ ਪੂਰੀ ਕਰਨ ਲਈ ਵੱਖ ਵੱਖ ਸਕੀਮਾਂ ਚੱਲ ਰਹੀਆਂ ਹਨ।ਕੈਂਪ ਦੌਰਾਨ ਜਿੱਥੇ ਕਾਰਡ ਬਣਾਏ ਜਾ ਰਹੇ ਹਨ ਉਥੇ ਹੀ ਲੋਕਾਂ ਦੀਆਂ ਮੁਢਲੀਆਂ ਲੋੜਾਂ ਬਾਰੇ ਵੀ ਤੱਥ ਇਕੱਠੇ ਕਰੇ ਜਾ ਰਹੇ ਹਨ ਤਾਂ ਜੋ ਆਉਣ ਵਾਲੇ ਸਮੇਂ ਚ ਹੋਰ ਯੋਜਨਾਵਾਂ ਆਰੰਭ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ ਜਾ ਸਕੇ।ਇਸ ਮੌਕੇ ਸਰਕਲ ਪ੍ਰਧਾਨ ਮੰਦਰ ਸਿੰਘ ਕੋਇਰ ਸਿੰਘ ਵਾਲਾ, ਜਗਜੀਤ ਸਿੰਘ,ਗੋਲਾ ਬਰਾੜ, ਗੁਰਮੀਤ ਸਿੰਘ,ਹਰਬੰਸ ਸਿੰਘ, ਮਨਪ੍ਰੀਤ ਸਿੰਘ ਆਲੀਕੇ,ਹਰਮਨ ਕੋਇਰ ਸਿੰਘ ਵਾਲਾ,ਅਰਸ਼ਦੀਪ ਮਲੂਕਾ,ਜਰਨੈਲ ਸਿੰਘ ਮੈਂਬਰ,ਕਰਮਜੀਤ ਸਿੰਘ,ਗੁਰਦੀਪ ਬਰਾੜ ਆਦਿ ਹਾਜ਼ਰ ਸਨ। ਇਸ ਸਬੰਧੀ ਜਾਣਕਾਰੀ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਨੇ ਸਾਂਝੀ ਕੀਤੀ।

## ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਨੌਜਵਾਨ ਦਾ ਕਤਲ, ਤਿੰਨ ਗ੍ਰਿਫ਼ਤਾਰ

ਬਠਿੰਡਾ, 14 ਜੁਲਾਈ (ਦੀਪਕ ਸ਼ਰਮਾ):ਜ਼ਿਲ੍ਹੇ ਦੇ ਪਿੰਡ ਲਹਿਰਾ ਮੁਹੱਬਤ ਵਿਚ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਤਿੰਨ ਵਿਅਕਤੀਆਂ ਨੇ ਡਾਂਗਾਂ ਅਤੇ ਕਿਰਚਾਂ ਨਾਲ ਕੁੱਟਮਾਰ ਕਰਕੇ ਬੇਰਹਿਮੀ ਨਾਲ ਇਕ ਨੌਜਵਾਨ ਦਾ ਕਤਲ ਕਰ ਦਿੱਤਾ। ਪੁਲਿਸ ਨੇ ਇਸ ਮਾਮਲੇ ਵਿਚ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਨਥਾਣਾ ਦੀ ਪੁਲਿਸ ਕੋਲ ਦਰਜ ਕਰਵਾਏ ਬਿਆਨਾਂ ਵਿਚ ਮਨਪ੍ਰੀਤ ਕੌਰ ਵਾਸੀ ਲਹਿਰਾ ਮੁਹੱਬਤ ਨੇ ਦੱਸਿਆ ਕਿ ਉਹ ਆਪਣੇ ਲੜਕੇ ਮਨਦੀਪ ਸਿੰਘ ਨਾਲ ਲਹਿਰਾ ਮੁਹੱਬਤ ਮਾਰਕੀਟ ਵਿਚ ਦਵਾਈ ਲੈਣ ਗਈ ਸੀ। ਇਸ ਦੌਰਾਨ ਪੈਟਰੋਲ ਪੰਪ ਨੇੜੇ ਉਸਦੇ ਲੜਕੇ ਮਨਦੀਪ ਸਿੰਘ ਉੱਪਰ ਪ੍ਰੇਮ ਸਿੰਘ , ਗੁਰਸੇਵਕ ਸਿੰਘ ਅਤੇ ਗੁਰਮੇਲ ਸਿੰਘ ਵਾਸੀਆਨ ਪਿੰਡ ਲਹਿਰਾ ਮੁਹੱਬਤ ਨੇ ਡਾਂਗਾਂ ਤੇ ਕਿਰਚਾਂ ਨਾਲ ਹਮਲਾ ਕਰ ਦਿੱਤਾ। ਪੀੜਤਾ ਨੇ ਦੱਸਿਆ ਕਿ ਉਸ ਦੀਆਂ ਅੱਖਾਂ ਸਾਹਮਣੇ ਉਸ ਦੇ ਪੁੱਤਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਜਿਸ ਕਾਰਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਪੀੜਤਾ ਨੇ ਦੱਸਿਆ ਕਿ ਉਨ੍ਹਾਂ ਆਪਣੇ ਪੁੱਤਰ ਨੂੰ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਇਆ, ਜਿੱਥੇ ਉਸਦੀ ਮੌਤ ਹੋ ਗਈ। ਪੀੜਤ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਸ਼ੱਕ ਸੀ ਕਿ ਉਸ ਦੇ ਲੜਕੇ ਦੇ ਉਨ੍ਹਾਂ ਦੀ ਭੈਣ ਨਾਲ ਨਾਜਾਇਜ਼ ਸਬੰਧ ਹਨ, ਜਿਸ ਦੇ ਚਲਦਿਆਂ ਹੀ ਉਸਦੇ ਪੁੱਤਰ ਦਾ ਕਤਲ ਕੀਤਾ ਗਿਆ ਹੈ। ਥਾਣਾ ਨਥਾਣਾ ਦੇ ਐਸਐਚਓ ਦਿਲਬਾਗ ਸਿੰਘ ਨੇ ਦੱਸਿਆ ਕਿ ਤਿੰਨੇ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਲ੍ਹੇ ਦੇ ਪਿੰਡ ਭਾਗੀਵਾਂਦਰ ਵਾਸੀ ਇੱਕ ਨੌਜਵਾਨ ਛੇ ਦਿਨ ਪਹਿਲਾਂ ਸ਼ੱਕੀ ਹਾਲਾਤਾਂ 'ਚ ਗਾਇਬ ਹੋ ਗਿਆ ਸੀ, ਜਿਸ ਦੀ ਲਾਸ਼ ਐਤਵਾਰ ਨੂੰ ਪਿੰਡ ਜੱਸੀ ਪੌ ਵਾਲੀ ਦੀ ਨਹਿਰ ਤੋਂ ਮਿਲੀ ਹੈ। ਮ੍ਰਿਤਕ ਦੀ ਲਾਸ਼ ਨੂੰ ਸਹਾਰਾ ਜਨਸੇਵਾ ਦੀ ਟੀਮ ਦੀ ਮਦਦ ਨਾਲ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖ ਦਿੱਤਾ ਗਿਆ ਹੈ।

## ਮੀਂਹ ਨਾਲ ਸੜਕਾਂ ਹੋਈਆਂ ਜਲ-ਥਲ , ਨਹੀਂ ਹੋ ਸਕੀ ਪਾਣੀ ਦੀ ਨਿਕਾਸੀ



ਬਠਿੰਡਾ, 14 ਜੁਲਾਈ (ਦੀਪਕ ਸ਼ਰਮਾ):ਸ਼ਹਿਰ 'ਚ ਪਈ 79 ਐਮਐਮ ਮੀਂਹ ਨੇ ਨਗਰ ਨਿਗਮ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ। ਮੀਂਹ ਕਾਰਨ ਜਿੱਥੇ ਸੜਕਾਂ ਪਾਣੀ 'ਚ ਡੁੱਬ ਗਈਆਂ, ਉਥੇ ਹੀ ਨੀਵੇਂ ਇਲਾਕਿਆਂ 'ਚ ਕਈ ਫੁੱਟ ਪਾਣੀ ਖੜਾ ਹੋ ਗਿਆ। ਹਾਲਾਂਕਿ ਮੀਂਹ ਕਾਰਨ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲੀ, ਪਰ ਸ਼ਹਿਰ ਵਾਸੀਆਂ 'ਚ ਬੇਚੈਨੀ ਵੀ ਵਧ ਗਈ। ਖਬਰ ਲਿਖੇ ਜਾਣ ਤੱਕ ਅਸਮਾਨ ਵਿੱਚ 'ਚ ਅਜੇ ਵੀ ਬੱਦਲ ਛਾਏ ਹੋਏ ਹਨ, ਜੇ ਹੋਰ ਮੀਂਹ ਪੈ ਗਿਆ ਤਾਂ ਘਰਾਂ ਵਿੱਚ ਪਾਣੀ ਦਾਖ਼ਲ ਹੋ ਸਕਦਾ ਹੈ ਸੋਮਵਾਰ ਸਵੇਰੇ ਮੀਂਹ ਦੀ ਸ਼ੁਰੂਆਤ ਹੋਈ ਜੋ ਦੁਪਹਿਰ ਤੱਕ ਰੁਕ ਰੁਕ ਕੇ ਤੇਜ਼ੀ ਨਾਲ ਵਗਦੀ ਰਹੀ। ਹਾਲਤ ਇਹ ਹੋ ਗਏ ਕਿ ਹਨੂਮਾਨ ਚੌਂਕ ਤੋਂ ਸਿਵਲ ਹਸਪਤਾਲ ਤੱਕ ਪਹੁੰਚਣ ਵਿੱਚ ਲੋਕਾਂ ਨੂੰ 10 ਮਿੰਟ ਦੀ ਬਜਾਏ 40 ਮਿੰਟ ਲੱਗੇ। ਮੌਸਮ ਵਿਭਾਗ ਅਨੁਸਾਰ ਦੁਪਹਿਰ 2:30 ਵਜੇ ਤੱਕ ਜ਼ਿਲ੍ਹੇ ਵਿੱਚ 79 ਐਮਐਮ ਮੀਂਹ ਦਰਜ ਕੀਤਾ ਗਿਆ। ਸ਼ਹਿਰ ਦੇ ਨੀਵੇਂ ਇਲਾਕੇ ਜਿਵੇਂ ਕਿ ਪਾਵਰ ਹਾਊਸ ਰੋਡ, ਪ੍ਰਸ਼ਾਸਕੀ ਕੰਪਲੈਕਸ, ਅਮਰੀਕ ਸਿੰਘ ਰੋਡ, ਪਰਸ ਰਾਮ ਨਗਰ, ਸਿਰਕੀ ਬਾਜ਼ਾਰ, ਭੱਟੀ ਰੋਡ, ਮਾਲ ਰੋਡ ਆਦਿ 'ਚ ਕਈ ਫੁੱਟ ਪਾਣੀ ਇਕੱਠਾ ਹੋ ਗਿਆ। ਇੱਥੋਂ ਲੰਘਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਦੋ ਪਹੀਆ ਵਾਹਨ ਕਈ ਫੁੱਟ ਪਾਣੀ 'ਚ ਫਸੇ ਹੋਏ ਵੇਖੇ ਗਏ। ਐਸਐਸਪੀ, ਡੀਸੀ, ਡੀ.ਆਈ.ਜੀ. ਅਤੇ ਮਹਿਲਾ ਥਾਣੇ ਦੇ ਘਰਾਂ ਦੇ ਸਾਹਮਣੇ ਵੀ ਪਾਣੀ ਖੜਾ ਹੋ ਗਿਆ। ਹਾਲਾਂਕਿ ਨਗਰ ਨਿਗਮ ਨੇ ਪਹਿਲਾਂ ਹੀ ਦਾਅਵਾ ਕੀਤਾ ਸੀ ਕਿ ਇਸ ਵਾਰੀ ਮੀਂਹ ਦੀ ਨਿਕਾਸੀ ਲਈ ਪੂਰੇ ਇੰਤਜ਼ਾਮ ਹਨ, ਪਰ ਸੋਮਵਾਰ ਦੀ ਮੀਂਹ ਨੇ ਇਨ੍ਹਾਂ ਕਾਗਜ਼ੀ ਇੰਤਜ਼ਾਮਾਂ ਦੀ ਧੱਜੀਆਂ ਉਡਾ ਦਿੱਤੀਆਂ। ਇੱਕ ਵਾਰੀ ਫਿਰ, ਮੀਂਹ ਦੇ ਨਾਲ ਹੀ ਸਾਰਾ ਸ਼ਹਿਰ ਜਾਮ ਹੋ ਗਿਆ। ਲੋਕ ਨਗਰ ਨਿਗਮ ਅਤੇ ਪੰਜਾਬ ਸਰਕਾਰ 'ਤੇ ਗੁੱਸਾ ਜਤਾਉਂਦੇ ਵੇਖੇ ਗਏ। ਪੁਰਾਣੀ ਤਹਿਸੀਲ ਇਲਾਕੇ 'ਚ ਦੁਕਾਨਦਾਰਾਂ ਦਾ ਕੰਮ ਬਹੁਤ ਬੁਰੇ ਢੰਗ ਨਾਲ ਪ੍ਰਭਾਵਿਤ ਹੋਇਆ। ਕਈ ਫੁੱਟ ਪਾਣੀ ਕਾਰਨ ਕਈ ਫੋਟੋ ਬੂਥ ਤੇ ਹੋਰ ਦੁਕਾਨਾਂ ਖੁੱਲ ਨਹੀਂ ਸਕੀਆਂ। ਪ੍ਰਸ਼ਾਸਕੀ ਕੰਪਲੈਕਸ ਵਿੱਚ ਕੰਮ 'ਤੇ ਜਾਣ ਵਾਲਿਆਂ ਨੂੰ ਮੁਸ਼ਕਲਾਂ ਆਈਆਂ। ਕੁਝ ਲੋਕ ਉਥੇ ਫਸੇ ਰਹਿ ਗਏ। ਸਿਰਕੀ ਬਾਜ਼ਾਰ 'ਚ ਪੰਜ ਫੁੱਟ ਤੱਕ ਪਾਣੀ ਭਰ ਗਿਆ, ਜਿਸ ਨਾਲ ਕਈ ਘਰਾਂ ਤੇ ਦੁਕਾਨਾਂ ਵਿੱਚ ਮੀਂਹ ਦਾ ਪਾਣੀ ਘੁੱਸ ਗਿਆ।ਸ਼ਹਿਰ ਵਿੱਚ ਨਿਕਾਸੀ ਲਈ 17 ਮੋਟਰ ਪੰਪ ਲਾਏ ਗਏ ਹਨ। ਪਰ ਇਨ੍ਹਾਂ ਨੂੰ ਇਕੱਠੇ ਚਲਾਇਆ ਨਹੀਂ ਗਿਆ, ਕਿਉਂਕਿ ਘੱਟ ਸਮਰੱਥਾ ਅਤੇ ਖਰਾਬ ਹਾਲਤ ਦੇ ਕਾਰਨ ਸਲੱਜ਼ ਕੈਰੀਅਰ ਟੁੱਟਣ ਦਾ ਡਰ ਸੀ। ਹਰ ਇਲਾਕੇ ਲਈ ਉਥੇ ਲਗੇ ਮੋਟਰ ਦਾ ਹੀ ਵਰਤੋਂ ਹੋ ਰਹੀ ਸੀ, ਜਿਸ ਨਾਲ ਪਾਣੀ ਦੀ ਨਿਕਾਸੀ ਔਖੀ ਹੋ ਰਹੀ ਹੈ।ਨਗਰ ਨਿਗਮ ਕਹਿੰਦਾ ਹੈ ਕਿ ਸਲੱਜ਼ ਕੈਰੀਅਰ ਦੀ ਸਮਰੱਥਾ ਵਧਾਈ ਜਾਵੇਗੀ, ਪਰ ਅਜੇ ਤੱਕ ਕੋਈ ਕੰਮ ਨਹੀਂ ਹੋਇਆ। ਸਲੱਜ਼ ਕੈਰੀਅਰ ਦੀ ਬਦਹਾਲੀ ਹੀ ਇੱਕ ਵੱਡਾ ਕਾਰਨ ਹੈ ਕਿ ਪੂਰੇ ਸ਼ਹਿਰ ਦੀ ਨਿਕਾਸੀ ਇੱਕਸਾਰ ਨਹੀਂ ਹੋ ਸਕੀ। ਹਾਲਾਂਕਿ ਸ਼ਹਿਰ ਦੀ ਸਿਵਰੇਜ ਅਤੇ ਨਿਕਾਸੀ ਪ੍ਰਣਾਲੀ ਬਹੁਤ ਪੁਰਾਣੀ ਹੈ, ਪਰ ਹੁਣ ਸ਼ਹਿਰ ਕਾਫੀ ਵੱਡਾ ਹੋ ਗਿਆ ਹੈ ਅਤੇ ਨਗਰ ਨਿਗਮ ਇਸਦਾ ਸੰਚਾਲਨ ਕਰਨ ਵਿੱਚ ਫੇਲ੍ਹ ਹੋਇਆ ਹੈ। ਮੌਨਸੂਨ ਤੋਂ ਪਹਿਲਾਂ ਨਗਰ ਨਿਗਮ ਦੇ ਮੇਅਰ ਨੇ ਦਾਅਵਾ ਕੀਤਾ ਸੀ ਕਿ ਇਸ ਵਾਰੀ ਮੀਂਹ ਦੇ ਪਾਣੀ ਨਾਲ ਕਿਸੇ ਨੂੰ ਵੀ ਮੁਸ਼ਕਿਲ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜਿਸ ਇਲਾਕੇ ਵਿੱਚ ਪਾਣੀ ਖੜਾ ਹੋਵੇਗਾ ਉਥੇ ਦੇ ਅਧਿਕਾਰੀ 'ਤੇ ਕਾਰਵਾਈ ਹੋਵੇਗੀ — ਪਰ ਪਹਿਲੀ ਹੀ ਮੀਂਹ ਨੇ ਨਿਗਮ ਦੀ ਕਾਰਗੁਜ਼ਾਰੀ ਦਾ ਪਰਚਾ ਖੋਲ੍ਹ ਦਿੱਤਾਦਸਣਾ ਬਣਦਾ ਹੈ ਕਿ ਪਿਛਲੇ 30 ਸਾਲਾਂ ਤੋਂ ਵਰਤੋਂ ਵਿੱਚ ਆ ਰਿਹਾ ਸਲੱਜ਼ ਕੈਰੀਅਰ, ਜਿਸ ਦੀ ਅਜੇ ਤੱਕ ਨਗਰ ਨਿਗਮ ਵੱਲੋਂ ਇੱਕ ਵਾਰੀ ਵੀ ਮੁਰੰਮਤ ਨਹੀਂ ਕਰਵਾਈ ਗਈ। ਸਾਲਾਂ ਪਹਿਲਾਂ ਇਸ ਦੀ ਸਮਰੱਥਾ ਵਧਾਉਣ ਦੀ ਯੋਜਨਾ ਬਣੀ ਸੀ — 20 ਕਰੋੜ ਰੁਪਏ ਦਾ ਅੰਦਾਜ਼ਾ ਲਾਇਆ ਗਿਆ, ਪਰ ਸਿਰਫ ਮਨਜ਼ੂਰੀ ਹੀ ਮਿਲੀ, ਕੰਮ ਸ਼ੁਰੂ ਨਹੀਂ ਹੋਇਆ।ਜੇ ਇਹ ਪ੍ਰਾਜੈਕਟ ਲਾਗੂ ਹੋ ਜਾਂਦਾ ਤਾਂ ਵਾਰਸਾਤੀ ਪਾਣੀ ਦੀ ਨਿਕਾਸੀ ਦੀ ਸਮੱਸਿਆ ਹੱਦ ਤੱਕ ਹੱਲ ਹੋ ਸਕਦੀ ਸੀ।

## ਆਈ.ਸੀ. ਐੱਸ.ਈ ਨੇ ਜੋਨਲ ਪੱਧਰ 'ਤੇ ਅਥਲੈਟਿਕਸ ਮੁਕਾਬਲੇ ਕਰਵਾਏ

ਸ੍ਰੀ ਮੁਕਤਸਰ ਸਾਹਿਬ,14 ਜੁਲਾਈ ( ਐਚ ਐਸ ਕਪੂਰ): ਆਈ. ਸੀ. ਐੱਸ. ਈ ਬੋਰਡ ਵੱਲੋਂ ਜੋਨਲ ਲੈਵਲ 'ਤੇ ਵੱਖ-ਵੱਖ ਟੂਰਨਾਮੈਂਟ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚੋਂ ਕਿ ਸ਼ਨੀਵਾਰ ਨੂੰ ਮਾਲਵਾ ਸਕੂਲ ਵੱਲੋਂ ਬਾਦਲ ਸਟੇਡੀਅਮ ਵਿੱਚ ਅਥਲੈਟਿਕਸ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਦੇ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵੱਲ ਵਿੱਚ ਵਿਜਡਮ ਵਰਲਡ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਨੇ ਭਾਗ ਲਿਆ। ਵਿਜਡਮ ਵਰਲਡ ਸਕੂਲ ਥਾਂਦੇਵਾਲਾ ਦੇ ਵਿਦਿਆਰਥੀਆਂ ਵੱਲੋਂ ਪੁਜੀਸ਼ਨਾਂ ਹਾਸਿਲ ਕੀਤੀਆਂ ਅਤੇ ਆਪਣੇ ਸਕੂਲ ਦਾ ਮਾਣ ਵਧਾਇਆ ,ਜਿਸ ਵਿੱਚ ਕਿ ਦਿਲਜਾਨਪ੍ਰੀਤ ਸਿੰਘ ਨੇ 100 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਿਲ ਕੀਤਾ। ਅਮਨਜੋਤ ਕੌਰ ਨੇ 200 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਹਾਸਿਲ ਕੀਤਾ ਅਤੇ ਲੌਂਗ ਜੰਪ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਕੇ ਬਰੌਂਜ ਮੈਡਲ ਹਾਸਲ ਕੀਤਾ। ਮਨਜੋਤ ਕੌਰ ਨੇ ਦੂਜਾ ਸਥਾਨ ਹਾਸਿਲ ਕਰਕੇ ਸਿਲਵਰ ਮੈਡਲ ਲੌਂਗ ਜੰਪ ਵਿੱਚ ਹਾਸਲ ਕੀਤਾ। ਬੱਚਿਆਂ ਨੇ ਬੜੇ ਉਤਸ਼ਾਹ ਨਾਲ ਖੇਡਿਆ ਅਤੇ ਪੁਜੀਸ਼ਨਾਂ ਵੀ ਹਾਸਿਲ ਕੀਤੀਆਂ। ਸਕੂਲ ਦੇ ਚੇਅਰਮੈਨ ਸਰਦਾਰ ਜਸਵਿੰਦਰ ਸਿੰਘ ਜੀ ਨੇ ਦੱਸਿਆ ਕਿ ਇਹ ਸਭ ਪ੍ਰਾਪਤੀਆਂ ਬੱਚਿਆਂ ਦੀ ਮਿਹਨਤ ਅਤੇ ਲਗਨ ਸਦਕਾ ਹੀ ਪ੍ਰਾਪਤ ਹੋਈਆਂ ਹਨ। ਇਸ ਮੌਕੇ ਤੇ ਉਹਨਾਂ ਨੇ ਸਕੂਲ ਦੇ ਡੀ ਪੀ ਮਿਸਟਰ ਕੁਲਦੀਪ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਨੇ ਕਿਹਾ ਕਿ ਖੇਡਾਂ ਬੱਚਿਆਂ ਦੇ ਜੀਵਨ ਦਾ ਆਧਾਰ ਹਨ। ਬੱਚਿਆਂ ਨੂੰ ਖੇਡਾਂ ਦੇ ਨਾਲ ਨਾਲ ਪੜ੍ਹਾਈ ਵਿੱਚ ਵੀ ਹੁਸ਼ਿਆਰ ਹੋਣਾ ਚਾਹੀਦਾ। ਖੇਡਾਂ ਸਾਨੂੰ ਜੀਵਨ ਦੇ ਬਹੁਤ ਮਹੱਤਵਪੂਰਨ ਸਿੱਖਿਆਵਾਂ ਬਾਰੇ ਦੱਸਦੀਆਂ ਹਨ। ਇੱਕ ਚੰਗੇ ਦਿਮਾਗ ਦਾ ਵਿਕਾਸ ਇੱਕ ਸਰੀਰ ਵਿੱਚ ਹੀ ਹੋ ਸਕਦਾ ਹੈ ਇਸ ਅਨੁਸਾਰ ਉਹਨਾਂ ਨੇ ਕਿਹਾ ਕਿ ਖੇਡਾਂ ਨਾਲ ਤੁਹਾਡਾ ਸਰੀਰ ਵੀ ਤੰਦਰੁਸਤ ਰਹੇਗਾ ਅਤੇ ਇਸ ਦੇ ਨਾਲ ਨਾਲ ਤੁਸੀਂ ਪੜ੍ਹਾਈ ਵਿੱਚ ਵੀ ਮਨ ਲਗਾ ਸਕੋਗੇ। ਇਸ ਲਈ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ ਅਤੇ ਉਹਨਾਂ ਨਾਲ ਉਹ ਬਹੁਤ ਕੁਝ ਸਿੱਖਦੇ ਹਨ ਜਿਵੇਂ ਕਿ ਇਕੱਠੇ ਰਹਿਣਾ, ਅਨੁਸ਼ਾਸਨ ਵਿੱਚ ਰਹਿਣਾ, ਮਿਲ ਕੇ ਕੰਮ ਕਰਨਾ ਆਦਿ ਗੁਣ ਸਿੱਖਦੇ ਹਨ। ਸਕੂਲ ਦੇ ਪ੍ਰਿੰਸੀਪਲ ਮੈਡਮ ਸੁਮਨ ਰਾਣੀ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ ਅਤੇ ਉਹਨਾਂ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਭਾਗ ਲੈਣ ਲਈ ਉਤਸਾਹਿਤ ਕੀਤਾ। ਅੰਤ ਵਿੱਚ ਸਕੂਲ ਦੇ ਮੈਨੇਜਮੈਂਟ ਵੱਲੋਂ ਸਕੂਲ ਦੇ ਸਟਾਫ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਮੈਡਮ ਸੋਨੀਆ, ਡੀਪੀ ਕੁਲਦੀਪ ਸਰ, ਪੂਨਮ ਸ਼ਰਮਾ ਅਤੇ ਸਾਰਾ ਸਟਾਫ ਵੀ ਮੌਜੂਦ ਸਨ।

## ਨਸ਼ਾ ਤਸਕਰੀ ਗਿਰੋਹ ਦੇ 3 ਮੈਂਬਰ ਹੈਰੋਇਨ ਸਮੇਤ ਕਾਬੂ

ਮਲੋਟ, 14 ਜੁਲਾਈ ( ਅਮਨਦੀਪ ਸਿੰਘ ਮਹਿਰਾ ):'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ , ਡਾ. ਅਖਿਲ ਚੌਧਰੀ ਆਈ.ਪੀ.ਐਸ., ਸੀਨੀਅਰ ਸੁਪਰਡੈਂਟ ਆਫ਼ ਪੁਲਿਸ, ਸ੍ਰੀ ਮੁਕਤਸਰ ਸਾਹਿਬ ਦੀਆਂ ਹਦਾਇਤ 'ਤੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਅਲੱਗ-ਅਲੱਗ ਟੀਮਾਂ ਬਣਾ ਕੇ ਨਸ਼ਾ ਤਸਕਰਾਂ ਤੇ ਨਿਰੰਤਰ ਕਾਰਵਾਈ ਕੀਤੀ ਜਾ ਰਹੀ ਹੈ। ਜਿਸ ਦੇ ਚਲਦਿਆਂ ਮਨਮੀਤ ਸਿੰਘ ਢਿੱਲੋ ਐਸ.ਪੀ (ਡੀ) ਅਤੇ ਰਮਨਪ੍ਰੀਤ ਸਿੰਘ ਗਿੱਲ ਡੀ.ਐਸ.ਪੀ (ਡੀ) ਦੀ ਨਿਗਰਾਨੀ ਹੇਠ ਐਸ.ਆਈ ਕੁਲਬੀਰ ਚੰਦ ਇੰਚਾਰਜ ਸੀ.ਆਈ.ਏ ਮਲੋਟ ਦੀ ਪੁਲਿਸ ਟੀਮ ਨੇ ਵੱਲੋਂ ਇੰਟੈਲੀਜੈਂਸ-ਅਧਾਰਿਤ ਕਾਰਵਾਈ ਕਰਕੇ ਨਸ਼ਾ ਤਸਕਰੀ ਗਿਰੋਹ ਨੂੰ ਫੜ੍ਹਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਸੀ.ਆਈ.ਏ ਮਲੋਟ ਪੁਲੀਸ ਟੀਮ ਵੱਲੋਂ ਗਸ਼ਤ ਵਾ ਚੈਕਿੰਗ ਦੌਰਾਨ ਗੁਪਤ ਸੂਚਨਾ ਦੇ ਆਧਾਰ 'ਤੇ ਹਰਪ੍ਰੀਤ ਸਿੰਘ ਸ਼ੇਰਾ, ਮਨਜਿੰਦਰ ਸਿੰਘ ਮਣੀ ਅਤੇ ਗੁਰਲਾਲ ਸਿੰਘ ਲੱਲੀ ਨੂੰ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕੋਲੋਂ 500 ਗ੍ਰਾਮ ਹੈਰੋਇਨ ਚੈਕਿੰਗ ਦੌਰਾਨ ਗੁਪਤ ਸੂਚਨਾ ਦੇ ਆਧਾਰ 'ਤੇ ਹਰਪ੍ਰੀਤ ਸਿੰਘ ਸ਼ੇਰਾ, ਮਨਜਿੰਦਰ ਸਿੰਘ 0 ਮਣੀ ਅਤੇ ਗੁਰਲਾਲ ਸਿੰਘ ਲੱਲੀ ਨੂੰ ਗ੍ਰਿਫਤਾਰ ਕੀਤਾ ਗਿਆ। ਇੱਕ ਪੌਲਿਥੀਨ ਪੈਕੇਟ ਵਿੱਚ ਬਰਾਮਦ ਹੋਈ।

## ਪੰਚਾਇਤੀ ਉਪ ਚੋਣਾਂ ਲਈ ਜ਼ਿਲ੍ਹੇ ਵਿੱਚ ਪਹਿਲ ਦਿਨ ਨਹੀਂ ਹੋਏ ਨਾਮਜ਼ਦਗੀ ਪੱਤਰ ਦਾਖ਼ਲ : ਜ਼ਿਲ੍ਹਾ ਚੋਣ ਅ.ਫਸਰ



ਭਗਤਾ ਭਾਈ ਕਾ, 14 ਜੁਲਾਈ (ਸਵਰਨ ਸਿੰਘ ਭਗਤਾ): ਜ਼ਿਲ੍ਹੇ ਅੰਦਰ ਵੱਖ-ਵੱਖ ਪਿੰਡਾਂ ਦੇ 46 ਵਾਰਡਾਂ ਲਈ ਪੰਚਾਂ ਦੀ 27 ਜੁਲਾਈ ਨੂੰ ਹੋਣ ਵਾਲੀ ਉਪ ਚੋਣ ਵਾਸਤੇ ਅੱਜ ਨਾਮਜ਼ਦਗੀਆਂ ਭਰਨ ਦੇ ਪਹਿਲੇ ਦਿਨ (14 ਜੁਲਾਈ ਨੂੰ) ਕਿਸੇ ਵੀ ਉਮੀਦਵਾਰ ਵੱਲੋਂ ਕੋਈ ਵੀ ਨਾਮਜ਼ਦਗੀ ਪੱਤਰ ਨਹੀਂ ਭਰਿਆ ਗਿਆ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਉਪ ਚੋਣਾਂ ਲਈ 17 ਜੁਲਾਈ ਤੱਕ ਸਵੇਰੇ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ ਨਾਮਜ਼ਦਗੀ ਪੱਤਰ ਭਰੇ ਜਾ ਸਕਣਗੇ। ਜਮ$ਹਾਂ ਕਰਵਾਏ ਨਾਮਜ਼ਦਗੀ ਪੱਤਰਾਂ ਦੀ 18 ਜੁਲਾਈ ਨੂੰ ਪੜਤਾਲ ਕੀਤੀ ਜਾਵੇਗੀ, 19 ਜੁਲਾਈ ਨੂੰ ਜਮ੍ਹਾਂ ਕਰਵਾਏ ਹੋਏ ਨਾਮਜ਼ਦਗੀ ਪੱਤਰ ਵਾਪਿਸ ਲਏ ਜਾ ਸਕਦੇ ਹਨ ਅਤੇ 27 ਜੁਲਾਈ ਨੂੰ ਵੋਟਾਂ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ ਅਤੇ ਉਸੇ ਦਿਨ ਹੀ ਨਤੀਜੇ ਐਲਾਨੇ ਜਾਣਗੇ।ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਮੈਡਮ ਕੰਚਨ ਨੇ ਪੰਚਾਇਤੀ ਉਪ ਚੋਣਾਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਵੱਖ-ਵੱਖ 46 ਵਾਰਡਾਂ ਲਈ ਪੰਚ ਉਮੀਦਵਾਰਾਂ ਲਈ ਵੋਟਿੰਗ ਹੋਵੇਗੀ। ਬਠਿੰਡਾ ਬਲਾਕ ਦੇ ਪਿੰਡ ਬਸਤੀ ਬਾਜ਼ੀਗਰ ਦੇ ਵਾਰਡ ਨੰਬਰ 2, 3, 4, ਦਿਉਣ ਦੇ ਵਾਰਡ ਨੰਬਰ 2, ਦਿਉਣ ਖੁਰਦ ਦੇ ਵਾਰਡ ਨੰਬਰ 3, ਪਿੰਡ ਮੀਆਂ ਦੇ ਵਾਰਡ ਨੰਬਰ 2, ਤਲਾਬ ਨਹਿਰ ਬਸਤੀ ਦੇ ਵਾਰਡ ਨੰਬਰ 9 ਅਤੇ ਵਿਰਕ ਕਲਾਂ ਦੇ ਵਾਰਡ ਨੰਬਰ 1, ਬਲਾਕ ਭਗਤਾ ਭਾਈਕਾ ਦੇ ਪਿੰਡ ਬੁਰਜ ਥਰੋੜ ਦੇ ਵਾਰਡ ਨੰਬਰ 3, ਹਮੀਰਗੜ੍ਹ ਦੇ ਵਾਰਡ ਨੰਬਰ 2,3 ਅਤੇ ਨਿਓਰ ਦੇ ਵਾਰਡ ਨੰਬਰ 2 ਲਈ ਉਪ ਚੋਣ ਹੋਵੇਗੀ।ਇਸੇ ਤਰ੍ਹਾਂ ਬਲਾਕ ਗੋਨਿਆਣਾ ਦੇ ਪਿੰਡ ਭੋਖੜਾ ਖੁਰਦ ਦੇ ਵਾਰਡ ਨੰਬਰ 6, ਕੋਠੇ ਚੇਤ ਸਿੰਘ ਵਾਲਾ ਦੇ ਵਾਰਡ ਨੰਬਰ 3, 4, 7, ਕੋਠੇ ਕੌਰ ਸਿੰਘ ਵਾਰਡ ਨੰਬਰ1, ਮਹਿਮ ਸਵਾਈ ਦੇ ਵਾਰਡ ਨੰਬਰ 8, ਇਸੇ ਤਰ੍ਹਾਂ ਬਲਾਕ ਮੌੜ ਦੇ ਪਿੰਡ ਬਗੇਹਰ ਚੜ੍ਹਤ ਸਿੰਘ ਵਾਲਾ ਦੇ ਵਾਰਡ ਨੰਬਰ 1, ਬੁਰਜ ਅਤੇ ਬੁਰਜ ਸੇਮਾ ਦੇ ਵਾਰਡ ਨੰਬਰ 4-4, ਬਲਾਕ ਨਥਾਣਾ ਦੇ ਭਾਈ ਹਰਜਿੰਦਰ ਸਿੰਘ ਨਗਰ ਦੇ ਵਾਰਡ ਨੰਬਰ 7, ਬੁਰਜ ਕਾਹਨ ਸਿੰਘ ਵਾਲਾ ਦੇ ਵਾਰਡ ਨੰਬਰ 2 ਅਤੇ 4, ਚੱਕ ਬਖਤੂ ਦੇ ਵਾਰਡ ਨੰਬਰ 3 ਅਤੇ 4, ਢੇਲਵਾਂ ਦੇ ਵਾਰਡ ਨੰਬਰ 2, ਕੋਠੇ ਗੋਬਿੰਦ ਨਗਰ ਦੇ ਵਾਰਡ ਨੰਬਰ 3, ਸ਼ਹੀਦ ਬਾਬਾ ਜੀਵਨ ਸਿੰਘ ਨਗਰ ਦੇ ਵਾਰਡ ਨੰਬਰ 2 ਤੇ ਤੁੰਗਵਾਲੀ ਦੇ ਵਾਰਡ ਨੰਬਰ 4 ਅਤੇ ਕਲਿਆਣਾ ਸੁੱਖਾ ਦੇ ਵਾਰਡ ਨੰਬਰ 2 ਵਿਖੇ ਉਪ ਚੋਣ ਹੋਵੇਗੀ।ਇਸੇ ਤਰ੍ਹਾਂ ਬਲਾਕ ਫੂਲ ਦੇ ਪਿੰਡ ਦੁੱਲੇਵਾਲਾ ਦੇ ਵਾਰਡ ਨੰਬਰ 3, ਹਰਨਾਮ ਸਿੰਘ ਵਾਲਾ ਵਾਰਡ ਨੰਬਰ 2, ਟੱਲਵਾਲੀ ਦੇ ਵਾਰਡ ਨੰਬਰ 2 ਅਤੇ 5, ਬਲਾਕ ਰਾਮਪੁਰਾ ਦੇ ਪਿੰਡ ਭੂੰਦੜ ਦੇ ਵਾਰਡ ਨੰਬਰ 1, ਕੌਟੜਾ ਕੌੜਾ ਦੇ ਵਾਰਡ ਨੰਬਰ 4, ਬਲਾਕ ਸੰਗਤ ਦੇ ਪਿੰਡ ਬਾਜ਼ਕ ਦੇ ਵਾਰਡ ਨੰਬਰ 1 ਅਤੇ 9, ਮਛਾਣਾ ਦੇ ਵਾਰਡ ਨੰਬਰ 7 ਅਤੇ ਪਿੰਡ ਘੁੱਦਾ ਦੇ ਵਾਰਡ ਨੰਬਰ 2, ਇਸੇ ਤਰ੍ਹਾਂ ਬਲਾਕ ਤਲਵੰਡੀ ਸਾਬੋ ਦੇ ਪਿੰਡ ਜੱਜਲ ਦੇ ਵਾਰਡ ਨੰਬਰ 3, ਲੈਲੇਵਾਲਾ ਦੇ ਵਾਰਡ ਨੰਬਰ 2 ਤੇ 3, ਨੱਤ ਦੇ ਵਾਰਡ ਨੰਬਰ 4 ਅਤੇ ਸੇਖ਼ਪੁਰਾ ਦੇ ਵਾਰਡ ਨੰਬਰ 2 ਲਈ ਉਪ ਚੋਣ 27 ਜੁਲਾਈ ਨੂੰ ਹੋਵੇਗੀ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਲੱਡਾ ਇਕਾਈ ਦਾ ਗਠਨ



ਧੂਰੀ, 14 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੇ ਆਗੂਆਂ ਵੱਲੋਂ ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ, ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ, ਸੀ. ਮੀਤ ਪ੍ਰਧਾਨ ਰਾਮ ਸਿੰਘ ਕੱਕੜਵਾਲ ਦੀ ਅਗਵਾਈ ਹੇਠ ਲੱਡਾ ਇਕਾਈ ਦਾ ਗਠਨ ਕੀਤਾ ਗਿਆ। ਜਨਰਲ ਸਕੱਤਰ ਹਰਪਾਲ ਸਿੰਘ ਪੇਧਨੀ ਦੀ ਜਾਣਕਾਰੀ ਮੁਤਾਬਿਕ ਗੁਰਦੇਵ ਸਿੰਘ ਪ੍ਰਧਾਨ, ਦਵਿੰਦਰ ਸਿੰਘ ਮਿੱਠੂ ਜਨਰਲ ਸਕੱਤਰ, ਰਾਮ ਸਿੰਘ ਮੀਤ ਪ੍ਰਧਾਨ, ਪਰਗਟ ਸਿੰਘ ਸੀ. ਮੀਤ ਪ੍ਰਧਾਨ, ਹਰਮੇਲ ਸਿੰਘ ਖਜਾਨਚੀ, ਕੁਲਦੀਪ ਸਿੰਘ ਪ੍ਰੈਸ ਸਕੱਤਰ, ਹਰਜੀਤ ਸਿੰਘ ਸੰਗਠਨ ਸਕੱਤਰ, ਜਗਤਾਰ ਸਿੰਘ ਤਾਰੀ ਪ੍ਰਚਾਰ ਸਕੱਤਰ, ਸਰੂਪ ਸਿੰਘ ਸਲਾਹਕਾਰ, ਅਵਤਾਰ ਸਿੰਘ ਸਹਾਇਕ ਪ੍ਰਚਾਰ ਸਕੱਤਰ ਹਰਜੀਤ ਸਿੰਘ ਸੰਗਠਨ ਸਕੱਤਰ, ਜਗਤਾਰ ਸਿੰਘ ਤਾਰੀ ਪ੍ਰਚਾਰ ਸਕੱਤਰ, ਸਰੂਪ ਸਿੰਘ ਸਲਾਹਕਾਰ, ਅਵਤਾਰ ਸਿੰਘ ਸਹਾਇਕ ਪ੍ਰਚਾਰ ਸਕੱਤਰਨਾਮਜ਼ਦ ਕੀਤਾ ਗਿਆ, ਜਦਕਿ ਕਮੇਟੀ ਮੈਂਬਰਾਂ ਵਿੱਚ ਜਾਗਰ ਸਿੰਘ, ਹਮੀਰ ਸਿੰਘ ਗੁੱਡੂ, ਬਚਨ ਸਿੰਘ ਅਤੇ ਗੁਰਤੇਜ ਸਿੰਘ ਨੂੰ ਸ਼ੁਮਾਰ ਕੀਤਾ ਗਿਆ।

## ਚੋਰ ਗਰੋਹ ਕਾਬੂ, ਲੱਖਾਂ ਦਾ ਸਮਾਨ ਬਰਾਮਦ




ਲਹਿਰਾਗਾਗਾ, 14 ਜੁਲਾਈ (ਗੁਰਦੀਪ ਸਿੰਘ): ਲਹਿਰਾਗਾਗਾ ਨੇੜੇ ਪਿੰਡ ਗੁਰੂ ਨਾਨਕ ਨਗਰ ਚੂਲੜ ਕਲਾਂ ਵਿਖੇ ਬਣੇ ਗੋਦਾਮ ਵਿੱਚੋਂ ਕੁਝ ਮਹੀਨੇ ਪਹਿਲਾਂ ਚੋਰਾਂ ਨੇ ਵੱਡੀ ਮਾਤਰਾ ਵਿੱਚ ਇਲੈਕਟਰੋਨਿਕ ਸਮਾਨ ਚੋਰੀ ਕੀਤਾ ਸੀ, ਜਿਸ ਦੀ ਸੂਚਨਾ ਗੋਦਾਮ ਦੇ ਮਾਲਕ ਵੱਲੋਂ ਥਾਣਾ ਲਹਿਰਾ ਦੀ ਪੁਲਿਸ ਨੂੰ ਦਿੱਤੀ ਗਈ ਸੀ, ਇਸ ਘਟਨਾ ਨੂੰ ਲੈ ਕੇ ਡੀ ਐਸ ਪੀ ਲਹਿਰਾ ਸਰਦਾਰ ਦੀਪਇੰਦਰਪਾਲ ਸਿੰਘ ਜੇਜੀ ਦੀ ਅਗਵਾਈ ਵਿੱਚ ਐਸ ਐਚ ਓ ਸਦਰ ਲਹਿਰਾ ਸਰਦਾਰ ਕਰਮਜੀਤ ਸਿੰਘ, ਆਈਟੀ ਸੈਲ ਲਹਿਰਾ ਦੇ ਸਿਮਰਪ੍ਰੀਤ ਸਿੰਘ ਅਤੇ ਪੁਲਿਸ ਚੌਕੀ ਚੋਟੀਆਂ ਦੇ ਇੰਚਾਰਜ ਰਣਜੀਤ ਸਿੰਘ ਦੀ ਟੀਮ ਦਾ ਗਠਨ ਕੀਤਾ ਗਿਆ, ਬੀਤੇ ਦਿਨੀ ਪੁਲਿਸ ਵੱਲੋਂ ਪਵਨ ਵਾਸੀ ਚੂਲ਼ਲ ਕਲਾਂ, ਮਨੀਸ਼ ਕੁਮਾਰ ਵਾਸੀ ਜਾਖਲ, ਹਰਦੀਪ ਸਿੰਘ ਵਾਸੀ ਬਖੋਰਾ ਕਲਾਂ, ਹਰਦੀਪ ਸਿੰਘ ਬਾਸੀ ਧਾਰਸੂਲ ਥਾਣਾ ਕੁਲਾਂ ਹਰਿਆਣਾ, ਸਨੀ, ਰਿੰਕੂ ਵਾਸੀ ਚੂੜਲ ਕਲਾਂ ਥਾਣਾ ਲਹਿਰਾ ਜ਼ਿਲਾ ਸੰਗਰੂਰ ਨੂੰ ਮੁਕੱਦਮੇ ਵਿੱਚ ਬਤੌਰ ਦੋਸ਼ੀ ਨਾਮਜ਼ਦ ਕਰਕੇ ਉਕਤ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ, ਅਤੇ 11 ਜੁਲਾਈ ਨੂੰ ਹੀ ਲਹਿਰਾ ਪੁਲਿਸ ਨੇ ਪਵਨ ਵਾਸੀ ਚੂਲੜ ਕਲਾਂ, ਮਨੀਸ਼ ਕੁਮਾਰ ਵਾਸੀ ਜਾਖਲ, ਹਰਦੀਪ ਸਿੰਘ ਵਾਸੀ ਬਖੋਰਾਕਲਾਂ, ਹਰਦੀਪ ਸਿੰਘ ਵਾਸੀ ਧਾਰਸੂਲ ਥਾਣਾ ਕੁਲਾਂ ਹਰਿਆਣਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਹਨਾਂ ਵਿਅਕਤੀਆਂ ਕੋਲੋਂ 10 ਵਾਸ਼ਿੰਗ ਮਸ਼ੀਨਾਂ, 10 ਏਸੀ ਅਤੇ ਚਾਰ ਏਸੀ ਯੂਨਿਟ ਬਰਾਮਦ ਕੀਤੇ ਗਏ, ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀਐਸਪੀ ਲਹਿਰਾ ਸਰਦਾਰ ਦੀਪਇੰਦਰਪਾਲ ਸਿੰਘ ਜੇਜੀ ਨੇ ਉਕਤ ਚੋਰੀ ਸਬੰਧੀ ਖੁਲਾਸਾ ਕਰਦਿਆਂ ਕਿਹਾ ਕਿ ਚੋਰ ਵੱਡੇ ਤੇਜ਼ ਤਰਾਰ ਦਿਮਾਗ ਦੇ ਨਿੱਕਲੇ, ਜਿਨ੍ਹਾਂ ਨੇ ਵੱਡੀ ਚਲਾਕੀ ਨਾਲ ਉਕਤ ਗੁਦਾਮ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਸੀ, ਅਤੇ ਕਈ ਗੱਡੀਆਂ ਵਿੱਚ ਮਾਲ ਛੁਪਾ ਦਿੱਤਾ ਅਤੇ ਕੁਝ ਮਾਲ ਵੇਚ ਦਿੱਤਾ, ਪ੍ਰੰਤੂ ਮਦਈ ਧਿਰ ਦੇ ਠਰੰਮੇ ਭਰੇ ਸਹਿਯੋਗ ਅਤੇ ਲਹਿਰਾ ਪੁਲਿਸ ਦੀ ਮੁਸਤੈਦੀ ਨਾਲ ਕੀਤੀ ਕਾਰਵਾਈ ਸਦਕਾ ਇਹ ਚੋਰੀ ਬਰਾਮਦ ਕਰਨ ਵਿੱਚ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ, ਉਹਨਾਂ ਦੱਸਿਆ ਕਿ ਚੋਰਾਂ ਨੂੰ ਗ੍ਰਿਫਤਾਰ ਕਰਨ ਅਤੇ ਚੋਰੀ ਦਾ ਸਮਾਨ ਬਰਾਮਦ ਕਰਨ ਲਈ ਐਸ ਐਚ ਓ ਲਹਿਰਾ ਕਰਮਜੀਤ ਸਿੰਘ, ਆਈ ਟੀ ਸੈਲ ਦੇ ਸਿਮਰਪ੍ਰੀਤ ਸਿੰਘ, ਅਤੇ ਪੁਲਿਸ ਚੌਕੀ ਚੋਟੀਆਂ ਦੇ ਇੰਚਾਰਜ ਰਣਜੀਤ ਸਿੰਘ ਦੀ ਟੀਮ ਵਧਾਈ ਦੀ ਪਾਤਰ ਹੈ,ਜਿਨ੍ਹਾਂ ਦੀ ਸਖਤ ਮਿਹਨਤ ਤੇ ਸੂਝਬੂਝ ਸਦਕਾ ਇਸ ਗਰੋਹ ਨੂੰ ਗਿਰਫ਼ਤਰ ਕਰਨ ਵਿੱਚ ਸਾਂਨੂੰ ਕਾਮਯਾਬੀ ਹਾਸਿਲ ਹੋਈ ਹੈ, ਇਸ ਤੋਂ ਇਲਾਵਾ ਪੀੜਤ ਨੇ ਪੁਲਿਸ ਦੀ ਕਾਰਵਾਈ ਉੱਪਰ ਪੂਰੀ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਪੁਲਿਸ ਨੇ ਸਾਨੂੰ ਕਿਹਾ ਸੀ ਕਿ ਤੁਸੀਂ ਸ਼ਾਂਤ ਰਹਿ ਕੇ ਸਾਡਾ ਸਾਥ ਦੇਵੋਂ ਅਸੀਂ ਜਲਦੀ ਚੋਰੀ ਬਰਾਮਦ ਕਰਕੇ ਦੋਸ਼ੀਆਂ ਨੂੰ ਗਿਰਫ਼ਤਾਰ ਕਰ ਲਿਆ ਜਾਵੇਗਾ , ਜੋ ਇਨਾਂ ਨੇ ਕਰ ਦਿਖਾਇਆ ਹੈ, ਅੱਜ ਸਾਡਾ ਚੋਰੀ ਹੋਇਆ ਮਾਲ ਲਗਭਗ ਬਰਾਮਦ ਕਰਵਾ ਲਿਆ ਹੈ ,ਸੋ ਅਸੀਂ ਡੀਐਸਪੀ ਲਹਿਰਾ ਅਤੇ ਉਹਨਾਂ ਦੀ ਸਾਰੀ ਟੀਮ ਦਾ ਧੰਨਵਾਦ ਕਰਦੇ ਹਾਂ ਜਿਨਾਂ ਨੇ ਬੜੀ ਹੀ ਸੂਝ ਬੂਝ ਦੇ ਨਾਲ ਇਹਨਾਂ ਚੋਰਾਂ ਨੂੰ ਪਕੜਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ,ਅੰਤ ਵਿਚ ਡੀ ਐਸ ਪੀ ਲਹਿਰਾ ਨੇ ਕਰਾਈਮ ਕਰਨ ਵਾਲੇ ਵਿਅਕਤੀਆਂ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ ਕਿ ਕੋਈ ਵੀ ਗਲਤ ਕੰਮ ਕਰਨ ਵਾਲਾ ਵਿਅਕਤੀ ਪੁਲਿਸ ਦੀ ਨਜ਼ਰ ਤੋਂ ਬਚ ਨਹੀ ਸਕਦਾ।

## ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ




ਲੌਂਗੋਵਾਲ, 14 ਜੁਲਾਈ (ਭਗਵੰਤ ਸ਼ਰਮਾ ):ਅੱਜ ਸ਼ਹੀਦ ਭਾਈ ਮਤੀ ਦਾਸ ਸਕੂਲ ਆਫ ਐਮੀਨੈਂਸ ਲੌਂਗੋਵਾਲ ਵਿਖੇ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਸੰਬੰਧੀ ਸਿੱਖਿਆ ਸਮੁਦਾਇਕ ਬੈਠਕ ਬੁਲਾਈ ਗਈ, ਜਿਸ ਦੀ ਅਗਵਾਈ ਸਕੂਲ ਦੇ ਪ੍ਰਿੰਸੀਪਲ ਸ੍ਰੀ ਬਿਪਨ ਕੁਮਾਰ ਚਾਵਲਾ ਨੇ ਕੀਤੀ। ਇਸ ਮੀਟਿੰਗ ਵਿੱਚ ਲਗਭਗ 80 ਬੱਚਿਆਂ ਦੇ ਮਾਤਾ ਪਿਤਾ, ਇਲਾਕੇ ਦੇ ਸਮਾਜ ਸੇਵੀ, ਨਗਰ ਕੌਂਸਲ ਦੇ ਨੁਮਾਇੰਦਿਆਂ, ਸਿੱਖਿਆ ਖੇਤਰ ਨਾਲ ਸੰਬੰਧਿਤ ਸ਼ਖਸ਼ੀਅਤਾਂ ਨੇ ਭਾਗ ਲਿਆ ਅਤੇ ਬਹੁ ਸੰਮਤੀ ਨਾਲ ਨਵੀਂ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਕੀਤੀ ਗਈ। ਰਮੇਸ਼ ਸਿੰਘ ਨੂੰ ਸਰਬ ਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ। ਗੁਰਮੇਲ ਸਿੰਘ, ਰਾਮ ਸਿੰਘ, ਬੁੱਧੂ ਸਿੰਘ, ਗੁਰਵਿੰਦਰ ਸਿੰਘ, ਸਿਮਰਨ ਕੌਰ, ਕਿਰਨਦੀਪ ਕੌਰ, ਕਿਰਨਾ ਕੌਰ, ਸਾਮਨਪ੍ਰੀਤ ਕੌਰ, ਮਨਿੰਦਰ ਕੌਰ, ਸੁਖਬੀਰ ਅਤੇ ਵੀਰਪਾਲ ਕੌਰ ਜੀ ਬੱਚਿਆਂ ਦੀ ਮਾਪੇ ਮੈਂਬਰ ਵਜੋਂ ਚੁਣੇ ਗਏ। ਇਸ ਦੇ ਨਾਲ ਹੀ ਹਰਕੇਸ਼ ਕੁਮਾਰ ਡੀ.ਪੀ.ਈ. ਨੂੰ ਅਧਿਆਪਕ ਮੈਂਬਰ ਵਜੋਂ ਰਾਜ ਸਿੰਘ ਨੂੰ ਨਾਮਜਦ ਮੈਂਬਰ ਵਜੋਂ ਮਨਜੀਤ ਕੁਮਾਰ ਨੂੰ ਸਿੱਖਿਆ ਕਰਮੀ ਵਜੋਂ ਮੇਲਾ ਸਿੰਘ ਨੂੰ ਸੱਦਾ ਪੱਤਰ ਐਮ.ਸੀ. ਵਜੋਂ ਅਤੇ ਕੁਲਦੀਪ ਸਿੰਘ ਨੂੰ ਵਿਸ਼ੇਸ਼ ਸੱਦਾ ਪੱਤਰ ਮੈਂਬਰ ਵਜੋਂ ਸਰਬ ਸੰਮਤੀ ਨਾਲ ਚੁਣਿਆ ਗਿਆ। ਇਸ ਕਮੇਟੀ ਦੇ ਸਕੱਤਰ ਸਕੂਲ ਦੇ ਹੀ ਮੌਜੂਦਾ ਪ੍ਰਿੰਸੀਪਲ ਬਿਪਨ ਕੁਮਾਰ ਜੀ ਹੋਣਗੇ, ਇਹ ਚੋਣ ਸਬੰਧੀ ਹਾਜ਼ਰੀਨ ਸਖਸ਼ੀਅਤਾਂ ਨੇ ਆਪਣਾ ਆਪਣਾ ਸਹਿਯੋਗ ਦੇਣ ਦੇ ਪੂਰਨ ਭਰੋਸਾ ਅਤੇ ਸਮਰਥਨ ਦਿੱਤਾ। ਅਖੀਰ ਵਿੱਚ ਪ੍ਰਿੰਸੀਪਲ ਵੱਲੋਂ ਸਾਰੇ ਹੀ ਪਹੁੰਚੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ। ਅਤੇ ਨਾਲ ਹੀ ਉਨਾਂ ਨੇ ਜਾਣਕਾਰੀ ਦਿੱਤੀ ਕਿ ਸਕੂਲ ਦੇ ਸਾਰੇ ਹੀ ਕਲਾਸ ਰੂਮਾਂ ਨੂੰ ਨਵੀਂ ਟੈਕਨੋਲੋਜੀ ਦੇ ਕੈਮਰਿਆਂ ਨਾਲ ਲੈਸ ਕਰਨ ਦਾ ਫੈਸਲਾ ਲਿਆ ਗਿਆ।

## ਸੰਸਥਾ ਵੱਲੋਂ ਲੋੜਵੰਦਾਂ ਲਈ ਹਫਤਾਵਾਰੀ ਕੈਂਪ ਲਗਾਉਣਾ ਸ਼ਲਾਘਾਯੋਗ



ਲਹਿਰਾਗਾਗਾ, 14 ਜੁਲਾਈ (ਗੁਰਦੀਪ ਸਿੰਘ): ਵਿਸ਼ਾਲ ਦੁਰਗਾ ਸੰਕੀਰਤਨ ਮੰਡਲ (ਰਜਿ.)ਵੱਲੋਂ ਜੀ.ਪੀ.ਐਫ ਕੰਪਲੈਕਸ ਵਿਖੇ ਲੀਵਰ , ਹੱਡੀਆਂ , ਚਮੜੀ ਦਾ ਚੈੱਕਅਪ ਕੈਂਪ ਸਵ.ਸਰੂਪ ਸਿੰਘ ਅੜਕਵਾਸ ਦੀ ਯਾਦ ਨੂੰ ਸਮਰਪਿਤ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਦੁਰਲੱਭ ਸਿੰਘ ਸਿੱਧੂ , ਸਵ.ਸਰੂਪ ਸਿੰਘ ਦੇ ਪੁੱਤਰ ਬਲਜਿੰਦਰ ਸਿੰਘ,ਤੇ ਨਰਿੰਦਰ ਸਿੰਘ ਅੜਕਵਾਸ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਦੁਰਲੱਭ ਸਿੱਧੂ ਨੇ ਕਿਹਾ ਕਿ ਸੰਸਥਾ ਸਮਾਜ ਸੇਵੀ ਕੰਮਾਂ 'ਵਿੱਚ ਅਹਿਮ ਰੋਲ ਅਦਾ ਕਰ ਰਹੀ ਹੈ ।ਉਨ੍ਹਾਂ ਨੇ ਕਿਹਾ ਲੋੜਵੰਦਾਂ ਦੀ ਸੇਵਾ ਸਭ ਤੋ ਉੱਤਮ ਸੇਵਾ ਹੈ, ਜੋ ਸੰਸਥਾ ਕਰ ਰਹੀ ਹੈ। ਇਸ ਮੌਕੇ ਸੰਸਥਾਂ ਦੇ ਸੰਸਥਾਪਕ ਜਸ਼ ਪੇਂਟਰ , ਪ੍ਰਧਾਨ ਸੁਰਿੰਦਰ ਗਰਗ, ਚੇਅਰਮੈਨ ਲੱਭੂ ਰਾਮ ਗੋਇਲ,,ਜੀ.ਪੀ.ਐਫ ਦੇ ਚੇਅਰਮੈਨ ਸਤੀਸ਼ ਗੋਇਲ , ਪ੍ਰਧਾਨ ਸੰਜੀਵ ਕੁਮਾਰ (ਰੋਡਾ) ਖ਼ਜ਼ਾਨਚੀ ਵਿੱਕੀ ਸਿੰਗਲਾ, ਓਮ ਪ੍ਰਕਾਸ਼ (ਮੋੜਾਂ ਵਾਲੇ), ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਸੁਰੇਸ਼ ਸਿੰਗਲਾ , ਸਾਬਕਾ ਕੌਂਸਲਰ ਸੰਦੀਪ ਦੀਪੂ, ਸੁਰੇਸ਼ ਕੁਮਾਰ ((ਪੱਪਾ)ਰਾਮੇਸ਼ ਕੁਮਾਰ (ਕੱਪੜੇ ਵਾਲੇ) ਰਾਕੇਸ਼ ਬਾਂਸਲ, ਗੋਪਾਲ ਸਿੰਗਲਾ , ਜਗਸੀਰ ਸਿੰਘ (ਜਵਾਹਰਵਾਲਾ) ਨੇ ਦੱਸਿਆ ਕਿ ਸਾਡੀ ਸੰਸਥਾਂ ਵੱਲੋਂ ਕਰੀਬ ਤਿੰਨ ਸਾਲ ਤੋਂ ਲਗਾਤਾਰ ਮੈਡੀਕਲ ਚੈੱਕਅਪ ਕੈਂਪ ਲਾਏ ਜਾ ਰਹੇ ਹਨ ।ਇਹ ਕੈਂਪ ਇਲਾਕੇ ਦੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੇ ਹਨ। ਸੰਸਥਾਂ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕਿ ਸਨਮਾਨਿਤ ਕੀਤਾ ਗਿਆ ।ਇਸ ਕੈਂਪ 'ਵਿੱਚ ਡਾ.ਪਰਗਟ ਸਿੰਘ (ਐਮ ਡੀ ਮੈਡੀਸਨ)) ਡਾ.ਗਗਨ ਮੋਦਗਿੱਲ (ਹੱਡੀਆਂ,ਜੋੜਾਂ , ਅਪ੍ਰੇਸ਼ਨਾਂ ਦੇ ਮਾਹਿਰ,) ਡਾ.ਪਾਹੂਲਪ੍ਰੀਤ ਕੌਰ (ਚਮੜੀ ਰੋਗਾਂ ਦੇ ਮਾਹਿਰ ) ਵਲੋਂ 220 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ।

## ਮੁੜ ਸੰਘਰਸ਼ ਕਰੇਗੀ ਯੂਨੀਅਨ : ਸਾਹਨੀ



**ਮਾਨਸਾ**, 14 ਜੁਲਾਈ ( ਨਰਿੰਦਰ ਬਾਂਸਲ ): ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਸਾਡੀ ਜਥੇਵੰਦੀ ਵੱਲੋਂ ਕਾਫੀ ਲੰਬੇ ਸਮੇਂ ਤੋਂ ਆਪਣੀ ਬਹਾਲੀ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ ।ਲੁਧਿਆਣਾ ਪ੍ਰਸਾਸ਼ਨ ਵੱਲੋ ਜਥੇਵੰਦੀ ਦੀ ਜ਼ਿਮਨੀ ਚੋਣਾਂ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ 15 ਜੂਨ ਨੂੰ ਫਿਲੌਰ ਵਿਖੇ ਮੀਟਿੰਗ ਕਰਵਾਈ ਗਈ ਸੀ, ਜਿਸ ਵਿਚ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋ ਬਹਾਲੀ ਦੇ ਪ੍ਰੋਸੈਸ ਨੂੰ 15 ਦਿਨਾਂ ਦੇ ਅੰਦਰ-ਅੰਦਰ ਇੱਕ ਕਮੇਟੀ ਦਾ ਗਠਨ ਕਰਕੇ ਕੱਚੇ ਅਧਿਆਪਕਾਂ ਨੂੰ ਜਲਦ ਬਹਾਲ ਕਰਨ ਲਈ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੀ ਡਿਊਟੀ ਲਗਾਈ ਗਈ ਸੀ ਪਰ ਅੱਜ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਲਾਰੇ ਹੀ ਲਗਾਏ ਜਾ ਰਹੇ ਹਨ ਅਤੇ ਇੰਝ ਜਾਪਦਾ ਹੈ ਕਿ ਸਰਕਾਰ ਸਿਰਫ ਵੋਟਾਂ ਲੈਣ ਲਈ ਉਸੇ ਸਮੇਂ ਹੀ ਢੌਂਗ ਕਰਦੀ ਹੈ ਤੇ ਵੋਟਾਂ ਵਟੋਰਨ ਤੋਂ ਬਾਅਦ ਉਹੀ ਪਹਿਲਾ ਵਾਲਾ ਹਾਲ ਹੋ ਜਾਂਦਾ ਹੈ।ਜਥੇਵੰਦੀ ਵੱਲੋ 15 ਜੁਲਾਈ ਮੁੱਖ ਮੰਤਰੀ ਰਿਹਾਇਸ਼ ਦਾ ਘਿਰਾਉ ਸੰਬੰਧੀ ਪ੍ਰਸ਼ਾਸ਼ਨ ਨੂੰ ਦਿੱਤੇ ਮੈਮੋਰੰਡਮ ਤੋ ਜਾਗਰੂਕ ਪ੍ਰਸ਼ਾਸਨ ਵੱਲੋਂ ਸਿੱਖਿਆ ਸਕੱਤਰ ਨਾਲ ਮੀਟਿੰਗ ਕਰਵਾਈ ਗਈ ਤੇ ਉਹਨਾਂ ਵੱਲੋਂ 20 ਜੁਲਾਈ ਤੱਕ ਸਾਡੀ ਬਹਾਲੀ ਸਬੰਧੀ ਕਮੇਟੀ ਦਾ ਗਠਨ ਕਰਕੇ ਬਹਾਲ ਕਰਨ ਲਈ ਕਿਹਾ ਗਿਆਂ ਜੇਕਰ ਅਜਿਹਾ ਨਹੀਂ ਹੁੰਦਾ ਤਾਂ 21ਜੁਲਾਈ 2025 ਨੂੰ ਸਿੱਖਿਆ ਵਿਭਾਗ ਮੋਹਾਲੀ ਤੋ ਚੱਲ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਦਾ ਘਿਰਾਉ ਕੀਤਾ ਜਾਵੇਗਾ। ਇਸ ਮੌਕੇ 'ਤੇ ਲਖਵਿੰਦਰ ਕੋਰ,ਅਮਨਦੀਪ ਕੌਰ, ਵਰੁਨ ਖੇੜਾ, ਗੁਰਪ੍ਰੀਤ ਸਿੰਘ, ਜਸਵਿੰਦਰ ਕੋਰ, ਰੁਪਿੰਦਰ ਕੋਰ, ਗੁਰਸੇਵਕ ਸਿੰਘ, ਵਜ਼ੀਰ ਸਿੰਘ, ਕਾਂਤਾਂ ਰਾਣੀ, ਵੀਰਪਾਲ ਕੋਰ, ਸੁਖਦਰਸ਼ਨ ਸਿੰਘ, ਸੁਨੀਤਾ ਰਾਣੀ ਮਨਿੰਦਰ ਮਾਨਸਾ ਆਦਿ ਹਾਜ਼ਰ ਸਨ

## ਹ.ਫਤਾਵਾਰੀ ਪਹਿਲ ਮੰਡੀ ਕਿਸਾਨਾਂ ਅਤੇ ਪੇਂਡੂ ਔਰਤਾਂ ਦੀ ਆਰਥਿਕ ਮਜ਼ਬੂਤੀ ਲਈ ਲਾਹੇਵੰਦ ਸਾਬਿਤ ਹੋਈ ਹੈ : ਡਾ. ਮਾਨ

ਸੰਗਰੂਰ, 14 ਜੁਲਾਈ (ਹਰਕੰਵਲ ਸਿੰਘ ਹੈਪੀ): ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੁਰੂ ਕੀਤੇ ਪਹਿਲ ਪ੍ਰੋਜੈਕਟ ਦੇ ਤਹਿਤ ਸੈਲਫ ਹੈਲਪ ਗਰੁੱਪ ਮੈਂਬਰਾਂ ਅਤੇ ਆਰਗੈਨਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਮਾਰਕੀਟਿੰਗ ਪਲੇਟਫਾਰਮ ਮੁਹੱਈਆ ਕਰਵਾਉਣ ਲਈ ਲੱਗਣ ਵਾਲੀ ਹਫਤਾਵਾਰੀ ਪਹਿਲ ਮੰਡੀ ਕਿਸਾਨਾਂ ਅਤੇ ਪੇਂਡੂ ਔਰਤਾਂ ਦੀ ਆਰਥਿਕ ਮਜ਼ਬੂਤੀ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪਹਿਲ ਮੰਡੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ ਅਮਰਜੀਤ ਸਿੰਘ ਮਾਨ ਨੇ ਦੱਸਿਆ ਕਿ 'ਪਹਿਲ ਮੰਡੀ' 'ਚ ਆਰਗੈਨਿਕ ਆਟਾ, ਮਸਾਲੇ, ਦਾਲਾਂ, ਸਬਜ਼ੀਆਂ, ਆਚਾਰ, ਮੁਰੱਬੇ, ਖੋਏ ਦੀ ਤਾਜਾ ਬਰਫੀ, ਚਾਟੀ ਦੀ ਲੱਸੀ, ਗੋਲਗੱਪੇ, ਪੀਨਟ ਬੱਟਰ, ਚੂਰਨ, ਆਲੂ-ਟਿੱਕੀ, ਗੁੜ-ਸ਼ੱਕਰ, ਲੱਕੜ ਘਾਣੀ ਰਾਹੀਂ ਕਢਿਆ ਵੱਖ -ਵੱਖ ਕਿਸਮ ਦਾ ਤੇਲ ਅਤੇ ਸ਼ਹਿਦ ਤੋਂ ਇਲਾਵਾ ਰਸੋਈ ਅਤੇ ਘਰੇਲੂ ਵਰਤੋਂ ਦਾ ਸਾਰਾ ਸਮਾਨ ਵਧੀਆ ਕਿਸਮ ਦਾ ਉਪਲਬਧ ਕਰਵਾਇਆ ਜਾਂਦਾ ਹੈ। ਉਹਨਾਂ ਦੱਸਿਆ ਕਿ ਇਹ ਸਾਰੇ ਉਤਪਾਦ ਸੈਲਫ਼ ਹੈਲਪ ਗਰੁੱਪਾਂ ਜਾਂ ਕਿਸਾਨਾਂ ਵੱਲੋਂ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਹੋਏ ਆਪ ਤਿਆਰ ਕੀਤੇ ਜਾਂਦੇ ਹਨ ਜਿਸ ਨਾਲ ਇਨਾਂ ਦੀ ਉੱਚ ਗੁਣਵੱਤਾ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਡਾ. ਮਾਨ ਨੇ ਦੱਸਿਆ ਕਿ ਇਸ ਮੰਡੀ ਰਾਹੀਂ ਲਾ ਮਿਸਾਲ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ ਤੇ ਪਹਿਲ ਮੰਡੀ ਵਿੱਚ ਭਾਗ ਲੈਣ ਵਾਲੇ ਸਾਰੇ ਕਿਸਾਨ ਸਮਾਨ ਨੂੰ ਪ੍ਰੋਸੈਸ ਕਰਕੇ ਅਪਣਾ ਬ੍ਰਾਂਡ ਬਣਾਕੇ ਵੇਚਦੇ ਹਨ। ਉਹਨਾਂ ਦੱਸਿਆ ਕਿ ਇੱਕ ਲੜਕੀ ਨੂੰ ਪਹਿਲ ਮੰਡੀ ਦੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਕਰਕੇ ਖੇਤੀਬਾੜੀ ਯੂਨੀਵਰਸਿਟੀ ਤੋਂ ਸਟੇਟ ਐਵਾਰਡ ਵੀ ਪ੍ਰਾਪਤ ਹੋ ਚੁੱਕਾ ਹੈ।ਇਸ ਦੌਰਾਨ ਰਾਜਿੰਦਰ ਕੁਮਾਰ ਉਤਪਾਦ ਵਿਕਾਸ ਅਤੇ ਪ੍ਰਬੰਧਨ ਅਫਸਰ, ਜਗਦੇਵ ਸਿੰਘ ਸਤੋਜ, ਸੁਖਚੈਨ ਸਿੰਘ, ਜਸਪ੍ਰੀਤ ਕੌਰ ਨੰਦਗੜ੍ਹ, ਸੰਦੀਪ ਕੌਰ ਬਾਲੀਆਂ, ਹਰਪ੍ਰੀਤ ਕੌਰ ਮਾਨ, ਕਰਮਜੀਤ ਸਿੰਘ ਬੱਬਨਪੁਰ, ਦਰਸ਼ਨ ਸਿੰਘ ਪੇਧਨੀ ਕਲਾਂ, ਗੁਰਪ੍ਰੀਤ ਸਿੰਘ ਨਾਭਾ, ਹਰਵਿੰਦਰ ਸਿੰਘ ਆਦਿ ਮੈਂਬਰ ਮੌਕੇ 'ਤੇ ਮੌਜੂਦ ਸਨ।

# ਸੰਤ ਲੌਂਗਪੁਰੀ ਬ੍ਰਿਲੀਐਂਟ ਸਕੂਲ ਪੱਖੋ ਕਲਾਂ ਵਿਖੇ ਸਪੈਲ ਬੀ ਮੁਕਾਬਲੇ ਕਰਵਾਏ



ਬਰਨਾਲਾ, 14 ਜੁਲਾਈ (ਅਮਨਦੀਪ ਸਿੰਘ): ਸੰਤ ਬਾਬਾ ਚਰਨਪੁਰੀ ਜੀ ਅਤੇ ਐਮ.ਡੀ.ਸ਼੍ਰੀਮਤੀ ਕਰਮਜੀਤ ਕੌਰ ਦੇਵਾ ਜੀ ਦੀ ਅਗਵਾਈ ਹੇਠ ਚੱਲ ਰਹੀ ਪ੍ਰਸਿੱਧ ਸੰਸਥਾ ਵਿਖੇ ਬੱਚਿਆਂ ਵਿੱਚ ਪੜ੍ਹਨ ਦੇ ਹੁਨਰ ਨੂੰ ਵਿਕਸਿਤ ਕਰਨ ਲਈ ਚੌਥੀ ਤੋਂ ਅੱਠਵੀ ਜਮਾਤ ਦੇ ਬੱਚਿਆਂ ਵਿੱਚ ਸਪੈਲ ਬੀ ਮੁਕਾਬਲੇ ਕਰਵਾਏ ਗਏ । ਇਸ ਸਮੇਂ ਸੰਸਥਾ ਦੇ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਬੱਚਿਆ ਨੂੰ ਆਪਣੇ ਹੁਨਰ ਨੂੰ ਨਿਖਾਰਨ ਲਈ ਅਤੇ ਹਰ ਖੇਤਰ ਵਿੱਚ ਉਤਮਤਾ ਹਾਸਲ ਕਰਨ ਲਈ ਹਰ ਮੁਕਾਬਲੇ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ । ਸੰਸਥਾ ਦੇ ਕੋਆਰਡੀਨੇਟਰ ਮੈਡਮ ਨਰਿੰਦਰ ਕੌਰ ਨੇ ਜੇਤੂ ਵਿਦਿਆਰਥੀਆ ਨੂੰ ਮੁਬਾਰਕਵਾਦ ਦਿੱਤੀ । ਉਹਨਾ ਨੇ ਵੀ ਬੱਚਿਆਂ ਨੂੰ ਜੀਵਨ ਵਿੱਚ ਮੁਕਾਬਲੇ ਦੀ ਮਹੱਤਤਾ ਦੱਸੀ ਅਤੇ ਪੜਾਈ ਦੇ ਨਾਲ-ਨਾਲ ਬੱਚਿਆ ਨੂੰ ਸਕੂਲ ਵਿੱਚ ਹੋਣ ਵਾਲੀਆਂ ਹੋਰ ਸਹਾਇਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ।

# ਸਾਵਣ ਮਹੀਨੇ 'ਚ ਭਗਵਾਨ ਸ਼ਿਵ ਦੀ ਪੂਜਾ ਦਾ ਵਿਸ਼ੇਸ਼ ਮਹੱਤਵ



ਬਰਨਾਲਾ, 14 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ): ਟੰਡਨ ਇੰਟਰਨੈਸ਼ਨਲ ਸਕੂਲ ਬਰਨਾਲਾ ਦੇ ਐਮ ਡੀ ਸ਼ਿਵ ਕੁਮਾਰ ਸਿੰਗਲਾ, ਨੇਚਰ ਲਵਰ ਸਕੂਲ ਕੌਸ਼ਲ ਅਤੇ ਸੂਰਿਆਵੰਸ਼ੀ ਖੱਤਰੀ ਸਭਾ ਬਰਨਾਲਾ ਦੇ ਜਨਰਲ ਸਕੱਤਰ ਰਾਜੇਸ਼ ਭੁਟਾਨੀ ਨੇ ਸਾਵਣ ਮਹੀਨੇ ਦੇ ਮਹੱਤਵ ਬਾਰੇ ਦੱਸਿਆ ਕਿ ਸਾਵਣ ਮਹੀਨਾ ਭਗਵਾਨ ਸ਼ਿਵ ਨੂੰ ਬਹੁਤ ਪਿਆਰਾ ਹੈ। ਸ਼ਿਵ ਜੀ ਦੀ ਪ੍ਰਸੰਨਤਾ ਲਈ ਪ੍ਰਸਿੱਧ ਤੀਰਥ ਸਥਾਨਾਂ ਤੋਂ ਜਲ ਲੈ ਕੇ ਭਗਵਾਨ ਸ਼ਿਵ ਸਵਰੂਪ ਜੋਤੀ ਸਿਵਲਿੰਗ ਤੇ ਜਲ ਅਰਪਿਤ ਕੀਤਾ ਜਾਂਦਾ ਹੈ, ਜਿਹੜੇ ਲੋਕ ਸਾਵਨ ਮਹੀਨੇ ਚ ਭਗਵਾਨ ਸ਼ਿਵ ਦੀ ਪੂਜਾ ਕਰਦੇ ਹਨ, ਉਹ ਨਿਰੋਗ ਅਤੇ ਤਣਾਅ ਮੁਕਤ ਰਹਿੰਦੇ ਹਨ ਤੇ ਉਹਨਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਸਾਵਣ ਮਹੀਨੇ ਦੇਵੀ ਪਾਰਵਤੀ ਨੇ ਭਗਵਾਨ ਸ਼ਿਵ ਨੂੰ ਪਤੀ ਰੂਪ 'ਚ ਪ੍ਰਾਪਤ ਕਰਨ ਲਈ ਕਠਿਨ ਤਪੱਸਿਆ ਕੀਤੀ ਸੀ। ਇਸ ਲਈ ਵੀ ਇਹ ਮਹੀਨਾ ਪਵਿੱਤਰ ਮੰਨਿਆ ਜਾਂਦਾ ਹੈ। ਸ਼ਾਸਤਰਾਂ ਅਨੁਸਾਰ ਇਸ ਮਹੀਨੇ ਭਗਵਾਨ ਸ਼ਿਵ ਧਰਤੀ 'ਤੇ ਆਉਂਦੇ ਹਨ ਅਤੇ ਸਰਧਾਲੂਆਂ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ। ਉਹਨਾਂ ਕਿਹਾ ਕਿ ਸਾਵਣ ਮਹੀਨੇ 'ਚ ਭਗਵਾਨ ਸ਼ਿਵ ਦੀ ਵਿਸ਼ੇਸ਼ ਪੂਜਾ ਕੀਤੀ ਜਾਂਦੀ ਹੈ ਤੇ ਮੰਦਰਾਂ 'ਚ ਪੂਜਾ ਕੀਤੀ ਜਾਂਦੀ ਹੈ। ਇਸ ਮੌਕੇ ਰੁਦਰਾਭਿਸ਼ੇਕ ਤੇ ਜਲਾਭਿਸ਼ੇਕ ਦਾ ਵੀ ਕਾਫ਼ੀ ਮਹੱਤਵ ਹੈ। ਇਸ ਦੌਰਾਨ ਵਿਚਾਰ ਪ੍ਰਗਟ ਕਰਦਿਆਂ ਐਡਵੋਕੇਟ ਧੀਰਜ ਕੁਮਾਰ ਗੋਇਲ, ਪ੍ਰੋਗਰੈਸਿਵ ਸੀਨੀਅਰ ਸਿਟੀਜ਼ਨ ਸੋਸਾਇਟੀ ਬਰਨਾਲਾ ਦੇ ਸਲਾਹਕਾਰ ਸੇਵਾ ਮੁਕਤ ਮੁੱਖ ਅਧਿਆਪਕ ਕੁਲਦੀਪ ਕੁਮਾਰ ਸ਼ਹਿਣਾ ਅਤੇ ਪ੍ਰੋਫ਼ੈਸਰ (ਡਾ) ਮਨਦੀਪ ਘਈ ਨੇ ਕਿਹਾ ਕਿ ਸਾਵਣ 'ਚ ਵਰਤ ਰੱਖਣ ਦੀ ਪਰੰਪਰਾ ਵੀ ਹੈ। ਇਹ ਉਹੀ ਮਹੀਨਾ ਹੈ, ਜਦੋਂ ਕਾਂਵੜ ਯਾਤਰਾ ਕੱਢੀ ਜਾਂਦੀ ਹੈ। ਕਾਂਵੜੀਏ ਪਵਿੱਤਰ ਨਦੀਆਂ ਤੋਂ ਪਾਣੀ ਭਰ ਕੇ ਯਾਤਰਾ ਕਰਦੇ ਹਨ ਤੇ ਇਸ ਨਾਲ ਭਗਵਾਨ ਸ਼ਿਵ ਨੂੰ ਅਭਿਸ਼ੇਕ ਕਰਦੇ ਹਨ। ਇਸ ਦੌਰਾਨ ਸਾਰਾ ਮਾਹੌਲ ਸ਼ਿਵਮਯ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਸਾਵਣ ਮਹੀਨੇ ਚ ਸੋਮਵਾਰ ਨੂੰ ਵਰਤ ਰੱਖਣ ਨਾਲ ਸਭ ਫ਼ਲਾਂ ਦੀ ਪ੍ਰਾਪਤੀ ਹੁੰਦੀ ਹੈ। ਹਰ ਰੋਜ਼ ਸ਼ਿਵਲਿੰਗ 'ਤੇ ਜਲਾਭਿਸ਼ੇਕ ਕਰਨਾ ਵੀ ਸ਼ੁਭ ਮੰਨਿਆ ਗਿਆ ਹੈ। ਭਗਵਾਨ ਸ਼ਿਵ ਦੇ ਨਾਲ-ਨਾਲ ਮਾਂ ਪਾਰਵਤੀ ਦੀ ਵੀ ਪੂਜਾ ਕਰਨੀ ਚਾਹੀਦੀ ਹੈ। ਸਾਵਣ ਮਹੀਨੇ ਦਾਨ ਪੁੰਨ ਕਰਨ ਨਾਲ ਸ਼ੁਭ ਫ਼ਲ ਮਿਲਦਾ ਹੈ। ਇਸ ਲਈ ਸਾਨੂੰ ਦੇਸ਼ ਵਿੱਚ ਵੱਖ ਵੱਖ ਸਮਿਆਂ ਤੇ ਜੋ ਪੁਰਾਤਨ ਸੰਸਕ੍ਰਿਤੀ ਅਤੇ ਧਰਮ ਨਾਲ ਸੰਬੰਧਿਤ ਦਿਨ ਦਿਹਾੜੇ ਹਨ, ਉਹਨਾਂ ਨੂੰ ਪੂਰੇ ਉਤਸ਼ਾਹ ਨਾਲ ਮਨਾਉਣਾ ਚਾਹੀਦਾ ਹੈ।

# ਮਦਰ ਟੀਚਰ ਸਕੂਲ ਬਰਨਾਲਾ ਵਿੱਚ ਮਨਮੋਹਕ ਮੌਸਮੀ ਵਿਸ਼ੇਸ਼ ਸਭਾ ਕਰਵਾਈ




ਬਰਨਾਲਾ, 14 ਜੁਲਾਈ (ਹਿਮਾਂਸ਼ੂ ਗਰਗ): ਮਦਰ ਟੀਚਰ ਸਕੂਲ ਬਰਨਾਲਾ ਦੇ ਪ੍ਰੀ-ਪ੍ਰਾਇਮਰੀ ਤੋਂ ਦੂਜੀ ਜਮਾਤ ਤੱਕ ਦੇ ਨੰਨੇ-ਮੁੰਨੇ ਵਿਦਿਆਰਥੀਆਂ ਨੇ 'ਮੌਨਸੂਨ ਰੁੱਤ ਦੌਰਾਨ ਸਿਹਤ ਤੇ ਸਫਾਈ ਦੀ ਸੰਭਾਲ' ਵਿਸ਼ੇ ਉੱਤੇ ਆਧਾਰਤ ਵਿਸ਼ੇਸ਼ ਸਵੇਰ ਦੀ ਸਭਾ ਵਿੱਚ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਇਹ ਸਮਾਗਮ ਸਿੱਖਿਆ ਅਤੇ ਮਨੋਰੰਜਨ ਦਾ ਖੂਬਸੂਰਤ ਮੇਲ ਸੀ, ਜਿਸਦਾ ਮਕਸਦ ਬੱਚਿਆਂ ਦੇ ਮਨਾਂ ਵਿਚ ਛੋਟੀ ਉਮਰ ਤੋਂ ਹੀ ਸਿਹਤਮੰਦ ਆਦਤਾਂ ਦਾ ਵਿਕਾਸ ਕਰਨਾ ਸੀ। ਸਭਾ ਦੀ ਸ਼ੁਰੂਆਤ ਇੱਕ ਇੰਟਰਐਕਟਿਵ ਪਾਵਰਪੁਆਇੰਟ ਪ੍ਰੈਜ਼ੈਂਟੇਸ਼ਨ ਨਾਲ ਹੋਈ, ਜਿਸ ਵਿੱਚ ਰੰਗ-ਬਰੰਗੀਆਂ ਤਸਵੀਰਾਂ ਅਤੇ ਆਸਾਨ ਭਾਸ਼ਾ ਰਾਹੀਂ ਬੱਚਿਆਂ ਨੂੰ ਦੱਸਿਆ ਗਿਆ ਕਿ ਮੀਂਹ ਦੇ ਮੌਸਮ ਵਿੱਚ ਸਿਹਤਮੰਦ ਰਹਿਣ ਲਈ ਕੀ ਕਰਨਾ ਚਾਹੀਦਾ ਹੈ। ਬੱਚਿਆਂ ਨੇ ਸਿੱਖਿਆ ਕਿ ਮੱਛਰ ਤੋਂ ਬਚਾਅ ਲਈ ਲੋਸ਼ਨ, ਗੰਦੇ ਪਾਣੀ ਤੋਂ ਦੂਰ ਰਹਿਣਾ, ਰੇਨਕੋਟ ਜਾਂ ਛਤਰੀ ਵਰਤਣੀ, ਅਤੇ ਸਾਫ-ਸੁਥਰਾ ਖਾਣਾ ਖਾਣਾ ਕਿੰਨਾ ਜ਼ਰੂਰੀ ਹੈ। ਇਸ ਤੋਂ ਬਾਅਦ, ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਇੱਕ ਰੰਗੀਲਾ ਮੌਸਮੀ ਨਾਚ ਸਾਰੇ ਦਰਸ਼ਕਾਂ ਦੇ ਚਿਹਰਿਆਂ 'ਤੇ ਮੁਸਕਾਨ ਲੈ ਆਇਆ। ਨੰਨੇ-ਮੁੰਨੇ ਬੱਚਿਆਂ ਦੇ ਰਸਭਰੇ ਹਾਵ-ਭਾਵ ਅਤੇ ਉਤਸ਼ਾਹਪੂਰਨ ਅਦਾਕਾਰੀ ਨੇ ਮੌਨਸੂਨ ਦੀ ਖੁਸ਼ੀ ਨਾਲ ਨਾਲ ਸਾਵਧਾਨੀ ਦਾ ਸੁਨੇਹਾ ਵੀ ਬਖੂਬੀ ਪਹੁੰਚਾਇਆ। ਫਿਰ ਹੋਇਆ ਇੱਕ ਸਵਾਲ-ਜਵਾਬ ਸੈਸ਼ਨ, ਜਿੱਥੇ ਬੱਚਿਆਂ ਨੇ ਉਤਸੁਕਤਾ ਨਾਲ ਹੱਥ ਚੁੱਕ ਕੇ ਸਵਾਲਾਂ ਦੇ ਜਵਾਬ ਦਿੱਤੇ, ਜਿਵੇਂ ਕਿ ÷ਰੇਨਕੋਟ ਕਿਉਂ ਪਾਉਣੀ ਚਾਹੀਦੀ ਹੈ? ਜਾਂ 'ਹੱਥ ਧੋਣ ਨਾਲ ਸਾਨੂੰ ਕਿਵੇਂ ਬਚਾਵ ਹੁੰਦਾ ਹੈ?' ਇਹ ਦੱਸਣ ਲਈ ਕਿ ਉਹ ਕਿੰਨੇ ਸੂਝਵਾਨ ਤੇ ਜਾਗਰੂਕ ਹੋ ਰਹੇ ਹਨ। ਇਹ ਵਿਸ਼ੇਸ਼ ਸਭਾ ਗਿਆਨ, ਰਚਨਾਤਮਕਤਾ ਅਤੇ ਜ਼ਿੰਮੇਵਾਰੀ ਦਾ ਸੁੰਦਰ ਸੰਯੋਗ ਸੀ, ਜਿਸ ਨੇ ਸਾਡੇ ਨੰਨੇ ਵਿਦਿਆਰਥੀਆਂ ਦੇ ਮਨ ਵਿੱਚ ਸਿਹਤਮੰਦ ਜੀਵਨ ਦੀ ਬੁਨਿਆਦ ਪਾਈ।

# ਨੌਜਵਾਨਾਂ 'ਚ ਨਸ਼ਿਆਂ ਤੇ ਗੈਂਗਸਟਰਵਾਦ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ : ਅਮਨਦੀਪ,ਗੁਰਟੇਕ

ਭੁੱਚੋ ਮੰਡੀ ਨਥਾਣਾ, 14 ਜੁਲਾਈ (ਹਰਬੰਸ ਸਿੰਘ ਭੋਲਾ): ਪੰਜਾਬ ਵਿੱਚ ਵੱਧ ਰਿਹਾ ਦਿਨੋ - ਦਿਨ ਚਿੱਟੇ ਦੇ ਰੁਝਾਨ ਤੇ ਗੈਂਗਸਟਰਾਂ ਵੱਲੋਂ ਮਾਰੇ ਜਾ ਰਹੇ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਚਿੰਤਾ ਦਾ ਵਿਸ਼ਾ। ਇਸ ਬਾਰੇ ਨੌਜਵਾਨ ਆਗੂ ਸਾਬਕਾ ਸਰਪੰਚ ਅਮਨਦੀਪ ਸਿੰਘ ਪੂਹਲੀ ਤੇ ਸਮਾਜ ਸੇਵੀ ਗੁਰਟੇਕ ਸਿੰਘ ਪੂਹਲੀ ਨੇ ਗੱਲਬਾਤ ਦੌਰਾਨ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਵੱਧ ਰਹੇ ਨਸ਼ਿਆਂ ਬਾਰੇ ਅਤੇ ਗੈਂਗਸਟਰਾਂ ਵੱਲੋਂ ਮਾਰੇ ਜਾ ਰਹੇ ਨੌਜਵਾਨ ਸਾਡੇ ਲਈ ਸਾਡੇ ਲਈ ਬੜੀ ਚਿੰਤਾ ਦਾ ਵਿਸ਼ਾ। ਜੇਕਰ ਚੰਦਰੇ ਇਸ ਚਿੱਟੇ ਦੇ ਨਸ਼ੇ ਨਾਲ ਜੇਕਰ ਸਾਡੇ ਨੌਜਵਾਨ ਇਸੇ ਤਰ੍ਹਾਂ ਹੀ ਮਰਦੇ ਰਹੇ ਤਾਂ ਇਸ ਤਰ੍ਹਾਂ ਸਾਡੀ ਨੌਜੁਵਾਨ ਤਾਂ ਖ਼ਤਮ ਹੀ ਹੋ ਜਾਵੇਗੀ ਤੇ ਜੇਕਰ ਅਸੀਂ ਇੱਦਾ ਹੀ ਹੱਥ 'ਤੇ ਹੱਥ ਧਰ ਕੇ ਬੈਠੇ ਰਹੇ ਤਾਂ ਫਿਰ ਸਾਡੇ ਸੂਬੇ ਦਾ ਕੀ ਬਣੂ



ਸਾਡੇ ਬਹੁਤ ਸਾਰੇ ਕੁੜੀਆਂ ਮੁੰਡੇ ਆਈਲੈਟਸ ਕਰਕੇ ਪੜ੍ਹ ਲਿੱਖ ਕੇ ਕਨੈਡਾ ਅਸਟ੍ਰੇਲੀਆ ਵਿੱਚ ਜਾ ਰਹੇ ਨੇ ਕੁੱਝ ਨਸ਼ਿਆਂ ਨੇ ਬਰਬਾਦ ਕਰਤੇ ਤੇ ਇਸ ਤਰ੍ਹਾਂ ਸਾਡੇ ਘਰਾਂ ਨੂੰ ਤਾਲੇ ਲਗਾ ਜਾਣਗੇ ਹੁਣ ਅਸੀ ਆਪਣੀ ਖੇਤੀ ਦੀ ਸਾਂਭ ਸੰਭਾਲ ਲਈ ਬਿਹਾਰੀਆਂ ਤੇ ਨਿਰਭਰ ਹੋ ਚੁੱਕੇ ਆ ਇਸ ਲਈ ਇਸ ਚਿੱਟੇ ਵਰਗੇ ਨਸ਼ੇ ਦੇ ਰੁਝਾਨ ਖ਼ਤਮ ਕਰਨ ਲਈ ਸਿਆਸੀ ਗੈਰ ਸਿਆਸੀ, ਪੰਜਾਬ ਸਰਕਾਰ ਸਮਾਜ ਸੇਵੀ ਸੰਸਥਾਵਾਂ ਨੂੰ ਮਿਲਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਜੇਕਰ ਮਿਲ ਕਰਕੇ ਅਸੀਂ ਨਸ਼ੇ ਨੂੰ ਖਤਮ ਕਰਨ ਲਈ ਵੀ ਕੋਈ ਹੱਲ ਕਢੀਏ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੋਂ ਦੂਰ ਰੱਖ ਸਕੀਏ ਤੇ ਕਿਤੇ ਇਹ ਨਾ ਹੋਵੇ ਕਿ ਇਕਲੇ ਬਜ਼ੁਰਗ ਹੀ ਨੀ ਇਸ ਲਈ ਸਾਨੂੰ ਸਾਰਿਆਂ ਨੂੰ ਮਿਲਕੇ ਹੰਭਲਾ ਮਾਰਨ ਦੀ ਲੋੜ ਹੈ।

# ਅਲਕੜਾ ਸਕੂਲ ਦੇ ਮੁੱਖ ਅਧਿਆਪਕ ਗੁਰਚਰਨ ਸਿੰਘ ਮੱਖਣ ਦੀ ਮੌਤ 'ਤੇ ਸੋਗ ਦੀ ਲਹਿਰ



ਭਦੌੜ, 14 ਜੁਲਾਈ( ਸੁਖਵਿੰਦਰ ਪਲਾਹਾ): ਭਦੌੜ ਦੇ ਸਵ ਸਾਬਕਾ ਕੌਂਸਲਰ ਚੇਤ ਸਿੰਘ ਦੇ ਸਪੁੱਤਰ ਮਾ. ਗੁਰਚਰਨ ਸਿੰਘ ਮੱਖਣ ਮੁੱਖ ਅਧਿਆਪਕ ਸਰਕਾਰੀ ਮਿਡਲ ਸਕੂਲ ਅਲਕੜਾ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਹੋਈ ਬੇਵਕਤੀ ਮੌਤ ਨਾਲ ਇਲਾਕੇ ਵਿੱਚ ਸੋਗ ਦੀਆਂ ਲਹਿਰ ਦੌੜ ਗਈ ਹੈ। ਅੱਜ ਗੁਰਚਰਨ ਸਿੰਘ ਮੱਖਣ ਦਾ ਮੱਝੂਕੇ ਰੋਡ ਭਦੌੜ ਵਿਖੇ ਸਸਕਾਰ ਕਰਨ ਸਮੇਂ ਐਡਵੋਕੇਟ ਇਕਬਾਲ ਸਿੰਘ ਗਿੱਲ ਜੰਗੀਆਣਾ, ਕੁਲਦੀਪ ਸਿੰਘ ਧਾਲੀਵਾਲ, ਮਾ. ਝਿਰਮਲ ਸਿੰਘ ਮਾਤਾ ਗੁਜਰੀ ਸਕੂਲ ਭਦੌੜ ਤੇ ਸਮੁੱਚਾ ਸਟਾਫ, ਵਿਜੈ ਕੁਮਾਰ ਭਦੌੜੀਆ, ਦੀਪਕ ਕੁਮਾਰ ਬਜਾਜ ਸਾਬਕਾ ਵਾਈਸ ਚੇਅਰਮੈਨ, ਸੁਖਵਿੰਦਰ ਸਿੰਘ ਧਾਲੀਵਾਲ ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਹਲਕਾ ਭਦੌੜ, ਮਾਂ ਸੁਦਾਗਰ ਸਿੰਘ ਆੜ੍ਹਤੀਆਂ, ਰਾਜਿੰਦਰ ਵਰਮਾ ਪ੍ਰਧਾਨ,ਹਰੀ ਸਿੰਘ ਬਾਵਾ, ਪ੍ਰਿੰਸੀਪਲ ਮੇਜਰ ਸਿੰਘ, ਮਾ. ਸੁਰਜੀਤ ਸਿੰਘ, ਮਾਂ ਅਮਰਜੀਤ ਸਿੰਘ, ਬਲਦੇਵ ਸਿੰਘ ਭੁੱਚਰ, ਪ੍ਰਿੰਸੀਪਲ ਸੁਰਜੀਤ ਸਿੰਘ ਸੰਧੂ ਅਲਕੜਾ, ਇੰਦਰਜੀਤ ਸਿੰਘ ਭਿੰਦਾ, ਰਾਜਿੰਦਰ ਬੱਤਾ, ਯੋਗੇਸ਼ ਸ਼ਰਮਾ, ਸਾਹਿਬ ਸੰਧੂ, ਕਰਨੈਲ ਸਿੰਘ ਸਰਾਂ ਨੈਣੇਵਾਲ, ਜੀਵਨ ਕੁਮਾਰ ਪੰਜੂ, ਕਾਮਰੇਡ ਗੁਰਮੇਲ ਸ਼ਰਮਾ, ਮਾ. ਰਵਿੰਦਰ ਸਿੰਘ ਨੈਣੇਵਾਲ, ਬਿੰਦਰ ਸਿੰਘ ਭਦੌੜ ਆਦਿ ਤੋਂ ਇਲਾਵਾ ਵੱਖ ਵੱਖ ਜੱਥੇਬੰਦੀਆਂ, ਕਲੱਬਾਂ, ਅਧਿਆਪਕ ਜਥੇਬੰਦੀਆਂ ਦੇ ਆਗੂਆਂ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਬਰਨਾਲਾ ਦੀ ਪਟੇਲ ਨਗਰ, ਗਲੀ ਨੰ: 1 'ਚ ਮੋਟਰਸਾਈਕਲ ਚੋਰੀ

ਬਰਨਾਲਾ, 14 ਜੁਲਾਈ (ਅਮਨਦੀਪ ਸਿੰਘ): ਸ਼ਹਿਰ ਵਿੱਚ ਚੋਰੀ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਤਾਜ਼ਾ ਮਾਮਲੇ ਵਿੱਚ ਪਟੇਲ ਨਗਰ, ਗਲੀ ਨੰ: 1, ਕੇ.ਸੀ. ਰੋਡ ਬਰਨਾਲਾ ਦੇ ਨਿਵਾਸੀ ਵੀਬੋਰ ਗਰਗ ਪੁੱਤਰ ਰਾਜਿੰਦਰ ਕੁਮਾਰ ਨੇ ਪੁਲਿਸ ਥਾਣੇ ਵਿੱਚ ਦਰਖ਼ਾਸਤ ਦਿੱਤੀ ਹੈ ਕਿ ਉਸਦਾ ਮੰਗ ਕੇ ਲਿਆਂਦਾ ਹੋਇਆ ਮੋਟਰਸਾਈਕਲ ਅਣਪਛਾਤੇ ਚੋਰ ਵਲੋਂ ਚੋਰੀ ਕਰ ਲਿਆ ਗਿਆ ਹੈ। ਦਰਜ ਕੀਤੀ ਗਈ ਸ਼ਿਕਾਇਤ ਅਨੁਸਾਰ, ਵੀਬੋਰ ਗਰਗ ਨੇ ਸੀ.ਡੀ. ਡੀਲਕਸ ਮੋਟਰਸਾਈਕਲ (ਰਜਿਸਟ ?ੇਸ਼ਨ ਨੰਬਰ ਪੀ.ਬੀ-19ਐਲ 7915, ਮਾਡਲ 2015) ਜੋ ਕਿ ਹੁਕਮ ਸਿੰਘ ਪੁੱਤਰ ਫ਼ਤਹਿ ਸਿੰਘ ਵਾਸੀ ਬੰਗੇਹਰ ਪੱਤੀ ਬਰਨਾਲਾ ਦੇ ਨਾਮ 'ਤੇ ਦਰਜ ਹੈ, ਦੁਕਾਨ ਤੋਂ ਕਿਸੇ ਦਾ ਮੰਗ ਕੇ ਲਿਆ ਸੀ। ਇਹ ਮੋਟਰਸਾਈਕਲ ਉਸ ਨੇ 11 ਜੁਲਾਈ 2025 ਨੂੰ ਸ਼ਾਮ 5:45 ਵਜੇ ਆਪਣੇ ਘਰ ਦੇ ਗੇਟ ਅੱਗੇ ਲਾਕ ਲਗਾ ਕੇ ਖੜਾ ਕੀਤਾ ਸੀ। ਪਰ ਜਦ ਉਹ ਵਾਪਸ 6:00 ਵਜੇ ਵਾਪਸ ਆਇਆ, ਤਾਂ ਮੋਟਰਸਾਈਕਲ ਮੌਕੇ ਤੋਂ ਗਾਇਬ ਸੀ। ਵੀਬੋਰ ਗਰਗ ਵਲੋਂ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਗਿਆ ਅਤੇ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਅਣਪਛਾਤੇ ਚੋਰਾਂ ਦੀ ਪਛਾਣ ਲਈ ਜਾਂਚ ਜਾਰੀ ਹੈ। ਇਸ ਘਟਨਾ ਕਾਰਨ ਪਾਸ ਪੜੋਸ ਦੇ ਰਹਿਣ ਵਾਲਿਆਂ 'ਚ ਵੀ ਚਿੰਤਾ ਦਾ ਮਾਹੌਲ ਹੈ। ਲੋਕਾਂ ਨੇ ਪੁਲਿਸ ਪ੍ਰਸ਼ਾਸਨ ਤੋਂ ਨਿਗਰਾਨੀ ਵਧਾਉਣ ਅਤੇ ਮੁਲਜ਼ਮਾਂ ਨੂੰ ਜਲਦੀ ਕਾਬੂ ਕਰਨ ਦੀ ਮੰਗ ਕੀਤੀ ਹੈ।

## ਬੀ.ਐਲ.ਓਜ਼ ਨੂੰ ਸਿਖਲਾਈ ਦਿੱਤੀ

ਬਰਨਾਲਾ, 14 ਜੁਲਾਈ (ਬਘੇਲ ਸਿੰਘ ਧਾਲੀਵਾਲ): ਵਿਧਾਨ ਸਭਾ ਚੋਣ ਹਲਕਾ-103-ਬਰਨਾਲਾ ਵਿੱਚ ਬੀ.ਐਲ.ਓਜ਼ ਦੇ ਟਰੇਨਿੰਗ ਪ੍ਰੋਗਰਾਮ ਤਹਿਤ 5ਵੇਂ ਬੈਚ ਵਿੱਚ 32 ਬੀ.ਐਲ.ਓਜ਼ ਨੂੰ ਰੈਡ ਕਰਾਸ ਭਵਨ ਮੀਟਿੰਗ ਹਾਲ ਬਰਨਾਲਾ ਵਿੱਚ ਟ ?ੇਨਿੰਗ ਦਿੱਤੀ ਗਈ। ਇਸ ਮੌਕੇ ਕੁਲਦੀਪ ਸਿੰਘ, ਸ੍ਰੀ ਮਨਮੋਹਨ ਸਿੰਘ, ਸ੍ਰੀ ਪ੍ਰਿੰਸ, ਸ੍ਰੀ ਸੋਨੂੰ ਗੋਇਲ ਮਾਸਟਰ ਟ ?ੇਨਰਜ਼ ਵੱਲੋਂ ਟ ?ੇਨਿੰਗ ਦਿੱਤੀ ਗਈ। ਟਰੇਨਿੰਗ ਦੌਰਾਨ ਬੀ. ਐਲ.ਓਜ਼ ਵੱਲੋਂ 10 ਨੰਬਰ ਦਾ ਪੇਪਰ ਹੱਲ ਕੀਤਾ ਗਿਆ। ਟਰੇਨਿੰਗ ਦੇ ਅੰਤ ਵਿੱਚ ਸਮੂਹ ਬੀ.ਐਲ.ਓਜ਼ ਨੂੰ ਸ੍ਰੀ ਹਰਪ੍ਰੀਤ ਸਿੰਘ ਈਆਰਓ-ਕਮ-ਉਪ ਮੰਡਲ ਮੈਜਿਸਟਰੇਟ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ ਦੀ ਅਗਵਾਈ ਵਿੱਚ ਕਮਲਜੀਤ ਸਿੰਘ ਸਾਦ ਸੁਪਰਡੰਟ ਦਫਤਰ ਉਪ ਮੰਡਲ ਮੈਜਿਸਟਰੇਟ ਬਰਨਾਲਾ ਵੱਲੋਂ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ।

# ਪਿੰਡ ਪੰਡੋਰੀ ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ



ਮਹਿਲਕਲਾਂ, 14 ਜੁਲਾਈ (ਜੱਸਾ ਸਿੰਘ ਮਾਣਕੀ): ਨਗਰ ਪੰਡੋਰੀ ਦੇ ਭਾਈ ਘਨੱਈਆ ਜੀ ਯੁਵਕ ਸੇਵਾਵਾਂ ਕਲੱਬ ਪੰਡੋਰੀ ਵੱਲੋਂ ਬੱਚਿਆਂ ਨੂੰ ਅਤੇ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜਨ ਦੇ ਮਕਸਦ ਦੀ ਪੂਰਤੀ ਲਈ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਦੀ ਮੁਕੰਮਲ ਸੇਵਾ ਬਹੁਤ ਹੀ ਸਤਿਕਾਰਯੋਗ ਬੀਬੀ ਜਸਵੰਤ ਕੌਰ ਜੀ ਜੰਡੂ ਕਨੇਡਾ ਸਪੁੱਤਰੀ ਵੈਦ ਮੋਹਨ ਸਿੰਘ ਜੀ ਵੱਲੋਂ ਕਰਵਾਈ ਗਈ। ਗੁਰੂ ਘਰ ਦੇ ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ ਜੀ ਦੀ ਅਗਵਾਈ ਵਿੱਚ ਕਰਵਾਏ ਗਏ ਇਹਨਾਂ ਮੁਕਾਬਲਿਆਂ ਵਿੱਚ ਨਗਰ ਪੰਡੋਰੀ ਤੋਂ ਇਲਾਵਾ ਬਾਹਰਲੇ ਪਿੰਡਾਂ ਦੇ ਬੱਚਿਆਂ ਨੇ ਵੀ ਹਿੱਸਾ ਲਿਆ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ ਦੋ ਗਰੁੱਪਾਂ ਵਿੱਚ ਵੰਡਿਆ ਗਿਆ , ਜਿਸ ਤਹਿਤ ਨਿੱਕੀ ਉਮਰ ਦੇ ਬੱਚਿਆਂ ਵਿੱਚੋਂ ਦਮਨਪ੍ਰੀਤ ਕੌਰ ਪਿੰਡ ਕਰਮਗੜ੍ਹ ਨੇ ਪਹਿਲਾ ਸਥਾਨ , ਰਵਿੰਦਰ ਸਿੰਘ ਪਿੰਡ ਪੰਡੋਰੀ ਨੇ ਦੂਜਾ ਸਥਾਨ , ਤੇਗਨੂਰ ਕੌਰ ਪਿੰਡ ਜਾਂਗਪੁਰ ਨੇ ਤੀਜਾ ਸਥਾਨ ਹਾਸਲ ਕੀਤਾ। ਵੱਡੀ ਉਮਰ ਦੇ ਹੋਏ ਮੁਕਾਬਲਿਆਂ ਵਿੱਚੋਂ ਰਾਜਵੀਰ ਸਿੰਘ ਪਿੰਡ ਲੱਖਾ ਨੇ ਪਹਿਲਾ ਸਥਾਨ, ਗੁਰਵੀਰ ਸਿੰਘ ਪਿੰਡ ਜਾਂਗਪੁਰ ਨੇ ਦੂਜਾ ਸਥਾਨ ਅਤੇ ਅਭਜੀਤ ਸਿੰਘ ਪਿੰਡ ਕਰਮਗੜ੍ਹ ਨੇ ਤੀਜਾ ਸਥਾਨ ਹਾਸਲ ਕੀਤਾ। ਭਾਗ ਲੈਣ ਵਾਲੇ ਬਾਕੀ ਸਾਰੇ ਬੱਚਿਆਂ ਨੂੰ, ਲੰਗਰ ਦੀ ਸੇਵਾ ਕਰਨ ਵਾਲੀਆਂ ਬੀਬੀਆਂ ਨੂੰ, ਸੇਵਾ ਕਰਨ ਵਾਲੇ ਸਾਰੇ ਨੌਜਵਾਨ ਸੇਵਾਦਾਰਾਂ ਨੂੰ, ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਕਲੱਬ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਨਾਮਾਂ ਦੀ ਵੰਡ ਮੌਕੇ ਕਲੱਬ ਦੇ ਸਰਪ੍ਰਸਤ ਬਲਜੀਤ ਸਿੰਘ ਸਿੱਧੂ, ਕਲੱਬ ਦੇ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ, ਗੁਰੂ ਘਰ ਦੇ ਗ੍ਰੰਥੀ ਸਿੰਘ ਬਾਬਾ ਬਲਵੰਤ ਸਿੰਘ ਜੀ, ਬਬਲਾ ਸਿੰਘ , ਮਨਪ੍ਰੀਤ ਸਿੰਘ, ਗੋਪੀ ਸਿੰਘ, ਜੱਸਾ ਸਿੰਘ, ਗਗਨਦੀਪ ਸਿੰਘ, ਵਿੱਕੀ ਸਿੰਘ, ਪ੍ਰਮਿੰਦਰ ਸਿੰਘ, ਅਜੈਬ ਸਿੰਘ ਖਜ਼ਾਨਚੀ, ਕੰਤਾ ਸਿੰਘ, ਮਨੀਆ ਸਿੰਘ, ਵੈਦ ਬਲਦੇਵ ਸਿੰਘ ਮਿਸਤਰੀ , ਨਵਦੀਪ ਸਿੰਘ ਬਾਠ, ਦਵਿੰਦਰ ਸਿੰਘ ਲੇਖਕ ਆਦਿ ਹਾਜ਼ਰ ਸਨ। ਇਹਨਾਂ ਮੁਕਾਬਲਿਆਂ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਗ੍ਰੰਥੀ ਸਿੰਘ ਭਾਈ ਕਰਮਜੀਤ ਸਿੰਘ ਜੀ ਨੂੰ ਬੀਬੀ ਜੀ ਵੱਲੋਂ 5100 ਰੁਪਏ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ

# ਜੈ ਵਾਟਿਕਾ ਪਬਲਿਕ ਸਕੂਲ ਵਿਖੇ ਵਿਦਿਆਰਥਣਾਂ ਲਈ ਕਿਸ਼ੋਰ ਅਵਸਥਾ-ਸਲਾਹ ਬਾਰੇ ਜਾਗਰੂਕਤਾ ਸੈਸ਼ਨ



ਬਰਨਾਲਾ, 14 ਜੁਲਾਈ (ਹਿਮਾਂਸ਼ੂ ਗਰਗ): ਜੈ ਵਾਟਿਕਾ ਪਬਲਿਕ ਸਕੂਲ ਵਿਖੇ ਸੱਤਵੀਂ ਤੋਂ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ ਕਿਸ਼ੋਰ ਅਵਸਥਾ ਸਲਾਹ 'ਤੇ ਇੱਕ ਮਹੱਤਵਪੂਰਨ ਕਾਉਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦੀ ਅਗਵਾਈ ਸਕੂਲ ਦੀ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਕੀਤੀ। ਇਸ ਸੈਸ਼ਨ ਦਾ ਮੁੱਖ ਉਦੇਸ਼ ਕਿਸ਼ੋਰ ਅਵਸਥਾ ਦੌਰਾਨ ਹੋਣ ਵਾਲੀਆਂ ਸਰੀਰਕ ਅਤੇ ਮਾਨਸਿਕ ਤਬਦੀਲੀਆਂ, ਨਿੱਜੀ ਸਫਾਈ, ਸੰਤੁਲਿਤ ਖੁਰਾਕ, ਅਤੇ ਪੀਸੀਓਐਸ ਅਤੇ ਪੀਸੀਓਡੀ ਵਰਗੇ ਸਿਹਤ ਸੰਬੰਧੀ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਨਾਲ ਬਹੁਤ ਹੀ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਕਿਸ਼ੋਰ ਅਵਸਥਾ ਜ਼ਿੰਦਗੀ ਦਾ ਇੱਕ ਬਹੁਤ ਮਹੱਤਵਪੂਰਨ ਪੜਾਅ ਹੈ, ਜਿਸ ਲਈ ਸਹੀ ਜਾਣਕਾਰੀ ਅਤੇ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ। ਨਿੱਜੀ ਸਫਾਈ ਦੀ ਮਹੱਤਤਾ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਨਾ ਸਿਰਫ਼ ਸਰੀਰ ਨੂੰ ਸਿਹਤਮੰਦ ਰੱਖਦੀ ਹੈ ਬਲਕਿ ਆਤਮ-ਵਿਸ਼ਵਾਸ ਵੀ ਵਧਾਉਂਦੀ ਹੈ। ਨਾਲ ਹੀ, ਸੰਤੁਲਿਤ ਖੁਰਾਕ ਦੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਵਿਦਿਆਰਥੀਆਂ ਨੂੰ ਪੌਸ਼ਟਿਕ ਭੋਜਨ ਅਪਣਾਉਣ ਲਈ ਪ੍ਰੇਰਿਤ ਕੀਤਾ। ਪੀਸੀਓਐਸ ਅਤੇ ਪੀਸੀਓਡੀ ਵਰਗੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ। ਉਨ੍ਹਾਂ ਨੇ ਇਨ੍ਹਾਂ ਸਥਿਤੀਆਂ ਦੇ ਲੱਛਣਾਂ, ਕਾਰਨਾਂ ਅਤੇ ਰੋਕਥਾਮ ਦੇ ਉਪਾਵਾਂ ਬਾਰੇ ਦੱਸਿਆ ਤਾਂ ਜੋ ਵਿਦਿਆਰਥੀ ਸਮੇਂ ਸਿਰ ਸੁਚੇਤ ਹੋ ਸਕਣ ਅਤੇ ਲੋੜ ਪੈਣ 'ਤੇ ਸਹੀ ਸਲਾਹ ਲੈ ਸਕਣ। ਇਸ ਸੈਸ਼ਨ ਦੇ ਅੰਤ ਵਿੱਚ, ਵਿਦਿਆਰਥੀਆਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਕਈ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਜਵਾਬ ਡਾ. ਪਰਵਿੰਦਰ ਕੌਰ ਨੇ ਬਹੁਤ ਹੀ ਦੋਸਤਾਨਾ ਅਤੇ ਜਾਣਕਾਰੀ ਭਰਪੂਰ ਢੰਗ ਨਾਲ ਦਿੱਤੇ। ਇਹ ਸੈਸ਼ਨ ਵਿਦਿਆਰਥੀਆਂ ਲਈ ਨਾ ਸਿਰਫ਼ ਜਾਣਕਾਰੀ ਭਰਪੂਰ ਸਾਬਤ ਹੋਇਆ ਸਗੋਂ ਸਵੈ-ਸਵੀਕਾਰ ਅਤੇ ਸਵੈ-ਵਿਕਾਸ ਵੱਲ ਇੱਕ ਪ੍ਰੇਰਣਾਦਾਇਕ ਕਦਮ ਵੀ ਸਾਬਤ ਹੋਇਆ।

# ਵਾਈਐੱਸ ਪਬਲਿਕ ਸਕੂਲ 'ਡੈਡੀਜ਼ ਐਂਡ ਕਿਡੀਜ਼' ਸਮਾਗਮ ਰਾਹੀਂ ਪਿਤਾ-ਬੱਚਿਆਂ ਦੇ ਖਾਸ ਰਿਸ਼ਤੇ ਨੂੰ ਦਿੱਤਾ ਪਿਆਰ ਭਰਿਆ ਸਨਮਾਨ



ਬਰਨਾਲਾ, 14 ਜੁਲਾਈ (ਕਪਿਲ): ਪਲੇਵੇ ਤੇ ਨਰਸਰੀ ਦੇ ਬੱਚਿਆਂ ਲਈ ਵਾਈਐੱਸ ਪਬਲਿਕ ਸਕੂਲ ਵੱਲੋਂ ਆਯੋਜਿਤ 'ਡੈਡੀਜ਼ ਐਂਡ ਕਿਡੀਜ਼' ਸਮਾਗਮ ਪਿਤਾ ਤੇ ਬੱਚਿਆਂ ਵਿਚਲੇ ਪਿਆਰ ਨੂੰ ਹੋਰ ਵੀ ਗਹਿਰਾ ਬਣਾਉਣ ਵਾਲਾ ਰਿਹਾ। ਇਸ ਸਮਾਗਮ ਦੌਰਾਨ ਪਿਤਾ ਨੇ ਆਪਣੇ ਬੱਚੇ ਨਾਲ ਖੇਡਾਂ, ਰੈਂਪ ਵਾਕ ਅਤੇ ਹੋਰ ਮਨੋਰੰਜਕ ਗਤਿਵਿਧੀਆਂ ਵਿੱਚ ਭਾਗ ਲੈ ਕੇ ਲਹਿਰਾਂ ਦਾ ਆਨੰਦ ਮਾਣਿਆ।

ਸਕੂਲ ਦਾ ਮਾਹੌਲ ਖੁਸ਼ੀਆਂ ਨਾਲ ਗੂੰਜਦਾ ਰਿਹਾ ਜਦੋਂ ਪਿਤਾ ਨੇ ਆਪਣੀ ਰੋਜ਼ਾਨਾ ਦੀ ਰੁਟਿਨ ਤੋਂ ਸਮਾਂ ਕੱਢ ਕੇ ਆਪਣੇ ਬੱਚਿਆਂ ਨਾਲ ਕੁਆਲਿਟੀ ਟਾਈਮ ਵਿਅਤੀਤ ਕੀਤਾ। ਪ੍ਰਿੰਸੀਪਲ ਮੋਹਿਤ ਜਿੰਦਲ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ, "ਵਾਈਐੱਸ ਪਬਲਿਕ ਸਕੂਲ ਵਿਚ ਅਸੀਂ ਸਿਰਫ ਵਧੀਆ ਸਿੱਖਿਆ ਤੱਕ ਸੀਮਤ ਨਹੀਂ ਰਹਿੰਦੇ, ਸਗੋਂ ਮਾਪਿਆਂ ਨਾਲ ਪਿਆਰ ਭਰਾ ਰਿਸ਼ਤਾ ਨਿਭਾਉਣ 'ਤੇ ਵੀ ਯਕੀਨ ਰਖਦੇ ਹਾਂ। ਅਸੀਂ ਹਮੇਸ਼ਾਂ ਕੋਸ਼ਿਸ਼ ਕਰਦੇ ਹਾਂ ਕਿ ਮਾਪੇ ਆਪਣੇ ਬੱਚੇ ਦੀ ਯਾਤਰਾ ਦਾ ਹਿੱਸਾ ਮਹਿਸੂਸ ਕਰਨ। ਅੱਜ ਦੇ ਤੇਜ਼ ਤਰੱਕੀ ਵਾਲੇ ਯੁੱਗ ਵਿਚ ਜਿੱਥੇ ਰੁਕਣ ਦਾ ਵੀ ਸਮਾਂ ਨਹੀਂ, ਉੱਥੇ ਇਹੋ ਜਿਹੇ ਸਮਾਗਮ ਮਾਪਿਆਂ ਨੂੰ ਨਾ ਸਿਰਫ ਜੋੜਦੇ ਹਨ, ਸਗੋਂ ਉਨ੍ਹਾਂ ਨੂੰ ਵਿਸ਼ੇਸ਼ ਮਹਿਸੂਸ ਵੀ ਕਰਾਉਂਦੇ ਹਨ।

# ਲਘੂ ਉਦਯੋਗ ਭਾਰਤੀ ਦੀ ਸੁਨਾਮ ਵਿਖੇ ਮੀਟਿੰਗ




ਸੁਨਾਮ ਊਧਮ ਸਿੰਘ ਵਾਲਾ, 14 ਜੁਲਾਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ):ਉਦਯੋਗ ਭਾਰਤੀ ਦੀ ਕੇਂਦਰੀ ਟੀਮ ਪ੍ਰਕਾਸ਼ ਜੀ, ਰਾਸ਼ਟਰੀ ਸੰਗਠਨ ਮੰਤਰੀ, ਅਰਵਿੰਦ ਧੂਮਲ, ਰਾਸ਼ਟਰੀ ਉਪ ਪ੍ਰਧਾਨ, ਪ੍ਰਦੀਪ ਮੋਗੀਆ, ਪੰਜਾਬ ਇੰਚਾਰਜ, ਵਿਕਰਾਂਤ ਸ਼ਰਮਾ, ਉੱਤਰੀ ਖੇਤਰੀ ਅਧਿਕਾਰੀ ਅਤੇ ਅਨਿਲ ਸ਼ਰਮਾ ਅੱਜ ਸੁਨਾਮ ਪਹੁੰਚੇ, ਤਾਂ ਜੋ ਉਦਯੋਗ ਅਤੇ ਵਪਾਰੀ ਵਰਗ ਨੂੰ ਦਰਪੇਸ਼ ਸਮੱਸਿਆਵਾਂ ਸੁਣੀਆਂ ਜਾ ਸਕਣ। ਇਹ ਪ੍ਰੋਗਰਾਮ ਪ੍ਰਦੀਪ ਮੈਨਨ ਚੇਅਰਮੈਨ, ਤਰਸੇਮ ਮਿੱਤਲ, ਪ੍ਰਧਾਨ, ਪੰਜਾਬ ਪੇਪਰ ਬੋਰਡ ਮਿੱਲ ਐਸੋਸੀਏਸ਼ਨ ਦੁਆਰਾ ਆਯੋਜਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਪੇਪਰ ਬੋਰਡ ਨੂੰ ਦਰਪੇਸ਼ ਸਮੱਸਿਆਵਾਂ ਸੰਬੰਧੀ ਇੱਕ ਮੰਗ ਪੱਤਰ ਦਿੱਤਾ ਰਾਈਸ ਮਿੱਲ ਐਸੋਸੀਏਸ਼ਨ ਦੇ ਪ੍ਰਧਾਨ ਸੰਜੀਵ ਕੁਮਾਰ ਪੋਪੀ, ਪਵਿੱਤਰ ਸਿੰਗਲ ਹਨੂੰਮਾਨ ਫਲੋਰ ਮਿੱਲ, ਵਿਨੋਦ ਗੋਇਲ, ਪੰਜਾਬ ਵਪਾਰ ਮੰਡਲ ਦੇ ਪ੍ਰਧਾਨ ਪਵਨ ਗੁੱਜਰਾ, ਨਰੇਸ਼ ਭੋਲਾ ਪ੍ਰਧਾਨ, ਐਲੂਮੀਨੀਅਮ ਉਦਯੋਗ ਐਸੋਸੀਏਸ਼ਨ ਦੇ ਉਦਯੋਗਪਤੀ ਸੁਮੇਰ ਗਰਗ ਜੀ, ਸੁਰਜੀਤ ਸਿੰਘ ਗਹਿਰ ਐਗਰੋ ਇੰਡਸਟਰੀਜ਼, ਸੁਖਵਿੰਦਰ ਸਿੰਘ ਬਿੰਦਰ ਜਸਵੰਤ ਕੰਬਾਈਨ ਇੰਡਸਟਰੀ, ਸਾਰਿਆਂ ਨੇ ਆਪਣੇ ਮੰਗ ਪੱਤਰ ਦਿੱਤੇ ਅਤੇ ਉਨ੍ਹਾਂ ਨੂੰ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ।

ਇਸ ਸਮੇਂ ਚੰਦਰ ਪ੍ਰਕਾਸ਼ ਵਪਾਰ ਮੰਡਲ ਸਕੱਤਰ, ਇਲੈਕਟ੍ਰਿਕ ਐਸੋਸੀਏਸ਼ਨ ਸੋਮਨਾਥ ਵਰਮਾ ਚੇਅਰਮੈਨ, ਸਾਹਿਲ ਗਰਗ ਬਬਲੂ ਪ੍ਰਧਾਨ ਬਾਲਾਜੀ ਖਾਟੂ ਸ਼ਿਆਮ ਸੇਵਾ ਸੰਮਤੀ, ਪ੍ਰਧਾਨ ਪ੍ਰਵੀਨ ਕੁਮਾਰ, ਰਿਟੇਲ ਕਲਾਥ ਆਰਗੇਨਾਈਜ਼ੇਸ਼ਨ ਪ੍ਰਧਾਨ ਸੁਭਾਸ਼ ਚੰਦਰ, ਪਲਾਈਵੁੱਡ ਆਰਗੇਨਾਈਜ਼ੇਸ਼ਨ ਮਨੋਜ ਬਾਂਸਲ, ਰਾਜੇਸ਼ ਕੁਮਾਰ ਸਰਦਾਰ ਸੁਰਜੀਤ ਸਿੰਘ ਆਨੰਦ ਕਲੌਥ ਆਰਗੇਨਾਈਜ਼ੇਸ਼ਨ, ਸ਼੍ਰੀ ਰਾਜੇਸ਼ ਕੁਮਾਰ ਪ੍ਰਧਾਨ ਸ਼੍ਰੀ ਕਲੌਥ ਮਰਚੈਂਟ ਐਸੋਸੀਏਸ਼ਨ, ਰਾਜੇਸ਼ ਕੁਮਾਰ ਸੂਜ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਿਟੇਲ ਮਰਚੈਂਟ ਐਸੋਸੀਏਸ਼ਨ, ਸਰਾਫਾ ਯੂਨੀਅਨ ਦੇ ਪ੍ਰਧਾਨ ਦਰਸ਼ਨ ਸਿੰਘ ਖੁਰਮੀ, ਰਾਮ ਕੁਮਾਰ ਬਾਂਸਲ ਪ੍ਰਧਾਨ ਹੋਲਸੇਲ ਐਸੋਸੀਏਸ਼ਨ, ਰਾਈਸ ਮਿੱਲਰ ਆਰਗੇਨਾਈਜ਼ੇਸ਼ਨ ਦੇ ਪ੍ਰਧਾਨ ਸੰਜੀਵ ਕੁਮਾਰ ਪੋਪੀ ਸੁਨਾਮ ਇੰਡਸਟਰੀਜ਼ ਚੈਂਬਰ ਦੇ ਜਨਰਲ ਸਕੱਤਰ ਤਨੁਜ ਜਿੰਦਲ, ਅਗਰਵਾਲ ਸਭਾ ਪੰਜਾਬ ਦੇ ਚੇਅਰਮੈਨ ਉਦਯੋਗਪਤੀ ਰਵੀ ਕਮਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਜਿਊਲਰਜ਼ ਐਸੋਸੀਏਸ਼ਨ ਨੂੰ ਸਨਮਾਨਿਤ ਕੀਤਾ ਗਿਆ। ਬ੍ਰਾਹਮਣ ਸਭਾ ਦੇ ਪ੍ਰਧਾਨ ਹਰ ਭਗਵਾਨ ਸ਼ਰਮਾ, ਅਨੂਪ ਰਿਖੀ ਟਾਇਲ ਸੁਨਾਮ ਐਡਵੋਕੇਟ ਪੁਸ਼ਪਿੰਦਰ ਜਿੰਦਲ ਅਟਾਰਨੀ ਜਨਰਲ, ਕੇਵਲ ਕ੍ਰਿਸ਼ਨ ਬਾਲਾਜੀ ਪਲਾਸਟਿਕ, ਹੈਪੀ ਗੋਇਲ, ਅਰੁਣ ਸ਼ਰਮਾ ਆਸਮਾ ਪੇਪਰ ਮਿੱਲ, ਅਨਿਰੁਧ ਵਿਸ਼ਿਸ਼ਟ, ਪਰਮਿੰਦਰ ਸ਼ਰਮਾ ਐਗਰੋ ਫਾਰਮਿੰਗ ਇੰਡਸਟਰੀਜ਼, ਪੇਪਰ ਬੋਰਡ ਮਿੱਲ ਤੋਂ ਚਰਨਦਾਸ ਵਾਈਸ ਚੇਅਰਮੈਨ, ਬਲਵਿੰਦਰ ਕੁਮਾਰ ਬਰਨਾਲਾ ਸੁਰਿੰਦਰ ਸਿੰਘ ਬਰਨਾਲਾ , ਰਾਕੇਸ਼ ਕੁਮਾਰ ਚੰਨੋ, ਰਾਮਕੁਮਾਰ ਭਵਾਨੀਗੜ੍ਹ, ਸਾਬਕਾ ਪ੍ਰਧਾਨ ਵਿਪਨ ਸ਼ਰਮਾ ਗੜ੍ਹਸ਼ੰਕਰ, ਸਾਬਕਾ ਪ੍ਰਧਾਨ ਰੋਸ਼ਨ ਲਾਲ ਬਲਬੇੜਾ, ਨਰਿੰਦਰ ਕੁਮਾਰ ਡੀ.ਸੀ ਭੀਖੀ ਸੰਤ ਮਿਕਸ ਬੋਰਡ, ਰਿੰਪਲ ਧਾਲੀਵਾਲ ਪ੍ਰਧਾਨ ਓਲਡ ਕਾਲਜ ਸਟੂਡੈਂਟਸ ਆਰਗੇਨਾਈਜ਼ੇਸ਼ਨ, ਉਦਯੋਗਪਤੀ ਮੱਖਣ ਜੀ, ਵਿੱਕੀ, ਸੋਨੀ ਭਟਾਲੀਆ, ਰਾਜੇਸ਼ ਕੁਮਾਰ ਆਰ.ਕੇ., ਪ੍ਰਮੋਦ ਕੁਮਾਰ , ਰਾਜੇਸ਼ ਕੁਮਾਰ ਆਰ.ਕੇ., ਆਰ.ਕੇ. ਅਮਰਨਾਥ ਜੇ.ਕੇ ਪੋਲੀਮਰ, ਜ਼ਿਲ੍ਹਾ ਭਲਾਈ ਅਫਸਰ ਗੁਰਿੰਦਰਜੀਤ ਸਿੰਘ ਧਾਲੀਵਾਲ, ਪਰਮਿੰਦਰ ਸਿੰਘ ਜਾਰਜ, ਰਜਨੀਸ਼ ਗਰਗ ਕੁਲਵਿੰਦਰ ਸਿੰਘ ਨਾਮਰੀ, ਮਨੀਸ਼ ਮੁੰਨਾ, ਉਦਯੋਗਪਤੀ ਨਰਿੰਦਰਜੀਤ ਕਾਲਾ, ਜ਼ਿਲ੍ਹਾ ਕਨਵੀਨਰ ਨੂੰ ਵਧਾਈ ਦਿੱਤੀ।

### ਇਕ ਸਰਪੰਚ ਅਤੇ 16 ਪੰਚਾਂ ਦੀਆਂ ਖਾਲੀ ਅਸਾਮੀਆਂ ਲਈ ਚੋਣਾਂ ਵਾਸਤੇ ਨਾਮਜ਼ਦਗੀਆਂ ਸ਼ੁਰੂ

# ਨਾਮਜ਼ਦਗੀਆਂ ਭਰਨ ਦੀ ਆਖ਼ਰੀ ਮਿਤੀ 17, ਵੋਟਾਂ 27 ਨੂੰ

ਬਰਨਾਲਾ, 14 ਜੁਲਾਈ (ਬਘੇਲ ਸਿੰਘ ਧਾਲੀਵਾਲ):ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਅਨੁਸਾਰ ਜ਼ਿਲ੍ਹਾ ਬਰਨਾਲਾ ਵਿੱਚ 1 ਸਰਪੰਚ ਅਤੇ 16 ਪੰਚਾਂ ਦੀ ਚੋਣ 27 ਜੁਲਾਈ ਨੂੰ ਹੋਵੇਗੀ। ਇਨ੍ਹਾਂ ਪਿੰਡਾਂ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਚੁੱਕਿਆ ਹੈ।

ਜ਼ਿਲ੍ਹਾ ਚੋਣ ਅਫ਼ਸਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਪ੍ਰਕਿਰਿਆ ਅੱਜ ਤੋਂ ਸ਼ੁਰੂ ਹੋ ਗਈ ਹੈ ਅਤੇ 17 ਜੁਲਾਈ ਆਖ਼ਰੀ ਮਿਤੀ ਹੋਵੇਗੀ। ਨਾਮਜ਼ਦਗੀਆਂ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਦਾਖਲ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ 18 ਜੁਲਾਈ ਨੂੰ ਹੋਵੇਗੀ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19 ਜੁਲਾਈ ਹੈ।

ਜ਼ਿਲ੍ਹਾ ਬਰਨਾਲਾ ਛੰਨਾ ਗੁਲਾਬ ਸਿੰਘ ਵਾਲਾ ਵਿੱਚ ਸਰਪੰਚ ਦੀ ਅਤੇ ਪੱਤੀ ਜੈਦ ਭੋਏ ਵਿਚ ਵਾਰਡ ਨੰਬਰ 1, ਵਾਰਡ ਨੰਬਰ 3, ਮੌੜ ਪਟਿਆਲਾ ਵਿਚ ਵਾਰਡ ਨੰਬਰ 1, 2, 3, 4, 7, 8, ਤਰਨਤਾਰਨ ਵਾਰਡ ਨੰਬਰ 1 ਅਤੇ 2, ਢਿੱਲਵਾਂ ਪਟਿਆਲਾ ਵਾਰਡ ਨੰਬਰ 1, ਪੱਤੀ ਬਾਜਵਾ ਵਾਰਡ ਨੰਬਰ 1 ਅਤੇ 2, ਪੱਤੀ ਸੋਹਲ ਵਾਰਡ ਨੰਬਰ 1, ਵਜੀਦਕੇ ਕਲਾਂ ਵਾਰਡ ਨੰਬਰ 5 ਤੇ ਕੁਤਬਾ ਵਾਰਡ ਨੰਬਰ 4 ਲਈ ਪੰਚਾਂ ਦੀ ਚੋਣ ਹੋਵੇਗੀ। ਓਨ੍ਹਾਂ ਦੱਸਿਆ ਕਿ ਪੋਲਿੰਗ 27 ਜੁਲਾਈ ਨੂੰ ਹੋਵੇਗੀ। ਵੋਟਿੰਗ ਪੂਰੀ ਹੋਣ ਤੋਂ ਬਾਅਦ ਪੋਲਿੰਗ ਸਟੇਸ਼ਨਾਂ 'ਤੇ ਵੋਟਾਂ ਦੀ ਗਿਣਤੀ ਉਸੇ ਦਿਨ ਕੀਤੀ ਜਾਵੇਗੀ। ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਾਮਜ਼ਦਗੀ ਪ੍ਰਕਿਰਿਆ, ਪੋਲਿੰਗ ਅਤੇ ਗਿਣਤੀ ਦੀ ਵੀਡੀਓਗ੍ਰਾਫੀ ਯਕੀਨੀ ਬਣਾਈ ਜਾਵੇਗੀ।

# ਸੁਨਾਮ ਨੇਤ੍ਰ ਬੈਂਕ ਸਮਿਤੀ ਵੱਲੋਂ ਲੁਧਿਆਣਾ ਦੇ ਪ੍ਰਸਿੱਧ ਉਦਯੋਗਪਤੀ ਸੰਜੇ ਬਾਂਸਲ ਦਾ ਸਨਮਾਨ

ਸੁਨਾਮ, 14 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ )ਸੁਨਾਮ ਨੇਤ੍ਰ ਬੈਂਕ ਸਮਿਤੀ ਵੱਲੋਂ ਜਲਦ ਹੀ ਸੁਨਾਮ ਖੇਤਰ ਵਿਚ ਇਕ ਅਤਿ ਆਧੁਨਿਕ ਅੱਖਾਂ ਦਾ ਹਸਪਤਾਲ ਬਣਾਇਆ ਜਾ ਰਿਹਾ ਹੈ। ਇਹ ਹਸਪਤਾਲ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਸਹੂਲਤਾਂ ਦੇਣ ਵਾਲਾ ਹੋਵੇਗਾ ਅਤੇ ਆਪਣੀ ਕਿਸਮ ਵਿਚ ਬੇਮਿਸਾਲ ਹੋਵੇਗਾ।ਇਸ ਦੇ ਨਿਰਮਾਣ ਕੰਮ ਨੂੰ ਤੇਜ਼ੀ ਨਾਲ ਅੰਜ਼ਾਮ ਦਿੱਤਾ ਜਾ ਰਿਹਾ ਹੈ ਅਤੇ ਰੋਟਰੀ ਇੰਟਰਨੈਸ਼ਨਲ ਵਰਗੀਆਂ ਵੱਡੀਆਂ ਸਮਾਜ ਸੇਵੀ ਸੰਸਥਾਵਾਂ ਦੇ ਨਾਲ ਨਾਲ ਇਲਾਕੇ ਦੇ ਲੋਕ ਵੀ ਇਸ ਪ੍ਰੋਜੈਕਟ ਵਿਚ ਯੋਗਦਾਨ ਕਰਕੇ ਆਪਣਾ ਯੋਗਦਾਨ ਦਿੱਤਾ। ਇਹ ਸਾਰਾ ਸਮਾਨ ਲੱਖਾਂ ਰੁਪਏ ਦੀ ਕੀਮਤ ਵਾਲਾ ਹੈ।ਹਸਪਤਾਲ ਲਈ ਕੀਤੇ ਇਸ ਮਹੱਤਵਪੂਰਨ ਯੋਗਦਾਨ ਲਈ ਕਮੇਟੀ ਦੇ ਮੈਂਬਰਾਂ ਨੇ ਪ੍ਰੋਜੈਕਟ ਚੇਅਰਮੈਨ ਜਗਦੀਪ ਭਾਰਦਵਾਜ ਅਤੇ ਕਮੇਟੀ ਪ੍ਰਧਾਨ ਰਾਕੇਸ਼ ਜਿੰਦਲ ਦੀ ਅਗਵਾਈ ਹੇਠ ਲੁਧਿਆਣਾ ਪਹੁੰਚ ਕੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟਾਇਆ।ਇਸ ਮੌਕੇ ਕਮੇਟੀ ਪ੍ਰਧਾਨ ਰਾਕੇਸ਼ ਜਿੰਦਲ, ਸਰਪ੍ਰਸਤ ਗੋਪਾਲ ਸ਼ਰਮਾ, ਪ੍ਰੋਜੈਕਟ ਚੇਅਰਮੈਨ ਜਗਦੀਪ ਭਾਰਦਵਾਜ, ਕੈਸ਼ੀਅਰ



ਵਿਕਰਮ ਗਰਗ, ਅਤੇ ਉਪਪ੍ਰਧਾਨ ਮੁਕੇਸ਼ ਗੋਇਲ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ।ਸੰਜੇ ਬਾਂਸਲ ਜੀ ਨੇ ਵੀ ਕਮੇਟੀ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਵੀ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਮੇਟੀ ਦੇ ਅਹੁਦੇਦਾਰਾਂ ਨੇ ਕਿਹਾ ਕਿ ਸਮਾਜ ਸੇਵਾ ਦੇ ਇਸ ਤਰਾਂ ਦੇ ਕਾਰਜਾਂ ਤੋਂ ਹੋਰ ਲੋਕਾਂ ਨੂੰ ਵੀ ਪ੍ਰੇਰਨਾ ਮਿਲਦੀ ਹੈ।

ਪਾ ਰਹੇ ਹਨ।ਸੋਹਣ ਲਾਲ ਜੈਨ ਮੈਮੋਰੀਅਲ ਆਈ ਹਸਪਤਾਲ ਦੇ ਨਾਮ ਨਾਲ ਬਣ ਰਹੇ ਇਸ ਨੇਤ੍ਰ ਹਸਪਤਾਲ ਲਈ ਸਿਰਫ ਸੁਨਾਮ ਹੀ ਨਹੀਂ ਸਗੋਂ ਪੰਜਾਬ ਦੇ ਹਰ ਕੋਨੇ ਤੋਂ ਲੋਕ ਸਹਿਯੋਗ ਦੇ ਰਹੇ ਹਨ।ਇਸੇ ਤਰ੍ਹਾਂ ਲੁਧਿਆਣਾ ਦੇ ਪ੍ਰਸਿੱਧ ਉਦਯੋਗਪਤੀ ਸੰਜੇ ਬਾਂਸਲ ਨੇ ਵੀ ਹਸਪਤਾਲ ਲਈ ਐਲਮੀਨਿਅਮ ਦੀਆਂ ਖਿੜਕੀਆਂ ਅਤੇ ਮੁੱਖ ਗੇਟ ਦਾਨ

# ਭਦੌੜ ਚ ਮੀਂਹ ਦੇ ਪਾਣੀ ਨਾਲ ਸ਼ਹਿਰ ਦੀਆਂ ਸੜਕਾਂ ਹੋਈਆਂ ਜਲ-ਥਲ

ਭਦੌੜ, 14 ਜੁਲਾਈ (ਜਤਿੰਦਰ ਗਰਗ):ਸਵੇਰੇ ਪਈ ਤੇਜ ਬਰਸਾਤ ਕਾਰਨ ਮੀਂਹ ਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ਼ ਦੇ ਮਾੜੇ ਪ੍ਰਬੰਧਾਂ ਕਾਰਨ ਸ਼ਹਿਰ ਦੀਆਂ ਮੁੱਖ ਸੜਕਾਂ ਜਲ-ਥਲ ਹੋ ਗਈਆਂ ਹਨ,ਸੜਕਾਂ ਦੇ 1-1 ਫੁੱਟ ਪਾਣੀ ਖੜ੍ਹਾ ਹੋਣ ਕਾਰਨ ਪੈਦਲ ਚੱਲਣ ਵਾਲੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਉੱਥੇ ਸਰਕਾਰੀ ਹਸਪਤਾਲ ਕੋਲ ਖੜ੍ਹੇ ਮੀਂਹ ਦੇ ਪਾਣੀ ਦੀ ਕਈ ਸਾਲਾਂ ਤੋਂ ਸਮੱਸ਼ਿਆਂ ਦਾ ਹੱਲ ਨਹੀਂ ਨਿਕਲਿਆ, ਜਿਸ ਕਾਰਨ ਦੁਕਾਨਦਾਰਾਂ ਨੂੰ ਮੁਸ਼ਕਲਾਂ ਝੱਲਣੀਆਂ ਪੈ ਰਹੀਆਂ ਹਨ ਅਤੇ ਪਾਣੀ ਖੜਨ ਨਾਲ ਹਾਦਸੇ ਵਾਪਰਨ ਦਾ ਡਰ ਬਣਿਆ ਹੋਇਆ ਹੈ। ਇਸ ਸੰਬੰਧੀ ਕਈ ਵਾਰ ਦੁਕਾਨਦਾਰਾਂ ਨੇ ਇਸ ਸਮੱਸਿਆ ਨੂੰ ਦੂਰ ਕਰਨ ਦੀ ਗੁਹਾਰ ਲਗਾਈ ਹੈ ।ਪਈ ਬਰਸਾਤ ਕਾਰਨ ਜੈਦ ਮਾਰਕੀਟ, ਸਹੀਦ ਭਗਤ ਸਿੰਘ ਚੌਂਕ, ਮੇਨ ਬਾਜਾਰ, ਸਕੂਲ ਰੋਡ ਤੇ ਮੀਂਹ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਛੱਪੜ ਬਣਿਆਂ ਹੋਇਆ ਹੈ ਜਿਸ ਤੋਂਦੁਕਾਨਦਾਰ ਬਹੁਤ ਔਖੇ ਹਨ ਕਿਉਂਕਿ ਦੁਕਾਨਦਾਰਾਂ ਦੀਆਂ ਦੁਕਾਨਾਂ ਤੇ ਗ੍ਰਾਹਕ ਹੀ ਨਹੀਂ ਆ ਰਿਹਾ । ਨਗਰ ਨਿਵਾਸੀਆਂ ਦੀ ਮੰਗ ਹੈ ਕਿ ਪਾਣੀ ਦੀ ਨਿਕਾਸੀ ਲਈ ਬੰਦ ਪਈਆਂ ਨਾਲੀਆ ਅਤੇ ਬੰਦ ਪਏ ਸੀਵਰੇਜ਼ ਸਫਾਈ ਕਰਕੇ ਚਾਲੂ ਕੀਤੇ ਜਾਣ ਤਾਂ ਕਿ ਪਾਣੀ ਦੀ ਨਿਕਾਸੀ ਸਹੀ ਹੋ ਸਕੇ

**।ਕੀ ਕਹਿਣਾ ਹੈ ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਗਰਗ ਦਾ:-**

ਇਸ ਸਬੰਧੀ ਜਦੋਂ ਨਗਰ ਕੌਂਸਲ ਭਦੌੜ ਦੇ ਪ੍ਰਧਾਨ ਮਨੀਸ਼ ਕੁਮਾਰ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਮੈਂ ਹੁਣੇ ਮੁਲਾਜ਼ਮ ਭੇਜ ਕੇ ਇਸ ਸਮੱਸਿਆ ਦਾ ਹੱਲ ਕਰਵਾਉਂਦਾ ਹਾਂ ਅਤੇ ਅੱਗੇ ਤੋਂ ਇਸ ਸਮੱਸਿਆ ਦਾ ਪੱਕੇ ਤੌਰ ਤੇ ਹੱਲ ਵੀ ਕਰਵਾਵਾਂਗਾ ਜਿਸ ਨਾਲ ਕਿਸੇ ਵੀ ਸ਼ਹਿਰ ਵਾਸੀ ਨੂੰ ਕੋਈ ਵੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।



# ਪਟਿਆਲਾ-ਆਸ/ਪਾਸ



### ਸਮਾਣਾ ਦੇ ਸਕੂਲਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਤਹਿਤ ਨੋਟਿਸ ਜਾਰੀ

## 10 ਦਿਨਾਂ 'ਚ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼

**☛82 ਸਕੂਲ ਵਾਹਨਾਂ ਦੀ ਚੈਕਿੰਗ, ਖਾਮੀਆਂ ਸਾਹਮਣੇ ਆਉਣ 'ਤੇ 66 ਚਲਾਨ, 4 ਬਾਊਂਡ, 1.75 ਲੱਖ ਰੁਪਏ ਜੁਰਮਾਨਾ : ਆਰ.ਟੀ.ਓ.**

**☛8 ਸਕੂਲਾਂ 'ਚ ਪੋਕਸੋ ਐਕਟ ਤੇ ਸਕੂਲ ਬੈਗਜ਼ ਦਾ ਵੀ ਕੀਤਾ ਨਿਰੀਖਣ : ਐਸ.ਡੀ.ਐਮ.**



ਸਮਾਣਾ, 14 ਜੁਲਾਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ): ਰੀਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੇਫ਼ ਸਕੂਲ ਵਾਹਨ ਨੀਤੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸਮਾਣਾ ਦੇ ਸਕੂਲਾਂ ਨੂੰ ਨੋਟਿਸ ਜਾਰੀ ਕਰਕੇ 10 ਦਿਨਾਂ ਦੇ ਅੰਦਰ-ਅੰਦਰ ਨਿਯਮਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਸਮਾਣਾ ਦੇ ਐਸ.ਡੀ.ਐਮ ਰਿਚਾ ਗੋਇਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਤੇ ਟਰਾਂਸਪੋਰਟ ਵਿਭਾਗ ਅਤੇ ਟ੍ਰੈਫਿਕ ਪੁਲਿਸ ਦੀ ਟੀਮ ਵੱਲੋਂ ਸਮਾਣਾ ਸਬ ਡਵੀਜਨ ਅੰਦਰ ਪੈਂਦੇ 8 ਪ੍ਰਾਈਵੇਟ ਸਕੂਲਾਂ ਦੇ ਵਾਹਨਾਂ ਦੀ ਚੈਕਿੰਗ ਕੀਤੀ ਗਈ।ਇਸ ਦੌਰਾਨ ਸੇਫ ਸਕੂਲ ਵਾਹਨ ਨੀਤੀ ਤਹਿਤ ਸਾਹਮਣੇ ਆਈਆਂ ਖਾਮੀਆਂ ਕਰਕੇ 82 ਤੇ 66 ਚਲਾਨ ਕੱਟੇ ਗਏ ਤੇ 4 ਵਾਹਨ ਬਾਊਂਡ ਕੀਤੇ ਗਏ ਹਨ ਜਦਕਿ 1 ਲੱਖ 75 ਹਜ਼ਾਰ ਰੁਪਏ ਦੇ ਜੁਰਮਾਨੇ ਵੀ ਕੀਤੇ ਗਏ ਹਨ।ਐਸ.ਡੀ.ਐਮ. ਰਿਚਾ ਗੋਇਲ ਨੇ ਦੱਸਿਆ ਕਿ ਮਿਤੀ 7, 9 ਅਤੇ 11 ਜੁਲਾਈ ਨੂੰ ਕ੍ਰਮਵਾਰ 2, 4 ਅਤੇ 2 ਸਕੂਲਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਬਿਨ੍ਹਾਂ ਇਨ੍ਹਾਂ ਸਕੂਲਾਂ ਵਿੱਚ ਪੋਕਸੋ ਐਕਟ ਅਤੇ ਸਕੂਲ ਬੈਗ ਬਾਰੇ ਨੀਤੀ ਤਹਿਤ ਚੈਕਿੰਗ ਕੀਤੀ ਗਈ ਅਤੇ ਲੈਕਚਰ ਵੀ ਕਰਵਾਏ ਗਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਵਾਰ-ਵਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਕਿ ਸਕੂਲੀ ਬੱਚਿਆਂ ਦੀ ਸੁਰੱਖਿਅਤ ਆਵਾਜਾਈ ਯਕੀਨੀ ਬਣਾਉਣ ਲਈ ਕੋਈ ਕੁਤਾਹੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਗਿਆ ਕਿ ਜੇਕਰ ਸਕੂਲਾਂ ਦੇ ਵਾਹਨਜ ਜਾਂ ਪ੍ਰਾਈਵੇਟ ਵਾਹਨ ਹਰ ਪਖੋਂ ਸਹੀ ਹੋਣਗੇ ਤਾਂ ਹੀ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕਦੀ ਹੈ। ਬੱਚਿਆਂ ਦੀ ਸੁਰੱਖਿਆ ਪ੍ਰਸ਼ਾਸਨ, ਸਕੂਲਾਂ, ਮਾਪਿਆਂ ਆਦਿ ਸਭ ਦੀ ਸਮੂਹਿਕ ਜਿੰਮੇਵਾਰੀ ਹੈ।

## ਨਸ਼ੇ ਦੇ ਆਦੀ ਵਿਅਕਤੀ ਤੋਂ ਲਾਇਟਰ, ਸਿਲਵਰ ਪੇਪਰ ਦੀ ਪੰਨੀ ਤੇ ਨੋਟ ਬ੍ਰਾਮਦ

ਪਟਿਆਲਾ, 14 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸਾਹਿਲ ਪੁਰੀ ਵਾਸੀ ਮੁਹੱਲਾ ਘੜਾਮ ਪੱਤੀ ਸਮਾਣਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਭਾਰਤ ਭੂਸ਼ਣ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਿਜਲੀ ਬੋਰਡ ਵਰਕਸ਼ਾਪ ਪਟਿਆਲਾ ਪਾਸ ਮੌਜੂਦ ਸੀ, ਜੋ ਦੇਖਿਆ ਕਿ ਵਰਕਸ਼ਾਪ ਦੇ ਪਿੱਛੇ ਬੈਠਾ ਕਥਿਤ ਦੋਸ਼ੀ ਨਸ਼ੇ ਦਾ ਸੇਵਨ ਕਰ ਰਿਹਾ ਸੀ, ਜੋ ਦੋਸ਼ੀ ਨੂੰ ਕਾਬੂ ਕਰਕੇ 1 ਲਾਇਟਰ, 1 ਸਿਲਵਰ ਪੇਪਰ ਦੀ ਪੰਨੀ ਅਤੇ 10 ਰੁਪਏ ਦਾ ਨੋਟ ਬ੍ਰਾਮਦ ਹੋਇਆ।

## ਯੂਨੀਵਰਸਲ ਸਿੱਖ ਵੈਲਫੇਅਰ ਸੁਸਾਇਟੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸਬੰਧੀ ਪ੍ਰੋਗਰਾਮ ਉਲੀਕੇ

ਪਟਿਆਲਾ, 14 ਜੁਲਾਈ (ਚ.ਨ.ਸ.) : ਪਾਤਸ਼ਾਹੀ ਨੌਵੀਂ ਧੰਨ-ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 350ਵੇਂ ਸ਼ਹੀਦੀ ਗੁਰਪੁਰਬ (ਜੋ ਕਿ ਨਵੰਬਰ 2025 ਵਿੱਚ ਆ ਰਿਹਾ ਹੈ), ਦੇ ਸਬੰਧ ਵਿੱਚ ਹੇਠ ਲਿਖੇ ਪ੍ਰੋਗਰਾਮ ਉਲੀਕੇ ਗਏ। ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਗੁਰੂ ਨਾਨਕ ਨਾਮ ਲੇਵਾ ਪ੍ਰਾਣੀਆਂ ਦੇ ਸਹਿਯੋਗ ਨਾਲ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਅਪਾਰ ਰਹਿਮਤ ਬਖਸ਼ਿਸ਼ ਸਦਕਾ ਸ਼ਤਾਬਦੀ ਸਮਾਗਮਾਂ ਨੂੰ ਚੜ੍ਹਦੀਕਲਾ ਵਿੱਚ ਮਨਾਉਣ ਲਈ ਯੂਨੀਵਰਸਲ ਸਿੱਖ ਵੈਲਫੇਅਰ ਸੁਸਾਇਟੀ ਅਤੇ ਇਸ ਦੀ ਇਕਾਈ ਨਿਸ਼ਕਾਮ ਸੇਵਾ ਦਲ ਬਹਾਦਰਗੜ੍ਹ, ਸ਼ਹੀਦ ਭਾਈ ਤਾਰੂ ਸਿੰਘ ਸੇਵਾ ਦਲ ਦੇ ਸਮੂਹ ਅਹੁਦੇਦਾਰ, ਮੈਂਬਰਾਨ ਅਤੇ ਇਲਾਕੇ ਦੀਆਂ ਸੰਗਤਾਂ ਵਚਨਬੱਧ ਹਨ।ਸਮਾਗਮਾਂ ਦੀ ਸ਼ੁਰੂਆਤ ਲਈ ਅਰਦਾਸ 6 ਦਸੰਬਰ 2024ਨੂੰ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਵਿਖੇ ਕੀਤੀ ਗਈ ਸੀ। ਸ਼ਤਾਬਦੀ ਵਿੱਚ ਇਲਾਕੇ ਦੇ ਵੱਖ-ਵੱਖ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਅਤੇ ਸ਼ਬਦ ਵਿਚਾਰ ਦਾ ਪਰੋਗਰਾਮ ਉਲੀਕਿਆ ਗਿਆ ਹੈ। ਇਸ ਪ੍ਰੋਗਰਾਮ ਤਹਿਤ ਪਾਤਸ਼ਾਹੀ ਨੌਵੀਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਨਾਲ ਸਬੰਧਤ ਉਨ੍ਹਾਂ ਸਥਾਨਾਂ ਦੇ ਵੀ ਦਰਸ਼ਨ ਕਰਵਾਏ ਜਾਣਗੇ ਜਿਨ੍ਹਾਂ ਰਾਹਾਂ 'ਤੇ ਰੰਗਰੇਟਾ ਗੁਰੂ ਕਾ ਬੇਟਾ ਭਾਈ ਜੀਵਨ ਸਿੰਘ ਜੀ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸਨ। ਇਸ ਪਰੋਗਰਾਮ ਤਹਿਤ ਸਾਰਾ ਸਮਾਗਮ ਬੱਚਿਆਂ ਵੱਲੋਂ ਹੀ ਕੀਤਾ ਜਾਵੇਗਾ। ਕੀਰਤਨ, ਲੈਕਚਰ,ਅਰਦਾਸ ਉਪਰੰਤ ਹੁਕਮਨਾਮਾ ਅਤੇ ਸਮਾਪਤੀ ਸਭ ਕੁਝ ਹੀ ਬੱਚਿਆਂ ਵੱਲੋਂ ਕੀਤਾ ਜਾਵੇਗਾ।ਬੱਚਿਆਂ ਦਾ ਇਨਾਮੀ ਸ਼ਬਦ ਗਾਇਨ ਮੁਕਾਬਲਾ ਕਰਵਾਇਆ ਜਾਵੇਗਾ। ਸ੍ਰੀ ਅਖੰਡ ਪਾਠ ਸਾਹਿਬ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ , ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ 14 ਨਵੰਬਰ 2025 ਅਰੰਭ ਅਤੇ 16 ਨਵੰਬਰ,2025 ਨੂੰ ਭੋਗ ਪੈਣਗੇ।ਨਗਰ ਕੀਰਤਨ ਪਟਿਆਲਾ ਤੋਂ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਲਈ ਸ਼ਰਧਾਪੂਰਵਕ ਲਿਜਾਇਆ ਜਾਵੇਗਾ। ਇਲਾਕੇ ਦੀਆਂ ਸੰਗਤਾਂ ਵੱਲੋਂ ਸਾਂਝਾ ਕੀਰਤਨ ਦਰਬਾਰ ਕਰਵਾਇਆ ਜਾਵੇਗਾ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਆਈ.ਡੀ.ਪੀ. ਦੀ ਜ਼ਿਲ੍ਹਾ ਇਕਾਈ ਦੀ ਵਿਚਾਰ-ਚਰਚਾ 19 ਜੁਲਾਈ ਨੂੰ

ਨਾਭਾ, 14 ਜੁਲਾਈ (ਚੌਧਰੀਮਾਜਰਾ) : ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਲੇਟਫਾਰਮ (ਆਈਡੀਪੀ) ਦੀ ਜ਼ਿਲ੍ਹਾ ਕਮੇਟੀ ਦੀ ਇਕੱਤਰਤਾ



ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਮਨਪ੍ਰੀਤ ਕੌਰ ਰਾਜਪੁਰਾ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਆਈਡੀਪੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਧਨੇਠਾ , ਗੁਰਮੀਤ ਸਿੰਘ ਥੂਹੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਵੱਖ-ਵੱਖ ਏਜੰਡਿਆਂ ਨੂੰ ਲੈ ਕੇ ਗੱਲਬਾਤ ਕੀਤੀ ਗਈ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਅਤੇ ਸਮੁੱਚੇ ਦੇਸ਼ ਦੀ ਰਾਜਨੀਤੀ ਦਿਸ਼ਾਹੀਣ ਹੈ ।ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ।ਸਰਕਾਰਾਂ ਡੰਗ ਟਪਾਊ ਤਰੀਕੇ ਦੀ ਰਾਜਨੀਤੀ ਕਰਨ ਲੱਗੀਆਂ ਹੋਈਆਂ ਹਨ।ਇਸ ਲਈ ਲੋਕਾਂ ਨੂੰ ਅਜਿਹੇ ਮੁੱਦਿਆਂ 'ਤੇ ਇੱਕਜੁੱਟ ਹੋਣ ਦੀ ਲੋੜ ਹੈ। ਇਸ ਮੌਕੇ ਆਈਡੀਪੀ ਵੱਲੋਂ ਹੋਣ ਵਾਲੀਆਂ ਸਰਗਰਮੀਆਂ ਤੇ ਚਰਚਾ ਕੀਤੀ ਗਈ ਤੇ ਇਹ ਵੀ ਫੈਸਲਾ ਕੀਤਾ ਗਿਆ ਕਿ 'ਮੌਜੂਦਾ ਰਾਜਨੀਤਿਕ ਹਾਲਾਤਾਂ ਵਿੱਚ ਭਵਿੱਖ ਦੀ ਰਾਜਨੀਤੀ ਦਿਸ਼ਾ ਕੀ ਹੋਵੇ ?' ਵਿਸ਼ੇ ਨੂੰ ਲੈ ਕੇ ਵਿਚਾਰ ਚਰਚਾ 19 ਜੁਲਾਈ ਨੂੰ ਸਵੇਰੇ 10 ਵਜੇ ਤੋਂ ਤਰਕਸ਼ੀਲ ਭਵਨ ਪਟਿਆਲਾ ਵਿਖੇ ਕਰਵਾਈ ਜਾਵੇਗੀ। ਜਿਸ 'ਤੇ ਮੁੱਖ ਬੁਲਾਰੇ ਸੀਨੀਅਰ ਪੱਤਰਕਾਰ ਅਤੇ ਉੱਘੇ ਚਿੰਤਕ ਹਮੀਰ ਸਿੰਘ ਹੋਣਗੇ। ਇਸ ਮੌਕੇ ਗੁਰਤੇਜ ਸਿੰਘ ਸਮਾਣਾ, ਰਾਜ ਕੁਮਾਰ ਕਨਸੂਹਾ, ਕੁਲਵਿੰਦਰ ਕੌਰ ਰਾਮਗੜ੍ਹ, ਸੁਨੀਤਾ ਰਾਣੀ ਕੈਦੂਪੁਰ, ਜੰਗੀਰ ਸਿੰਘ ਪਟਿਆਲਾ, ਕਸ਼ਮੀਰਾ ਸਿੰਘ ਥੂਹੀ ਆਦਿ ਨੇ ਸ਼ਮੂਲੀਅਤ ਕੀਤੀ।

## ਸੜਕ ਹਾਦਸੇ 'ਚ ਜ਼ਖ਼ਮੀ

ਘਨੌਰ, 14 ਜੁਲਾਈ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਕੋਲ ਗੁਰਜੰਟ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਆਲਮਪੁਰ ਨੇ ਬੱਸ ਦੇ ਡਰਾਇਵਰ ਦਰਸ਼ਨ ਸਿੰਘ ਵਾਸੀ ਪਿੰਡ ਰਾਏਧਰਾਨਾ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਸੁਹਰਾ ਅਵਤਾਰ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਭੱਦਕ ਪਾਸ ਜਾ ਰਿਹਾ ਸੀ, ਜੋ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਬੱਸ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਅਵਤਾਰ ਸਿੰਘ ਵਿੱਚ ਮਾਰੀ, ਜਿਸ ਕਾਰਨ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਧਾਰਾ 281,125 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 14 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸ਼ੰਭੂ ਪੁਲਿਸ ਨੇ ਕਥਿਤ ਦੋਸ਼ੀ ਜਸਪਿੰਦਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਠੀਕਰੀਵਾਲਾ ਉਚਾ ਥਾਣਾ ਕਾਦੀਆ ਜ਼ਿਲ੍ਹਾ ਗੁਰਦਾਸਪੁਰ ਵਿਰੁੱਧ ਧਾਰਾ 22,61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏ.ਐਸ.ਆਈ. ਜਜਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਤੇਪਲਾ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 1140 ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਖ਼ੂਨਦਾਨ ਕੈਂਪ ਭਲਕੇ



ਸਨੌਰ, 14 ਜੁਲਾਈ (ਗੁਰਜੀਤ ਸਿੰਘ ਚੌਹਾਨ) ਆਮ ਆਦਮੀ ਪਾਰਟੀ ਪਟਿਆਲਾ ਲੋਕ ਸਭਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਢਿੱਲੋਂ ਫਨ ਵਰਲਡ ਜੋੜੀਆਂ ਸੜਕਾਂ ਦੇਵੀਗੜ੍ਹ ਰੋਡ ਵਿਖੇ 16 ਜੁਲਾਈ ਨੂੰ ਸਮਾਂ ਸਵੇਰੇ 9 ਵਜੇ ਤੋਂ ਲੈ ਕੇ 4 ਵਜੇ ਤੱਕ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਡਾਕਟਰਾਂ ਦੀ ਟੀਮ ਰਾਹੀਂ ਖੂਨ ਦੇ ਯੂਨਿਟ ਇਕੱਠਰ ਕਰਨਗੇ। ਇਸ ਸਮੇਂ ਬਲੱਡ ਬੈਂਕਾਂ ਵਿੱਚ ਖੂਨ ਦੀ ਭਾਰੀ ਘਾਟ ਚੱਲ ਰਹੀ ਹੈ,ਕਿਉਂਕਿ ਖ਼ੂਨਦਾਨ ਕੈਂਪ ਬਹੁਤ ਘੱਟ ਲੱਗ ਰਹੇ ਹਨ। ਉਨ੍ਹਾਂ ਆਮ ਲੋਕਾਂ ਅਤੇ ਖੂਨਦਾਨੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਪਹੁੰਚ ਕੇ ਖੂਨਦਾਨ ਕਰਨ ਤਾਂ ਜੋ ਖੂਨ ਦੀ ਕਮੀ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਪਟਿਆਲਾ ਲੋਕ ਸਭਾ ਦੇ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ, ਮੈਨੇਜਰ ਕੇਵਲ ਕ੍ਰਿਸ਼ਨ, ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਗੁਰਸ਼ਰਨ ਸਿੰਘ ਢਿੱਲੋਂ, ਰਜਿੰਦਰ ਸਿੰਘ ਕੋਹਲੀ ਮੀਡੀਆ ਅਤੇ ਸ਼ਰਨਜੀਤ ਸਿੰਘ ਹਾਜ਼ਰ ਸੀ।

## ਤੁਰਨ-ਫਿਰਨ ਤੋਂ ਅਸਮਰੱਥ ਲੋੜਵੰਦਾਂ ਲਈ ਟ੍ਰਾਈਸਾਈਕਲ ਤੇ ਵੀਲ੍ਹਚੇਅਰ ਦੇਣ ਦਾ ਉਪਰਾਲਾ ਸ਼ਲਾਘਾਯੋਗ: ਪਰਮਿੰਦਰ ਭਲਵਾਨ, ਪ੍ਰਦੀਪ ਕੁਮਾਰ

ਪਟਿਆਲਾ, 14 ਜੁਲਾਈ (ਚ.ਨ.ਸ.) : ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਚਾਰ ਲੋੜਵੰਦ ਮਰੀਜ਼ਾਂ ਲਈ ਟਰਾਈਸਾਈਕਲ ਅਤੇ ਵੀਲਚੇਅਰ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ,ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਵਿਸ਼ੇਸ਼ ਤੌਰ 'ਤੇ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਝ ਕੇਂਦਰ ਪਟਿਆਲਾ, ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਸਟੇਟ ਐਵਾਰਡੀ ਰੁਪਿੰਦਰ ਕੌਰ , ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ



ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਸ਼ਿਰਕਤ ਕੀਤੀ, ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਐਸ.ਆਈ. ਪ੍ਰਦੀਪ ਕੁਮਾਰ, ਐਸ.ਆਈ. ਜਸਪਾਲ ਸਿੰਘ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਚਾਰ ਲੋੜਵੰਦ ਮਰੀਜ਼ਾਂ ਲਈ ਟਰਾਈਸਾਈਕਲ ਅਤੇ ਵੀਲ੍ਹਚੇਅਰ ਦੇਣਾ ਸ਼ਲਾਘਾਯੋਗ ਉਪਰਾਲਾ ਹੈ । ਉਹਨਾਂ ਕਿਹਾ ਕਿ ਤੁਰਨ ਫਿਰਨ ਤੋਂ ਅਸਮੱਰਥ ਮਰੀਜ਼ਾਂ ਦੀ ਸਹਾਇਤਾ ਲਈ ਇਹ ਉਪਰਾਲੇ ਸ਼ਲਾਘਾਯੋਗ ਹਨ ਅਤੇ ਉਹਨਾਂ ਕਿਹਾ ਕਿ ਮਾਨਵਤਾ ਦੀ ਸੇਵਾ ਹੀ ਸੱਚੀ ਸੇਵਾ ਹੈ, ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਐਸ ਆਈ ਜਸਪਾਲ ਸਿੰਘ ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ ਅਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵਲੋ ਪਿੰਡਾਂ ਵਿਚ ਜਾ ਕੇ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ, ਉਹਨਾਂ ਕਿਹਾ ਕਿ ਉਹੋ ਸਮਾਜ ਸੇਵੀ ਕੰਮਾਂ ਲਈ ਦਿਨ ਰਾਤ ਹਾਜ਼ਰ ਹਨ।

## ਮਾਲ ਤੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਸੇਵਾਵਾਂ ਸੇਵਾ ਕੇਂਦਰ 'ਤੇ ਡੋਰ ਸਟੈੱਪ ਸਰਵਿਸ ਡਲਿਵਰੀ ਰਾਹੀਂ ਉਪਲੱਬਧ: ਡੀ.ਸੀ.

**☛ਪਟਿਆਲਾ ਵਾਸੀਆਂ ਨੂੰ 440 ਸੇਵਾਵਾਂ ਘਰਾਂ 'ਚ ਹੋ ਰਹੀਆਂ ਨੇ ਮੁਹੱਈਆ; ਡਾ. ਪ੍ਰੀਤੀ ਯਾਦਵ**



ਪਟਿਆਲਾ, 14 ਜੁਲਾਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ 440 ਸੇਵਾਵਾਂ ਡੋਰ ਸਟੈੱਪ ਸਰਵਿਸ ਡਲਿਵਰੀ ਰਾਹੀਂ ਲੋਕਾਂ ਨੂੰ ਘਰਾਂ ਵਿੱਚ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਆਨ ਲਾਈਨ ਫ਼ਰਦ ਤੋਂ ਲੈ ਕੇ ਡਰਾਈਵਿੰਗ ਲਾਇਸੈਂਸ ਤੱਕ ਦੀ ਸਹੂਲਤ ਲੋਕਾਂ ਨੂੰ ਉਨ੍ਹਾਂ ਦੀਆਂ ਬਰੂੰਹਾਂ 'ਤੇ ਪ੍ਰਦਾਨ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹਾ ਆਈ.ਟੀ. ਮੈਨੇਜਰ ਰੋਬਿਨ ਸਿੰਘ ਨਾਲ ਬੈਠਕ ਦੌਰਾਨ ਦੱਸਿਆ ਕਿ ਪਟਿਆਲਾ ਵਾਸੀ 1076 ਨੰਬਰ 'ਤੇ ਕਾਲ ਕਰਕੇ 26 ਵਿਭਾਗਾਂ ਦੀਆਂ 440 ਪ੍ਰਕਾਰ ਦੀਆਂ ਸੇਵਾਵਾਂ ਘਰ ਬੈਠੇ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਜਿਸ ਵਿੱਚ ਵਿਰਾਸਤ ਜਾਂ ਰਜਿਸਟਰੀ ਇੰਤਕਾਲ, ਜਮ੍ਹਾਬੰਦੀ 'ਚ ਦਰੁਸਤੀ ਜਾਂ ਰਪਟ ਦਰਜ, ਸਕ੍ਰਿਪਸ਼ਨ ਬੇਨਤੀ (ਤਬਦੀਲੀ ਮੈਸੇਜ ਰਾਹੀਂ ਜਾਣੂ ਹੋਣ ਲਈ), ਡਿਜੀਟਲ ਫ਼ਰਦ ਜਮ੍ਹਾਬੰਦੀ ਲੈਣ ਲਈ ਲੋਕਾਂ ਨੂੰ ਤਹਿਸੀਲ ਦਫ਼ਤਰ ਜਾਂ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਰਹੀ। ਇਹ ਸਾਰੀਆਂ 34 ਸੇਵਾਵਾਂ ਪਟਿਆਲਾ ਵਾਸੀ ਜ਼ਿਲ੍ਹੇ ਦੇ 42 ਨੇੜਲੇ ਸੇਵਾ ਕੇਂਦਰ 'ਚ ਜਾ ਫੇਰ ਘਰ ਬੈਠੇ 1076 ਰਾਹੀਂ ਆਸਾਨੀ ਨਾਲ ਉਪਲੱਬਧ ਹਨ।ਉਨ੍ਹਾਂ ਦੱਸਿਆ ਕਿ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੰਸ ਲਈ ਅਰਜ਼ੀ, ਲਰਨਰ ਲਾਇਸੰਸ ਵਿੱਚ ਪਤਾ ਬਦਲਣਾ, ਲਰਨਰ ਲਾਇਸੰਸ ਵਿੱਚ ਨਾਂ ਬਦਲਣਾ, ਲਰਨਰ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੰਸ ਦੀ ਬਦਲੀ, ਡਰਾਈਵਿੰਗ ਲਾਇਸੰਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੰਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੰਸ ਨਵਿਆਉਣਾ, ਲਰਨਰ ਲਾਇਸੰਸ ਦੀ ਮਿਆਦ ਵਧਾਉਣਾ ਸੇਵਾਵਾਂ ਵੀ ਘਰ ਬੈਠੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਆਰ.ਸੀ ਨਾਲ ਸਬੰਧਿਤ ਸੇਵਾਵਾਂ ਜਿਸ ਵਿੱਚ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਨਕਲ ਲਈ ਅਰਜ਼ੀ, ਆਰ.ਸੀ ਲਈ ਐਨ.ਓ.ਸੀ. ਦੀ ਅਰਜ਼ੀ, ਆਰ.ਸੀ. ਵਿੱਚ ਪਤਾ ਬਦਲਣਾ, ਫ਼ੀਸ ਦੇ ਕੇ ਆਰ.ਸੀ. ਡੀਟੇਲ ਵੇਖਣਾ, ਵਾਹਨ ਦੀ ਟਰਾਂਸਫ਼ਰ ਆਫ਼ ਆਨਰਸ਼ਿਪ (ਨਾਨ ਟਰਾਂਸਪੋਰਟ), ਮਾਲਕੀ ਤਬਦੀਲੀ ਮਾਮਲੇ ਵਿੱਚ ਲਾਈਫ਼ ਟਾਈਮ ਟੈਕਸ ਦੀ ਅਦਾਇਗੀ, ਹਾਇਰ ਪਰਚੇਜ ਐਗਰੀਮੈਂਟ ਦੀ ਐਂਡੋਰਸਮੈਂਟ, ਮੋਬਾਈਲ ਨੰਬਰ ਅੱਪਡੇਟ ਕਰਵਾਉਣਾ, ਫਿਟਨੈੱਸ ਸਰਟੀਫਿਕੇਟ ਦੀ ਨਕਲ, ਕਮਰਸ਼ੀਅਲ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਆਦਿ ਸੇਵਾਵਾਂ ਵੀ ਉਪਲਬਧ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾ ਰਹੀ ਇਸ ਡੋਰ ਸਟੈੱਪ ਸਰਵਿਸ ਰਾਹੀਂ 1076 'ਤੇ ਕਾਲ ਕਰਕੇ ਘਰ ਬੈਠੇ ਹੀ ਪ੍ਰਸ਼ਾਸਨਿਕ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਆਪਣੇ ਕੀਮਤੀ ਸਮੇਂ ਦੀ ਬੱਚਤ ਕਰਨ।

## 20 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 14 ਜੁਲਾਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਮਿਤ ਸ਼ਰਮਾ ਵਾਸੀ ਗਲੀ ਨੰ. 1 ਹੀਰਾ ਬਾਗ ਨੇੜੇ ਚੰਡੀ ਦੇਵੀ ਮੰਦਰ ਰਾਜਪੁਰਾ ਰੋਡ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਗੁਰਬਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਫੇਸ-2 ਅਰਬਨ ਅਸਟੇਟ ਪਟਿਆਲਾ ਮੌਜੂਦ ਸੀ। ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 20 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਜੇਲ੍ਹ 'ਚੋਂ ਮੋਬਾਇਲ ਫੋਨ ਤੇ ਸਿੰਮ ਬ੍ਰਾਮਦ

ਪਟਿਆਲਾ, 14 ਜੁਲਾਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਬਾਲ ਕ੍ਰਿਸ਼ਨ ਸਹਾਇਕ ਸੁਪਰਡੈਂਟ ਕੇਂਦਰੀ ਜੇਲ ਪਟਿਆਲਾ ਨੇ ਕਥਿਤ ਦੋਸ਼ੀ ਹਵਾਲਾਤੀ ਮੋਹਿਤ ਵਾਸੀ ਪਿੰਡ ਚੱਕ ਪਨਾਵਾਲੀ ਜ਼ਿਲ੍ਹਾ ਫਾਜ਼ਿਲਕਾ ਅਤੇ ਹਵਾਲਾਤੀ ਉਂਕਾਰ ਸਿੰਘ ਵਾਸੀ ਪਿੰਡ ਮਲਪਾਣੀ ਥਾਣਾ ਝਾਂਸਾ ਜ਼ਿਲ੍ਹਾ ਕੁਰਕਸ਼ੇਤਰ ਹਰਿਆਣਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਮੁਰਗੀ ਹਾਤੇ ਦੇ ਕੈਦੀ ਨਿਗਰਾਨ ਗੁਰਪ੍ਰੀਤ ਸਿੰਘ ਨਾਲ ਕਿਸੇ ਗਲ ਨੂੰ ਲੈ ਕੇ ਕਥਿਤ ਦੋਸ਼ੀਆਂ ਨਾਲ ਲੜਾਈ ਹੋ ਗਈ, ਜੋ ਪਤਾ ਲੱਗਿਆ ਕਿ ਇਸ ਲੜਾਈ ਦਾ ਕਾਰਨ ਮੋਬਾਇਲ ਫੋਨ ਹੈ ਅਤੇ ਕਥਿਤ ਦੋਸ਼ੀ ਮੋਬਾਇਲ ਫੋਨ ਚਲਾ ਰਹੇ ਸਨ, ਜੋ ਪੜਤਾਲ ਕਰਨ 'ਤੇ ਦੋਸ਼ੀ ਮੋਹਿਤ ਨੇ 1 ਕੀਪੈਡ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਬਿਨ੍ਹਾ ਸਿਮ ਕਾਰਡ ਹੈਡ ਵਾਰਡਰ ਦੇ ਹਵਾਲੇ ਕਰ ਦਿੱਤਾ ਅਤੇ ਇਸੇ ਤਰ੍ਹਾਂ ਉਂਕਾਰ ਸਿੰਘ ਨੇ ਵੀ 1 ਕੀਪੈਡ ਕੰਪਨੀ ਦਾ ਮੋਬਾਇਲ ਸਮੇਤ ਬੈਟਰੀ ਤੇ ਵੀਆਈ ਕੰਪਨੀ ਦਾ ਸਿਮ ਕਾਰਡ ਵਾਰਡਰ ਦੇ ਹਵਾਲੇ ਕਰ ਦਿੱਤਾ।ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਹਰਿਆਲੀ ਮੁਹਿੰਮ ਤਹਿਤ ਸੂਬੇ ਅੰਦਰ 8.5 ਲੱਖ ਪੌਦੇ ਲਗਾਏ ਜਾਣਗੇ : ਡਾ. ਜਗਜੀਤ ਸਿੰਘ ਧੂਰੀ, ਭੁਪਿੰਦਰ ਸਿੰਘ

ਦੇਵੀਗੜ੍ਹ, 14 ਜੁਲਾਈ (ਗੁਰਜੀਤ ਸਿੰਘ ਚੌਹਾਨ) : ਪਿਛਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਮਿਸ਼ਨ ਹਰਿਆਲੀ - 2025 ਦੇ ਆਗਾਜ਼ ਸੰਬੰਧੀ 8.5 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਸਬੰਧੀ ਆਪਣਾ ਪੰਜਾਬ ਫਾਊਂਡੇਸ਼ਨ ਦੇ ਸੰਸਥਾਪਕ ਡਾ. ਜਗਜੀਤ ਸਿੰਘ ਧੂਰੀ ਅਤੇ ਸੀਨੀਅਰ ਮੀਤ ਪ੍ਰਧਾਨ ਭੁਪਿੰਦਰ ਸਿੰਘ ਐਮ.ਡੀ. ਮਾਤਾ ਗੁਜਰੀ ਸਕੂਲ਼ ਦੇਵੀਗੜ੍ਹ ਨੇ ਕਿਹਾ ਕਿ ਮਿਸ਼ਨ 2025 ਤਹਿਤ 7 ਜੁਲਾਈ ਤੋਂ ਲੈ ਕੇ 16 ਜੁਲਾਈ ਤੱਕ ਵਿਦਿਆਰਥੀ, ਮਾਤਾ ਪਿਤਾ ਅਤੇ ਸਕੂਲ ਸਟਾਫ ਦੀ ਮਦਦ ਨਾਲ 8.5 ਲੱਖ ਬੂਟਾ ਲਗਾਏਗਾ। ਫੈਡਰੇਸ਼ਨ ਵੱਲੋਂ ਪਹਿਲਾਂ ਵੀ 2022 ਵਿੱਚ 5 ਲੱਖ, 2023 ਵਿੱਚ 7 ਲੱਖ ਅਤੇ 2024 ਵਿੱਚ 8 ਲੱਖ ਪੌਦੇ ਲਗਾ ਕੇ ਵਿਸ਼ਵ ਰਿਕਾਰਡ ਬਣਾਏ ਗਏ। ਉਹਨਾ ਦੱਸਿਆ ਕਿ ਸਭ ਤੋਂ ਵੱਡਾ ਮਨੁੱਖੀ ਦਰੱਖਤ ਵਿਸ਼ਵ ਰਿਕਾਰਡ ਵਿੱਚ ਦਰਜ ਹੈ, ਜਿਸ ਵਿੱਚ 11000 ਵਿਦਿਆਰਥੀਆਂ ਨੇ ਭਾਗ ਲਿਆ। ਫੈਡਰੇਸ਼ਨ ਦੀ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਸਕੂਲੀ ਬੱਸਾਂ



ਉੱਪਰ ਪਾਣੀ ਬਚਾਓ ਅਤੇ ਰੁੱਖ ਲਗਾਓ ਦੇ ਪੋਸਟਰ ਲਗਾ ਕੇ ਸਮਾਜ ਨੂੰ ਸੁਚੇਤ ਕੀਤਾ ਜਾਵੇਗਾ। ਇਸ ਮੁਹਿੰਮ ਵਿੱਚ ਵਿਦਿਆਰਥੀਆਂ ਦੇ ਨਾਲ- ਨਾਲ ਉਹਨਾਂ ਦੇ ਮਾਪੇ ਵੀ ਭਾਗ ਲੈਣਗੇ ਅਤੇ ਆਪਣੀ ਮਨਪਸੰਦ ਜਗ੍ਹਾ ਉੱਪਰ ਇੱਕ ਪੌਦਾ ਲਗਾਉਣਗੇ, ਜਿਸ ਦੀ ਫੋਟੋ ਅਤੇ ਲੋਕੇਸ਼ਨ ਉਹ ਫਾਊਂਡੇਸ਼ਨ ਵੱਲੋਂ ਬਣਾਈ ਐਪ ਉੱਪਰ ਸਾਂਝੀ ਕਰਨਗੇ। ਮੁਹਿੰਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਰਟੀਫ਼ਿਕੇਟ ਵੰਡੇ ਜਾਣਗੇ। ਜਿਹਨਾਂ ਦਾ ਜ਼ਿਕਰ ਉਹਨਾਂ ਦੇ ਰਿਪੋਰਟ ਕਾਰਡ ਵਿੱਚ ਹੋਵੇਗਾ। ਇਹ ਪੌਦੇ ਪੰਚਾਇਤੀ ਜ਼ਮੀਨਾਂ, ਸੜਕਾਂ ਦੇ ਆਸੇ ਪਾਸੇ, ਪਾਰਕਾਂ ਅਤੇ ਸੰਸਥਾਵਾਂ ਵਿੱਚ ਉਹਨਾਂ ਦੀ ਆਗਿਆ ਲੈ ਕੇ ਲਗਾਏ ਜਾਣਗੇ। ਇਸ ਤੋਂ ਇਲਾਵਾ, ਪਾਣੀ ਬਚਾਓ ਮੁਹਿੰਮ ਅਤੇ ਪੰਜਾਬੀ ਮੂਲ ਰੁੱਖਾਂ ਦੀ ਸੰਭਾਲ ਵਾਸਤੇ ਸ਼੍ਰੀ ਗੁਰੂ ਨਾਨਕ ਬਗੀਚੀਆਂ ਲਗਾਈਆਂ ਜਾਣਗੀਆਂ।

## 24 ਬੋਤਲਾਂ ਸ਼ਰਾਬ ਸਮੇਤ ਇੱਕ ਗ੍ਰਿਫਤਾਰ

ਨਾਭਾ, 14 ਜੁਲਾਈ (ਬਲਜਿੰਦਰ ਮਾਨ) : ਪੁਲਿਸ ਥਾਣਾ ਸਦਰ ਨਾਭਾ ਤੋਂ ਇੱਕ ਵਿਅਕਤੀ ਨੂੰ ਦੇਸੀ ਸ਼ਰਾਬ ਸਮੇਤ ਗ੍ਰਿਫ਼ਤਾਰ ਕਰਨ ਦੀ ਖ਼ਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਅਧਿਕਾਰੀ ਅਰਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਮੰਡੋਰ ਨੇੜੇ ਮੌਜੂਦ ਸਨ ਅਤੇ ਸ਼ੱਕ ਦੇ ਆਧਾਰ 'ਤੇ ਮੁਲਜ਼ਮ ਨੂੰ ਰੋਕ ਕੇ ਉਸ ਤੋਂ ਕਲੱਬ ਮਾਲਟਾ ਹਰਿਆਣਾ ਦੀ 24 ਬੋਤਲਾਂ ਦੇਸੀ ਸ਼ਰਾਬ ਬਰਾਮਦ ਕੀਤੀ ਗਈ, ਜਿਸ ਕਾਰਨ ਮੱਖਣ ਸਿੰਘ ਪੁੱਤਰ ਭੂਰਾ ਸਿੰਘ ਵਾਸੀ ਪਿੰਡ ਮੰਡੋਰ, ਥਾਣਾ ਸਦਰ ਨਾਭਾ ਵਿਰੁੱਧ ਧਾਰਾ 61/1/14 ਦੇ ਤਹਿਤ ਐਫਆਈਆਰ ਨੰਬਰ 115 ਦਰਜ ਕੀਤੀ ਗਈ ਹੈ।

## ਮੇਅਰ ਕੁੰਦਨ ਗੋਗੀਆ ਨੇ ਗੁਲਾਬ ਦੇ ਪੌਦੇ ਲਗਾ ਕੇ ਆਪਣਾ ਜਨਮ ਦਿਨ ਮਨਾਇਆ

ਪਟਿਆਲਾ, 14 ਜੁਲਾਈ (ਚ.ਨ.ਸ.) : ਰੋਜ਼ ਗਾਰਡਨ ਵਿੱਚ ਸ਼ਾਹੀ ਸ਼ਹਿਰ ਪਟਿਆਲਾ ਦੇ ਪਹਿਲੇ ਨਾਗਰਿਕ ਮੇਅਰ ਕੁੰਦਨ ਗੋਗੀਆ ਦਾ 64ਵਾਂ ਜਨਮ ਦਿਨ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਦੇ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ



ਗੁਲਾਬ (ਰੋਜ਼ ) ਦੇ ਪੌਦੇ ਲਗਾ ਕੇ ਜਨਮ ਦਿਨ ਮਨਾਇਆ। ਪੌਦੇ ਲਗਾਉਂਦਿਆ ਮੇਅਰ ਗੋਗੀਆ ਨੇ ਆਮ ਪਬਲਿਕ ਨੂੰ ਅਪੀਲ ਕੀਤੀ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਹਰ ਇਨਸਾਨ ਆਪਣੇ ਜਨਮ ਦਿਨ 'ਤੇ 'ਹਰ ਮਨੁੱਖ ਲਾਵੇ ਦੋ ਰੁੱਖ' ਜੋ ਮੁਹਿੰਮ ਪਿਛਲੇ ਦੋ ਦਹਾਕਿਆ ਤੋਂ ਚਲਾਈ ਹੋਈ ਹੈ ਇਜ ਮੁਹਿੰਮ ਨਾਲ ਜੁੜ ਕੇ ਵੱਧ ਤੋ ਵੱਧ ਪੌਦੇ ਲਗਾਈਏ। ਹਰੇਕ ਵਿਅਕਤੀ ਆਪਣੀ ਮਾਂ ਦੇ ਨਾਮ ਤੇ 'ਏਕ ਪੇੜ ਮਾਂ ਕੇ ਨਾਮ' ਜ਼ਰੂਰ ਲਗਾਏ। ਉੱਘੇ ਸਮਾਜ ਸੇਵੀ ਉਪਕਾਰ ਸਿੰਘ ਨੇ ਕਿਹਾ ਸਾਨੂੰ ਆਪਣੇ ਬੱਚਿਆ ਦੇ ਭਵਿੱਖ ਵਾਸਤੇ 'ਹਰ ਮਨੁੱਖ ਲਾਵੇ ਦੋ ਰੁੱਖ' 'ਏਕ ਪੇੜ ਮਾ ਕੇ ਨਾਮ' ਮੁਹਿੰਮ ਨਾਲ ਜੁੜ ਕੇ ਵੱਧ ਤੋ ਵੱਧ ਪੌਦੇ ਲਗਾਓ ਤੇ ਉਹਨਾ ਦੀ ਦੇਖ-ਭਾਲ ਵੀ ਕਰੋ। ਇਸ ਮੌਕੇ ਲਖਬੀਰ ਸਿੰਘ ਲੱਖਾ,ਦੇਵ ਸੋਢੀ, ਖੰਨਾ, ਡਿੰਪੀ, ਵਿਨਸੀ, ਮਹਿਤਾ, ਜਤਿੰਦਰ ਸਿੰਘ, ਸੁਰਿੰਦਰਪਾਲ, ਪੱਪੂ, ਪੰਕਜ, ਚਰਨਪਾਲ ਸਿੰਘ, ਗੁਰਿੰਦਰਪਾਲ, ਗੁਰਵਿੰਦਰ ਸਿੰਘ, ਮੋਰਨਿੰਗ ਕਲੱਬ ਅਤੇ ਸੈਰ ਪ੍ਰੇਮੀਆ ਨੇ ਕੁੰਦਨ ਗੋਗੀਆ ਨੂੰ ਵਧਾਈਆਂ ਦਿੱਤੀਆਂ।

## ਨਗਰ ਨਿਗਮ ਦੇ ਪ੍ਰਸ਼ਾਸਨਿਕ ਤੇ ਰਾਜਨੀਤਿਕ ਤਾਣੇ-ਬਾਣੇ ਉੱਪਰ ਚੇਅਰਮੈਨ ਦਾ ਕਬਜ਼ਾ

**☛ਲੋਕਾਂ ਵੱਲੋਂ ਚੁਣ ਕੇ ਭੇਜੇ ਨੁਮਾਇੰਦੇ ਮੂਕ ਦਰਸ਼ਕ ☛ਸ਼ਹਿਰ ਬੇਹਾਲ, ਅਵਾਰਾ ਕੁੱਤਿਆਂ, ਪਸ਼ੂਆਂ ਦੀ ਭਰਮਾਰ**




ਪਟਿਆਲਾ, 14 ਜੁਲਾਈ (ਗੁਰਮੁੱਖ ਸਿੰਘ ਰੁਪਾਣਾ) : ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਲੋਕਾਂ ਨੂੰ ਵਧੀਆ ਸਹੂਲਤਾਂ ਦੇਣੀਆਂ ਚਾਹੁੰਦੀ ਆ ਅਤੇ ਆਪਣੇ ਵਲੰਟੀਅਰਾਂ ਨੂੰ ਕਮਾਂਡ ਦੇ ਕੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾ ਕੇ ਚੰਗਾ ਪ੍ਰਸ਼ਾਸਨ ਦੇਣ ਲਈ ਦਿਨ ਰਾਤ ਇਕ ਕਰ ਰਹੀ ਹੈ,ਜਦਕਿ ਕੁਝ ਪਾਰਟੀ ਦੇ ਨੁਮਾਇੰਦੇ ਜੋ ਉੱਚ ਅਹੁਦਿਆਂ 'ਤੇ ਬੈਠੇ ਹਨ ਪਾਰਟੀ ਹਾਈ ਕਮਾਂਡ ਨੂੰ ਭਰਮ ਭੁਲੇਖਿਆਂ 'ਚ ਪਾ ਕੇ ਆਪਣੀ ਰਾਜਨੀਤੀ ਚਮਕਾਉਣ ਅਤੇ ਆਪਣਾ 2027 ਦਾ ਉੱਲੂ ਸਿੱਧਾ ਕਰਨ ਦੇ ਮਕਸਦ ਨਾਲ ਸ਼ਹਿਰ ਨੂੰ ਹਾਲੋ ਬੇਹਾਲ ਕਰ ਰਹੇ ਹਨ, ਜਦੋਂ ਨਗਰ ਨਿਗਮ ਦੀਆਂ ਚੋਣਾਂ ਨਹੀਂ ਹੋਈਆਂ ਸਨ, ਉਦੋਂ ਲੋਕਾਂ ਦੀ ਆਵਾਜ਼ ਸੀ ਕਿ ਸਾਡੀ ਸੁਣਵਾਈ ਨਹੀਂ ਹੁੰਦੀ ਅਤੇ ਜਲਦੀ ਚੋਣਾਂ ਹੋਣ ਤਾਂ ਕਿ ਲੋਕ ਆਪਣੇ ਨੁਮਾਇੰਦਿਆਂ ਨੂੰ ਚੁਣ ਕੇ ਕੁਰਸੀ 'ਤੇ ਬਿਠਾ ਸਕਣ ਜਿਹੜੇ ਕਿ ਹਰ ਸ਼ਹਿਰੀ ਲਈ ਸੁੱਖ ਦਾ ਸਾਹ ਲੈ ਕੇ ਆਉਣ। ਚੋਣਾਂ ਹੋਣ ਤੋਂ ਬਾਅਦ ਲੋਕ ਕੁਝ ਜ਼ਿਆਦਾ ਪ੍ਰੇਸ਼ਾਨੀਆਂ ਮਹਿਸੂਸ ਕਰਨ ਲੱਗ ਪਏ ਹਨ। ਦੱਸਿਆ ਜਾ ਰਿਹਾ ਹੈ ਕਿ ਨਗਰ ਨਿਗਮ ਦਾ ਪ੍ਰਸ਼ਾਸਨਿਕ ਤਾਣਾ-ਬਾਣਾ ਇੱਕ ਚੇਅਰਮੈਨ ਦੇ ਹਵਾਲੇ ਹੈ। ਕੋਈ ਵੀ ਵੱਡਾ-ਛੋਟਾ ਕੰਮ ਉਸ ਚੇਅਰਮੈਨ ਦੇ ਇਸ਼ਾਰੇ 'ਤੇ ਹੁੰਦਾ ਹੈ। ਇਹ ਚੇਅਰਮੈਨ ਆਪਣੇ ਚਹੇਤਿਆਂ ਨੂੰ ਨਿਗਮ 'ਚ ਪਿਛਲੇ ਦਰਵਾਜੇ ਤੋਂ ਨੌਕਰੀ ਦਿਵਾਉਣ, ਸ਼ਹਿਰ ਅੰਦਰ ਬਿਲਡਿੰਗਾਂ ਦੀ ਹਨ੍ਹੇਰੀ ਲਿਆਉਣ ਅਤੇ ਹੋਰ ਟੇਢੇ-ਮੇਡੇ ਕੰਮ ਦਬਾਅ ਹੇਠ ਕਰਵਾਉਣ ਲਈ ਅਜਿਹਾ ਕਰ ਰਹੇ ਹਨ। ਸੂਤਰ ਇਹ ਵੀ ਦੱਸਦੇ ਹਨ ਕਿ ਲੋਕਾਂ ਵੱਲੋਂ ਚੁਣ ਕੇ ਕੁਰਸੀ 'ਤੇ ਬਿਠਾਏ ਨੁਮਾਇੰਦੇ ਤੜਕਸਾਰ ਜਾ ਹਨੇਰ ਸਵੇਰ ਰੋਜ਼ਾਨਾ ਵਾਂਗ ਚੇਅਰਮੈਨ ਕੋਲ ਜਾ ਕੇ ਅਸ਼ੀਰਵਾਦ ਦੇ ਰੂਪ 'ਚ ਕੰਮਾਂ ਦੀ ਲਿਸਟ ਦੇ ਕੇ ਜਾਂ ਲੈ ਕੇ ਆਉਂਦੇ ਹਨ, ਜਿਸ ਨੂੰ ਨਿਗਮ ਪ੍ਰਸ਼ਾਸਨ ਨਾਲ ਸਲਾਹ ਮਸ਼ਵਰਾ ਕਰਕੇ ਨਿਪਟਾਇਆ ਜਾਂਦਾ ਹੈ। ਨਿਗਮ ਹਾਊਸ ਦੇ ਮੁੱਖ ਮੈਂਬਰ ਵਜੋਂ ਜਾਣੇ ਜਾਂਦੇ 2 ਵਿਧਾਇਕ, 1 ਕੈਬਨਿਟ ਮੰਤਰੀ ਅਤੇ 1 ਮੈਂਬਰ ਪਾਰਲੀਮੈਂਟ ਨੂੰ ਛੱਡ ਕੇ ਚੇਅਰਮੈਨ ਨਾਲ ਸਲਾਹ ਮਸ਼ਵਰਾ ਲੋਕਾਂ ਦੀ ਸਮਝ ਤੋਂ ਬਾਹਰ ਹੈ। ਕਾਫੀ ਮਹੀਨਿਆਂ ਤੋਂ ਨਗਰ ਨਿਗਮ ਦਾ ਰਾਜਨੀਤਕ ਤਾਣਾ-ਬਾਣਾ ਉਲਝਿਆ ਨਜ਼ਰ ਆਉਣ ਲੱਗ ਪਿਆ ਹੈ। ਦੱਸਿਆ ਜਾਂਦਾ ਹੈ ਕੇ ਜਿਹੜੇ ਚਾਅ ਨਾਲ ਲੋਕਾਂ ਨੇ ਆਪਣੇ ਨੁਮਾਇੰਦਿਆਂ ਨੂੰ ਚੁਣ ਕੇ ਨਿਗਮ ਦੀਆਂ ਕੁਰਸੀਆਂ 'ਤੇ ਬਿਠਾਇਆ ਸੀ, ਹੁਣ ਉਹ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੇ ਨਹੀਂ ਉਤਰ ਰਹੇ। ਲੋਕ ਦਰਬਾਰ ਤਾਂ ਖੁੱਲ੍ਹਾ ਰਹਿੰਦਾ ਹੈ, ਪਰ ਕੰਮ ਪ੍ਰਤੀ ਲੋਕ ਬੇਰੰਗ ਖਾਲੀ ਹੱਥ ਮੁੜਦੇ ਹਨ। ਜਾਣਕਾਰ ਦੱਸਦੇ ਹਨ ਕਿ ਜੇਕਰ ਕੋਈ ਕੰਮ ਹੈ, ਤਾਂ ਚੇਅਰਮੈਨ ਸਾਹਿਬ ਕੋਲ ਜਾਣਾ ਪਏਗਾ, ਫੋਨ ਕਰਾਉਣ 'ਤੇ ਤੁਹਾਨੂੰ ਨਿਗਮ ਅੰਦਰੋਂ ਹੀ ਇਕ ਵਿਅਕਤੀ ਨਾਲ ਜਾ ਕੇ ਤੁਹਾਡਾ ਕਮ ਹੱਥੋਂ ਹੱਥੀਂ ਕਰਵਾ ਦੇਵੇਗਾ, ਜਦਕਿ ਵੈਸੇ ਆਮ ਲੋਕਾਂ ਦੀ ਸੁਣਵਾਈ ਨਹੀਂ ਹੋ ਰਹੀ। ਕੰਮ ਜਿਉਂ ਦਾ ਤਿਉਂ ਹੈ। ਦਾਅਵੇ ਵਾਅਦੇ ਬਹੁਤ ਕੀਤੇ ਜਾ ਰਹੇ ਹਨ, ਪਰ ਜਮੀਨੀ ਪੱਧਰ 'ਤੇ ਆ ਕੇ ਸਭ ਕੁਝ ਸਿਫ਼ਰ ਹੋ ਜਾਂਦਾ ਹੈ। ਜੇਕਰ ਸ਼ਹਿਰ ਦੀ ਗੱਲ ਕਰੀਏ ਤਾਂ ਸ਼ਹਿਰ ਦੇ ਜ਼ਿਆਦਾਤਰ ਇਲਾਕੇ ਗਊਸ਼ਾਲਾ 'ਚ ਤਬਦੀਲ ਹੋਏ ਪਏ ਹਨ, ਨਿੱਤ ਨਵੇਂ ਹਾਦਸੇ ਅਵਾਰਾ ਪਸ਼ੂਆਂ ਕਰਕੇ ਹੋ ਰਹੇ ਹਨ। ਸਵੇਰੇ-ਸਵੇਰੇ ਸੈਰ ਕਰਨ ਵਾਲੇ ਲੋਕ ਅਵਾਰਾ ਕੁੱਤਿਆਂ ਤੋਂ ਪ੍ਰੇਸ਼ਾਨ ਹਨ। ਗਰਮੀ ਦਾ ਮੌਸਮ ਹੈ, ਪੀਣ ਵਾਲੇ ਪਾਣੀ ਦੀ ਕਿੱਲਤ, ਬਾਰਸ਼ ਦਾ ਮੌਸਮ ਵੀ ਆ ਗਿਆ, ਸ਼ਹਿਰ ਦੇ ਅੰਦਰਲੇ ਹਿਸਿਆਂ 'ਚ ਪਾਣੀ ਖੜ੍ਹਨ ਦੀ ਪ੍ਰੇਸ਼ਾਨੀ, ਟੁੱਟੀਆਂ ਗਲੀਆਂ, ਸੜਕਾਂ, ਜਾਮ ਸੀਵਰੇਜ਼, ਕੂੜੇ ਦੇ ਢੇਰ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਪ੍ਰੇਸ਼ਾਨੀ ਲੋਕ ਭੁੱਲ ਨਹੀਂ ਸਕਦੇ। ਹੁਣ ਲੋਕ ਸੋਚ ਰਹੇ ਹਨ ਕਿ ਅਸੀਂ ਆਪਣੇ ਕੰਮ ਲਈ ਚੁਣੇ ਹੋਏ ਨੁਮਾਇੰਦਿਆਂ ਕੋਲ ਜਾਈਏ ਜਾਂ ਚੇਅਰਮੈਨ ਕੋਲੋਂ ਫੋਨ ਕਰਵਾਈਏ। ਨਿਗਮ ਪ੍ਰਸ਼ਾਸਨਿਕ ਪੱਧਰ ਤੇ ਚੇਅਰਮੈਨ ਦੀ ਚਰਚਾ ਹਰ ਮੋੜ 'ਤੇ ਹੋ ਰਹੀ ਆ, ਲੋਕ ਚਾਹੁੰਦੇ ਹੋਏ ਵੀ ਨਹੀਂ ਬੋਲ ਰਹੇ, ਹਰ ਵਿਅਕਤੀ ਇਸ ਅਲਾਮਤ ਤੋਂ ਤਰਸਤ ਹੈ, ਪਰ ਜ਼ਿਆਦਾਤਰ ਸੱਤਾ ਧਿਰ ਦੇ ਆਗੂਆਂ ਅਤੇ ਵਰਕਰਾਂ ਦੀ ਚੁੱਪੀ ਵੀ ਕਈ ਸਵਾਲ ਛੱਡ ਜਾਂਦੀ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਕੁਝ ਕੁ ਨੂੰ ਛੱਡ ਕੇ ਬਾਕੀ ਕੌਂਸਲਰ ਤਾਂ ਨਿਗਮ 'ਚ ਕੰਮ ਲਈ ਜਾਣਾ ਹੀ ਛੱਡ ਗਏ ਹਨ ਅਤੇ ਸਿਰਫ ਜ਼ਰੂਰੀ ਕੰਮ ਲਈ ਜਾਂਦੇ ਹਨ। ਇਹ ਵੀ ਜਾਣਕਾਰੀ ਹੈ ਕਿ ਇਹ ਸਭ ਕੁਝ ਪਾਰਟੀ ਦੀ ਜਾਣਕਾਰੀ 'ਚ ਹੈ ਅਤੇ ਪਾਰਟੀ ਕੋਈ ਬਦਲ ਲੱਭ ਰਹੀ ਹੈ।

## ਪੀ.ਪੀ.ਐਸ. ਨਾਭਾ ਦੇ ਐਨ.ਸੀ.ਸੀ. ਏਅਰ ਵਿੰਗ ਕੈਡਿਟਾਂ ਨੇ ਸਾਲਾਨਾ ਸਿਖਲਾਈ ਕੈਂਪ 'ਚ ਹਿੱਸਾ ਲਿਆ



ਨਾਭਾ, 14 ਜੁਲਾਈ(ਬਲਜਿੰਦਰ ਮਾਨ) : ਪੰਜਾਬ ਪਬਲਿਕ ਸਕੂਲ, ਨਾਭਾ ਦੇ ਐਨਸੀਸੀ ਏਅਰ ਵਿੰਗ ਦੇ 21 ਕੈਡਿਟਾਂ ਨੇ 3 ਪੰਜਾਬ ਏਅਰ ਸਕੁਐਡਰਨ ਐਨਸੀਸੀ ਪਟਿਆਲਾ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ ਆਯੋਜਿਤ 10 ਦਿਨਾਂ ਸਾਲਾਨਾ ਸਿਖਲਾਈ ਕੈਂਪ ਵਿੱਚ ਮੁੱਖ ਅਧਿਕਾਰੀ ਸ਼ਾਹਿਦ ਅਹਿਮਦ ਦੇ ਨਾਲ ਹਿੱਸਾ ਲਿਆ। ਇਸ ਸਿਖਲਾਈ ਕੈਂਪ ਵਿੱਚ ਲਗਭਗ 600 (ਮੁੰਡੇ/ਲੜਕੀਆਂ) ਨੇ ਭਾਗ ਲਿਆ ਜਿਸ ਵਿੱਚ ਸਕੂਲ ਅਤੇ ਕਾਲਜ ਦੇ ਕੈਡੇਟ ਸ਼ਾਮਲ ਸਨ। ਇਸ ਸਿਖਲਾਈ ਕੈਂਪ ਵਿੱਚ ਸਾਈਬਰ ਸੁਰੱਖਿਆ, ਸੀਪੀਆਰ, ਅੱਗ ਬੁਝਾਊ, ਸ਼ਖਸੀਅਤ ਵਿਕਾਸ, ਅਗਨੀਵੀਰ ਭਰਤੀ ਨਾਲ ਸਬੰਧਤ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਾਪਤ ਕੀਤੀ ਗਈ। ਇਸ ਸਿਖਲਾਈ ਕੈਂਪ ਦੌਰਾਨ, ਕੈਡਿਟਾਂ ਨੂੰ ਚੰਡੀਗੜ੍ਹ ਏਅਰ ਫੋਰਸ ਸਟੇਸ਼ਨ ਦਾ ਦੌਰਾ ਕਰਨ ਦਾ ਮੌਕਾ ਮਿਲਿਆ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ, ਕੈਂਪ ਕਮਾਂਡੈਂਟ ਨੇ ਕੈਡਿਟਾਂ ਦਾ ਸਵਾਗਤ ਕੀਤਾ ਅਤੇ ਆਉਣ ਵਾਲੇ ਦਸ ਦਿਨਾਂ ਦੇ ਪ੍ਰੋਗਰਾਮ 'ਤੇ ਚਾਨਣਾ ਪਾਇਆ। ਇਸ ਸਿਖਲਾਈ ਕੈਂਪ ਵਿੱਚ ਕੈਡਿਟਾਂ ਨੇ ਬਹੁਤ ਕੁਝ ਸਿੱਖਿਆ, ਜੋ ਉਨ੍ਹਾਂ ਦੇ ਭਵਿੱਖ ਦੇ ਜੀਵਨ ਵਿੱਚ ਉਨ੍ਹਾਂ ਲਈ ਲਾਭਦਾਇਕ ਹੋਵੇਗਾ। ਸਿਖਲਾਈ ਕੈਂਪ ਵਿੱਚ, ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਦੇ ਵਾਈਸ ਚਾਂਸਲਰ, ਡਾ. ਮਨਪ੍ਰੀਤ ਸਿੰਘ ਮੰਨਾ ਨੇ ਨਾ ਸਿਰਫ਼ ਕੈਡਿਟਾਂ ਨੂੰ ਸੰਬੋਧਨ ਕੀਤਾ ਬਲਕਿ ਆਪਣੇ ਜੀਵਨ ਦੇ ਤਜ਼ਰਬੇ ਵੀ ਸਾਂਝੇ ਕੀਤੇ। ਉਨ੍ਹਾਂ ਕੈਡਿਟਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ। ਸਿਖਲਾਈ ਕੈਂਪ ਦੇ ਆਖਰੀ ਦਿਨ, ਕਮਾਂਡਿੰਗ ਅਫ਼ਸਰ ਗਰੁੱਪ ਕੈਪਟਨ ਅਜੈ ਭਾਰਦਵਾਜ, ਕੈਂਪ ਕਮਾਂਡੈਂਟ ਨੇ ਕੈਡਿਟਾਂ ਨੂੰ ਕੈਂਪ ਸਰਟੀਫਿਕੇਟ ਦਿੱਤੇ ਅਤੇ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਦਾ ਧੰਨਵਾਦ ਕੀਤਾ। ਇਸ ਸਾਲਾਨਾ ਸਿਖਲਾਈ ਕੈਂਪ ਵਿੱਚ, ਮੁੱਖ ਅਧਿਕਾਰੀ ਸ਼ਾਹਿਦ ਅਹਿਮਦ ਕੈਡਿਟਾਂ ਨਾਲ ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਵਿਖੇ ਦਸ ਦਿਨ ਰਹੇ।



# ਪਟਿਆਲਾ-ਆਸ/ਪਾਸ



## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਲੋਕ ਮਿਲਣੀ ਪ੍ਰੋਗਰਾਮ ਵਿੱਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

### ਸੂਬੇ ਦੀ ਤਰੱਕੀ ਲਈ ਪੰਜਾਬ ਸਰਕਾਰ ਕਰ ਰਹੀ ਮਿਸਾਲੀ ਕਾਰਜ : ਬਰਸਟ



ਪਟਿਆਲਾ, 14 ਜੁਲਾਈ (ਚ.ਨ.ਸ.) : ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਵੱਲੋਂ ਪਟਿਆਲਾ ਦਫ਼ਤਰ ਵਿਖੇ ਲੋਕ ਮਿਲਣੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸ. ਬਰਸਟ ਵੱਲੋਂ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ, ਜਿਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਦੌਰਾਨ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਇਸ ਲੋਕ ਮਿਲਣੀ ਪ੍ਰੋਗਰਾਮ ਦਾ ਮੁੱਖ ਉਦੇਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ ਅਤੇ ਉਨ੍ਹਾਂ ਦਾ ਤੁਰੰਤ ਨਿਪਟਾਰਾ ਕਰਨਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜੋ ਹਮੇਸ਼ਾ ਲੋਕ ਹਿੱਤ ਵਿੱਚ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਹਮੇਸ਼ਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹਾਂ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। ਸ. ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ 3 ਸਾਲਾਂ ਦੇ ਕਾਰਜਕਾਲ ਦੌਰਾਨ ਸਿੱਖਿਆ, ਸਿਹਤ, ਰੁਜ਼ਗਾਰ ਸਮੇਤ ਹਰ ਖੇਤਰ ਵਿੱਚ ਸ਼ਾਨਦਾਰ ਕੰਮ ਕਰਕੇ ਮਿਸਾਲ ਕਾਇਮ ਕੀਤੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਲੋਕ ਮਿਲਣੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਮੌਕੇ ਮਨਿੰਦਰ ਸਿੰਘ ਵਿੱਕੀ ਘਨੌਰ ਵਾਇਸ ਚੇਅਰਮੈਨ ਹੈਲਥ ਕਾਰਪੋਰੇਸ਼ਨ, ਹਰਿੰਦਰ ਸਿੰਘ ਧਬਲਾਨ, ਹਨੀ ਮਾਹਲਾ ਚੇਅਰਮੈਨ ਮਾਰਕਿਟ ਕਮੇਟੀ ਡਕਾਲਾ, ਗੁਲਜਾਰ ਸਿੰਘ ਦੌਣਕਲਾਂ, ਸ਼ਾਮ ਲਾਲ ਦੱਤ, ਬਲਕਾਰ ਸਿੰਘ ਡਕਾਲਾ, ਗੁਰਪਿਆਰ ਸਿੰਘ ਬਠੋਈ, ਜਸਪਾਲ ਬਾਬਾ, ਗੁਰਪਿਆਰ ਸਿੰਘ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾ, ਮਹਿੰਦਰ ਸਿੰਘ ਸਰਪੰਚ ਡਰੋਲਾ, ਕ੍ਰਿਸ਼ਨ ਸਰਪੰਚ ਮੱਵੀ ਸੱਪਾਂ, ਲਖਵਿੰਦਰ ਸਿੰਘ ਸਾਬਕਾ ਸਰਪੰਚ ਲਲੋਛੀ, ਨਵਾਬ ਸਿੰਘ ਰਾਣਾ ਪ੍ਰਧਾਨ ਪੰਚਾਇਤ ਸੈਕਟਰੀ ਯੂਨੀਅਨ ਪੰਜਾਬ ਪਟਿਆਲਾ, ਕਰਨੈਲ ਸਿੰਘ ਪੰਜੇਟਾ, ਬਲਜੀਤ ਸਿੰਘ ਪੰਚ ਡਰੋਲਾ, ਗੁਰਚਰਨ ਸਿੰਘ ਰੁਪਾਣਾ, ਉੱਤਮਦੀਪ ਸਿੰਘ, ਪ੍ਰੀਤਇੰਦਰ ਸਿੰਘ ਮੌਜੂਦ ਰਹੇ।

## ਆਪਸੀ ਰੰਜਿਸ਼ ਦੇ ਚੱਲਦਿਆਂ ਨੌਜਵਾਨ ਦਾ ਕਤਲ, 9 ਖ਼ਿਲਾਫ਼ ਮਾਮਲਾ ਦਰਜ



ਸਮਾਣਾ, 14 ਜੁਲਾਈ (ਵਿਜੇ ਕੁਮਾਰ) : ਆਪਸੀ ਰੰਜਿਸ਼ ਦੇ ਚੱਲਦਿਆਂ ਐਤਵਾਰ ਦੇਰ ਸ਼ਾਮ ਪਿੰਡ ਕਰਹਾਲੀ ਸਾਹਿਬ ਵਿਖੇ ਤੇਜ਼ਧਾਰ ਹਥਿਆਰਾਂ ਨਾਲ ਕੁੱਟਮਾਰ ਕਰਕੇ ਇੱਕ ਨੌਜਵਾਨ ਦਾ ਕਤਲ ਕੀਤੇ ਜਾਣ ਦੇ ਮਾਮਲੇ ਵਿੱਚ ਪਸਿਆਣਾ ਪੁਲਿਸ ਨੇ 9 ਨੌਜਵਾਨਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਬਲਵੰਤ ਸਿੰਘ, ਬਲਕਾਰ ਸਿੰਘ, ਲਾਡੀ ਅਤੇ ਬਲਵਿੰਦਰ ਸਿੰਘ ਤੋਂ ਇਲਾਵਾ ਪੰਜ ਅਣਪਛਾਤੇ ਨੌਜਵਾਨ ਵੀ ਸ਼ਾਮਲ ਹਨ। ਪਸਿਆਣਾ ਪੁਲਿਸ ਥਾਣਾ ਦੇ ਇੰਚਾਰਜ ਇੰਸਪੈਕਟਰ ਅਮਨਪਾਲ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕ ਮਨਪ੍ਰੀਤ ਸਿੰਘ (30) ਦੇ ਪਿਤਾ ਕੁਲਵੰਤ ਸਿੰਘ ਵਾਸੀ ਪਿੰਡ ਕਰਹਾਲੀ ਸਾਹਿਬ ਵੱਲੋਂ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਆਪਣੇ ਪੁੱਤਰ ਨਾਲ ਖੇਤਾਂ ਤੋਂ ਚਾਰਾ ਲੈ ਕੇ ਘਰ ਆ ਰਹੇ ਸਨ ਕਿ ਪਿੰਡ ਦੇ ਬੱਸ ਸਟਾਪ ਨੇੜੇ ਪਿੰਡ ਦੇ ਹੀ ਕੁਝ ਨੌਜਵਾਨਾਂ ਨੇ ਉਸਦੇ ਪੁੱਤਰ ਨੂੰ ਘੇਰ ਕੇ ਬੁਰੀ ਤਰ੍ਹਾਂ ਕੁੱਟਿਆ ਅਤੇ ਉਸਨੂੰ ਆਪਣੇ ਨਾਲ ਘਰ ਲੈ ਗਏ, ਜਿੱਥੇ ਤੇਜ਼ਧਾਰ ਹਥਿਆਰਾਂ ਅਤੇ ਡੰਡਿਆਂ ਨਾਲ ਉਸਨੂੰ ਬੁਰੀ ਤਰ੍ਹਾਂ ਮਾਰਿਆ ਗਿਆ। ਉਸਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਸਮਾਣਾ ਲਿਆਂਦਾ ਗਿਆ, ਜਿੱਥੇ ਹਾਲਤ ਜ਼ਿਆਦਾ ਗੰਭੀਰ ਹੋਣ 'ਤੇ ਉਸਨੂੰ ਪਟਿਆਲਾ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਜਿੱਥੇ ਜ਼ੇਰੇ ਇਲਾਜ ਮਨਪ੍ਰੀਤ ਸਿੰਘ ਦੀ ਰਾਤ ਸਮੇਂ ਮੌਤ ਹੋ ਗਈ।ਮਨਪ੍ਰੀਤ ਸਿੰਘ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਉਹ ਆਪਣੇ ਪਿੱਛੇ ਪਤਨੀ ਅਤੇ 6 ਸਾਲ ਦਾ ਬੇਟਾ ਛੱਡ ਗਿਆ ਹੈ। ਅਧਿਕਾਰੀ ਅਨੁਸਾਰ ਪੋਸਟਮਾਰਟਮ ਉਪਰੰਤ ਮ੍ਰਿਤਕ ਦੀ ਲਾਸ਼ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀ ਗਈ ਹੈ, ਜਦਕਿ ਮੁਲਜ਼ਮ ਨੌਜਵਾਨ ਫਰਾਰ ਹਨ ਅਤੇ ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਕੁਲਦੀਪ ਸਿੰਘ ਚਾਹਲ ਨੇ ਡੀ.ਆਈ.ਜੀ. ਪਟਿਆਲਾ ਰੇਂਜ ਵਜੋਂ ਅਹੁਦਾ ਸੰਭਾਲਿਆ

### ☛ਕਿਹਾ, ਨਸ਼ਿਆਂ ਦੇ ਤਸਕਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣਾ ਹੋਵੇਗੀ ਮੁਢਲੀ ਤਰਜੀਹ



ਪਟਿਆਲਾ, 14 ਜੁਲਾਈ (ਰੁਪਾਣਾ/ਵਿਨੋਦ ਸ਼ਰਮਾ/ਅਮਰਜੀਤ) : 2009 ਬੈਚ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਕੁਲਦੀਪ ਸਿੰਘ ਚਾਹਲ ਨੇ ਅੱਜ ਪਟਿਆਲਾ ਰੇਂਜ ਦੇ ਡੀ.ਆਈ.ਜੀ. ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਡੀ.ਆਈ.ਜੀ ਕੁਲਦੀਪ ਸਿੰਘ ਚਾਹਲ ਨੇ ਅਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਅਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪਟਿਆਲਾ ਰੇਂਜ ਦੇ ਜ਼ਿਲ੍ਹਿਆਂ ਅੰਦਰ ਲੋਕਾਂ ਨੂੰ ਬਿਹਤਰ, ਸਮਾਂ ਬੱਧ ਤੇ ਪਾਰਦਰਸ਼ੀ ਪੁਲਿਸ ਸੇਵਾਵਾਂ ਪ੍ਰਦਾਨ ਕਰਵਾਉਣ ਸਮੇਤ ਨਸ਼ਾ ਮੁਕਤ ਸਮਾਜ ਸਿਰਜਣ ਲਈ ਨਸ਼ਿਆਂ ਦੇ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤੀ ਨਾਲ ਨੱਥ ਪਾਉਣਾ ਉਨ੍ਹਾਂ ਦੀ ਮੁਢਲੀ ਤਰਜੀਹ ਹੋਵੇਗੀ। ਪਟਿਆਲਾ ਦੇ ਨਵੇਂ ਡੀ.ਆਈ.ਜੀ. ਚਾਹਲ ਨੇ ਅੱਗੇ ਕਿਹਾ ਕਿ ਇਸ ਤੋਂ ਬਿਨ੍ਹਾਂ ਪਟਿਆਲਾ ਸ਼ਹਿਰ ਸਮੇਤ ਬਾਕੀ ਜ਼ਿਲ੍ਹਿਆਂ ਅੰਦਰ ਟ੍ਰੈਫਿਕ ਵਿਵਸਥਾ ਨੂੰ ਸੁਧਾਰਨ ਸਮੇਤ ਸੜਕਾਂ ਨੂੰ ਹਾਦਸਿਆਂ ਤੋਂ ਸੁਰੱਖਿਅਤ ਕਰਨਾ ਤੋਂ ਇਲਾਵਾ ਆਮ ਲੋਕਾਂ ਦੀ ਜਿੰਦਗੀ 'ਚ ਪੁਲਿਸ ਨਾਲ ਸਬੰਧਤ ਛੋਟੀਆਂ ਤੋਂ ਛੋਟੀਆਂ ਸਮੱਸਿਆਵਾਂ ਦਾ ਵੀ ਪਹਿਲ ਦੇ ਅਧਾਰ 'ਤੇ ਹੱਲ ਕਰਨਾ ਉਨ੍ਹਾਂ ਦੀਆਂ ਤਰਜੀਹਾਂ 'ਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਪੁਲਿਸ ਜਿੱਥੇ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਲਈ ਪਾਬੰਦ ਹੈ, ਉਥੇ ਹੀ ਲੋਕਾਂ ਨੂੰ ਬਿਹਤਰ ਪੁਲਿਸਿੰਗ ਪ੍ਰਦਾਨ ਕਰਨਾ ਵੀ ਪੰਜਾਬ ਪੁਲਿਸ ਦੀ ਪਹਿਲਕਦਮੀ 'ਚ ਸ਼ਾਮਲ ਹੈ। ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਟਿਆਲਾ ਰੇਂਜ ਵਿੱਚ ਪੂਰੀ ਤਰ੍ਹਾਂ ਸਫ਼ਲ ਬਣਾ ਕੇ ਨਸ਼ਾ ਤਸਕਰਾਂ ਦਾ ਮੁਕੰਮਲ ਸਫਾਇਆ ਕੀਤਾ ਜਾਵੇਗਾ ਅਤੇ ਪੁਲਿਸ ਜਿੱਥੇ ਆਮ ਲੋਕਾਂ ਦੀ ਰਖਵਾਲੀ ਅਤੇ ਅਮਨ ਕਾਨੂੰਨ ਦੀ ਸਥਿਤੀ ਬਣਾ ਕੇ ਰੱਖਣ ਲਈ 24 ਘੰਟੇ ਤਤਪਰ ਰਹੇਗੀ, ਉਥੇ ਹੀ ਗੈਂਗਸਟਰਾਂ ਤੇ ਸਮਾਜ ਵਿਰੋਧੀ ਤੱਤਾਂ ਨਾਲ ਵੀ ਸਖ਼ਤੀ ਨਾਲ ਨਜਿੱਠੇਗੀ। ਕੁਲਦੀਪ ਸਿੰਘ ਚਾਹਲ, ਡੀ.ਆਈ.ਜੀ. ਟੈਕਨੀਕਲ ਸਰਵਿਸਿਜ ਪੰਜਾਬ, ਚੰਡੀਗੜ੍ਹ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਪਟਿਆਲਾ ਦੇ ਡੀ.ਆਈ.ਜੀ. ਦਫ਼ਤਰ ਵਿਖੇ ਉਨ੍ਹਾਂ ਦੀ ਆਮਦ ਮੌਕੇ ਐਸ.ਐਸ.ਪੀ. ਵਰੁਣ ਸ਼ਰਮਾ ਅਤੇ ਬਰਨਾਲਾ ਦੇ ਐਸ.ਐਸ.ਪੀ. ਮੁਹੰਮਦ ਸਰਫ਼ਰਾਜ ਆਲਮ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੁਲਿਸ ਦੀ ਟੁਕੜੀ ਨੇ ਗਾਰਡ ਆਫ਼ ਆਨਰ ਵਜੋਂ ਪਟਿਆਲਾ ਦੇ ਨਵੇਂ ਡੀ.ਆਈ.ਜੀ. ਨੂੰ ਸਲਾਮੀ ਦਿੱਤੀ। ਇਸ ਮੌਕੇ ਪਟਿਆਲਾ ਦੇ ਐਸ.ਪੀ. ਸਥਾਨਕ ਵੈਭਵ ਚੌਧਰੀ, ਪਲਵਿੰਦਰ ਸਿੰਘ ਚੀਮਾ ਅਤੇ ਗੁਰਬੰਸ ਸਿੰਘ ਬੈਂਸ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਕਿਰਤੀ ਕਿਸਾਨ ਯੂਨੀਅਨ ਵੱਲੋਂ 25 ਨੂੰ ਸੰਗਰੂਰ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ

ਸਮਾਣਾ, 14 ਜੁਲਾਈ (ਵਿਜੇ ਕੁਮਾਰ): ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਪੂਨੀਆ ਦੀ ਅਗਵਾਈ ਹੇਠ ਜਥੇਬੰਦੀ ਦੇ ਦਫ਼ਤਰ ਸਮਾਣਾ ਵਿਖੇ ਹੋਈ, ਜਿਸ ਵਿੱਚ 25 ਜੁਲਾਈ ਨੂੰ ਸੰਗਰੂਰ ਵਿਖੇ ਹੋਣ ਵਾਲੀ 'ਜ਼ਬਰ ਵਿਰੋਧੀ ਰੈਲੀ' ਵਿੱਚ ਵੱਧ ਤੋਂ ਵੱਧ ਕਿਸਾਨਾਂ ਨੂੰ ਸ਼ਾਮਿਲ ਕਰਵਾਉਣ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਸ਼ਾਮਿਲ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਪੰਜਾਬ ਵਿੱਚ ਪੁਲਿਸ ਨੂੰ ਵਧੇਰੇ ਅਧਿਕਾਰ ਦੇ ਕੇ ਜਮਹੂਰੀ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ ਅਤੇ ਮਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਅਸੀਂ ਇਸਨੂੰ 'ਅਣ-ਐਲਾਨੀ ਐਮਰਜੈਂਸੀ' ਮੰਨਦੇ ਹੋਏ ਇਸ ਜ਼ਬਰ ਦਾ ਡਟ ਕੇ ਵਿਰੋਧ ਕਰਦੇ ਹਾਂ। ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਊ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਗਿੱਲ, ਜ਼ਿਲ੍ਹਾ ਵਿੱਤ ਸਕੱਤਰ ਕੁਲਬੀਰ ਸਿੰਘ ਟੋਡਰਪੁਰ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ ਨੇ ਕਿਹਾ ਕਿ ਜੋ ਪਾਰਟੀ ਧਰਨਿਆਂ ਵਿੱਚੋਂ ਨਿਕਲ ਕੇ ਆਈ ਹੋਵੇ ਅਤੇ ਲੋਕਾਂ ਨੂੰ ਬਦਲਾਅ ਦੇ ਸੁਪਨੇ ਦਿਖਾ ਕੇ ਸੱਤਾ ਵਿੱਚ ਆਉਣ ਤੋਂ ਬਾਅਦ ਅੱਜ ਪੂਰੀ ਤਰ੍ਹਾਂ ਕੇਂਦਰ ਦੇ ਇਸ਼ਾਰੇ 'ਤੇ ਚੱਲਦਿਆਂ ਕਾਰਪੋਰੇਟ ਦੇ ਪੱਖ ਵਿੱਚ ਭੁਗਤ ਰਹੀ ਹੈ। ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਕੋਈ ਸਥਿਤੀ ਨਹੀਂ ਹੈ, ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਕੀਤੇ ਜਾ ਰਹੇ ਹਨ, ਅਤੇ ਆਪਣੇ ਹੱਕ ਮੰਗਣ ਵਾਲਿਆਂ ਜਥੇਬੰਦੀਆਂ ਦੇ ਆਗੂਆਂ ਨੂੰ ਜੇਲ੍ਹਾਂ ਵਿੱਚ ਬੰਦ ਕਰਕੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਇਸ ਮਾਹੌਲ ਦੇ ਖ਼ਿਲਾਫ਼, 25 ਜੁਲਾਈ ਦੀ ਰੈਲੀ ਵਿੱਚ ਜ਼ਿਲ੍ਹੇ ਭਰ ਤੋਂ ਵੱਧ ਤੋਂ ਵੱਧ ਕਿਸਾਨਾਂ ਨੂੰ ਸ਼ਾਮਲ ਕਰਵਾਇਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਫਤਿਹਪੁਰ, ਜ਼ਿਲ੍ਹਾ ਕਮੇਟੀ ਆਗੂ ਰਘਵੀਰ ਸਿੰਘ ਨਿਆਲ ਬਲਾਕ ਪ੍ਰਧਾਨ ਸਮਾਣਾ ਸ਼ੇਰ ਸਿੰਘ ਕਾਕੜਾ,ਬਲਾਕ ਪ੍ਰਧਾਨ ਪਾਤੜਾਂ ਕਰਮਜੀਤ ਸਿੰਘ, ਡਾ ਮਹਿੰਦਰ ਸਿੰਘ ਖਾਂਗ, ਜਰਨੈਲ ਸਿੰਘ ਮਰਦਾਹੇੜੀ ਅਤੇ ਸੁਰਿੰਦਰ ਸਿੰਘ ਖਾਲਸਾ ਸ਼ਾਮਿਲ ਰਹੇ।

## ਸਾਬਕਾ ਟਰਾਂਸਪੋਰਟ ਅਧਿਕਾਰੀ ਕਰਨ ਸਿੰਘ ਦਾ ਪਾਤੜਾਂ ਪਹੁੰਚਣ 'ਤੇ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਸਵਾਗਤ



ਪਾਤੜਾਂ,14 ਜੁਲਾਈ (ਹਰਮਿੰਦਰ ਕਰਤਾਰਪੁਰ): ਸਾਬਕਾ ਟਰਾਂਸਪੋਰਟ ਅਧਿਕਾਰੀ ਕਰਨ ਸਿੰਘ ਡੀਟੀਓ ਵੱਲੋਂ ਅੱਜ ਵਿਧਾਨ ਸਭਾ ਹਲਕਾ ਸ਼ੁਤਰਾਣਾ 'ਚ ਆਪਣੀ ਸਿਆਸੀ ਤਾਲ ਠੋਕਦਿਆਂ ਅਕਾਲੀ ਆਗੂਆਂ ਅਤੇ ਵਰਕਰਾਂ ਨਾਲ ਮੁਲਾਕਾਤ ਕਰਨ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਗਿਆ। ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਬਰਾਸ, ਐਨ.ਆਰ.ਆਈ ਭਾਈ ਸੁਖਦੇਵ ਸਿੰਘ ਬੇਲਜੀਅਮ, ਜਥੇਦਾਰ ਬਲਿਹਾਰ ਸਿੰਘ ਹਰਿਆਊ, ਜਥੇਦਾਰ ਗੁਰਚਰਨ ਸਿੰਘ ਘੱਗਰੌਲੀ, ਜਥੇਦਾਰ ਗੁਰਚਰਨ ਸਿੰਘ ਮੌਲੀ, ਜਥੇਦਾਰ ਗੋਬਿੰਦ ਸਿੰਘ ਵਿਰਦੀ, ਜਥੇਦਾਰ ਹਰਦੀਪ ਸਿੰਘ ਸਾਗਰਾ, ਜਥੇਦਾਰ ਸੂਬਾ ਸਿੰਘ ਗਲੋਲੀ, ਜਥੇਦਾਰ ਜੰਗੀਰ ਸਿੰਘ ਖਾਂਗ, ਜਥੇਦਾਰ ਪ੍ਰਿਥੀ ਸਿੰਘ ਮੌਲਵੀਵਾਲਾ, ਜਥੇਦਾਰ ਕੁਲਦੀਪ ਸਿੰਘ , ਯੂਥ ਆਗੂ ਕੁਲਦੀਪ ਸਿੰਘ ਰਡੂ, ਸਮਾਜ ਸੇਵੀ ਜਗਜੀਤ ਸਿੰਘ ਭੰਗੂ, ਜਥੇਦਾਰ ਮੰਗਤ ਸਿੰਘ ਸ਼ਰਮਾ, ਸਾਬਕਾ ਸਰਪੰਚ ਤਰਸੇਮ ਸ਼ਰਮਾ, ਜਥੇਦਾਰ ਸੁਖਵਿੰਦਰ ਸਿੰਘ ਝੱਬਰ, ਜਥੇਦਾਰ ਹਰਪਾਲ ਸਿੰਘ ਵੜੈਚ, ਜਥੇਦਾਰ ਸੇਵਾ ਸਿੰਘ ਸ਼ੁਤਰਾਣਾ , ਜਥੇਦਾਰ ਬਲਜਿੰਦਰ ਸਿੰਘ ਤੇਈਪੁਰ,ਜਥੇਦਾਰ ਦਲਜੀਤ ਸਿੰਘ ਗਲੋਲੀ, ਭੁਪਿੰਦਰ ਸਿੰਘ ਸ਼ੇਰਗੜ੍ਹ , ਪਾਲਾ ਰਾਮ ਢਾਬੀ ਗੁਜਰਾਂ, ਠੇਕੇਦਾਰ ਅਮਰੀਕ ਸਿੰਘ ਆਦਿ ਵੱਲੋਂ ਕਰਨ ਸਿੰਘ ਡੀਟੀਓ ਨੂੰ ਸਿਰੋਪਾਓ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਸਨਮਾਨਿਤ ਕੀਤਾ ਗਿਆ। ਕਰਨ ਸਿੰਘ ਡੀਟੀਓ ਵਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿੱਚੋਂ ਨਤਮਸਤਕ ਹੋਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਲੋਂ ਉਨ੍ਹਾਂ ਦੀ ਡਿਊਟੀ ਹਲਕਾ ਸ਼ੁਤਰਾਣਾ ਵਿੱਚ ਲਗਾਈ ਗਈ ਹੈ, ਤਾਂ ਜੋ ਸਮੁੱਚੇ ਸਿੱਖ ਪੰਥ ਅਤੇ ਪੰਜਾਬੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਜੋੜਿਆ ਜਾ ਸਕੇ।ਉਨ੍ਹਾਂ ਕਿਹਾ ਕਿ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਬਰਕਰਾਰ ਰੱਖਣਾ ਉਨ੍ਹਾਂ ਦਾ ਪਹਿਲਾ ਫਰਜ਼ ਹੈ। ਉਨ੍ਹਾਂ ਹਲਕਾ ਸ਼ੁਤਰਾਣਾ ਦੇ ਅਕਾਲੀ ਆਗੂਆਂ, ਵਰਕਰਾਂ ਅਤੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵਲੋਂ ਦਿੱਤੇ ਗਏ ਮਾਣ ਸਨਮਾਨ ਦਾ ਉਹ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦੇ ਹਨ ਅਤੇ ਹੁਣ ਉਹ ਪੱਕੇ ਤੌਰ 'ਤੇ ਵਿਧਾਨ ਸਭਾ ਹਲਕਾ ਵਿੱਚ ਰਹਿ ਕੇ ਲੋਕਾਂ ਦੀ ਸੇਵਾ ਕਰਨਗੇ। ਇਸ ਮੌਕੇ ਜਥੇਦਾਰ ਯਾਦਵਿੰਦਰ ਸਿੰਘ ਅਤਾਲਾਂ,ਸਾਹਿਬ ਸਿੰਘ ਨਾਈਵਾਲਾ,ਹਨੀ ਪਾਤੜਾਂ, ਵਰੁਣ ਕੁਮਾਰ,ਭਜਨ ਸਿੰਘ ਦੁਤਾਲ, ਕੈਪਟਨ ਅਮਰਿੰਦਰ ਸਿੰਘ ਬੁੱਟਰ,ਪਾਲ ਡਰੋਲੀ ,ਗੋਪੀ ਸਰਪੰਚ, ਪਰਮਜੀਤ ਸਿੰਘ ਥਿੰਦ, ਕੁਲਬੀਰ ਸਿੰਘ ਨੰਨਹੇੜਾ, ਕੁਲਦੀਪ ਸਿੰਘ ਮੱਲਣ, ਸੰਦੀਪ ਢਾਢੀ ਗੁਜ਼ਰਾ ਆਦਿ ਵੀ ਪ੍ਰਮੁੱਖ ਤੌਰ 'ਤੇ ਹਜ਼ਰ ਰਹੇ।

## ਪਲੇਸਮੈਂਟ ਕੈਂਪ ਅੱਜ

ਪਟਿਆਲਾ, 14 ਜੁਲਾਈ (ਚ.ਨ.ਸ.) :ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਿਤੀ 15 ਜੁਲਾਈ ਦਿਨ ਮੰਗਲਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਟਾਟਾ ਏ.ਆਈ.ਜੀ. ਵੱਲੋਂ ਚੈਨਲ ਸੇਲਜ਼ ਮੈਨੇਜਰ ਦੀ ਅਸਾਮੀ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ। ਜਿਸ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਅਤੇ 25 ਤੋਂ 35 ਸਾਲ ਉਮਰ ਵਾਲੇ ਪੁਰਸ਼ ਅਤੇ ਮਹਿਲਾ ਦੋਵੇਂ ਉਮੀਦਵਾਰ ਯੋਗ ਹਨ। ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜਿਊਮ ਨਾਲ ਲੈ ਕੇ ਮਿਤੀ 15-07-2025 ਦਿਨ ਮੰਗਲਵਾਰ ਨੂੰ ਸਵੇਰੇ 10:00 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿਚ ਹਿੱਸਾ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਸੰਪਰਕ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

## ਵਿਧਾਇਕ ਸ਼ੁਤਰਾਣਾ ਨੇ ਬਲਾਕ ਸਮਾਣਾ ਦੀਆਂ ਪੰਚਾਇਤਾਂ ਨੂੰ ਵੰਡੇ ਚੈੱਕ



ਪਾਤੜਾਂ,14 ਜੁਲਾਈ (ਹਰਮਿੰਦਰ ਕਰਤਾਰਪੁਰ) :ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਅੱਜ ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੀਆਂ ਬਲਾਕ ਸਮਾਣਾ ਦੀਆਂ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਲਈ ਚੈੱਕ ਵੰਡੇ ਗਏ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਸੂਬੇ ਦੀ ਭਗਵੰਤ ਮਾਨ ਸਰਕਾਰ ਵਲੋਂ ਪਿੰਡਾਂ ਨੂੰ ਸ਼ਹਿਰਾਂ ਦੀ ਤਰਜ਼ ਤੇ ਵਿਕਸਿਤ ਕਰਨ ਲਈ ਗ੍ਰਾਂਟਾਂ ਦੇ ਖੁੱਲ੍ਹੇ ਗੱਫੇ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਹਰ ਪਿੰਡ ਦੀ ਨੁਹਾਰ ਬਦਲਣ ਲਈ ਆਉਣ ਸਮੇਂ ਵਿੱਚ ਵੱਡੀਆਂ ਗ੍ਰਾਂਟਾਂ ਵੰਡੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣ ਵਾਲੀਆਂ ਮਹਿਲਾ ਸਰਪੰਚਾਂ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਜਿਸ ਦਾ ਸਮੁੱਚਾ ਖ਼ਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਇਹ ਵੀ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਹਰ ਪਿੰਡ ਵਿੱਚ ਅਤਿ ਆਧੁਨਿਕ ਖੇਡ ਮੈਦਾਨ ਬਣਾ ਕੇ ਦਿੱਤੇ ਜਾਣਗੇ ਤਾਂ ਜੋ ਸੂਬੇ ਦੇ ਨੌਜਵਾਨ ਆਪਣੇ ਸਰੀਰ ਨੂੰ ਨਰੋਆ ਰੱਖ ਸਕਣ ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਮਹਿੰਗਾ ਸਿੰਘ ਬਰਾੜ, ਪ੍ਰਧਾਨ ਪ੍ਰੀਤ ਗਿੱਲ, ਠੇਕੇਦਾਰ ਕੁਲਦੀਪ ਸਿੰਘ ਥਿੰਦ, ਕਰਨੈਲ ਸਿੰਘ ਨਾਮਸੋਤ,ਮਦਨ ਲਾਲ ਸਿਟੀ ਪ੍ਰਧਾਨ,ਡਾ. ਡੀਡੀ ਸਿੰਗਲਾ, ਬਲਜਿੰਦਰ ਸਿੰਘ ਜੋਗੇਵਾਲ, ਸਰਪੰਚ ਬਲਜੀਤ ਸਿੰਘ ਮੌਲਵੀਵਾਲਾ, ਸਰਪੰਚ ਭੁਪਿੰਦਰ ਸਿੰਘ ਸਾਗਰਾਂ ਪ੍ਰਮੁੱਖ ਤੌਰ ਤੇ ਹਾਜ਼ਰ ਸਨ।

## ਬਸੰਤ ਰਿਤੂ ਯੂਥ ਕਲੱਬ ਨੇ ਸਕੂਲਾਂ 'ਚ ਵੰਡੇ ਪੱਖੇ



ਪਟਿਆਲਾ, 14 ਜੁਲਾਈ (ਚ.ਨ.ਸ.) : ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਮੇਰਾ ਯੁਵਾ ਭਾਰਤ ਖੇਡ ਮੰਤਰਾਲੇ ਭਾਰਤ ਸਰਕਾਰ ਦੇ ਸਹਿਯੋਗ ਨਾਲ ਸਰਕਾਰੀ ਐਲੀਮੈਂਟਰੀ ਸਕੂਲ ਪਿੰਡ ਨੰਦਪੁਰ ਕੇਸ਼ੋ ਵਿਖੇ ਬਾਲ ਵਿਕਾਸ ਕੈਂਪ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਕੂਲ ਸੈਂਟਰ ਹੈਡ ਟੀਚਰ ਮੈਡਮ ਜ਼ਸਮਿੰਦਰ ਕੌਰ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਸ੍ਰੀ ਸ਼ੰਕਰ ਲਾਲ ਖੁਰਾਣਾ ਐਮ.ਸੀ. ਤ੍ਰਿਪੜੀ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਰਕਾਰੀ ਨੰਦਪੁਰ ਕੇਸ਼ੋ ਦੇ ਵਿਦਿਆਰਥੀਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਅਤੇ ਸੰਸਥਾਪਕ ਰਾਜੇਸ਼ ਸ਼ਰਮਾ ਨੇ ਸਾਂਝੇ ਬਿਆਨ ਵਿੱਚ ਆਖਿਆ ਕਿ ਅੱਜ ਦੇ ਪ੍ਰੋਗਰਾਮ ਵਿੱਚ 7 ਸਰਕਾਰੀ ਸਕੂਲਾਂ ਜਿਵੇਂ ਕਿ ਪਿੰਡ ਫੱਗਣਮਾਜਰਾ, ਚਲੈਲਾ, ਕਰਮਗੜ੍ਹ, ਖਲੀਫੇਵਾਲ, ਕਸਿਆਣਾ, ਅਤੇ ਪਿੰਡ ਭਾਂਖਰ ਦੇ ਸਕੂਲਾਂ ਲਈ 15 ਛੱਤ ਵਾਲੇ ਪੱਖੇ ਸੇਵਾ ਵਜੋਂ ਗਰਮੀ ਤੋਂ ਬਚਣ ਲਈ ਬਸੰਤ ਰਿਤੂ ਕਲੱਬ ਨੇ 24000/— ਰੁਪਏ ਖਰਚ ਕਰਕੇ ਦਿੱਤੇ ਅਤੇ ਉਹਨਾਂ ਇਹ ਵੀ ਆਖਿਆ ਕਿ ਕਲੱਬ ਵੱਲੋਂ ਹੁਣ ਤੱਕ ਵੱਖ—ਵੱਖ ਸਕੂਲਾਂ ਵਿੱਚ ਲਗਭਗ 1000 ਦੇ ਕਰੀਬ ਛੱਤ ਵਾਲੇ ਪੱਖੇ ਲਗਾਏ ਜਾ ਚੁੱਕੇ ਹਨ। ਮੁੱਖ ਮਹਿਮਾਨ ਸ਼ੰਕਰ ਲਾਲ ਖੁਰਾਣਾ ਐਮ.ਸੀ. ਤ੍ਰਿਪੜੀ ਟਾਊਨ ਪਟਿਆਲਾ ਨੇ ਆਖਿਆ ਕਿ ਉਹ ਪਿਛਲੇ 30 ਸਾਲਾਂ ਤੋਂ ਕਲੱਬ ਨਾਲ ਜੁੜੇ ਹੋਏ ਅਤੇ ਸਮੇਂ-ਸਮੇਂ ਸਿਰ ਉਹਨਾਂ ਨੂੰ ਵੀ ਕਈ ਵਾਰ ਕਲੱਬ ਦੇ ਨਾਲ ਸੇਵਾ ਕਰਨ ਲਈ ਪਿੰਡਾਂ ਵਿੱਚ ਜਾਣ ਦਾ ਮੌਕਾ ਮਿਲਿਆ ਹੈ ਅਤੇ ਜ਼ੋ ਕਲੱਬ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਸੇਵਾ ਕਰ ਰਿਹਾ ਹੈ। ਸਕੂਲ ਦੇ ਸੈਂਟਰ ਟੀਚਰ ਮੈਡਮ ਜ਼ਸਵਿੰਦਰ ਕੌਰ ਨੇ ਬੋਲਦੇ ਹੋਏ ਆਖਿਆ ਕਿ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ, ਪਟਿਆਲੇ ਜਿਲੇ ਵਿੱਚ ਖਾਸ ਤੌਰ 'ਤੇ ਪਿੰਡਾਂ ਵਿੱਚ ਜ਼ੋ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਲਈ ਕੰਮ ਕਰ ਰਿਹਾ ਉਹ ਇੱਕ ਵਿਲੱਖਣੀ ਹੀ ਸੇਵਾ ਹੈ। ਬਹੁਤ ਘੱਟ ਕਲੱਬ ਹਨ ਜ਼ੋ ਪਿੰਡਾਂ ਵਿੱਚ ਆ ਕੇ ਸੇਵਾ ਕਰਦੇ ਹਨ ਬਸੰਤ ਰਿਤੂ ਕਲੱਬ ਸ਼ਲਾਘਾ ਦਾ ਪਾਤਰ ਹੈ ਜੋ ਵਿਦਿਆਰਥੀਆਂ ਨੂੰ ਸਮੇਂ—ਸਮੇਂ ਸਿਰ ਇਨਾਮ ਵਜੋਂ ਸੇਵਾ ਕਰ ਰਿਹਾ ਹੈ। ਇਸ ਪ੍ਰੋਗਰਾਮ ਵਿੱਚ ਸ੍ਰ. ਭੁਪਿੰਦਰ ਸਿੰਘ ਹੈਡ ਟੀਚਰ ਲਖਵਿੰਦਰ ਕੌਰ ਹੈੱਡ ਟੀਚਰ, ਕੁਲਵੰਤ ਕੌਰ ਹੈਡ ਟੀਚਰ, ਅਮਨਦੀਪ ਕੌਰ ਅਤੇ ਸੁਖਦੇਵ ਕੌਰ ਸਕੂਲ ਇੰਚਾਰਜ, ਕਲੱਬ ਦੇ ਸੀਨੀਅਰ ਵਾਇਸ ਪ੍ਰਧਾਨ ਅਸ਼ੋਕ ਨਾਸਰਾ, ਕਲੱਬ ਦੇ ਜੁਆਇੰਟ ਸਕੱਤਰ ਅਭਿਨਵ ਸ਼ਰਮਾ ਨੇ ਵੀ ਭਾਗ ਲਿਆ।

## ਮਨਜੀਤ ਸਿੰਘ ਵੱਲੋਂ ਸਕਿੱਲ ਸੈਂਟਰ ਆਫ ਐਕਸੀਲੈਂਸ ਦਾ ਦੌਰਾ




ਪਟਿਆਲਾ, 14 ਜੁਲਾਈ (ਚ.ਨ.ਸ.) : ਵਿਸ਼ਵ ਯੁਵਾ ਹੁਨਰ ਦਿਵਸ ਦੇ ਮੌਕੇ 'ਤੇ ਕਰਤਾਰ ਏਗਰੋ ਇੰਡਸਟਰੀਜ਼ ਦੇ ਡਾਇਰੈਕਟਰ ਮਨਜੀਤ ਸਿੰਘ ਨੇ ਸਨ ਫਾਊਂਡੇਸ਼ਨ ਵੱਲੋਂ ਪਟਿਆਲਾ ਵਿਖੇ ਸਥਾਪਤ ਵਿਸ਼ਵ ਸਕਿਲ ਸੈਂਟਰ ਆਫ ਐਕਸੀਲੈਂਸ ਦਾ ਦੌਰਾ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੇ ਆਪਣੇ ਵੱਖ-ਵੱਖ ਹੁਨਰਾਂ ਜਿਵੇਂ ਕਿ ਡਾਟਾ ਐਂਟਰੀ, ਬਿਊਟੀ ਐਂਡ ਵੈਲਨੈਸ, ਅਕਾਊਂਟਿੰਗ ਅਤੇ ਭਾਸ਼ਣ ਪ੍ਰਸਤੁਤੀ ਵਿੱਚ ਆਪਣੀ ਕਾਬਲਿਤ ਅਤੇ ਭਰੋਸੇਯੋਗ ਪੇਸ਼ਕਾਰੀ ਕੀਤੀ। ਬੱਚਿਆਂ ਨੇ ਆਪਣੇ ਵਿਚਾਰ ਸਾਫ਼, ਸਪੱਸ਼ਟ ਅਤੇ ਆਤਮਵਿਸ਼ਵਾਸ ਨਾਲ ਰੱਖੇ। ਇੱਕ ਟੈੱਡ ਟਾਕ ਸਮਾਗਮ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਹੁਨਰਮੰਦ ਨੌਜਵਾਨਾਂ ਦੀ ਭਵਿੱਖ ਰਚਨਾ ਵਿਸ਼ੇ ਉੱਤੇ ਆਪਣੇ ਵਿਚਾਰ ਸਾਂਝੇ ਕੀਤੇ। ਮਨਜੀਤ ਸਿੰਘ ਨੇ ਕਿਹਾ ਕਿ 21ਵੀਂ ਸਦੀ ਵਿੱਚ ਹੁਨਰ ਹੀ ਸਭ ਤੋਂ ਵੱਡੀ ਦੌਲਤ ਹੈ। ਉਨ੍ਹਾਂ ਨੇ ਪਦਮਸ਼੍ਰੀ ਵਿਕਰਮਜੀਤ ਸਿੰਘ ਸਾਹਨੀ ਵਲੋਂ ਚਲਾਈ ਗਈ ਸਨ ਫਾਊਂਡੇਸ਼ਨ ਦੀ ਮਿਹਨਤ ਦੀ ਖ਼ੂਬ ਪ੍ਰਸ਼ੰਸਾ ਕੀਤੀ। ਮਨਜੀਤ ਸਿੰਘ ਨੇ ਇਲੈਕਟ੍ਰੀਸ਼ਨ ਅਤੇ ਵੈਲਡਿੰਗ ਕੋਰਸ ਦੇ ਵਿਦਿਆਰਥੀਆਂ ਲਈ ਨੌਕਰੀਆਂ ਦੇ ਮੌਕੇ ਦੇਣ ਦੀ ਘੋਸ਼ਣਾ ਕੀਤੀ ਅਤੇ ਉਨ੍ਹਾਂ ਨੂੰ ਕਰਤਾਰ ਏਗਰੋ ਇੰਡਸਟਰੀਜ਼ ਵਿਖੇ ਵਿਜ਼ਿਟ ਕਰਨ ਲਈ ਵੀ ਨਿਯੋਤਾ ਦਿੱਤਾ।

## ਜ਼ਿਲ੍ਹੇ 'ਚ 112 ਪਿੰਡਾਂ 'ਚ ਹੋਣ ਵਾਲੀ ਪੰਚਾਂ ਤੇ ਸਰਪੰਚਾਂ ਦੀ ਉਪ ਚੋਣ ਬਾਰੇ ਕਿਸੇ ਤਰ੍ਹਾਂ ਦੀ ਵੀ ਸ਼ਿਕਾਇਤ ਕਰਨ ਲਈ ਫੋਨ ਨੰਬਰ ਤੇ ਈਮੇਲ ਜਾਰੀ

### ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਉਪ ਮੁੱਖ ਕਾਰਜਕਾਰੀ ਅ਼ਫਸਰ ਅਮਨਦੀਪ ਕੌਰ ਨੂੰ ਨੋਡਲ ਅ਼ਫਸਰ ਸ਼ਿਕਾਇਤਾਂ ਲਗਾਇਆ

ਪਟਿਆਲਾ, 14 ਜੁਲਾਈ (ਰੁਪਾਣਾ) : ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਪਟਿਆਲਾ ਜ਼ਿਲ੍ਹੇ ਦੇ 112 ਪਿੰਡਾਂ ਵਿੱਚ ਪੰਚਾਂ ਅਤੇ ਸਰਪੰਚਾਂ ਦੀਆਂ 27 ਜੁਲਾਈ 2025 ਨੂੰ ਹੋਣ ਵਾਲੀਆਂ ਗ੍ਰਾਮ ਪੰਚਾਇਤਾਂ ਦੀਆਂ ਉਪ ਚੋਣਾਂ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸ਼ਿਕਾਇਤ ਸੈਲ ਦਾ ਗਠਨ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣ ਅ਼ਫਸਰ ਅਮਰਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਵੋਟਰਾਂ ਦੀਆਂ ਰਾਜ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਫੋਨ ਨੰਬਰ 0175-2360055 ਅਤੇ ਈਮੇਲ ppatiala@yahoo.com ਜਾਰੀ ਕੀਤਾ ਗਿਆ ਹੈ। ਏ.ਡੀ.ਸੀ. ਨੇ ਦੱਸਿਆ ਕਿ ਇਸ ਸ਼ਿਕਾਇਤ ਸੈਲ ਦਾ ਇੰਚਾਰਜ ਸਕੱਤਰ-ਕਮ-ਡਿਪਟੀ ਸੀ.ਈ.ਓ. ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਅਮਨਦੀਪ ਕੌਰ ਨੂੰ ਨੋਡਲ ਅ਼ਫਸਰ ਸ਼ਿਕਾਇਤਾਂ ਲਗਾਇਆ ਗਿਆ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਜਾਬਤੇ ਸਬੰਧੀਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਚੋਣਾਂ ਵਾਲੇ ਪਿੰਡਾਂ ਦਾ ਕੋਈ ਵੀ ਵੋਟਰ ਜਾਂ ਉਮੀਦਵਾਰ ਉਕਤ ਨੰਬਰ 'ਤੇ ਸੰਪਰਕ ਕਰ ਸਕਦਾ ਹੈ ਜਾਂ ਈਮੇਲ ਕਰ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਬਾਅਦ ਚੋਣ ਅਮਲ ਨਾਲ ਸਬੰਧਤ ਸ਼ਿਕਾਇਤਾਂ 'ਤੇ ਮਾਮਲਿਆਂ ਦੇ ਨਿਪਟਾਰੇ ਲਈ ਪ੍ਰਤੀਬੱਧ ਪ੍ਰਣਾਲੀ ਕੰਮ ਕਰ ਰਹੀ ਹੈ, ਤਾਂ ਜੋ ਚੋਣ ਅਮਲ ਨੂੰ ਨਿਰਪੱਖ, ਸੁਤੰਤਰ, ਸ਼ਾਂਤਮਈ ਤੇ ਨਿਰਵਿਘਨ ਬਣਾਇਆ ਜਾ ਸਕੇ। ਸ਼ਿਕਾਇਤ ਸੈਲ ਵੱਲੋਂ ਸ਼ਿਕਾਇਤਾਂ ਦਾ ਨਿਪਟਾਰਾ ਨਿਰਧਾਰਤ ਸਮੇਂ ਦੇ ਅੰਦਰ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ।



## ਭਾਰਤ ਵਿਕਾਸ ਪ੍ਰੀਸ਼ਦ ਨੇ ਵੱਖ-ਵੱਖ ਥਾਵਾਂ 'ਤੇ ਵੰਡੇ 400 ਤੁਲਸੀ ਦੇ ਪੌਦੇ



ਸਮਾਣਾ, 14 ਜੁਲਾਈ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਰਾਜਿੰਦਰ ਪ੍ਰਸਾਦ ਦੀ ਪ੍ਰਧਾਨਗੀ 'ਚ 'ਘਰ-ਘਰ ਤੁਲਸੀ' ਮੁਹਿੰਮ ਤਹਿਤ ਸਥਾਨਕ ਸ੍ਰੀ ਸਨਾਤਨ ਧਰਮ ਪ੍ਰਚਾਰ ਮੰਡਲ ਮਿਰਚੀਆਂ ਮੰਦਰ ਅਤੇ ਸ਼ਿਵ ਮੰਦਰ ਕ੍ਰਿਸ਼ਨਾ ਬਸਤੀ ਵਿਖੇ 400 ਤੁਲਸੀ ਦੇ ਪੌਦੇ ਤਕਸੀਮ ਕੀਤੇ ਗਏ। ਇਸ ਮੌਕੇ ਸੰਸਥਾ ਪ੍ਰਧਾਨ ਰਜਿੰਦਰ ਪ੍ਰਸਾਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਘਰ ਵਿਚ ਤੁਲਸੀ ਦਾ ਇਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਮੌਕੇ ਸ੍ਰੀ ਸਨਾਤਨ ਧਰਮ ਪ੍ਰਚਾਰ ਮੰਡਲ ਮਿਰਚੀਆ ਮੰਦਰ ਪ੍ਰਧਾਨ ਪ੍ਰਿੰਸ ਬਾਂਸਲ, ਸ੍ਰੀ ਨੈਨਾ ਦੇਵੀ ਪੈਦਲ ਯਾਤਰਾ ਪ੍ਰਧਾਨ ਵਿਜੇ ਬੰਟੀ, ਰਮੇਸ਼ ਅਗਰਵਾਲ, ਅਨਿਲ ਬਿੱਟੂ, ਰੋਮੀਆ ਗਰਗ, ਰਾਹੁਲ ਗੁਪਤਾ, ਨੰਦਨੀ, ਪੂਜਾ ਗਰਗ, ਰਜਿੰਦਰ ਵਿੱਕੀ, ਪਰਮਿੰਦਰ ਅਰੋੜਾ, ਗਗਨਦੀਪ ਗੋਇਲ, ਹਰੀਸ਼ ਸਡਾਨਾ ਆਦਿ ਵੀ ਹਾਜ਼ਰ ਸਨ ।

## ਐਸ.ਡੀ.ਐਮ. ਵੱਲੋਂ ਅੱਜ ਤੋਂ ਸ਼ੁਰੂ ਹੋਣ ਵਾਲੀ ਨਸ਼ਾ ਮੁਕਤੀ ਯਾਤਰਾ ਸਬੰਧੀ ਅਧਿਕਾਰੀਆਂ ਤੇ ਪਤਵੰਤਿਆਂ ਨਾਲ ਬੈਠਕਾਂ

### ☛ਨਸ਼ੇ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਭ ਦਾ ਸਹਿਯੋਗ ਜ਼ਰੂਰੀ : ਐਸ.ਡੀ.ਐਮ.




ਪਟਿਆਲਾ,14 ਜੁਲਾਈ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਵਿੱਢੀ ਮੁਹਿੰਮ ਤਹਿਤ 15 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਨਸ਼ਾ ਮੁਕਤੀ ਯਾਤਰਾ ਦੇ ਦੂਜੇ ਪੜਾਅ ਨੂੰ ਸਫਲ ਬਣਾਉਣ ਲਈ ਐਸ.ਡੀ.ਐਮ ਪਟਿਆਲਾ ਗੁਰਦੇਵ ਸਿੰਘ ਵੱਲੋਂ ਪਟਿਆਲਾ ਸ਼ਹਿਰੀ ਤੇ ਦਿਹਾਤੀ ਹਲਕੇ ਦੇ ਪੁਲਿਸ, ਸਿਹਤ, ਪੰਚਾਇਤ ਵਿਭਾਗ ਦੇ ਅਧਿਕਾਰੀਆਂ ਤੇ ਇਲਾਕੇ ਦੇ ਪਤਵੰਤਿਆਂ ਨਾਲ ਬੈਠਕਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਐਸ.ਡੀ.ਐਮ. ਨੇ ਕਿਹਾ ਕਿ ਨਸ਼ੇ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਸਮਾਜ ਦੇ ਹਰੇਕ ਵਰਗ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਖ਼ਾਤਮਾ ਜਾਗਰੂਕਤਾ ਨਾਲ ਹੀ ਕੀਤਾ ਜਾ ਸਕਦਾ ਹੈ ਇਸ ਲਈ ਸਮਾਜ ਦੇ ਹਰੇਕ ਬਾਸ਼ਿੰਦੇ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਨਸ਼ਿਆਂ ਖ਼ਿਲਾਫ਼ ਵਿੱਢੀ ਇਸ ਲੜਾਈ ਵਿੱਚ ਆਪਣਾ ਯੋਗਦਾਨ ਪਾਵੇ।ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਜਾਗਰੂਕ ਕਰਕੇ ਨਸ਼ਾ ਛੁਡਾਊ ਕੇਂਦਰ ਵਿੱਚ ਭੇਜਿਆ ਜਾਵੇ ਜਿਸ ਲਈ ਵਿਲੇਜ਼ ਡਿਫੈਂਸ ਕਮੇਟੀਆਂ ਤੇ ਵਾਰਡ ਡਿਫੈਂਸ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਜੋ ਆਪਣੇ ਇਲਾਕੇ ਵਿੱਚ ਨਸ਼ਾ ਕਰਨ ਵਾਲੇ ਵਿਅਕਤੀਆਂ ਨੂੰ ਜਾਗਰੂਕ ਕਰ ਰਹੀਆਂ ਹਨ ਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇ ਕੇ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਤੋੜਨ ਲਈ ਕੰਮ ਕਰ ਰਹੀਆਂ ਹਨ। ਮੀਟਿੰਗ ਵਿੱਚ ਡੀ.ਐਸ.ਪੀ. ਸਿਟੀ-2 ਪਟਿਆਲਾ ਮਨੋਜ, ਗੌਰਸੀ, ਡੀ.ਐਸ.ਪੀ. ਗੁਰਬੀਰ ਸਿੰਘ ਬਰਾੜ, ਪਟਿਆਲਾ ਦਿਹਾਤੀ ਹਲਕੇ ਦੇ ਕੋਆਰਡੀਨੇਟਰ ਹਰਪਾਲ ਸਿੰਘ ਵਿਰਕ, ਜਗਦੀਪ ਸਿੰਘ ਧੰਗੇੜਾ, ਐਸ.ਐਮ.ਓ, ਤ੍ਰਿਪੜੀ ਅਤੇ ਮਾਡਲ ਟਾਊਨ, ਬਲਾਕ ਵਿਕਾਸ ਪੰਚਾਇਤ ਅ਼ਫਸਰ, ਪਟਿਆਲਾ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅ਼ਫਸਰ ਦਿਹਾਤੀ ਦੇ ਨੁਮਾਇੰਦਿਆਂ ਵੀ ਮੌਜੂਦ ਸਨ। ਇਸ ਮੌਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਕਾਰਗਰ ਅਤੇ ਅਸਰਦਾਰ ਕਰਨ ਲਈ ਸਭ ਪਾਸੋਂ ਸੁਝਾਅ ਲਏ ਗਏ ਅਤੇ ਨਸ਼ਿਆਂ ਵਰਗੇ ਕੋਹੜ ਨੂੰ ਜੜੋਂ ਖ਼ਤਮ ਕਰਨ ਲਈ ਸਾਰੇ ਵਲੰਟੀਅਰ/ਕੋਆਰਡੀਨੇਟਰ ਆਦਿ ਤੋਂ ਸਹਿਯੋਗ ਦੀ ਅਪੀਲ ਕੀਤੀ ਗਈ। ਮੀਟਿੰਗ ਵਿਚ ਹਾਜ਼ਰ ਪਤਵੰਤੇ ਸੱਜਣਾ ਵੱਲੋਂ 15 ਤਰੀਖ ਤੋਂ ਸ਼ੁਰੂ ਹੋ ਰਹੇ ਕੈਂਪਾਂ ਨੂੰ ਵੱਧ ਤੋਂ ਵੱਧ ਕਾਮਯਾਬ ਕਰਨ ਅਤੇ ਨਸ਼ਿਆਂ ਨੂੰ ਖ਼ਤਮ ਕਰਨ ਦਾ ਵਚਨ ਦਿੱਤਾ ਗਿਆ।

## ਪੀ.ਆਰ.ਟੀ.ਸੀ. ਪੈਨਸ਼ਨਰਜ਼ ਪੈਨਸ਼ਨ ਤੋਂ ਵਾਂਝੇ

ਪਟਿਆਲਾ, 14 ਜੁਲਾਈ (ਚ.ਨ.ਸ.) : ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਪੀ ਆਰ ਟੀ ਸੀ ਦੇ ਪੈਨਸ਼ਨਰਾਂ ਲਈ ਹਰ ਮਹੀਨੇ ਦੀ ਪੈਨਸ਼ਨ ਊਠ ਦਾ ਬੁੱਲ ਬਣੀ ਹੋਈ ਹੈ। ਪੰਜਾਬ ਸਰਕਾਰ ਦੇ ਹੋਰ ਅਦਾਰਿਆਂ ਨੇ ਪੇ ਕਮਿਸ਼ਨ ਦੇ ਬਕਾਏ ਵੀ ਦੇ ਦਿੱਤੇ ਹਨ ਪਰੰਤੂ ਸਾਨੂੰ ਪੇ ਕਮਿਸ਼ਨ ਦੇ ਬਕਾਏ ਤਾਂ ਕੀ ਮਿਲਣੇ ਸੀ ਸਾਨੂੰ ਤਾਂ ਪੈਨਸ਼ਨ ਵੀ ਹਰ ਮਹੀਨੇ ਲੇਲੜੀਆਂ ਕਢਾ ਕੇ ਮਿਲਦੀ ਹੈ, ਜੋ ਕਿ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਹਰ ਮਹੀਨੇ ਦੀ ਦਸ ਤਰੀਕ ਤਕ ਮਿਲਣੀ ਜਰੂਰੀ ਹੈ। ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਨੁਮਾਇੰਦਿਆਂ ਦੀ ਹੋਈ ਵਰਚੂਅਲ ਮੀਟਿੰਗ ਵਿੱਚ ਪੀ ਆਰ ਟੀ ਸੀ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ , ਪੀ ਆਰ ਟੀ ਸੀ ਪੈਨਸ਼ਨਰਾਂ ਦੇ ਹੱਕਾਂ ਸਬੰਧੀ ਨਾਂਹ ਪੱਖੀ ਰਵੱਈਏ ਦੀ ਨਿਖੇਧੀ ਕਰਦਿਆਂ ਐਲਾਨ ਕੀਤਾ ਹੈ ਕਿ ਅਗਰ 16-7-25 ਤੋਂ ਪਹਿਲਾਂ ਪਹਿਲਾਂ ਸਾਡੀ ਪੈਨਸ਼ਨ ਨਾ ਪਈ ਤਾਂ 16 ਜੁਲਾਈ ਨੂੰ ਹੋਣ ਵਾਲੀ ਮਾਸਿਕ ਮੀਟਿੰਗ ਸਮੇਂ ਸਾਨੂੰ ਸਖਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ।ਉਪਰੋਕਤ ਜਾਣਕਾਰੀ ਪੀ ਆਰ ਟੀ ਸੀ ਪੈਨਸ਼ਨਰਜ ਐਸੋਸੀਏਸ਼ਨ ਦੀ ਕੇਂਦਰੀ ਬਾਡੀ ਦੇ ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਦਿੰਦਿਆਂ ਕਿਹਾ ਤੀਜੇ ਬੁਧਵਾਰ 16-7-25 ਨੂੰ ਪਟਿਆਲੇ ਵਿਖੇ ਹੋਣ ਵਾਲੀ ਮੀਟਿੰਗ ਵਿੱਚ ਵਧ ਤੋਂ ਵਧ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇ।

## ਹਲਕਾ ਸ਼ੁਤਰਾਣਾ ਦੇ ਪਿੰਡ ਬੇਲੂਮਾਜਰਾ ਦੇ ਲੋਕ ਦਹਾਕਿਆਂ ਤੋਂ ਬੱਸ ਸੂਹਲਤ ਤੋਂ ਵਾਂਝੇ

### ਬੱਸ ਸੁਵਿਧਾ ਤੋਂ ਵਾਂਝੇ ਪਿੰਡਾਂ 'ਚ ਸਰਕਾਰੀ ਬੱਸ ਸੇਵਾ ਸ਼ੁਰੂ ਕਰੇ ਸਰਕਾਰ : ਡਾ. ਮੱਟੂ



ਬਾਦਸ਼ਾਹਪੁਰ, 14 ਜੁਲਾਈ (ਰਿਸ਼ੀਪਾਲ ਗੁਪਤਾ) : ਪਟਿਆਲਾ ਦੇ ਹਲਕਾ ਸ਼ੁਤਰਾਣਾ ਦੇ ਲੋਕ ਕਈ ਦਹਾਕਿਆਂ ਤੋਂ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਦੀ ਆਸ ਲਗਾਈ ਬੈਠੇ ਹਨ ਪਰ ਪੰਜਾਬ ਸਰਕਾਰ ਦੇ ਸਾਡੇ ਤਿੰਨ ਸਾਲ ਬੀਤ ਜਾਣ ਬਾਅਦ ਵੀ ਅਜੇ ਤੱਕ ਆਮ ਲੋਕਾਂ ਕੋਲ ਸਰਕਾਰੀ ਬੱਸ ਦੀ ਸਹੂਲਤ ਨਹੀਂ ਪਹੁੰਚੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਸ਼ੁਤਰਾਣਾ ਅਧੀਨ ਪੈਂਦੇ ਪਿੰਡ ਬੇਲੂਮਾਜਰਾ ਦੇ ਮਗਨਰੇਗਾ ਵਰਕਰਾਂ ਦੀਆਂ ਦੁੱਖ ਤਕਲੀਫਾਂ ਸੁਣਨ ਲਈ ਪਿੰਡ ਪਹੁੰਚੇ ਹਲਕਾ ਸ਼ੁਤਰਾਣਾ ਦੇ ਸਰਗਰਮ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕੀਤਾ। ਉਨਾਂ ਕਿਹਾ ਕਿ ਹਲਕਾ ਸ਼ੁਤਰਾਣਾ ਦੇ ਗਰੀਬ ਲੋਕ ਅੱਜ ਵੀ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ। ਪਿੰਡ ਬੇਲੂਮਾਜਰਾ ਦੇ ਗਰੀਬ ਪਰਿਵਾਰਾਂ ਦੇ ਉਹ ਲੋਕ ਜਿਨ੍ਹਾਂ ਅਜੇ ਤੱਕ ਦੋ ਪਹੀਆ ਵਾਹਨ ਤੱਕ ਨਹੀਂ, ਉਹ ਪਾਤੜਾਂ ਜਾਂ ਪਟਿਆਲਾ ਡਾਕਟਰੀ ਸਹਾਇਤਾ ਲੈਣ ਜਾਂ ਆਪਣੇ ਰੁਟੀਨ ਦੇ ਕੰਮਾਂ ਲਈ ਵੀ ਕਈ ਕਈ ਕਿਲੋਮੀਟਰ ਪੈਦਲ ਸਫਰ ਤੈਅ ਕਰਕੇ ਆਪਣੇ ਸ਼ਹਿਰ ਤੱਕ ਪਹੁੰਚਦੇ ਹਨ। ਜਿਹੜੇ ਵਿਦਿਆਰਥੀ ਵਿਦਿਆਰਥਣਾਂ ਕਾਲਜ ਪੜ੍ਹਾਈ ਲਈ ਸ਼ਹਿਰ ਵੱਲ ਜਾਂਦੇ ਹਨ ਉਨ੍ਹਾਂ ਨੂੰ ਵੀ ਬਾਰਿਸ਼ ਦੇ ਦਿਨਾਂ ਵਿੱਚ ਟੁੱਟੀਆਂ ਭੱਜੀਆਂ ਸੜਕਾਂ ਤੋਂ ਚਿੱਕੜ ਨਾਲ ਲਿਬੜ ਕੇ ਅੱਗੇ ਵਧਣਾ ਪੈਂਦਾ ਹੈ। ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਦਾ ਅਤੇ ਸਰਕਾਰ ਦਾ ਲੋਕਾਂ ਦੀਆਂ ਦੁੱਖ ਤਕਲੀਫਾਂ ਹੱਲ ਕਰਨ ਵੱਲ ਜਰਾ ਵੀ ਧਿਆਨ ਨਹੀਂ। ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਲਕਾ ਸ਼ੁਤਰਾਣਾ ਵਿੱਚ ਜਿਹੜੇ ਪਿੰਡ ਬੱਸ ਸੁਵਿਧਾ ਤੋਂ ਵਾਂਝੇ ਹਨ ਉਥੇ ਸਰਕਾਰੀ ਬੱਸ ਸੁਵਿਧਾ ਸ਼ੁਰੂ ਕੀਤੀ ਜਾਵੇ, ਤਾਂ ਜੋ ਦੁੱਖਾਂ ਤਕਲੀਫਾਂ ਨਾਲ ਘਿਰੇ ਆਮ ਲੋਕਾਂ ਨੂੰ ਕੋਈ ਰਾਹਤ ਮਿਲ ਸਕੇ।